Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763



Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119



Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 20, May 18th, 2013
20451 N Plum Grove Rd. Palatine, IL 60074
Ph:847-359-0746, Fax:847-705-9388




*ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਮੁਖੀ ਨਵਾਜ਼ ਸ਼ਰੀਫ਼ ਜਿੱਤ ਦੇ ਜਸ਼ਨ ਮਨਾਉਂਦੇ ਹੋਏ।*

## ਪਾਕਿਸਤਾਨ ਚੋਣਾਂ ਬਣੀਆਂ ਨਵੀਂ ਸਵੇਰ ਦਾ ਆਗਾਜ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਗੁਆਂਢੀ ਮੁਲਕ ਪਾਕਿਸਤਾਨ ਵਿਚ ਹੋ ਰਹੀ ਸੱਤਾ ਤਬਦੀਲੀ ਨੂੰ ਭਾਰਤ-ਪਾਕਿ ਸਬੰਧਾਂ ਵਿਚ ਸੁਧਾਰ ਲਈ ਸ਼ੁਭ ਸ਼ਗਨ ਵਜੋਂ ਵੇਖਿਆ ਜਾ ਰਿਹਾ ਹੈ। ਸ਼ਾਨਦਾਰ ਜਿੱਤ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਮੁਖੀ ਨਵਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਗੁਆਂਢੀ ਮੁਲਕ ਨਾਲ ਨਿੱਘੇ ਸਬੰਧ ਰੱਖੇ ਜਾਣਗੇ। ਭਾਰਤ ਨੇ ਵੀ ਸੱਤਾ ਤਬਦੀਲੀ ਦਾ ਸਵਾਗਤ ਕਰਦਿਆਂ ਦੋਵਾਂ ਮੁਲਕ ਨੂੰ ਮਿਲ ਕੇ ਚੱਲਣ ਦਾ ਸੱਦਾ ਦਿੱਤਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਮੀਆਂ ਨਵਾਜ਼ ਸ਼ਰੀਫ ਨੂੰ ਭਾਰਤ ਆਉਣ ਦਾ ਸੱਦਾ ਦੇ ਕੇ ਆਪਣੇ ਗੁਆਂਢੀ ਮੁਲਕ ਵੱਲ ਇਕ ਵਾਰ ਫਿਰ ਦੋਸਤੀ ਦਾ ਹੱਥ ਵਧਾਉਣ ਦੀ ਪਹਿਲ ਕੀਤੀ ਹੈ। ਡਾ. ਮਨਮੋਹਨ ਸਿੰਘ ਨੇ ਭਾਰਤ ਵੱਲੋਂ ਪਾਕਿਸਤਾਨ ਦੀ ਨਵੀਂ ਸਰਕਾਰ ਨਾਲ ਰਲ ਕੇ ਕੰਮ ਕਰਨ ਦੀ ਇੱਛਾ ਪ੍ਰਗਟਾਈ ਹੈ। ਦੂਜੇ ਪਾਸੇ ਮੀਆਂ ਨਵਾਜ਼ ਸ਼ਰੀਫ਼ ਨੇ ਵੀ ਸਪਸ਼ਟ ਕੀਤਾ ਹੈ ਕਿ ਉਹ ਭਾਰਤ-ਪਾਕਿ ਸਬੰਧਾਂ ਨੂੰ ਉਥੋਂ ਸ਼ੁਰੂ ਕਰਨਾ ਚਾਹੁੰਦੇ ਹਨ ਜਿੱਥੋਂ 1999 ਵਿਚ ਤਖ਼ਤਾ ਪਲਟਣ ਸਮੇਂ ਇਹ ਸਬੰਧ ਸਨ। ਭਾਰਤ ਵੱਲੋਂ 1998 ਵਿਚ ਕੀਤੇ ਗਏ ਪਰਮਾਣੂ ਤਜਰਬੇ ਦੇ ਜਵਾਬ ਵਿਚ ਪਰਮਾਣੂ

(ਬਾਕੀ ਸਫਾ 6 'ਤੇ)

# ਬਾਦਲਾਂ ਦੀ ਸਰਦਾਰੀ ਤੋੜਨ ਲਈ ਇਕ ਵਾਰ ਫਿਰ ਹੰਭਲਾ

## ਪੰਥਕ ਧੜੇ ਏਕੇ ਲਈ ਅਹੁਲੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰ ਤਰ੍ਹਾਂ ਦੀ ਰਨਣੀਤੀ ਅਪਨਾਉਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਸ਼ਿਕਸਤ ਦੇਣ ਵਿਚ ਨਾਕਾਮ ਰਹੇ ਵੱਖ-ਵੱਖ ਪੰਥਕ ਧੜੇ ਇਕ ਵਾਰ ਫਿਰ ਸਾਂਝੇ ਮੰਚ ਤੋਂ ਬਾਦਲਾਂ ਦੀ ਸਰਦਾਰੀ ਨੂੰ ਵੰਗਾਰਨ ਲਈ ਤਿਆਰੀ ਕੱਸਣ ਲੱਗੇ ਹਨ। ਪਿਛਲੇ ਸਾਲ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵਿਧਾਨ ਸਭਾ ਚੋਣਾਂ ਵਿਚ ਪੰਥਕ ਧਿਰਾਂ ਵੱਲੋਂ ਇਕਜੁਟ ਹੋਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਇਸ ਵਿਚ ਬਹੁਤੀ ਸਫਲਤਾ ਹੱਥ ਨਹੀਂ ਸੀ ਲੱਗੀ।



ਪਰਮਜੀਤ ਸਿੰਘ ਸਰਨਾ



ਸਿਮਰਨਜੀਤ ਸਿੰਘ ਮਾਨ



ਸੁਰਜੀਤ ਸਿੰਘ ਬਰਨਾਲਾ

ਹੁਣ ਬਾਦਲਾਂ ਵੱਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੀ ਝੰਡੇ ਗੱਡਣ ਮਗਰੋਂ ਪੰਥਕ ਧਿਰਾਂ ਹਾਸ਼ੀਏ 'ਤੇ ਧੱਕੀਆਂ ਮਹਿਸੂਸ ਕਰ ਰਹੀਆਂ ਹਨ ਤੇ ਉਨ੍ਹਾਂ ਨੂੰ ਆਪਣੀ ਹੋਂਦ ਖਤਮ ਹੋਣ ਦਾ ਖ਼ਤਰਾ ਵੀ ਸਤਾਉਣ ਲੱਗਾ ਹੈ। ਇਹ ਸੱਚਾਈ ਹੈ ਕਿ ਆਪੋ-ਆਪਣੀ ਡਫਲੀ ਵਜਾਉਣ ਵਾਲੇ ਇਨ੍ਹਾਂ ਪੰਥਕ ਧੜਿਆਂ ਤੋਂ ਆਮ ਸਿੱਖ ਦੂਰ ਹੋਏ ਹਨ ਤੇ ਬਾਦਲ ਧੜੇ ਨੂੰ ਹੀ ਸਿੱਖਾਂ ਦੀ ਨੁਮਾਇੰਦਾ ਧਿਰ ਵਜੋਂ ਮਾਨਤਾ ਦੇਣ ਲੱਗੇ ਹਨ। ਇਹੋ ਕਾਰਨ ਹੈ ਕਿ ਇਸ ਵੇਲੇ ਸਿੱਖ ਸੰਸਥਾਵਾਂ 'ਤੇ ਬਾਦਲਾਂ ਦਾ ਮੁਕੰਮਲ ਕਬਜ਼ਾ ਹੈ।

ਦੂਜੇ ਪਾਸੇ ਬਾਦਲਾਂ ਵੱਲੋਂ ਸਿੱਖ ਸੰਸਥਾਵਾਂ ਦੀ ਸਿਆਸੀ ਲਾਹੇ ਲਈ ਕੀਤੀ ਜਾ ਰਹੀ ਦੁਰਵਰਤੋਂ ਤੋਂ ਪੰਥਕ ਧੜੇ ਤੇ ਗਰਮ-ਖਿਆਲੀਏ ਮੌਜੂਦਾ

(ਬਾਕੀ ਸਫਾ 6 'ਤੇ)

## ਪੰਥਕ ਦਲਾਂ ਵੱਲੋਂ ਉਮੀਦਵਾਰਾਂ ਬਾਰੇ ਸਹਿਮਤੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਕੱਤਰ ਜਸਵੰਤ ਸਿੰਘ ਮਾਨ ਨੇ ਦਾਅਵਾ ਕੀਤਾ ਹੈ ਕਿ ਏਕੇ ਦੀ ਗੱਲ ਅੰਤਿਮ ਪੜਾਅ 'ਤੇ ਹੈ ਅਤੇ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਨਾਂਵਾਂ 'ਤੇ ਵੀ ਸਹਿਮਤੀ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਬਠਿੰਡਾ ਤੋਂ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਉਮੀਦਵਾਰ ਬਣਾਇਆ ਜਾ ਰਿਹਾ ਹੈ। ਹਰਿੰਦਰ ਸਿੰਘ ਖਾਲਸਾ ਨੂੰ ਫਰੀਦਕੋਟ ਤੋਂ, ਮਨਜੀਤ ਸਿੰਘ ਕਲਕੱਤਾ ਨੂੰ ਅੰਮ੍ਰਿਤਸਰ, ਅਸ਼ੋਕ ਸਿੰਘ ਗਰਚਾ ਨੂੰ ਲੁਧਿਆਣਾ, ਕਸ਼ਮੀਰ ਸਿੰਘ ਪੱਟੀ ਨੂੰ ਖਡੂਰ ਸਾਹਿਬ, ਸੁੱਚਾ ਸਿੰਘ ਛੋਟੇਪਾਰ ਨੂੰ ਗੁਰਦਾਸਪੁਰ ਤੇ ਰਵੀਇੰਦਰ ਸਿੰਘ ਨੂੰ ਅਨੰਦਪੁਰ ਸਾਹਿਬ ਤੋਂ ਖੜ੍ਹਾਉਣ ਬਾਰੇ ਸਹਿਮਤੀ ਬਣ ਚੁੱਕੀ ਹੈ। ਇਸ ਵਾਰ ਬਾਦਲਾਂ ਨੂੰ ਪੂਰੀ ਟੱਕਰ ਦਿੱਤੀ ਜਾਵੇਗੀ।


REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।

✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
MBA · SFR · CDPE
Century 21
M&M and Associates
209.918.6464
ahundal@c21mm.com
605 Standiford Ave, Ste D · Modesto, CA 95350
SFR



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com



Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸਿੱਖ ਕਤਲੇਆਮ ਕੇਸ: ਸੱਜਣ ਕੁਮਾਰ ਦੇ 3 ਸਾਥੀਆਂ ਨੂੰ ਉਮਰ ਕੈਦ

**ਨਵੀਂ ਦਿੱਲੀ:** ਇਥੋਂ ਦੀ ਅਦਾਲਤ ਨੇ 29 ਸਾਲ ਪੁਰਾਣੇ 1984 ਦੇ ਸਿੱਖ ਕਤਲ-ਏ-ਆਮ ਮਾਮਲੇ ਵਿਚ ਪੰਜ ਦੋਸ਼ੀਆਂ ਵਿਚੋਂ ਤਿੰਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਦਕਿ ਦੋ ਨੂੰ ਤਿੰਨ-ਤਿੰਨ ਸਾਲਾਂ ਦੀ ਸਜ਼ਾ ਸੁਣਾ ਕੇ ਉਨ੍ਹਾਂ ਦੀਆਂ ਜ਼ਮਾਨਤਾਂ ਮਨਜ਼ੂਰ ਕਰ ਲਈਆਂ। ਜ਼ਿਲ੍ਹਾ ਤੇ ਸੈਸ਼ਨ ਜੱਜ ਜੇ.ਆਰ. ਆਰੀਅਨ ਸੀ.ਬੀ.ਆਈ. ਵੱਲੋਂ ਬਲਵਾਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗਮਲ ਲਈ ਸਜ਼ਾ-ਏ-ਮੌਤ ਦੀ ਕੀਤੀ ਮੰਗ ਠੁਕਰਾਉਂਦਿਆਂ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

ਸੀਬੀਆਈ ਨੇ ਅਦਾਲਤ ਨੂੰ ਦੱਸਿਆ ਕਿ ਇਨ੍ਹਾਂ ਤਿੰਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ ਕਿਉਂਕਿ ਇਨ੍ਹਾਂ ਨੇ ਯੋਜਨਾਬੱਧ ਢੰਗ ਨਾਲ ਫਿਰਕੂ ਦੰਗੇ ਤੇ ਧਾਰਮਿਕ ਕਤਲ-ਏ-ਆਮ ਕਰਵਾਏ। ਅਦਾਲਤ ਨੇ ਸਾਬਕਾ ਕੌਂਸਲਰ ਮਹਿੰਦਰ ਯਾਦਵ ਤੇ ਸਾਬਕਾ ਵਿਧਾਇਕ ਕਿਸ਼ਨ ਖੋਖਰ ਨੂੰ ਦੰਗੇ ਕਰਨ ਦੇ ਦੋਸ਼ ਹੇਠ ਤਿੰਨ ਸਾਲਾਂ ਦੀ ਸਜ਼ਾ ਸੁਣਾਈ ਤੇ ਨਾਲ ਹੀ ਦੋਵਾਂ ਦੀ ਅਦਾਲਤ ਨੇ ਜ਼ਮਾਨਤ ਵੀ ਮਨਜ਼ੂਰ ਕਰ ਲਈ। ਇਨ੍ਹਾਂ ਪੰਜਾਂ ਨੂੰ 31 ਅਕਤੂਬਰ 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਭੜਕੇ ਦੰਗਿਆਂ ਵਿਚ ਕੇਹਰ ਸਿੰਘ, ਗੁਰਪ੍ਰੀਤ ਸਿੰਘ, ਰਘੁਵੀਰ ਸਿੰਘ, ਨਰਿੰਦਰਪਾਲ ਸਿੰਘ ਤੇ ਕੁਲਦੀਪ ਸਿੰਘ ਦੀ ਹੱਤਿਆ ਨਾਲ ਸਬੰਧ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਇਨ੍ਹਾਂ ਇਕ ਹੀ ਪਰਿਵਾਰ ਦੇ ਮੈਂਬਰਾਂ ਦੀ ਦਿੱਲੀ ਛਾਉਣੀ ਇਲਾਕੇ ਵਿਚ ਸਥਿਤ ਰਾਜਨਗਰ ਵਿਚ ਦੰਗਾਕਾਰੀਆਂ ਨੇ ਹੱਤਿਆ ਕਰ ਦਿੱਤੀ ਸੀ। ਇਸ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਵੀ ਮੁਲਜ਼ਮ ਸੀ ਪਰ ਉਸ ਨੂੰ ਅਦਾਲਤ ਨੇ 30 ਅਪਰੈਲ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕਰ ਦਿੱਤਾ ਸੀ। ਅਦਾਲਤ ਨੇ ਬਲਵਾਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗਮਲ ਨੂੰ ਆਈਪੀਸੀ ਦੀ ਧਾਰਾ 312 ਤਹਿਤ ਤੇ ਮਹਿੰਦਰ ਯਾਦਵ ਤੇ ਕਿਸ਼ਨ ਖੋਖਰ ਨੂੰ ਸਿਰਫ ਦੰਗਿਆਂ ਦਾ ਦੋਸ਼ੀ ਕਰਾਰ ਦਿੱਤਾ।



*ਅਦਾਲਤ ਦੇ ਫੈਸਲੇ ਤੋਂ ਬਾਅਦ ਵਿਰਲਾਪ ਕਰ ਰਿਹਾ ਇਕ ਬਜ਼ੁਰਗ।*

ਸਜ਼ਾ ਤੈਅ ਕਰਨ ਮੌਕੇ ਦਲੀਲ ਦਿੰਦਿਆਂ ਸੀਬੀਆਈ ਦੇ ਵਕੀਲ ਆਰ.ਐਸ. ਚੀਮਾ ਨੇ ਕਿਹਾ ਕਿ ਇਹ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤੇ ਗਏ ਦੰਗੇ ਸਨ ਜਿਸ ਵਿਚ ਪੀੜਤਾਂ ਨੂੰ ਅਲੱਗ-ਥਲੱਗ ਕੀਤਾ ਗਿਆ। ਇਹ ਧਾਰਮਿਕ ਜਿਸ ਵਿਚ ਸਿੱਖਾਂ ਚੁਣ-ਚੁਣ ਕੇ ਮਾਰਿਆ ਗਿਆ। ਜਿਹੜੇ ਖੇਤਰਾਂ ਵਿਚ ਸਿੱਖਾਂ ਦਾ ਕਤਲ ਕੀਤਾ ਗਿਆ, ਉਥੇ ਪੀੜਤ ਮੁੜ ਕੇ ਨਹੀਂ ਗਏ। ਉਨ੍ਹਾਂ ਕਿਹਾ ਕਿ ਪੀੜਤ ਪੂਰੀ ਤਰ੍ਹਾਂ ਨਿਰਦੋਸ਼ ਸਨ। ਉਨ੍ਹਾਂ ਨੇ ਕਿਸੇ ਨੂੰ ਵੀ ਨਹੀਂ ਭੜਕਾਇਆ। ਇਸ ਮੌਕੇ ਵਿਸ਼ੇਸ਼ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਦੇ ਮਕਾਨ ਫੂਕ ਦਿੱਤੇ ਗਏ। ਨਾਲ ਹੀ ਸਿੱਖਾਂ ਨੂੰ ਅੱਗ ਨਾਲ ਸਾੜ ਕੇ ਉਨ੍ਹਾਂ ਦੀ ਪਛਾਣ ਵੀ ਖ਼ਤਮ ਕਰ ਦਿੱਤੀ ਗਈ। ਸ. ਚੀਮਾ ਨੇ ਕਿਹਾ ਕਿ ਪੀੜਤਾਂ ਦੀ ਪਛਾਣ ਸਿਰਫ ਕੱਪੜਿਆਂ ਤੇ ਕੇਹਰ ਸਿੰਘ ਦੇ ਸਿਰ ਤੋਂ ਹੋਈ ਜਿਸ ਨੂੰ ਦੋਸ਼ੀਆਂ ਨੇ ਕੁਚਲ ਦਿੱਤਾ ਸੀ। ਪੀੜਤ ਪਰਿਵਾਰ ਦੇ ਸਾਰੇ ਮਰਦ ਕਤਲ ਕੀਤੇ ਜਾਣ ਮਗਰੋਂ ਪਰਿਵਾਰ ਵਿਚ ਸਿਰਫ ਵਿਧਵਾਵਾਂ ਤੇ ਅਨਾਥ ਬੱਚੇ ਰਹਿ ਗਏ ਜਿਨ੍ਹਾਂ ਕੋਲ ਰੋਟੀ ਦਾ ਕੋਈ ਸਾਧਨ ਨਹੀਂ ਸੀ।

ਦੂਜੇ ਪਾਸੇ ਬਚਾਅ ਧਿਰ ਦੇ ਵਕੀਲ ਅਨਿਲ ਸ਼ਰਮਾ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮੁਵੱਕਿਲਾਂ ਦਾ ਕਤਲ-ਏ-ਆਮ ਵਿਚ ਸਿੱਧਾ ਹੱਥ ਹੋਣਾ ਸਾਬਤ ਨਹੀਂ ਹੁੰਦਾ। ਇਸ ਕਰਕੇ ਉਨ੍ਹਾਂ ਨੂੰ ਸਜ਼ਾ-ਏ-ਮੌਤ ਨਹੀਂ ਦਿੱਤੀ ਜਾ ਸਕਦੀ। ਕੈਪਟਨ ਭਾਗਮਲ, ਇਸ ਵੇਲੇ 85 ਸਾਲਾਂ ਦਾ ਹੈ ਤੇ ਉਹ ਕਤਲ-ਏ-ਆਮ ਵੇਲੇ ਸਰਕਾਰੀ ਮੁਲਾਜ਼ਮ ਸੀ। ਉਸ ਨੂੰ ਗੁੰਡਾ ਨਹੀਂ ਕਿਹਾ ਜਾ ਸਕਦਾ। ਮਹਿੰਦਰ ਯਾਦਵ ਤੇ ਕਿਸ਼ਨ ਖੋਖਰ ਬਾਰੇ ਉਸ ਨੇ ਕਿਹਾ ਇਨ੍ਹਾਂ ਨੂੰ ਪ੍ਰੋਬੇਸ਼ਨ 'ਤੇ ਛੱਡ ਦਿੱਤਾ ਜਾਵੇ ਕਿਉਂਕਿ ਇਹ ਮਾਮਲੇ ਦੀ ਸੁਣਵਾਈ ਦੌਰਾਨ ਕਾਫੀ ਖੱਜਲ ਹੋ ਚੁੱਕੇ ਹਨ। ਇਸ 'ਤੇ ਸੀ.ਬੀ.ਆਈ. ਵਕੀਲ ਨੇ ਕਿਹਾ ਕਿ ਇਹ ਪ੍ਰੋਬੇਸ਼ਨ ਦਾ ਮਾਮਲਾ ਹੀ ਨਹੀਂ ਬਣਦਾ ਹੈ, ਜੇਕਰ ਇਹ ਮਾਮਲਾ ਪ੍ਰੋਬੇਸ਼ਨ ਦਾ ਬਣਦਾ ਹੈ ਤਾਂ ਮੌਤ ਦੀ ਸਜ਼ਾ ਕਿਸ ਕੇਸ ਵਿਚ ਦਿੱਤੀ ਜਾ ਸਕਦੀ ਹੈ।

## ਕਤਲੇਆਮ ਦੀ ਪੀੜਤ ਨੇ ਜਥੇਦਾਰ ਖਿਲਾਫ ਮੋਰਚਾ ਖੋਲ੍ਹਿਆ

**ਨਵੀਂ ਦਿੱਲੀ:** ਸੱਜਣ ਕੁਮਾਰ ਮਾਮਲੇ ਵਿਚ ਅਦਾਲਤੀ ਫੈਸਲੇ ਖਿਲਾਫ ਬੇਮਿਆਦੀ ਭੁੱਖ ਹੜਤਾਲ ਨੂੰ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਿਰਦੇਸ਼ ਮੁਤਾਬਕ ਛੇਵੇਂ ਦਿਨ ਖਤਮ ਕਰਨ ਵਾਲੀ ਗਵਾਹ ਬੀਬੀ ਨਿਰਪ੍ਰੀਤ ਕੌਰ ਜਥੇਦਾਰ ਦੇ ਵਿਰੋਧ ਵਿਚ ਨਿੱਤਰ ਆਈ ਹੈ। ਬੀਬੀ ਨਿਰਪ੍ਰੀਤ ਕੌਰ ਨੇ ਕਿਹਾ ਕਿ ਭੁੱਖ ਹੜਤਾਲ ਖਤਮ ਕਰਨ ਬਾਰੇ ਇਕ ਵਾਰੀ ਵੀ ਉਨ੍ਹਾਂ ਕੋਲੋਂ ਨਹੀਂ ਪੁੱਛਿਆ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਜਥੇਦਾਰ ਨੇ ਉਨ੍ਹਾਂ ਤੇ ਸੰਗਤ ਨੂੰ ਪੁੱਛੇ ਬਿਨਾਂ ਹੀ ਭੁੱਖ ਹੜਤਾਲ ਖਤਮ ਕਰਵਾ ਕੇ ਇਨਸਾਫ ਲੈਣ ਦੀ ਮੁਹਿੰਮ ਨੂੰ ਕਈ ਗੁਣਾਂ ਪਿੱਛੇ ਧੱਕ ਦਿੱਤਾ ਹੈ। ਇਸ ਘਟਨਾਕ੍ਰਮ ਕਾਰਨ ਸਿੱਖ ਕੌਮ ਦੀ ਸਥਿਤੀ ਹਾਸੋਹੀਣੀ ਬਣਾ ਦਿੱਤੀ ਗਈ ਤੇ ਸੰਘਰਸ਼ ਵੀ ਬਿਨਾਂ ਕਿਸੇ ਪ੍ਰਾਪਤੀ ਦੇ ਹੀ ਖਤਮ ਹੋ ਗਿਆ। ਬੀਬੀ ਨਿਰਪ੍ਰੀਤ ਕੌਰ ਨੇ ਕਿਹਾ ਕਿ ਇੰਜ ਪ੍ਰਤੀਤ ਹੁੰਦਾ ਹੈ ਕਿ ਗਿਆਨੀ ਗੁਰਬਚਨ ਸਿੰਘ ਸਿੱਖਾਂ ਨੂੰ ਇਨਸਾਫ ਦਿਵਾਉਣ ਨਹੀਂ ਬਲਕਿ ਸਰਕਾਰ ਨੂੰ ਇਹ ਦਿਖਾਉਣ ਆਏ ਸਨ ਕਿ ਪੀੜਤ ਭਾਵੇਂ ਇਨਸਾਫ ਲਈ ਜਿੰਨਾ ਮਰਜ਼ੀ ਸਮਾਂ ਰੁਲਦੇ ਰਹਿਣ, ਉਹ ਸਰਕਾਰ ਦੇ ਨਾਲ ਹਨ।



**ਸਰਕਾਰ ਨਾਲ ਮਿਲੇ ਹੋਣ ਦਾ ਦੋਸ਼**

ਉਨ੍ਹਾਂ ਨੇ ਗਿਆਨੀ ਗੁਰਬਚਨ ਸਿੰਘ ਨੂੰ ਸਵਾਲ ਕੀਤਾ ਕਿ ਕਤਲੇਆਮ ਪੀੜਤਾਂ ਦੀ ਭੁੱਖ ਹੜਤਾਲ ਕਿਸ ਦੀ ਸਲਾਹ 'ਤੇ ਤੁੜਵਾਈ ਸੀ ਤੇ ਇਸ ਫੈਸਲੇ ਵਿਚ ਬਾਕੀ ਤਖਤਾਂ ਦੇ ਜਥੇਦਾਰ ਸ਼ਾਮਲ ਕਿਉਂ ਨਹੀਂ ਸਨ। ਉਨ੍ਹਾਂ ਕਿਹਾ ਕਿ ਜਦ ਮੰਗਾਂ ਮੰਨੇ ਜਾਣ ਵਾਲਾ ਮਾਹੌਲ ਪੈਦਾ ਹੋ ਗਿਆ ਸੀ ਤਾਂ ਉਸ ਸਮੇਂ ਮਾਮਲੇ ਵਿਚ ਦਖਲ-ਅੰਦਾਜ਼ੀ ਕਿਉਂ ਕੀਤੀਗਈ। ਉਨ੍ਹਾਂ ਸਵਾਲ ਕੀਤਾ ਕਿ ਅਕਾਲ ਤਖ਼ਤ ਦੇ ਜਥੇਦਾਰ ਚਾਹੁੰਦੇ ਹਨ ਕਿ ਸਿੱਖਾਂ ਨੂੰ 29 ਸਾਲਾਂ ਬਾਅਦ ਵੀ ਇਨਸਾਫ ਨਾ ਮਿਲੇ?

ਬੀਬੀ ਨਿਰਪ੍ਰੀਤ ਕੌਰ ਨੇ ਦਾਅਵਾ ਕੀਤਾ ਕਿ ਸੰਸਾਰ ਭਰ ਤੋਂ ਮਿਲ ਰਹੇ ਸਮਰਥਨ ਨੇ ਸਰਕਾਰ 'ਤੇ ਇਨਸਾਫ ਦੇਣ ਲਈ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਸੀ ਜਿਸ ਕਾਰਨ ਸਰਕਾਰ ਇਸ ਭੁੱਖ ਹੜਤਾਲ ਨੂੰ ਬਿਨਾਂ ਕੋਈ ਸ਼ਰਤ ਮੰਨਿਆਂ ਹੀ ਛੇਤੀ ਤੋਂ ਛੇਤੀ ਮੁਕਾਉਣਾ ਚਾਹੁੰਦੀ ਸੀ ਤੇ ਗਿਆਨੀ ਗੁਰਬਚਨ ਸਿੰਘ ਦੀ ਕਾਰਵਾਈ ਨੇ ਵੀ ਇਹੀ ਨਤੀਜਾ ਸਾਹਮਣੇ ਲਿਆਂਦਾ। ਉਨ੍ਹਾਂ ਸਵਾਲ ਕੀਤਾ ਕਿ ਜਦ ਗਿਆਨੀ ਗੁਰਬਚਨ ਸਿੰਘ ਵੱਲੋਂ ਭੁੱਖ ਹੜਤਾਲ ਖਤਮ ਕਰਵਾਈ ਜਾ ਰਹੀ ਸੀ ਤਾਂ ਉਨ੍ਹਾਂ ਲੋਕਾਂ ਨੇ ਗਿਆਨੀ ਗੁਰਬਚਨ ਸਿੰਘ ਦਾ ਵਿਰੋਧ ਕਿਉਂ ਨਹੀਂ ਕੀਤਾ ਜਿਹੜੇ ਭੁੱਖ ਹੜਤਾਲ ਦੌਰਾਨ ਰੋਜ਼ਾਨਾ ਉਸ ਨਾਲ ਸਟੇਜ 'ਤੇ ਬਹਿ ਕੇ ਤਸਵੀਰਾਂ ਮੀਡੀਆ ਵਿਚ ਭਿਜਵਾਉਂਦੇ ਰਹਿੰਦੇ ਸਨ।

## ਦਯਾ ਸਿੰਘ ਲਾਹੌਰੀਆ ਕਤਲ ਦੇ ਕੇਸਾਂ ਵਿਚੋਂ ਬਰੀ

**ਲੁਧਿਆਣਾ:** ਸਥਾਨਕ ਅਦਾਲਤ ਨੇ ਖਾਲਿਸਤਾਨ ਲਿਬਰਲ ਫੋਰਸ ਦੇ ਖਾੜਕੂ ਕਾਰਕੁਨ ਦਯਾ ਸਿੰਘ ਲਾਹੌਰੀਆ ਨੂੰ ਬਰੀ ਕਰ ਦਿੱਤਾ ਹੈ। ਲਾਹੌਰੀਆ ਸੰਤ ਨਰੈਣ ਸਿੰਘ ਕਲੇਰਾਂ ਵਾਲੇ 'ਤੇ ਜਾਨਲੇਵਾ ਹਮਲਾ ਕਰਨ ਤੇ ਉਨ੍ਹਾਂ ਦੀ ਸੇਵਕਾ ਗੁਰਦਿਆਲ ਕੌਰ ਨੂੰ ਕਤਲ ਕਰਨ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਸਨ। ਸ. ਲਾਹੌਰੀਆ ਨੂੰ ਸਬੂਤਾਂ ਦੀ ਘਾਟ ਕਾਰਨ ਅਦਾਲਤ ਨੇ ਬਰੀ ਕਰ ਦਿੱਤਾ ਹੈ।

ਸਪੈਸ਼ਲ ਜੱਜ ਸੁਨੀਲ ਅਰੋੜਾ ਦੀ ਅਦਾਲਤ ਵਿਚ ਹੋਈ ਬਹਿਸ ਵਿਚ ਸਾਹਮਣੇ ਆਇਆ ਸੀ ਕਿ ਸੰਤ ਕਲੇਰਾਂ ਵਾਲੇ ਉਪਰ 18 ਮਾਰਚ, 1988 ਨੂੰ ਸ਼ਾਮ 7.30 ਵਜੇ ਉਦੋਂ ਹਮਲਾ ਹੋਇਆ ਜਦੋਂ ਉਹ ਗੁਰਦੁਆਰਾ ਨਾਨਕਸਰ ਵਿਚ ਪ੍ਰਵਚਨ ਕਰ ਰਹੇ ਸਨ। ਸ. ਲਾਹੌਰੀਆ ਤੇ ਉਸ ਦੇ ਸਾਥੀਆਂ ਨੇ ਗੁਰਦੁਆਰੇ ਦੇ ਅੰਦਰ ਜਦੋਂ ਜਾ ਕੇ ਗੋਲੀਆਂ ਚਲਾ ਦਿੱਤੀਆਂ ਸਨ। ਸਿੱਟੇ ਵਜੋਂ ਬਾਬਾ ਖੱਬੀ ਲੱਤ ਤੋਂ ਜ਼ਖ਼ਮੀ ਹੋ ਗਿਆ ਜਦੋਂਕਿ ਉਨ੍ਹਾਂ ਦੀ ਸ਼ਰਧਾਲੂ ਔਰਤ ਗੁਰਦਿਆਲ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਦੌਰਾਨ ਅਵਤਾਰ ਸਿੰਘ, ਜਤਿੰਦਰ ਸਿੰਘ, ਜਰਨੈਲ ਸਿੰਘ ਤੇ ਹੋਰ ਸੇਵਾਦਾਰ ਜ਼ਖ਼ਮੀ ਹੋਏ ਸਨ। ਬਹਿਸ ਅਨੁਸਾਰ ਬਾਬਾ ਨਰੈਣ ਸਿੰਘ ਅਕਾਲ ਤਖ਼ਤ ਸਾਹਿਬ ਦੀ 1985 ਵਿਚ ਹੋਈ ਕਾਰ ਸੇਵਾ ਵਿਚ ਸ਼ਾਮਲ ਹੋਇਆ ਸੀ, ਜਿਸ ਕਰਕੇ ਅਤਿਵਾਦੀ ਬਾਬਾ ਨਰੈਣ ਸਿੰਘ ਨੂੰ ਬਾਬਾ ਸੰਤਾ ਸਿੰਘ ਦਾ ਅਤੇ ਸਰਕਾਰ ਦਾ ਬੰਦਾ ਸਮਝਦੇ ਸਨ। ਇਸ ਕੇਸ ਦੇ ਗਵਾਹ ਮਹਿੰਦਰ ਸਿੰਘ ਮੱਲ੍ਹਾ ਅਤੇ ਨਿੱਕਾ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਗੁਰਦੁਆਰੇ ਵਿਚ ਹੋਈ ਘਟਨਾ ਨਹੀਂ ਦੇਖੀ।

ਉਨ੍ਹਾਂ ਨੇ ਫਰਵਰੀ 16, 2011 ਨੂੰ ਅਦਾਲਤ ਨੂੰ ਜਾਣਕਾਰੀ ਦਿੱਤੀ ਸੀ ਕਿ ਉਨ੍ਹਾਂ ਨੂੰ ਕਿਸੇ ਦੀ ਕੋਈ ਪਛਾਣ ਨਹੀਂ। ਇਸੇ ਦੌਰਾਨ ਲਾਹੌਰੀਆ ਨੂੰ ਅਦਾਲਤ ਨੇ ਰਾਏਕੋਟ ਮਿਊਂਸਪਲ ਕੌਂਸਲ ਦੇ ਮਾਲੀ ਰਾਮ ਬਾਲੀ ਦੇ ਕਤਲ ਵਿਚੋਂ ਵੀ ਬਰੀ ਕਰ ਦਿੱਤਾ ਹੈ। ਇਹ ਕਤਲ 18 ਫਰਵਰੀ 1988 ਨੂੰ ਰਾਏਕੋਟ ਥਾਣੇ ਨੇੜੇ ਪੈਂਦੇ ਸਰਕਾਰੀ ਕੁਆਰਟਰਾਂ ਵਿਚ ਹੋਇਆ ਸੀ।

## ਰਾਸ਼ਟਰਪਤੀ ਤੋਂ ਨਿਆਂ ਲਈ ਦਖਲ ਮੰਗਿਆ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ ਦੀ ਮੰਗ ਕਰਦਿਆਂ ਵੱਖ-ਵੱਖ ਸਿਆਸੀ ਆਗੂਆਂ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਇਨ੍ਹਾਂ ਦੰਗਿਆਂ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਵਿਸ਼ੇਸ਼ ਟੀਮ ਤੋਂ ਕਰਵਾਈ ਜਾਵੇ।

ਰਾਸ਼ਟਰਪਤੀ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲਣ ਗਏ ਇਸ ਵਫਦ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਤੋਂ ਇਲਾਵਾ ਸਮਾਜਵਾਦੀ ਪਾਰਟੀ, ਟੀਡੀਪੀ, ਜੇਐਮਐਮ, ਬੀਜੇਡੀ, ਜਨਤਾ ਦਲ (ਯੂ) ਤੇ ਇਨੈਲੋ ਦੇ ਆਗੂ ਵੀ ਸ਼ਾਮਲ ਸਨ। ਉਨ੍ਹਾਂ ਰਾਸ਼ਟਰਪਤੀ ਨੂੰ ਯਾਦ-ਪੱਤਰ ਵੀ ਸੌਂਪਿਆ ਤੇ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਦਖਲ ਦੇਣ ਤਾਂ ਜੋ ਸਿੱਖ ਭਾਈਚਾਰੇ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਮੰਗ ਕੀਤੀ ਕਿ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣਾਈ ਜਾਵੇ ਜੋ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕੰਮ ਕਰੇ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਰਾਸ਼ਟਰਪਤੀ ਨੂੰ ਇਨਸਾਫ ਦਿਵਾਉਣ ਦੀ ਅਪੀਲ ਕੀਤੀ ਹੈ ਕਿਉਂਕਿ ਹੁਣ ਤਕ ਦੰਗਿਆਂ ਦੇ ਦੋਸ਼ੀ ਇਕ ਵੀ ਵਿਅਕਤੀ ਨੂੰ ਸਜ਼ਾ ਨਹੀਂ ਹੋਈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਇਸ ਮੁੱਦੇ 'ਤੇ ਮੁਲਾਕਾਤ ਕੀਤੀ ਤੇ ਸਿੱਖ ਦੰਗਿਆਂ ਦੀ ਜਾਂਚ ਵਿਸ਼ੇਸ਼ ਟੀਮ ਤੋਂ ਕਰਵਾਏ ਜਾਣ ਦੀ ਮੰਗ ਕੀਤੀ।

## ਭਨਿਆਰਾਂਵਾਲੇ ਨੂੰ ਘੱਟ ਸਜ਼ਾ ਮਿਲਣ ਤੋਂ ਸਿੱਖ ਜਥੇਬੰਦੀਆਂ ਖ਼ਫ਼ਾ

**ਅੰਬਾਲਾ:** ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਦੇ ਮਾਮਲੇ ਵਿਚ ਅੰਬਾਲਾ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਏਕੇ ਜੈਨ ਦੀ ਅਦਾਲਤ ਨੇ ਬਾਬਾ ਪਿਆਰਾ ਸਿੰਘ ਭਨਿਆਰਾਂ ਵਾਲੇ ਤੇ ਉਸ ਦੇ ਸੱਤ ਸ਼ਰਧਾਲੂਆਂ ਨੂੰ ਤਿੰਨ ਤਿੰਨ ਸਾਲ ਕੈਦ ਤੇ ਹਰੇਕ ਨੂੰ 5-5 ਹਜ਼ਾਰ ਰੁਪਏ ਜੁਰਮਨੇ ਦੀ ਸਜ਼ਾ ਸੁਣਾਈ ਹੈ ਪਰ ਸਿੱਖ ਜਥੇਬੰਦੀਆਂ ਘੱਟ ਸਜ਼ਾ ਤੋਂ ਨਾਖੁਸ਼ ਹਨ। ਇਨ੍ਹਾਂ ਸਾਰਿਆਂ ਨੂੰ ਥਾਣਾ ਮੋਰਿੰਡਾ ਵਿਚ ਦਰਜ ਦੋ ਕੇਸਾਂ ਦੀ ਸੁਣਵਾਈ ਦੇ ਆਧਾਰ 'ਤੇ ਅਦਾਲਤ ਨੇ ਬੀਤੀ 10 ਮਈ ਨੂੰ ਦੋਸ਼ੀ ਕਰਾਰ ਦਿੱਤਾ ਸੀ।

### ਅਦਾਲਤ ਵੱਲੋਂ ਅੱਠ ਜਣਿਆਂ ਨੂੰ ਤਿੰਨ ਤਿੰਨ ਸਾਲ ਦੀ ਕੈਦ ਤੇ ਜੁਰਮਾਨਾ



ਜੱਜ ਨੇ ਸਜ਼ਾ ਦਾ ਫੈਸਲਾ ਬਾਅਦ ਦੁਪਹਿਰ ਸੁਣਾਇਆ ਤੇ ਨਾਲ ਹੀ ਸਾਰੇ ਮੁਜਰਮਾਂ ਦੀ ਜ਼ਮਾਨਤ ਅਰਜ਼ੀ ਮਨਜ਼ੂਰ ਕਰਦਿਆਂ ਉਨ੍ਹਾਂ ਨੂੰ 40-40 ਹਜ਼ਾਰ ਰੁਪਏ ਦੇ ਮੁਚੱਲਕੇ ਉਤੇ ਜ਼ਮਾਨਤ ਦੇ ਦਿੱਤੀ। ਦੋਵੇਂ ਮਾਮਲੇ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਫਾੜਨ ਤੇ ਅਗਨ ਭੇਟ ਕਰਨ ਨਾਲ ਸਬੰਧਤ ਹਨ। ਦੂਜੇ ਪਾਸੇ ਸੁਣਾਈ ਗਈ ਸਜ਼ਾ ਤੇ ਜ਼ਮਾਨਤ ਦੇ ਫੈਸਲੇ ਤੋਂ ਨਾਖੁਸ਼ ਅਦਾਲਤ ਵਿਚ ਮੌਜੂਦ ਸਿੱਖਾਂ ਨੇ ਡੂੰਘੇ ਰੋਸ ਦਾ ਪ੍ਰਗਟਾਵਾ ਕਰਦਿਆਂ ਬਾਬੇ ਖ਼ਿਲਾਫ਼ ਜਮ ਕੇ ਨਾਅਰੇਬਾਜ਼ੀ ਕੀਤੀ। ਲੋਕਾਂ ਦਾ ਦੋਸ਼ ਸੀ ਕਿ 13 ਸਾਲਾਂ ਬਾਅਦ ਵੀ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ। ਵਰਲਡ ਸਿੱਖ ਮਿਸ਼ਨ ਦੇ ਆਗੂਆਂ ਤੇ ਪੰਥਕ ਲਹਿਰ ਦੇ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਕਾਨੂੰਨ ਅਨੁਸਾਰ ਭਨਿਆਰਾਂ ਵਾਲੇ ਨੂੰ ਸੱਤ ਤੋਂ 10 ਸਾਲ ਦੀ ਕੈਦ ਹੋ ਸਕਦੀ ਸੀ ਪਰ ਅਦਾਲਤ ਨੇ ਤਿੰਨ ਸਾਲ ਦੀ ਕੈਦ ਹੀ ਸੁਣਾਈ ਗਈ ਹੈ। ਉਨ੍ਹਾਂ ਕਿਹਾ ਕਿ ਉਹ ਸਾਰੇ ਫੈਸਲੇ ਨੂੰ ਘੋਖਣ ਤੋਂ ਬਾਅਦ ਹਾਈ ਕੋਰਟ ਜਾ ਸਕਦੇ ਹਨ।

ਦੂਜੇ ਪਾਸੇ ਭਨਿਆਰਾਂ ਵਾਲੇ ਦੇ ਵਕੀਲਾਂ ਨੇ ਕਿਹਾ ਕਿ ਉਹ ਪੁਲੀਸ ਜਾਂਚ ਤੋਂ ਸੰਤੁਸ਼ਟ ਨਹੀਂ ਹਨ ਪਰ ਅਦਾਲਤ ਦੇ ਫੈਸਲੇ ਦਾ ਸਨਮਾਨ ਕਰਦੇ ਹਨ ਤੇ ਫ਼ੈਸਲੇ ਖ਼ਿਲਾਫ਼ ਅੱਗੇ ਅਪੀਲ ਕਰਨਗੇ। ਸ਼ਿਕਾਇਤ ਕਰਤਾ ਦੇ ਵਕੀਲ ਬਲਜਿੰਦਰ ਸਿੰਘ ਸੋਢੀ ਦਾ ਵੀ ਕਹਿਣਾ ਸੀ ਕਿ ਬਾਬੇ ਸਮੇਤ ਹੋਰ ਮੁਜਰਮਾਂ ਨੂੰ ਸੁਣਾਈ ਗਈ ਸਜ਼ਾ ਬਹੁਤ ਘੱਟ ਹੈ, ਇਸ ਲਈ ਉਹ ਵੀ ਇਸ ਖ਼ਿਲਾਫ਼ ਅਪੀਲ ਕਰਨਗੇ।

ਸਰਕਾਰੀ ਵਕੀਲ ਜਗਮਾਲ ਸਿੰਘ ਤੇ ਸਿੱਖ ਪੰਥ ਦੇ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਭਨਿਆਰਾਂ ਵਾਲੇ ਦੀ ਸ਼ਹਿ 'ਤੇ ਉਸ ਦੇ ਸ਼ਰਧਾਲੂਆਂ ਨੇ 17 ਸਤੰਬਰ, 2001 ਨੂੰ ਪਿੰਡ ਰਤਨਗੜ੍ਹ ਦੇ ਗੁਰੂ ਘਰ ਵਿਚ ਪ੍ਰਕਾਸ਼ ਕੀਤੇ ਹੋਏ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੁਰਾ ਕੇ ਇਸ ਦੇ ਅੰਗ ਪਾੜਨ ਤੋਂ ਬਾਅਦ ਪਿੰਡ ਰਸੂਲਪੁਰ ਦੇ ਬੱਸ ਅੱਡੇ 'ਤੇ ਅਗਨ ਭੇਟ ਕੀਤੇ ਸਨ। ਇਸ 'ਤੇ ਮੋਰਿੰਡਾ ਪੁਲਿਸ ਨੇ ਭਨਿਆਰਾਂ ਵਾਲੇ ਤੇ 14 ਹੋਰਾਂ ਵਿਰੁੱਧ ਕੇਸ ਦਰਜ ਕੀਤਾ ਸੀ। ਹਾਈ ਕੋਰਟ ਦੇ ਹੁਕਮਾਂ 'ਤੇ ਇਹ ਮਾਮਲਾ 2002 ਵਿਚ ਅੰਬਾਲਾ ਅਦਾਲਤ ਵਿਚ ਤਬਦੀਲ ਹੋ ਗਿਆ ਸੀ। ਸੁਣਵਾਈ ਦੌਰਾਨ ਦੋ ਮੁਲਜ਼ਮਾਂ ਮਲਕੀਅਤ ਸਿੰਘ ਵਾਸੀ ਕਲਹੇੜੀ ਤੇ ਉਜਾਗਰ ਸਿੰਘ ਵਾਸੀ ਜਗਰਾਉਂ ਦੀ ਮੌਤ ਹੋ ਗਈ। ਭਨਿਆਰਾਂ ਵਾਲੇ ਨਾਲ ਜਿਨ੍ਹਾਂ ਸੱਤ ਹੋਰਾਂ ਨੂੰ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਭੁਪਿੰਦਰ ਸਿੰਘ, ਜਸਵਿੰਦਰ ਸਿੰਘ ਉਰਫ ਸੋਨੀ, ਰਜਿੰਦਰ ਸਿੰਘ ਤੇ ਹਰਜੀਤ ਸਿੰਘ (ਸਾਰੇ ਵਾਸੀ ਪਿੰਡ ਕਲਹੇੜੀ), ਸੁਰਮੁਖ ਸਿੰਘ ਕੁਰਾਲੀ, ਸੁਰਜੀਤ ਸਿੰਘ ਚੰਦਪੁਰ ਡਕਾਲਾ ਤੇ ਅਸ਼ੋਕ ਕੁਮਾਰ ਟਿੱਬਾ ਟੱਪਰੀਆਂ ਸ਼ਾਮਲ ਹਨ। ਇਨ੍ਹਾਂ ਨੂੰ ਧਾਰਾ 452/435/411/380/120ਬੀ/153ਏ/295ਏ ਅਧੀਨ ਦੋਸ਼ੀ ਕਰਾਰ ਦਿੱਤਾ ਗਿਆ ਸੀ।

# ਸੁਖਬੀਰ ਬਾਦਲ ਵੱਲੋਂ ਪਰਵਾਸੀ ਭਾਰਤੀਆਂ ਨੂੰ ਲਾਰੇ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਨਆਰਆਈ ਸੰਮੇਲਨ ਦੌਰਾਨ ਪਰਵਾਸੀ ਭਾਰਤੀਆਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਪਰਵਾਸੀ ਭਾਰਤੀ ਮਾਮਲੇ ਵਿਭਾਗ ਦੇ ਮੰਤਰੀ ਬਿਕਰਮ ਮਜੀਠੀਆ ਤੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਸਰਕਾਰ ਵੱਲੋਂ ਜਾਰੀ ਬਿਆਨ ਰਾਹੀਂ ਉਨ੍ਹਾਂ ਦਾਅਵਿਆਂ ਤੇ ਵਾਅਦਿਆਂ ਨੂੰ ਦੁਹਰਾਇਆ ਗਿਆ ਜਿਨ੍ਹਾਂ ਦਾ ਜ਼ਿਕਰ ਇਸ ਤੋਂ ਪਹਿਲਾਂ ਵੀ ਕਈ ਵਾਰੀ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਨਵੀਂ ਹਾਊਸਿੰਗ ਤੇ ਨਿਵੇਸ ਨੀਤੀ ਤਹਿਤ ਪੁੱਡਾ ਦੇ ਰਿਹਾਇਸ਼ੀ ਤੇ ਵਪਾਰਕ ਪਲਾਟਾਂ ਵਿਚ ਐਨਆਰਆਈਜ਼ ਲਈ 10 ਫੀਸਦੀ ਰਾਖਵਾਂਕਰਨ ਕੀਤਾ ਗਿਆ ਹੈ ਜਿਸ ਨਾਲ ਪੰਜਾਬ ਸਰਕਾਰ ਵੱਲੋਂ ਪਰਵਾਸੀਆਂ ਨਾਲ ਕੀਤਾ ਵੱਡਾ ਵਾਅਦਾ ਹਕੀਕਤ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਵਿਆਹ ਰਜਿਸਟ੍ਰੇਸ਼ਨ ਲਈ ਅਧਿਕਾਰਤ ਅਫਸਰਾਂ ਦੀ ਗਿਣਤੀ 22 ਤੋਂ ਵਧਾ ਕੇ 190 ਕਰ ਦਿੱਤੀ ਗਈ ਹੈ। ਪਹਿਲਾਂ ਸਿਰਫ ਜ਼ਿਲ੍ਹਾ ਮਾਲ ਅਫਸਰਾਂ ਨੂੰ ਹੀ ਵਿਆਹਾਂ ਦੀ ਰਜਿਸਟ੍ਰੇਸ਼ਨ ਦੇ ਅਧਿਕਾਰ ਸਨ ਜੋ ਹੁਣ ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਵੀ ਦੇ ਦਿੱਤੇ ਗਏ ਹਨ।

ਬਿਕਰਮ ਮਜੀਠੀਆ ਨੇ ਉਪ ਮੁੱਖ ਮੰਤਰੀ ਨੂੰ ਦੱਸਿਆ ਕਿ ਵਿਭਾਗ ਨੇ ਇਸ ਗੱਲ ਦੀ ਵਿਵਸਥਾ ਕੀਤੀ ਹੈ ਕਿ ਪਰਵਾਸੀ ਭਾਰਤੀ ਆਪਣੀ ਜਾਇਦਾਦ ਨੂੰ ਅਨੇਕ ਵਾਰ ਖਾਲੀ ਕਰਵਾ ਸਕਦਾ ਹੈ। ਇਹ ਸੋਧ ਪੇਂਡੂ ਖੇਤਰਾਂ ਵਿਚ ਵੀ ਲਾਗੂ ਕੀਤੀ ਗਈ ਹੈ। ਪਰਵਾਸੀਆਂ ਦੀ ਜਾਇਦਾਦਾਂ ਦੀ ਰੱਖਿਆ ਦੀ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੰਦਿਆਂ ਮਜੀਠੀਆ ਨੇ ਦੱਸਿਆ ਕਿ ਪੈਸਕੋ ਵੱਲੋਂ ਵਾਜਬ ਰੇਟਾਂ 'ਤੇ ਪਰਵਾਸੀ ਭਾਰਤੀਆਂ ਨੂੰ ਨਿੱਜੀ ਤੇ ਜਾਇਦਾਦ ਦੀ ਰੱਖਿਆ ਲਈ ਸੁਰੱਖਿਆ ਕਰਮੀ ਉਪਲਬਧ ਕਰਵਾਏ ਜਾਣਗੇ। ਪੈਸਕੋ ਨੂੰ ਐਨਆਰਆਈਜ਼ ਲਈ ਵੱਖਰੀ ਬਟਾਲੀਅਨ ਵੀ ਸਥਾਪਤ ਕਰਨ ਦੇ ਹੁਕਮ ਦਿੱਤੇ ਗਏ ਹਨ।

ਇਹ ਵੀ ਦੱਸਿਆ ਗਿਆ ਕਿ ਅੰਮ੍ਰਿਤਸਰ ਵਿਖੇ ਐਨਆਰਆਈ. ਪੁਲਿਸ ਸਟੇਸ਼ਨ ਸਥਾਪਤ ਕਰ ਦਿੱਤਾ ਗਿਆ ਹੈ ਤੇ ਇਸ ਤੋਂ ਇਲਾਵਾ ਕਿਸੇ ਵੀ ਪਰਵਾਸੀ ਭਾਰਤੀ ਵਿਰੁੱਧ ਕੇਸ ਦਰਜ ਤੋਂ ਪਹਿਲਾਂ ਸਬੰਧਤ ਡੀਐਸਪੀ ਕੋਲੋਂ ਮਨਜ਼ੂਰੀ ਲੈਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਗ੍ਰਹਿ ਵਿਭਾਗ ਦੇ ਅਧਿਕਾਰੀਆਂ ਨੇ ਮੀਟਿੰਗ ਦੌਰਾਨ ਜਾਣਕਾਰੀ ਦਿੱਤੀ ਕਿ ਤਿੰਨ ਸਬ ਡਿਵੀਜ਼ਨਲ ਜੁਡੀਸ਼ੀਅਲ ਕੰਪਲੈਕਸਾਂ ਮੋਗਾ, ਜਲੰਧਰ ਤੇ ਹੁਸ਼ਿਆਰਪੁਰ ਵਿਚ ਸਥਾਪਤ ਕਰਨ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਅਪੀਲ ਕੀਤੀ ਗਈ ਹੈ।

## ਮਨਮੋਹਨ ਬਾਵਾ ਤੇ ਪੂਰਨ ਸ਼ਾਹਕੋਟੀ ਨੂੰ ਐਵਾਰਡ

**ਨਵੀਂ ਦਿੱਲੀ:** ਦਿੱਲੀ ਸਰਕਾਰ ਦੀ ਪੰਜਾਬੀ ਅਕਾਦਮੀ ਨੇ ਸਾਲ 2012 ਦੇ ਸਾਲਾਨਾ ਸਾਹਿਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ (ਚੇਅਰਪਰਸਨ ਪੰਜਾਬੀ ਅਕਾਦਮੀ) ਦੀ ਪ੍ਰਵਾਨਗੀ ਨਾਲ ਕੀਤੇ ਗਏ ਇਨ੍ਹਾਂ ਇਨਾਮਾਂ ਦੇ ਐਲਾਨ ਅਨੁਸਾਰ ਪੰਜਾਬੀ ਸਾਹਿਤ ਨੂੰ ਸਰਬੋਤਮ ਯੋਗਦਾਨ ਲਈ ਸਾਲ 2012 ਦਾ ਸਨਮਾਨ ਸਾਹਿਤਕਾਰ ਮਨਮੋਹਨ ਬਾਵਾ ਨੂੰ ਦਿੱਤਾ ਗਿਆ ਹੈ। ਮਨਮੋਹਨ ਬਾਵਾ ਪੰਜਾਬੀ ਦੇ ਪ੍ਰਸਿਧ ਗਲਪਕਾਰ ਹਨ। ਪੰਜਾਬੀ ਸੱਭਿਆਚਾਰ ਵਿਚ ਸਰਬੋਤਮ ਯੋਗਦਾਨ ਲਈ 2012 ਦਾ ਸਨਮਾਨ ਉੱਘੇ ਸੂਫ਼ੀ ਗਾਇਕ ਪੂਰਨ ਸ਼ਾਹਕੋਟੀ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।

ਇਨ੍ਹਾਂ ਇਨਾਮਾਂ ਵਿਚ 1,50,000 ਰੁਪਏ ਨਗਦ, ਪ੍ਰਸੰਸਾ ਪੱਤਰ ਤੇ ਅਕਾਦਮੀ ਦਾ ਯਾਦਗਾਰੀ ਚਿੰਨ੍ਹ ਦਿੱਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਹੇਠ ਲਿਖੇ ਪੁਰਸਕਾਰ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ: ਪੰਜਾਬੀ ਮੀਡੀਆ ਪੁਰਸਕਾਰ ਗੁਰਵਿੰਦਰ ਸਿੰਘ ਨੂੰ ਫ਼ਿਲਮ 'ਅੰਨੇ ਘੋੜੇ ਦਾ ਦਾਨ' ਦੇ ਨਿਰਦੇਸ਼ਨ ਲਈ, ਗਲਪ ਪੁਰਸਕਾਰ ਗੁਰਦੇਵ ਰੁਪਾਣਾ ਨੂੰ ਨਾਵਲ 'ਸ੍ਰੀ ਪਰਵਾ' ਲਈ, ਕਵਿਤਾ ਪੁਰਸਕਾਰ ਸਾਧੂ ਸਿੰਘ ਆਂਚਲ ਨੂੰ ਕਾਵਿ ਪੁਸਤਕ 'ਸਿੱਖੀ ਦਾ ਸਫ਼ਰ' ਲਈ, ਵਾਰਤਕ ਪੁਰਸਕਾਰ ਡਾ. ਵਜ਼ੀਰ ਸਿੰਘ ਨੂੰ ਪੁਸਤਕ 'ਪ੍ਰੀਤ ਦੀ ਰੀਤ' ਲਈ। ਇਨ੍ਹਾਂ ਇਨਾਮਾਂ ਵਿਚ ਹਰੇਕ ਨੂੰ 50,000 ਰੁਪਏ ਨਗਦ, ਪ੍ਰਸੰਸਾ ਪੱਤਰ ਤੇ ਅਕਾਦਮੀ ਦਾ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤਾ ਜਾਵੇਗਾ।

## ਯੂਨਾਈਟਿਡ ਸਪੋਰਟਸ ਕਲੱਬ ਦਾ ਕਬੱਡੀ ਕੱਪ 7 ਸਤੰਬਰ ਨੂੰ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦਾ ਇਸ ਸਾਲ ਦਾ ਕਬੱਡੀ ਕੱਪ ਟੂਰਨਾਮੈਂਟ ਆਉਂਦੀ 7 ਸਤੰਬਰ ਨੂੰ ਹੋਵੇਗਾ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਸਬੰਧੀ ਫੈਸਲਾ ਉਨ੍ਹਾਂ ਦੇ ਕਲੱਬ ਅਤੇ ਬੇਏਰੀਆ ਸਪੋਰਟਸ ਕਲੱਬ ਦੇ ਸੱਦੇ 'ਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਇਥੇ ਰਾਜਾ ਸਵੀਟਸ ਵਿਚ ਹੋਈ ਮੀਟਿੰਗ ਦੌਰਾਨ ਲਿਆ ਗਿਆ। ਇਸ ਮੀਟਿੰਗ ਦੀ ਪ੍ਰਧਾਨਗੀ ਫੈਡਰੇਸ਼ਨ ਦੇ ਚੇਅਰਮੈਨ ਸੁਰਜੀਤ ਸਿੰਘ ਟੁੱਟ ਅਤੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਨੇ ਕੀਤੀ।

ਸ੍ਰੀ ਗਾਖਲ ਨੇ ਦੱਸਿਆ ਕਿ ਕਲੱਬ ਦੇ ਇਸ ਦਸਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਵਿਚ ਬੇਏਰੀਆ ਸਪੋਰਟਸ ਕਲੱਬ, ਕੈਲੀਫੋਰਨੀਆ ਕਬੱਡੀ ਫੈਡਰੇਸ਼ਨ, ਕੈਨੇਡਾ ਈਸਟ ਅਤੇ ਕੈਨੇਡਾ ਵੈਸਟ ਦੀਆਂ ਟੀਮਾਂ ਭਾਗ ਲੈਣਗੀਆਂ ਜਿਨ੍ਹਾਂ ਵਿਚ ਦੁਨੀਆਂ ਭਰ ਦੇ ਸੁਪਰ ਸਟਾਰ ਖਿਡਾਰੀ ਕਬੱਡੀ ਦੇ ਜੌਹਰ ਵਿਖਾਉਣਗੇ। ਉਨ੍ਹਾਂ ਕਿਹਾ ਕਿ ਕਲੱਬ ਦੀ ਇਹ ਸਿਰਤੋੜ ਕੋਸ਼ਿਸ਼ ਹੋਵੇਗੀ ਕਿ ਕਬੱਡੀ ਕੱਪ ਕਬੱਡੀ ਦਾ ਮਹਾਂਕੁੰਭ ਹੋ ਨਿਬੜੇ।

# ਗੁਰਦੁਆਰਾ ਐਲ ਸਬਰਾਂਟੇ 'ਚ ਧੜੇਬੰਦਕ ਖਿੱਚੋਤਾਣ ਵਧੀ

**ਐਲ ਸਬਰਾਂਟੇ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੈਂਟਰ ਦੇ ਪ੍ਰਬੰਧਕੀ ਝਗੜੇ ਕਾਰਨ ਮਾਹੌਲ ਵਿਚ ਉਸ ਸਮੇਂ ਹੋਰ ਵੀ ਕਸ਼ੀਦਗੀ ਭਰ ਗਈ ਜਦੋਂ ਸੀਨੀਅਰ ਸਿੱਖ ਫੋਰਮ ਵਲੋਂ ਜਨਰਲ ਬਾਡੀ ਦੀ ਮੀਟਿੰਗ ਜਲਦ ਬੁਲਾਏ ਜਾਣ ਦੀ ਮੰਗ ਪਿਛੋਂ ਪ੍ਰਬੰਧਕਾਂ ਨੇ ਉਨ੍ਹਾਂ ਉਪਰ ਗੁੰਮਰਾਹਕੁਨ ਪ੍ਰਚਾਰ ਕਰਨ, ਗੁਰ ਮਰਿਆਦਾ ਦਾ ਖਿਆਲ ਨਾ ਰੱਖਣ ਅਤੇ ਗੁਰੂ ਘਰ ਦਾ ਮਾਹੌਲ ਖਰਾਬ ਕਰਨ ਦੇ ਦੋਸ਼ ਲਾਉਂਦਿਆਂ ਚਿਤਾਵਨੀ ਦਿੱਤੀ ਕਿ 'ਜੇ ਇਹ ਚੰਦ ਕੁ ਲੋਕ ਆਪਣੀਆਂ ਆਪਹੁਦਰੀਆਂ ਤੋਂ ਬਾਜ ਨਾ ਆਏ ਤਾਂ ਸਾਨੂੰ ਇਨ੍ਹਾਂ ਸ਼ਰਾਰਤੀ ਲੋਕਾਂ ਦੇ ਚਿੱਠੇ ਜੱਗ ਜਾਹਰ ਕਰਨ ਅਤੇ ਕਾਨੂੰਨੀ ਚਾਰਾਜੋਈ ਕਰਨ ਲਈ ਮਜਬੂਰ ਹੋਣਾ ਪਵੇਗਾ।'

ਗੁਰਦੁਆਰਾ ਪ੍ਰਬੰਧਕਾਂ ਵਲੋਂ 'ਖਬਰਦਾਰ-ਹੋਸ਼ਿਆਰ!' ਨਾਂ ਹੇਠ ਛਾਪ ਕੇ ਵੰਡੇ ਗਏ ਇਕ ਪਰਚੇ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ 4-5 ਲੋਕ ਸੰਗਤ ਵਿਚ ਫਲਾਇਰ ਵਗੈਰਾ ਵੰਡਦੇ ਹਨ, ਨੁੱਕੜ ਮੀਟਿੰਗਾਂ ਕਰਦੇ ਹਨ ਅਤੇ ਕਥਾ ਕੀਰਤਨ ਸਮੇਂ ਆਪਣੇ ਕੂੜ ਪ੍ਰਚਾਰ ਲਈ ਸਟੇਜ ਤੋਂ ਸਮਾਂ ਮੰਗਦੇ ਹਨ। ਜਦੋਂਕਿ ਇਨ੍ਹਾਂ ਲੋਕਾਂ ਨੇ ਗੁਰੂ ਘਰ ਦੀ ਹੋ ਰਹੀ ਉਸਾਰੀ ਵਿਚ ਮਾਇਆ ਦਾ ਕੋਈ ਯੋਗਦਾਨ ਨਹੀਂ ਪਾਇਆ ਸਗੋਂ ਰੁਕਾਵਟਾਂ ਹੀ ਪਾਉਂਦੇ ਹਨ।



ਖ਼ਬਰਦਾਰ-ਹੋਸ਼ਿਆਰ !

ਸਾਧ ਸੰਗਤ ਜੀ,

ਕੁਝ ਮਨਮਤੀਏ ਲੋਕ ਗੁਰੂ ਘਰ ਆਕੇ ਝੂਠਾ ਅਤੇ ਗੁੰਮਰਾਹਕੁੰਨ ਪ੍ਰਚਾਰ ਕਰਕੇ ਸੰਗਤ ਵਿਚ ਦੁਬਿਧਾ ਪਾ ਰਹੇ ਹਨ। ਜੋ ਅਕਸਰ ਹੀ ਸੰਗਤ ਵਿਚ ਬੈਠਕੇ ਨਾ ਕੀਰਤਨ ਸੁਣਦੇ ਹਨ, ਨਾ ਹੀ ਗੁਰ-ਮਰਿਆਦਾ ਦਾ ਖਿਆਲ ਰਖਦੇ ਹਨ, ਸਗੋਂ ਗੁਰੂਘਰ ਦਾ ਮਾਹੌਲ ਖਰਾਬ ਕਰਨ ਲਈ ਕਦੇ ਪੇਪਰ ਵੰਡਦੇ ਨੇ, ਕਦੇ ਨੁਕੜ ਮੀਟਿੰਗਾਂ ਕਰਦੇ ਹਨ, ਕਦੇ ਕਥਾ ਕੀਰਤਨ ਦੇ ਸਮੇਂ ਆਪਣੇ ਕੂੜ-ਪ੍ਰਚਾਰ ਲਈ ਸਟੇਜ ਤੋਂ ਸਮਾਂ ਮੰਗਦੇ ਹਨ। ਇਨਾਂ ਲੋਕਾਂ ਨੇ ਗੁਰੂਘਰ ਦੀ ਹੋ ਰਹੀ ਉਸਾਰੀ ਵਿਚ ਮਾਇਆ ਦਾ ਕੋਈ ਯੋਗਦਾਨ ਨਹੀਂ ਪਾਇਆ ਸਗੋਂ ਰੁਕਾਵਟਾਂ ਹੀ ਪਾਉਂਦੇ ਹਨ। ਅਗਰ ਇਹ ਚੰਦ ਕੁ ਲੋਕ ਆਪਣੀਆਂ ਆਪ ਹੁਦਰੀਆ ਤੋਂ ਬਾਜ ਨਾ ਆਏ ਤਾਂ ਸਾਨੂੰ ਇਨਾਂ ਸ਼ਰਾਰਤੀ ਲੋਕਾਂ ਦੇ ਚਿੱਠੇ ਜੱਗਜਾਹਰ ਕਰਨ ਲਈ ਅਤੇ ਇਨਾਂ ਖਿਲਾਫ ਕਾਨੂੰਨੀ ਚਾਰਾਜੋਈ ਕਰਨ ਲਈ ਮਜਬੂਰ ਹੋਣਾ ਪਵੇਗਾ।

ਗੁਰੂਘਰ ਦੀ ਉਸਾਰੀ ਵਿਚ ਮਾਇਕ ਸਹਿਯੋਗ ਦੇਣ ਵਾਲਿਆਂ ਦਾ ਕੋਟਾਨਕੋਟ ਧੰਨਵਾਦ ਅਤੇ ਸ਼ਾਂਤੀਪੂਰਨ ਮਹੌਲ ਬਣਾਈ ਰੱਖਣ ਵਾਲੀ ਗੁਰੂ ਦੀ ਪਿਆਰੀ ਸੰਗਤ ਦਾ ਹਾਰਦਿਕ ਧੰਨਵਾਦ।

ਦਾਸਰੇ:
ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ।

ਇਨ੍ਹਾਂ ਦੋਸ਼ਾਂ ਪ੍ਰਤੀ ਸਖਤ ਪ੍ਰਤੀਕ੍ਰਿਆ ਪ੍ਰਗਟਾਉਂਦਿਆਂ ਸੀਨੀਅਰ ਸਿੱਖ ਫੋਰਮ ਨੇ ਪ੍ਰਬੰਧਕਾਂ ਉਪਰ ਆਪਹੁਦਰਾਪਨ ਦਿਖਾਉਣ ਦਾ ਦੋਸ਼ ਲਾਇਆ ਹੈ ਅਤੇ ਕਿਹਾ ਹੈ ਕਿ ਪ੍ਰਬੰਧਕਾਂ ਵਲੋਂ ਵੰਡਿਆ ਗਿਆ ਪਰਚਾ ਝੂਠ ਦੇ ਪੁਲੰਦੇ ਤੋਂ ਵੱਧ ਕੁਝ ਵੀ ਨਹੀਂ। ਫੋਰਮ ਦੇ ਨੇੜਲੇ ਸੂਤਰਾਂ ਅਨੁਸਾਰ ਪ੍ਰਬੰਧਕਾਂ ਦਾ ਇਹ ਦੋਸ਼ ਬਿਲਕੁਲ ਹੀ ਨਿਰਮੂਲ ਹੈ ਕਿ ਚਾਰ ਜਾਂ ਪੰਜ ਲੋਕਾਂ ਨੇ ਗੁਰੂ ਘਰ ਦੇ ਉਸਾਰੀ ਪ੍ਰਾਜੈਕਟ ਬਾਰੇ ਕਾਊਂਟੀ ਪਾਸ ਸ਼ਿਕਾਇਤ ਕੀਤੀ ਜਿਸ ਕਰਕੇ ਕਾਊਂਟੀ ਇੰਸਪੈਕਟਰ ਨੇ ਉਸਾਰੀ ਬੰਦ ਕਰਵਾ ਦਿੱਤੀ, ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਅਜਿਹੇ ਨਿਰਾਧਾਰ ਦੋਸ਼ ਲਾਉਣ ਤੋਂ ਪਹਿਲਾਂ ਗੁਰੂ ਦਾ ਭੈਅ ਖਾਣਾ ਚਾਹੀਦਾ ਹੈ। ਫੋਰਮ ਨੇ ਪ੍ਰਬੰਧਕਾਂ ਦੇ ਇਸ ਦੋਸ਼ ਕਿ ਕੁਝ ਲੋਕਾਂ ਨੇ 'ਬਾਜਵਾ ਹਟਾਓ, ਗੁਰੂ ਘਰ ਬਚਾਓ' ਦੇ ਫਲਾਇਰ ਵੰਡੇ, ਨੂੰ ਰੱਦ ਕਰਦਿਆਂ ਕਿਹਾ ਹੈ ਕਿ ਸਾਨੂੰ ਸੰਗਤ ਦਾ ਹਿੱਸਾ ਨਾ ਮੰਨਦਿਆਂ ਸ਼ਰਾਰਤੀ ਲੋਕ ਦੱਸਣਾ ਉਨ੍ਹਾਂ ਦੇ ਆਪਣੇ ਕਿਰਦਾਰ ਨੂੰ ਨੰਗਾ ਕਰਦਾ ਹੈ।

ਫੋਰਮ ਅਨੁਸਾਰ ਅਸੀਂ ਜੋ ਵੀ ਮੰਗ ਕਰ ਰਹੇ ਹਾਂ, ਬਾਈਲਾਅਜ਼ ਅਨੁਸਾਰ ਕਰ ਰਹੇ ਹਾਂ। ਫੋਰਮ ਅਨੁਸਾਰ ਜੇ ਉਨ੍ਹਾਂ ਦੀ ਮੰਗ ਮੁਤਾਬਕ ਜਨਰਲ ਬਾਡੀ ਦੀ ਮੀਟਿੰਗ 26 ਮਈ ਤੱਕ ਨਹੀਂ ਬੁਲਾਈ ਜਾਂਦੀ ਤਾਂ ਬਾਈਲਾਅਜ਼ ਅਨੁਸਾਰ ਸਿੱਖ ਸੰਗਤ ਹੀ ਅਗਲੀ ਕਾਰਵਾਈ ਕਰੇਗੀ।

# ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ

## ਸਮੂਹ ਸੰਗਤਾਂ ਨੂੰ ਜਨਰਲ ਬਾਡੀ ਮੀਟਿੰਗ ਵਿਚ ਹਾਜਰ ਹੋਣ ਦੀ

# ਅਪੀਲ

**ਸਾਧ ਸੰਗਤ ਜੀ,**
**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

ਆਪ ਜਾਣਦੇ ਹੀ ਹੋ ਕਿ ਗੁਰਦੁਆਰਾ ਸਾਹਿਬ ਦੇ ਜਨਰਲ ਹਾਊਸ ਦੀ ਮੀਟਿੰਗ 19 ਮਈ 2013 ਨੂੰ ਸਵੇਰੇ 8 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤਕ ਹੋ ਰਹੀ ਹੈ। ਸੁਪੀਰੀਅਰ ਕੋਰਟ ਦੇ ਨਿਰਦੇਸ਼ 'ਤੇ ਹੋ ਰਹੀ ਇਸ ਮੀਟਿੰਗ ਵਿਚ ਪ੍ਰਬੰਧਕਾਂ ਵਲੋਂ ਡਾਇਰੈਕਟਰਾਂ ਦੀ ਮਿਆਦ ਚਾਰ ਸਾਲ ਤੋਂ ਵਧਾ ਕੇ ਛੇ ਸਾਲ ਕਰਨ ਸਬੰਧੀ 25 ਅਗਸਤ 2012 ਨੂੰ ਬਾਈਲਾਅਜ਼ ਵਿਚ ਕੀਤੀ ਗਈ ਸੋਧ ਨੂੰ ਰੱਦ ਕਰਨ ਦੇ ਮੁੱਦੇ ਉਪਰ ਵਿਚਾਰ ਹੋਵੇਗੀ। ਮਿਥੇ ਸਮੇਂ ਅਨੁਸਾਰ ਇਹ ਚੋਣ 9 ਦਸੰਬਰ 2012 ਨੂੰ ਹੋਣੀ ਸੀ। ਇਸ ਸੋਧ ਨਾਲ ਇਹ ਚੋਣ ਦਸੰਬਰ 2014 ਦੇ ਦੂਜੇ ਐਤਵਾਰ 'ਤੇ ਮੁਲਤਵੀ ਹੋ ਗਈ ਸੀ। ਸੋਧ ਰੱਦ ਕੀਤੇ ਜਾਣ ਦੀ ਸੂਰਤ ਵਿਚ ਡਾਇਰੈਕਟਰਾਂ ਦੀ ਮਿਆਦ ਪਹਿਲਾਂ ਵਾਂਗ ਚਾਰ ਸਾਲ ਦੀ ਹੋ ਜਾਵੇਗੀ ਅਤੇ ਚੋਣ ਜਿੰਨੀ ਜਲਦੀ ਹੋ ਸਕੇ, ਕਰਵਾਉਣੀ ਪਵੇਗੀ। 2016 ਤੋਂ ਬਾਅਦ ਚੋਣਾਂ ਹਰ ਚਾਰ ਸਾਲ ਬਾਅਦ ਦਸੰਬਰ ਮਹੀਨੇ ਹੋਇਆ ਕਰਨਗੀਆਂ। ਹੁਣ ਤਕ ਪ੍ਰਬੰਧਕ ਇਹ ਚੋਣਾਂ ਕਿਸੇ ਨਾ ਕਿਸੇ ਬਹਾਨੇ ਹੇਠ ਟਾਲਦੇ ਆਏ ਹਨ ਅਤੇ ਆਪਣੀ ਮਰਜੀ ਅਨੁਸਾਰ ਕਿਸੇ ਡਾਇਰੈਕਟਰ ਨੂੰ ਹਟਾਉਂਦੇ ਅਤੇ ਕਿਸੇ ਨੂੰ ਨਾਮਜਦ ਕਰਦੇ ਆਏ ਹਨ। ਇਸ ਕਰਕੇ ਕਈ ਅਜਿਹੇ ਡਾਇਰੈਕਟਰ ਵੀ ਚੁਣੇ ਗਏ ਜਿਨ੍ਹਾਂ ਦਾ ਪਿਛੋਕੜ ਵੀ ਸਾਫ ਨਹੀਂ ਸੀ।



**ਸੰਗਤ ਨੂੰ ਅਪੀਲ ਹੈ ਕਿ ਇਸ ਮੀਟਿੰਗ ਵਿਚ ਜਰੂਰ ਹਾਜਰ ਹੋਵੋ ਤਾਂ ਜੋ ਇਸ ਮੌਕੇ ਦਾ ਲਾਭ ਉਠਾ ਕੇ ਗੁਰੂਘਰ ਦੇ ਹਿਤ ਵਿਚ ਸਹੀ ਫੈਸਲੇ ਲਏ ਜਾ ਸਕਣ।**

**ਨੋਟ:** ਇਸ ਮੀਟਿੰਗ ਦੌਰਾਨ ਸਕਿਉਰਿਟੀ ਦਾ ਖਾਸ ਪ੍ਰਬੰਧ ਹੋਵੇਗਾ ਅਤੇ ਪੁਲਿਸ ਤਾਇਨਾਤ ਹੋਵੇਗੀ। ਜ਼ੀਰੋ ਟਾਲਰੈਂਸ ਦਾ ਨਿਯਮ ਲਾਗੂ ਹੋਵੇਗਾ। ਸਾਰੇ ਪ੍ਰੋਗਰਾਮ ਦੀ ਆਡੀਓ, ਵੀਡੀਓ ਰਿਕਾਰਡਿੰਗ ਹੋਵੇਗੀ। ਮੀਟਿੰਗ ਵਿਚ ਜਾਣ ਲਈ ਹਰ ਮੈਂਬਰ ਨੂੰ ਹੱਥ 'ਤੇ ਬੰਨਣ ਲਈ ਟੈਗ ਦਿੱਤਾ ਜਾਵੇਗਾ ਜੋ ਕਿ ਮੈਂਬਰ ਸਵੇਰੇ 8 ਵਜੇ ਤੋਂ ਲੈ ਸਕਣਗੇ। ਪਰ ਮੀਟਿੰਗ ਬਾਅਦ ਦੁਪਹਿਰ 3 ਵਜੇ ਸ਼ੁਰੂ ਹੋਵੇਗੀ।

**ਬੇਨਤੀ ਕਰਤਾ:** ਦੀਦਾਰ ਸਿੰਘ ਬੈਂਸ, ਦਿਲਬਾਗ ਸਿੰਘ ਬੈਂਸ, ਜਸਵੰਤ ਸਿੰਘ ਬੈਂਸ, ਗੁਰਨਾਮ ਸਿੰਘ ਪੰਮਾ, ਗੁਰਮੇਜ ਸਿੰਘ ਗਿੱਲ, ਬਲਰਾਜ ਸਿੰਘ ਢਿੱਲੋਂ, ਸਰਬਜੀਤ ਸਿੰਘ ਥਿਆੜਾ, ਰਾਜਿੰਦਰ ਸਿੰਘ ਚੌਹਾਨ, ਨਛੱਤਰ ਸਿੰਘ ਚੌਹਾਨ, ਕੁਲਦੀਪ ਸਿੰਘ ਅਟਵਾਲ, ਕੁਲਵੀਰ ਸਿੰਘ ਗਿੱਲ, ਕੁਲਦੀਪ ਸਿੰਘ ਸਹੋਤਾ, ਨਾਹਰ ਸਿੰਘ ਹੀਰ, ਹਰਨਰਿੰਦਰਪਾਲ ਸਿੰਘ, ਅਜੈਬ ਸਿੰਘ ਮੱਲ੍ਹੀ, ਮਨਜੀਤ ਸਿੰਘ ਢਿੱਲੋਂ, ਗੁਰਨੇਕ ਸਿੰਘ, ਹਰਨੇਕ ਸਿੰਘ, ਪਰਵਿੰਦਰ ਸਿੰਘ ਗਰੇਵਾਲ, ਰਛਪਾਲ ਦੋਸਾਂਝ, ਮਹਾਂ ਸਿੰਘ ਢਿੱਲੋਂ, ਮਹਿੰਦਰ ਸਿੰਘ ਨਿੱਜਰ, ਹਰਭਜਨ ਸਿੰਘ ਢੇਰੀ, ਅਵਤਾਰ ਸਿੰਘ ਬੁੱਟਰ, ਸਾਬੀ ਡਡਵਾਲ, ਬਲਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਬਸਰਾ, ਜਗਵੀਰ ਸਿੰਘ ਧਾਮੀ, ਦਿਲਬਾਗ ਸਿੰਘ ਦਿਓਲ, ਪਿਆਰਾ ਸਿੰਘ ਗੋਸਲ, ਸਰਵਣ ਸਿੰਘ ਢਿੱਲੋਂ, ਹਰਦੀਪ ਸਿੰਘ ਡਾਡਲੀ, ਹਰਵਿੰਦਰ ਸਿੰਘ, ਮੱਖਣ ਸਿੰਘ ਚੌਹਾਨ, ਹਰਸੇਵ ਸਿੰਘ ਨਿੱਜਰ, ਹਰਭਜਨ ਸਿੰਘ ਸੰਧੂ, ਬਲਬੀਰ ਸਿੰਘ ਸੋਹਲ, ਦਲਜਿੰਦਰ ਸਿੰਘ ਅਟਵਲਾ, ਜੋਗਾ ਸਿੰਘ ਰਾਏ, ਹਰਪ੍ਰੀਤ ਸਿੰਘ ਥਿਆੜਾ, ਤੇਜਿੰਦਰ ਸਿੰਘ ਬਡਿਆਲ, ਅਜੀਤ ਸਿੰਘ ਨਾਗਰਾ, ਸੁਖਵਿੰਦਰ ਸਿੰਘ, ਕਰਮਜੀਤ ਸਿੰਘ ਬੈਂਸ, ਬਲਬੀਰ ਸਿੰਘ ਬੈਂਸ, ਸੰਨੀ ਸਮਰ, ਗੁਰਚਰਨ ਰੰਧਾਵਾ, ਦਲਜਿੰਦਰ ਅਟਵਾਲ, ਕੁਲਤਾਰ ਸਿੰਘ ਚੀਮਾ, ਕਰਨੈਲ ਸਿੰਘ ਚੀਮਾ, ਸਤਨਾਮ ਸਿੰਘ, ਕਿਸ਼ਨ ਸਿੰਘ ਧਨੋਤਾ, ਰਾਮ ਧਨੋਤਾ, ਸੋਖੀ ਸੰਧਰ, ਹੈਪੀ ਸੈਣੀ, ਚਰਨਜੀਤ ਸਿੰਘ ਚੌਹਾਨ।

**ਜਾਰੀ ਕਰਤਾ: ਦਲਬੀਰ ਸਿੰਘ ਗਿੱਲ ਤੇ ਕਰਮਜੀਤ ਸਿੰਘ ਬੈਂਸ**

24 ਘੰਟੇ ਚੱਲਣ ਵਾਲਾ
ਗੁਰਬਾਣੀ ਰੇਡੀਓ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
832.551.5029 Ext. 4

24 ਘੰਟੇ ਪੰਜਾਬੀ ਗਾਣੇ
ਸੁਣਨ ਲਈ
www.NonStopPunjabi.com
ਫੋਨ 'ਤੇ ਸੁਣਨ ਲਈ ਕਾਲ ਕਰੋ
832.551.5029 Ext. 3

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
ਹਫ਼ਤੇ ਦੇ ਸੱਤੇ ਦਿਨ 24 ਘੰਟੇ ਸੁਣਨ ਲਈ ਕਾਲ ਕਰੋ ਜੀ

ਪੰਜਾਬੀ ਰੇਡੀਓ ਯੂਐਸਏ
Punjabi RADIO USA
Studio Telephone : (408) 272-5200

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ ਪੰਜਾਬ ਤੋਂ ਸੁਸ਼ੀਲ ਦੁਸਾਂਝ-ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ-ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ • ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ 605.475.6868 Ext. 1 ਜਾਂ 832.551.5029 Ext. 1

ਨਵੇਂ ਪ੍ਰੋਗਰਾਮ • **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ • **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜ਼ਾਨਾ • **ਵੀਕਲੀ ਡੋਜ਼** -ਅਮਰੀਕਨ ਖ਼ਬਰਾਂ

- ਸਵੇਰੇ 4 ਵਜੇ ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ • ਸ਼ਬਦ ਗੁਰਬਾਣੀ • ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' • ਖ਼ਬਰ 'ਤੇ ਨਜ਼ਰ • ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ • ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ • 'ਬੌਲੀਵੁੱਡ ਹਿੱਟਸ' (Bolly. Hits)
- 'ਕੁਝ ਗੱਲਾਂ ਕੁੱਝ ਗੀਤ' • 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 6 ਵਜੇ ਸ਼ਾਮ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) • ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) • ਇਕ ਖ਼ਾਸ ਮੁਲਾਕਾਤ • ਲਹਿੰਦੇ ਪੰਜਾਬ ਦੀਆਂ ਬਾਤਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 9:00 ਤੋਂ 10:30 ਵਜੇ)

ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com 605.475.6868 832.551.5029

# KHALSA
## INSURANCE AGENCY, INC.

**WE NOW INSURE IN 33 STATES**

**LARGEST INDEPENDENT INSURANCE BROKERS**
**REPRESENTING OVER 100 A+ RATED COMPANIES**




**TAXI-CABS • LIMOUSINES**

**COMMERCIAL AUTO**

CALL TO CHECK OUR LOWEST RATES FOR
**AUTO • HOME • HEALTH • LIFE**

WWW.KHALSAINSURANCE.COM

LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin

3750 McKee Road, Suite A • San Jose, CA 95127 • Fax 408.493.4552

California License # 0F89805

**408-272-2500 • 1-800-954-5409**

# ਕੇਂਦਰ ਸਰਕਾਰ 'ਚੋਂ ਦੋ ਪੰਜਾਬੀ ਮੰਤਰੀਆਂ ਦੀ ਛੁੱਟੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਵਿਚੋਂ ਦੋ ਪੰਜਾਬੀਆਂ ਮੰਤਰੀਆਂ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਤੇ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਦੀ ਛੁੱਟੀ ਹੋ ਗਈ ਹੈ। ਜ਼ਿਕਰਯੋਗ ਹੈ ਕਿ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਦੇ ਮਾਮਲਿਆਂ ਵਿਚ ਬੁਰੀ ਤਰ੍ਹਾਂ ਫਸੇ ਕੇਂਦਰੀ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਨੂੰ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਹੈ। ਇਸੇ ਤਰ੍ਹਾਂ ਵਿਵਾਦਾਂ ਵਿਚ ਘਿਰੇ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੇ ਵੀ ਅਸਤੀਫ਼ੇ ਦੇ ਦਿੱਤਾ।



ਪਵਨ ਕੁਮਾਰ ਬਾਂਸਲ



ਅਸ਼ਵਨੀ ਕੁਮਾਰ

ਸ੍ਰੀ ਬਾਂਸਲ ਨੇ ਬੀਤੇ ਅਕਤੂਬਰ ਮਹੀਨੇ ਹੀ ਰੇਲ ਮੰਤਰਾਲੇ ਦਾ ਚਾਰਜ ਸੰਭਾਲਿਆ ਸੀ ਤੇ ਉਹ ਬੀਤੇ 17 ਸਾਲਾਂ ਦੌਰਾਨ ਰੇਲ ਮੰਤਰੀ ਬਣਨ ਵਾਲੇ ਪਹਿਲੇ ਕਾਂਗਰਸੀ ਆਗੂ ਸਨ। ਉਤਰੀ ਭਾਰਤ ਨੂੰ ਵੀ ਰੇਲ ਮੰਤਰਾਲਾ ਲੰਬੇ ਸਮੇਂ ਬਾਅਦ ਮਿਲਿਆ ਸੀ। ਸ੍ਰੀ ਬਾਂਸਲ ਚੰਡੀਗੜ੍ਹ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਹਨ। ਸ੍ਰੀ ਬਾਂਸਲ ਦੀ ਉਮਰ ਭਰ ਦੀ ਬਣੀ ਹੋਈ ਸਾਫ਼ ਦਿੱਖ ਬੀਤੇ ਦਿਨੀਂ ਉਦੋਂ ਖੂਹਖ਼ਾਤੇ ਪੈ ਗਈ ਸੀ ਜਦੋਂ ਪਿਛਲੇ ਦਿਨੀਂ ਉਨ੍ਹਾਂ ਦੇ ਭਾਣਜੇ ਵਿਜੇ ਸਿੰਗਲਾ ਨੂੰ ਸੀਬੀਆਈ ਨੇ ਰੇਲਵੇ ਬੋਰਡ ਦੇ ਮੈਂਬਰ ਮਹੇਸ਼ ਕੁਮਾਰ ਤੋਂ 90 ਲੱਖ ਰੁਪਏ ਰਿਸ਼ਵਤ ਲੈਣ ਸਬੰਧੀ ਗ੍ਰਿਫਤਾਰ ਕਰ ਲਿਆ ਸੀ। ਇਹ ਰਿਸ਼ਵਤ ਮਹੇਸ਼ ਕੁਮਾਰ ਨੂੰ ਤਰੱਕੀ ਦੇਣ ਸਬੰਧੀ ਲਈ ਜਾ ਰਹੀ ਸੀ ਤੇ ਬਾਅਦ ਵਿਚ ਇਹ ਰਿਪੋਰਟਾਂ ਵੀ ਸਾਹਮਣੇ ਆਈਆਂ ਕਿ ਰਿਸ਼ਵਤ ਦੀ ਅਸਲ ਰਕਮ 10-12 ਕਰੋੜ ਰੁਪਏ ਸੀ। ਬਾਅਦ ਵਿਚ ਸ੍ਰੀ ਬਾਂਸਲ ਉੱਤੇ ਰੇਲ ਮੰਤਰੀ ਵਜੋਂ ਆਪਣੇ ਨਜ਼ਦੀਕੀਆਂ ਤੇ ਰਿਸ਼ਤੇਦਾਰਾਂ ਦੀਆਂ ਕੰਪਨੀਆਂ ਨੂੰ ਨਾਜਾਇਜ਼ ਫਾਇਦੇ ਪਹੁੰਚਾਉਣ ਦੇ ਦੋਸ਼ ਵੀ ਲੱਗੇ। ਉਨ੍ਹਾਂ ਦਾ ਇਹ ਭ੍ਰਿਸ਼ਟਾਚਾਰ ਦਾ ਮਾਮਲਾ ਪਹਿਲਾਂ ਹੀ ਘਪਲਿਆਂ ਵਿਚ ਘਿਰੀ ਯੂਪੀਏ ਸਰਕਾਰ ਉੱਤੇ ਪਹਾੜ ਡਿੱਗਣ ਵਰਗੇ ਮਾਮਲੇ ਤੋਂ ਘੱਟ ਨਹੀਂ ਸੀ। ਇਸ ਕਾਰਨ ਕਾਂਗਰਸ ਵਿਚ ਵੀ ਬੇਚੈਨੀ ਪਾਈ ਜਾ ਰਹੀ ਸੀ । ਕੇਂਦਰੀ ਮੰਤਰੀ ਮੰਡਲ ਵਿਚੋਂ ਸ੍ਰੀ ਅਸ਼ਵਨੀ ਕੁਮਾਰ ਤੇ ਸ੍ਰੀ ਪਵਨ ਕੁਮਾਰ ਬਾਂਸਲ ਵੱਲੋਂ ਅਸਤੀਫਾ ਦੇ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਦੇ ਮੰਤਰਾਲਿਆਂ ਦਾ ਵਾਧੂ ਚਾਰਜ ਕ੍ਰਮਵਾਰ ਟੈਲੀਕਾਮ ਮੰਤਰੀ ਕਪਿਲ ਸਿੱਬਲ ਤੇ ਸੜਕ ਤੇ ਟਰਾਂਸਪੋਰਟ ਮੰਤਰੀ ਸੀ.ਪੀ. ਜੋਸ਼ੀ ਨੂੰ ਦਿੱਤਾ ਗਿਆ ਹੈ। ਸ੍ਰੀ ਸਿੱਬਲ ਹੁਣ ਕਾਨੂੰਨ ਮੰਤਰਾਲੇ ਤੇ ਸ੍ਰੀ ਜੋਸ਼ੀ ਰੇਲ ਮੰਤਰਾਲੇ ਦਾ ਵਾਧੂ ਚਾਰਜ ਸੰਭਾਲਣਗੇ।

## ਕਿਸਾਨ ਵੱਲੋਂ ਖੁਦਕੁਸ਼ੀ

**ਚੀਮਾ ਮੰਡੀ (ਬਿਊਰੋ):** ਪਿੰਡ ਬੀਰ ਕਲਾ ਦੇ ਬੀਏ ਪਾਸ ਕਿਸਾਨ ਗੁਰਦੀਪ ਸਿੰਘ ਨੇ ਕਰਜ਼ੇ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ ਹੈ।

ਮਿਲੀ ਜਾਣਕਾਰੀ ਅਨੁਸਾਰ ਗੁਰਦੀਪ ਸਿੰਘ ਦੇ ਸਿਰ ਕਰਜ਼ਾ ਸੀ ਜਿਸ ਨਾਲ ਉਹ ਹਮੇਸ਼ਾ ਪ੍ਰੇਸ਼ਾਨੀ ਵਿਚ ਰਹਿੰਦਾ ਸੀ। ਉਸ ਨੇ ਆਪਣੀ ਜ਼ਮੀਨ ਵਿਚੋਂ ਇਕ ਏਕੜ ਜ਼ਮੀਨ ਵੇਚ ਦਿੱਤੀ ਸੀ ਤੇ ਕਰਜ਼ਾ ਫਿਰ ਵੀ ਸਿਰ ਸੀ। ਕਰਜ਼ੇ ਦੇ ਸਤਾਏ ਕਿਸਾਨ ਗੁਰਦੀਪ ਸਿੰਘ ਨੇ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ।


Short Sale Specialist

Selling HUD homes anywhere in California



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
visit: www.hudhomestore.com
Serving from Bay Area to Sacramento

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707


# ਪੰਥਕ ਜਥੇਬੰਦੀਆਂ ਵਲੋਂ ਵਿਦਿਅਕ ਅਦਾਰਿਆਂ 'ਚ ਸਿੱਖ ਧਰਮ ਬਾਰੇ ਕੋਰਸ ਦਾ ਸਵਾਗਤ

**ਐਲ ਸੋਬਰਾਂਟੇ (ਬਿਊਰੋ):** ਬੇਏਰੀਆ ਦੀਆਂ ਸਿੱਖ ਜਥੇਬੰਦੀਆਂ ਨੇ ਕੈਲੀਫੋਰਨੀਆ ਵਿਧਾਨ ਸਭਾ ਵੱਲੋਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਸਿੱਖ ਧਰਮ ਦਾ ਕੋਰਸ ਸ਼ਾਮਲ ਕਰਨ ਦਾ ਸਵਾਗਤ ਕਰਦਿਆਂ ਉਨ੍ਹਾਂ ਸਭਨਾਂ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਇਸ ਫੈਸਲੇ ਨੂੰ ਲਾਗੂ ਕਰਵਾਉਣ 'ਚ ਯੋਗਦਾਨ ਪਾਇਆ। ਇਨ੍ਹਾਂ ਜਥੇਬੰਦੀਆਂ ਨੇ ਗੁਜਰਾਤ ਵਿਚ ਮੁਸਲਿਮ ਭਾਈਚਾਰੇ ਦੇ ਕਤਲੇਆਮ ਦੇ ਦੋਸ਼ੀ ਸਮਝੇ ਜਾਂਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਨਾ ਦਿਤੇ ਜਾਣ ਦਾ ਸੁਆਗਤ ਕੀਤਾ ਹੈ।

ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਸੇਖੋਂ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੀਟਿੰਗ ਵਿਚ ਬੇਏਰੀਆ ਸਿੱਖ ਅਲਾਇੰਸ, ਇੰਟਰਨੈਸ਼ਨਲ ਗਦਰ ਮੈਮੋਰੀਅਲ ਟਰਸਟ, ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਸਿੱਖ ਐਜੂਕੇਸ਼ਨਲ ਟਰਸਟ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਬਾਲ ਸਾਹਿਤ ਕਲਾ ਰੰਗ ਮੰਚ ਅਤੇ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਨੁਮਾਇੰਦੇ ਸ਼ਾਮਲ ਹੋਏ। ਇਨ੍ਹਾਂ ਪੰਥਕ ਸੰਸਥਾਵਾਂ ਦੇ ਮੁਖੀਆਂ ਨੇ ਸਿੱਖ ਹੱਕਾਂ ਦੀ ਰਾਖੀ ਲਈ ਅਗੋਂ ਆਪਸ ਵਿਚ ਮਿਲ ਕੇ ਚਲਣ 'ਤੇ ਸਹਿਮਤੀ ਪ੍ਰਗਟਾਈ। ਇਸ ਬੈਠਕ ਵਿਚ ਸੁਦੇਸ਼ ਸਿੰਘ ਅਟਵਾਲ, ਜਸਵੀਰ ਸਿੰਘ ਤੱਖਰ, ਕੁਲਦੀਪ ਸਿੰਘ ਢੀਂਡਸਾ, ਪਰਮਿੰਦਰ ਸਿੰਘ ਪਰਵਾਨਾ, ਧਰਮਪਾਲ ਸਿੰਘ (ਮਾਸਟਰ ਰਿੰਕੂ), ਸੁਖਮਿੰਦਰ ਸਿੰਘ ਸੰਘੇੜਾ, ਬਚਨ ਸਿੰਘ ਤਲੰਵਡੀ, ਅਮਰਜੀਤ ਸਿੰਘ ਝਾਂਡੇ, ਦਵਿੰਦਰ ਸਿੰਘ ਢੀਂਡਸਾ, ਅਜੀਤ ਸਿੰਘ ਸੇਖੋਂ, ਗੁਰਬੀਰ ਸਿੰਘ ਢੀਂਡਸਾ, ਬੀਬੀ ਬਸੰਤ ਕੌਰ ਤਲਵੰਡੀ, ਬੀਬੀ ਮਨਜੀਤ ਕੌਰ, ਬੀਬੀ ਜਸਵਿੰਦਰ ਕੌਰ, ਬੀਬੀ ਬਘੇਲ ਕੌਰ, ਬੀਬੀ ਪੰਜਾਬ ਕੌਰ ਨੇ ਸ਼ਿਰਕਤ ਕੀਤੀ।

ਮੀਟਿੰਗ ਵਿਚ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਬਣੀ ਯਾਦਗਾਰ ਦੇ ਮੁੱਦੇ 'ਤੇ ਬੇਲੋੜਾ ਵਾਦ-ਵਿਵਾਦ ਖੜਾ ਕਰਨ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਬਾਦਲ) ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਗਿਆ ਕਿ ਇਸ ਯਾਦਗਾਰ ਦਾ ਵਿਰੋਧ ਹਿੰਦੂਤਵੀ ਤਾਕਤਾਂ ਦੇ ਦਬਾਓ ਹੇਠ ਕੀਤਾ ਜਾ ਰਿਹਾ ਹੈ। ਸਿੱਖ ਕਤਲੇਆਮ ਦੇ ਕਥਿਤ ਦੋਸ਼ੀ ਸੱਜਣ ਕੁਮਾਰ ਨੂੰ ਅਦਾਲਤ ਵਲੋਂ ਬਰੀ ਕੀਤੇ ਜਾਣ ਦੀ ਸਖਤ ਨਿੰਦਾ ਕਰਦਿਆਂ ਕਿਹਾ ਗਿਆ ਕਿ ਇਹ ਸਿੱਖਾਂ ਦੇ ਜ਼ਖਮਾਂ 'ਤੇ ਲੂਣ ਛਿੜਕੇ ਜਾਣ ਵਾਲੀ ਗੱਲ ਹੈ। ਭਾਰਤੀ ਸਿਸਟਮ ਵਲੋਂ ਸੱਜਣ ਕੁਮਾਰ ਵਰਗਿਆਂ ਨੂੰ ਤਾਂ ਰਿਹਾ ਕੀਤਾ ਜਾਂਦਾ ਹੈ ਜਦੋਂਕਿ ਘੱਟਗਿਣਤੀਆਂ ਦੇ ਲੋਕਾਂ ਨੂੰ ਫਾਂਸੀ ਦਿੱਤਾ ਜਾ ਰਿਹਾ ਹੈ। ਮੀਟਿੰਗ ਵਿਚ ਬੋਸਟਨ ਬੰਬ ਧਮਾਕਿਆਂ ਦੀ ਨਿੰਦਾ ਕਰਦਿਆਂ ਇਨ੍ਹਾਂ ਦਾ ਸ਼ਿਕਾਰ ਹੋਏ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ।

## ਜਾਅਲੀ ਸਰਟੀਫਿਕੇਟ 'ਤੇ ਵੀਜ਼ਾ ਲੈਣ ਵਾਲੇ ਕਸੂਤੇ ਫਸੇ

**ਜਲੰਧਰ:** ਪੁਲਿਸ ਹੁਣ ਜਾਅਲੀ ਦਸਤਾਵੇਜ਼ਾਂ ਰਾਹੀਂ ਸਟੱਡੀ ਵੀਜ਼ਾ ਲਵਾ ਕੇ ਦੇਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸੱਤ ਟਰੈਵਲ ਏਜੰਟਾਂ ਤੋਂ ਬਾਅਦ ਉਨ੍ਹਾਂ ਵਿਦਿਆਰਥੀਆਂ ਵਿਰੁੱਧ ਵੀ ਕੇਸ ਦਰਜ ਕਰੇਗੀ ਜਿਨ੍ਹਾਂ ਨੇ ਜਾਅਲੀ ਡਿਗਰੀਆਂ ਤੇ ਜਾਅਲੀ ਸਰਟੀਫਿਕੇਟ ਬਣਾ ਕੇ ਵੀਜ਼ੇ ਹਾਸਲ ਕੀਤੇ ਸਨ ਜਾਂ ਅਪਲਾਈ ਕੀਤਾ ਹੋਇਆ ਸੀ। ਪੁਲਿਸ ਵੱਲੋਂ ਟਰੈਵਲ ਏਜੰਟਾਂ ਦੇ ਫੜਨ ਤੋਂ ਬਾਅਦ ਇਹ ਸਵਾਲ ਉੱਠ ਰਹੇ ਸਨ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਟਰੈਵਲ ਏਜੰਟਾਂ ਕੋਲ ਜਾਅਲੀ ਡਿਗਰੀਆਂ ਤੇ ਸਰਟੀਫਿਕੇਟ ਪੈਸੇ ਦੇ ਕੇ ਬਣਵਾਏ ਹਨ ਤੇ ਉਹ ਵੀ ਬਰਾਬਰ ਦੇ ਹੀ ਦੋਸ਼ੀ ਹਨ। ਪੁਲਿਸ ਨੇ ਛਾਪੇਮਾਰੀ ਦੌਰਾਨ 24 ਜਾਅਲੀ ਡਿਗਰੀਆਂ ਤੇ ਸਰਟੀਫਿਕੇਟ ਬਰਾਮਦ ਕੀਤੇ ਸਨ। ਪੁਲਿਸ ਵੱਲੋਂ ਵਿਦਿਆਰਥੀਆਂ ਵਿਰੁੱਧ 420 ਆਈ.ਪੀ.ਸੀ ਦੀ ਧਾਰਾ ਤਹਿਤ ਮਾਮਲਾ ਦਰਜ ਕਰਨ ਬਾਰੇ ਵਿਚਾਰ ਕੀਤੀ ਜਾ ਰਹੀ ਹੈ। ਉਧਰ ਸਟੱਡੀ ਵੀਜ਼ਾ ਲਵਾਉਣ ਦੀ ਆੜ ਹੇਠ ਵਿਦਿਆਰਥੀਆਂ ਨਾਲ ਠੱਗੀ ਮਾਰਨ ਵਾਲੇ ਇਮੀਗਰੇਸ਼ਨ ਦਫਤਰਾਂ 'ਤੇ ਛਾਪੇਮਾਰੀ ਦੌਰਾਨ ਪੁਲਿਸ ਨੇ ਸੱਤ ਟਰੈਵਲ ਏਜੰਟਾਂ ਨੂੰ ਕਾਬੂ ਕੀਤਾ ਸੀ। ਅਦਾਲਤ ਨੇ ਇਨ੍ਹਾਂ ਵਿਚੋਂ ਗੁਰਿੰਦਰ ਸਿੰਘ ਭੱਟੀ, ਭਵਨੂਰ ਸਿੰਘ ਬੇਦੀ ਤੇ ਮੋਹਨ ਕੱਕੜ ਨੂੰ ਤਿੰਨ ਦਿਨਾ ਰਿਮਾਂਡ 'ਤੇ ਭੇਜ ਦਿੱਤਾ ਸੀ।

ਪੁਲਿਸ ਮੁਤਾਬਕ ਗੁਰਿੰਦਰ ਸਿੰਘ ਭੱਟੀ, ਭਵਨੂਰ ਸਿੰਘ ਬੇਦੀ ਤੇ ਮੋਹਨ ਕੱਕੜ ਦੀ ਜਾਇਦਾਦ ਨੂੰ ਸੀਲ ਕਰਨ ਬਾਰੇ ਕਾਨੂੰਨੀ ਰਾਇ ਲਈ ਜਾ ਰਹੀ ਹੈ। ਮਾਮਲੇ ਦੀ ਜਾਂਚ ਵਿਚ ਇਨਕਮ ਟੈਕਸ ਵਿਭਾਗ ਤੇ ਇਨਫੋਰਸਮੈਂਟ ਵਿਭਾਗ ਦੀ ਵੀ ਮਦਦ ਲਈ ਜਾ ਰਹੀ ਹੈ।




**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਾਕਿਸਤਾਨ ਚੋਣਾਂ ਬਣੀਆਂ ਨਵੀਂ ਸਵੇਰ ਦਾ ਆਗਾਜ਼

ਤਜਰਬਾ ਕਰਨ ਮਗਰੋਂ ਸ਼ਰੀਫ਼ ਨੇ ਆਪਣੇ ਤਤਕਾਲੀ ਭਾਰਤੀ ਹਮਰੁਤਬਾ ਅਟਲ ਬਿਹਾਰੀ ਵਾਜਪਾਈ ਨਾਲ ਸਬੰਧ ਸੁਧਾਰਨ ਲਈ ਗੱਲਬਾਤ ਤੋਰੀ ਸੀ। ਦੋਵਾਂ ਮੁਲਕਾਂ ਲਈ ਇਸ ਨੂੰ ਸ਼ੁਭ ਸ਼ਗਨ ਮੰਨਿਆ ਜਾ ਰਿਹਾ ਹੈ। ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਪਾਕਿ ਚੋਣ ਨਤੀਜਿਆਂ ਦਾ ਸਵਾਗਤ ਕਰਦਿਆਂ ਆਸ ਪ੍ਰਗਟਾਈ ਹੈ ਕਿ ਨਵੀਂ ਸਰਕਾਰ ਦੇ ਭਾਰਤ ਨਾਲ ਚੰਗੇ ਸਬੰਧ ਬਰਕਰਾਰ ਰਹਿਣਗੇ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੀਆਂ ਇਤਿਹਾਸਕ ਆਮ ਚੋਣਾਂ ਵਿਚ ਨਵਾਜ਼ ਸ਼ਰੀਫ਼ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ (ਪੀ.ਐਮ.ਐਲ.-ਐਨ.) 272 ਸੀਟਾਂ 'ਤੇ ਪਈਆਂ ਵੋਟਾਂ ਦੌਰਾਨ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। ਪਾਰਟੀ ਸੁਪਰੀਮੋ ਨਵਾਜ਼ ਸ਼ਰੀਫ ਤੀਜੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣ ਰਹੇ ਹਨ। ਇਸ ਤੋਂ ਪਹਿਲਾਂ ਉਹ 1990-1993 ਤੇ 1997-1999 ਤੱਕ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ। ਪਹਿਲੇ ਕਾਰਜਕਾਲ ਦੌਰਾਨ ਉਨ੍ਹਾਂ ਉਪਰ ਭ੍ਰਿਸ਼ਟਾਚਾਰ ਦਾ ਦੋਸ਼ ਲੱਗਿਆ ਸੀ ਅਤੇ ਦੂਜੀ ਵਾਰ ਪਰਵੇਜ਼ ਮੁਸ਼ੱਰਫ ਦੀ ਅਗਵਾਈ ਵਿਚ ਫੌਜ ਨੇ ਉਨ੍ਹਾਂ ਦਾ ਤਖਤ ਪਲਟ ਦਿੱਤਾ ਸੀ।

ਇਸੇ ਤਰ੍ਹਾਂ ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਸੂਬਾ ਪੰਜਾਬ ਵਿਚ ਨਵਾਜ਼ ਸ਼ਰੀਫ ਦੀ ਪਾਰਟੀ, ਖ਼ੈਬਰ ਪਖਤੂਨਖਵਾ ਵਿਚ ਇਮਰਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਤੇ ਸਿੰਧ ਵਿਚ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੀ ਪਾਕਿਸਤਾਨ ਪੀਪਲਜ਼ ਪਾਰਟੀ ਵੱਲੋਂ ਸਰਕਾਰਾਂ ਬਣਾਉਣਾ ਯਕੀਨੀ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਜਿਸ ਨੇ 2008 ਦੀਆਂ ਚੋਣਾਂ ਵਿਚ 124 ਸੀਟਾਂ ਜਿੱਤ ਕੇ ਦੇਸ਼ 'ਤੇ ਪੰਜ ਸਾਲ ਹਕੂਮਤ ਕੀਤੀ ਤੇ ਇਤਿਹਾਸ ਸਿਰਜਿਆ, ਇਸ ਵਾਰ ਸਿਰਫ 32 ਸੀਟਾਂ ਹੀ ਜਿਤ ਸਕੀ।

ਪੀ.ਐਮ.ਐਲ.-ਐਨ. ਨੂੰ ਭਾਵੇਂ ਸਪਸ਼ਟ ਬਹੁਮਤ ਨਹੀਂ ਮਿਲ ਸਕਿਆ ਪਰ ਉਹ ਆਜ਼ਾਦ ਤੇ ਸਹਿਯੋਗੀ ਪਾਰਟੀਆਂ ਨਾਲ ਮਿਲ ਕੇ ਨਵੀਂ ਸਰਕਾਰ ਦਾ ਗਠਨ ਕਰੇਗੀ। 14 ਮਈ ਤੱਕ 250 ਸੀਟਾਂ ਦੇ ਐਲਾਨੇ ਗਏ ਨਤੀਜਿਆਂ ਵਿਚ ਪੀ.ਐਮ.ਐਲ.-ਐਨ. ਨੂੰ 123 ਸੀਟਾਂ ਮਿਲੀਆਂ। ਪੀ.ਐਮ.ਐਲ.-ਐਨ. ਦੀਆਂ ਦੋ ਮੁੱਖ ਵਿਰੋਧੀ ਪਾਰਟੀਆਂ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਤੇ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਕ੍ਰਮਵਾਰ 32 ਤੇ 27 ਸੀਟਾਂ 'ਤੇ ਜਿੱਤ ਹਾਸਲ ਕਰ ਸਕੀਆਂ ਹਨ।

ਜ਼ਿਕਰਯੋਗ ਹੈ ਕਿ ਬਹੁਮਤ ਲਈ 137 ਸੀਟਾਂ ਦੀ ਲੋੜ ਹੈ ਤੇ ਉਮੀਦ ਹੈ ਕਿ ਨਵਾਜ਼ ਸ਼ਰੀਫ਼ ਦੀ ਪੀ.ਐਮ.ਐਲ.-ਐਨ. ਪਾਰਟੀ ਇਕ ਜਾਂ ਦੋ ਛੋਟੇ ਦਲਾਂ ਜਾਂ ਆਜ਼ਾਦ ਮੈਂਬਰਾਂ ਦੇ ਸਹਿਯੋਗ ਨਾਲ ਆਪਣੀ ਸਰਕਾਰ ਬਣਾ ਲਵੇਗੀ।

ਪਿਛਲੀ ਪਾਕਿਸਤਾਨ ਪੀਪਲਜ਼ ਪਾਰਟੀ ਵਿਚ ਮਹੱਤਵਪੂਰਨ ਸਹਿਯੋਗੀ ਰਹੀ ਮੁਤਾਹਿਦਾ ਕੌਮੀ ਮੂਵਮੈਂਟ ਨੂੰ 16 ਸੀਟਾਂ ਮਿਲੀਆਂ ਹਨ ਜਦਕਿ ਮੌਲਾਨਾ ਫਜ਼ਲ-ਉਰ ਰਹਿਮਾਨ ਦੀ ਜਮਾਇਤ ਉਲੇਮਾ-ਏ-ਇਸਲਾਮ ਨੂੰ ਨੈਸ਼ਨਲ ਅਸੈਂਬਲੀ ਵਿਚ 10 ਸੀਟਾਂ ਮਿਲੀਆਂ ਹਨ। ਜਮਾਤ-ਏ-ਇਸਲਾਮੀ ਤੇ ਪੀ.ਐਮ.ਐਲ.-ਐਫ਼. ਨੇ ਤਿੰਨ-ਤਿੰਨ ਸੀਟਾਂ ਜਿੱਤੀਆਂ ਹਨ ਜਦਕਿ ਪਖਤੂਨਖਵਾ ਮਿਲੀ ਅਵਾਮੀ ਪਾਰਟੀ ਤੇ ਨੈਸ਼ਨਲ ਪੀਪਲਜ਼ ਪਾਰਟੀ ਨੇ ਦੋ-ਦੋ ਸੀਟਾਂ ਹਾਸਿਲ ਕੀਤੀਆਂ ਹਨ। ਅਵਾਮੀ ਨੈਸ਼ਨਲ ਪਾਰਟੀ, ਕੌਮੀ ਵਤਨ ਪਾਰਟੀ ਸ਼ੇਰਪਾਓ, ਅਵਾਮੀ ਜਮਹੂਰੀ ਇਤਹਾਦ ਪਾਕਿਸਤਾਨ, ਪਰਵੇਜ਼ ਮੁਸ਼ੱਰਫ਼ ਦੀ ਆਲ ਪਾਕਿਸਤਾਨ ਮੁਸਲਿਮ ਲੀਗ, ਅਵਾਮੀ ਮੁਸਲਿਮ ਲੀਗ ਬਲੋਚਿਸਤਾਨ ਨੈਸ਼ਨਲ ਪਾਰਟੀ, ਨੈਸ਼ਨਲ ਪਾਰਟੀ ਤੇ ਪੀ.ਐਮ.ਐਲ. ਜ਼ੈਡ ਨੇ ਇਕ-ਇਕ ਸੀਟ ਜਿੱਤੀ ਹੈ। ਆਜ਼ਾਦ ਉਮੀਦਵਾਰਾਂ ਨੇ 25 ਸੀਟਾਂ 'ਤੇ ਕਬਜ਼ਾ ਜਮਾਇਆ ਹੈ।

## ਦੋ ਸਿੱਖ ਮੈਂਬਰ ਨਾਮਜ਼ਦ

**ਅੰਮ੍ਰਿਤਸਰ:** ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਨੇ ਸਵਰਨ ਸਿੰਘ ਨੂੰ ਰਿਆਸਤੀ ਅਸੈਂਬਲੀ ਪੰਜਾਬ ਦਾ ਮੈਂਬਰ ਨਾਮਜ਼ਦ ਕੀਤਾ ਹੈ। ਉਹ ਦੂਜਾ ਸਿੱਖ ਹੈ ਜਿਸ ਨੂੰ ਰਿਆਸਤੀ ਅਸੈਂਬਲੀ ਵਿਚ ਪੁੱਜਣ ਦਾ ਮਾਣ ਹਾਸਲ ਹੋਇਆ ਹੈ। ਪਹਿਲਾਂ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਨੇ ਰਮੇਸ਼ ਸਿੰਘ ਅਰੋੜਾ ਨੂੰ ਪੰਜਾਬ ਅਸੈਂਬਲੀ ਦਾ ਮੈਂਬਰ ਨਾਮਜ਼ਦ ਕੀਤਾ ਸੀ।

ਸਵਰਨ ਸਿੰਘ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਦਾ ਸਾਬਕਾ ਪ੍ਰਧਾਨ ਹੈ। ਪਾਕਿਸਤਾਨ ਵਿਚ 172 ਇਤਿਹਾਸਕ ਗੁਰਦੁਆਰੇ ਹਨ ਜਿਨ੍ਹਾਂ ਵਿਚੋਂ ਸਿਰਫ਼ ਛੇ ਵਿਚ ਵਿਦੇਸ਼ੀ ਸ਼ਰਧਾਲੂਆਂ ਨੂੰ ਆਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਹੁਣ ਦੋ ਅਸੈਂਬਲੀ ਮੈਂਬਰਾਂ ਸਦਕਾ ਪਾਕਿਸਤਾਨੀ ਸਿੱਖ ਬਾਕੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਵੱਧ ਖੁੱਲ੍ਹਾਂ ਦੀ ਮੰਗ ਕਰ ਸਕਣਗੇ।

# ਬਾਦਲਾਂ ਦੀ ਸਰਦਾਰੀ ਤੋੜਨ ਲਈ ਫਿਰ ਹੰਭਲਾ

ਵਰਤਾਰੇ ਤੋਂ ਕਾਫੀ ਔਖ ਮਹਿਸੂਸ ਕਰ ਰਹੇ ਹਨ ਜਿਸ ਕਰ ਕੇ ਇਨ੍ਹਾਂ ਧੜਿਆਂ ਵਿਚਾਲੇ ਮੁੜ ਸਾਂਝਾ ਮੰਚ ਉਸਾਰਨ ਦੀ ਗੱਲ ਤੁਰੀ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪਹਿਲੇ ਦੌਰ ਦੀ ਗੱਲਬਾਤ ਲਈ ਇਨ੍ਹਾਂ ਧੜਿਆਂ ਦੇ ਨੇਤਾਵਾਂ ਵਿਚ ਦੋ ਮੀਟਿੰਗਾਂ ਹੋ ਚੁੱਕੀਆਂ ਹਨ। ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਵੰਗਾਰਨ ਲਈ ਰਣਨੀਤੀ ਤਿਆਰ ਕਰਨੀ ਵੀ ਸ਼ੁਰੂ ਕਰ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦੇ ਰਲੇਵੇਂ ਤੋਂ ਬਾਅਦ ਬਾਕੀ ਦੇ ਧੜਿਆਂ ਨੂੰ ਵੀ ਨਾਲ ਜੋੜਿਆ ਜਾ ਰਿਹਾ ਹੈ। ਦਲ ਦੇ ਸਕੱਤਰ ਜਨਰਲ ਜਸਵੰਤ ਸਿੰਘ ਮਾਨ ਏਕੇ ਲਈ ਅੱਗੇ ਹੋ ਕੇ ਤੁਰੇ ਹਨ। ਪਤਾ ਲੱਗਾ ਹੈ ਕਿ ਸਾਬਕਾ ਮੰਤਰੀ ਮਨਜੀਤ ਸਿੰਘ ਕਲਕੱਤਾ, ਪਰਮਜੀਤ ਸਿੰਘ ਸਰਨਾ, ਸੰਤ ਬਲਜੀਤ ਸਿੰਘ ਦਾਦੂਵਾਲ ਤੇ ਸਾਬਕਾ ਆਈ.ਏ.ਐਸ. ਅਫਸਰ ਗੁਰਤੇਜ ਸਿੰਘ ਰਲ ਕੇ ਚੋਣਾਂ ਲੜਨ ਲਈ ਹਾਮੀ ਭਰ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਅਤੇ ਅਕਾਲੀ ਦਲ-1920 ਨਾਲ ਵੀ ਗੱਲਬਾਤ ਚੱਲ ਰਹੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨਾਲ ਵੀ ਸੰਪਰਕ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਲੌਂਗੋਵਾਲ ਦਲ ਸਾਂਝੇ ਮੋਰਚੇ ਦੀ ਭਾਈਵਾਲ ਪਾਰਟੀ ਹੈ। ਇਸ ਦੇ ਬਾਵਜੂਦ ਦਲ ਵੱਲੋਂ ਪੰਥਕ ਮੋਰਚੇ ਨਾਲ ਜੋੜਨ ਦੀ ਗੱਲ ਕੀਤੀ ਜਾ ਰਹੀ ਹੈ।

ਸੂਤਰਾਂ ਅਨੁਸਾਰ ਅਕਾਲੀ ਦਲ-1920 ਵੱਲੋਂ ਦੂਜੇ ਧੜਿਆਂ ਨਾਲ ਏਕਤਾ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਜਥੇਦਾਰ ਰਘਵੀਰ ਸਿੰਘ ਰਾਜਾਸਾਂਸੀ ਦੀ ਅਗਵਾਈ ਹੇਠ ਬਣਾਈ ਗਈ ਕਮੇਟੀ ਨੂੰ ਦੂਜੇ ਪੰਥਕ ਧੜਿਆਂ ਨਾਲ ਗੱਲਬਾਤ ਕਰਨ ਦੇ ਅਖ਼ਤਿਆਰ ਦਿੱਤੇ ਗਏ ਹਨ। ਪੰਥਕ ਏਕੇ ਲਈ ਰਾਜ਼ੀ ਧੜੇ ਖ਼ਾਲਿਸਤਾਨ ਦੀ ਗੱਲ ਕਰਨ ਤੋਂ ਕੰਨੀ ਕਤਰਾ ਰਹੇ ਹਨ। ਇਸ ਦੇ ਹੱਲ ਲਈ ਪੰਥਕ ਮੋਰਚੇ ਦੀ ਵਾਗਡੋਰ ਸੱਤ ਮੈਂਬਰੀ ਕਮੇਟੀ ਦੇ ਹਵਾਲੇ ਕੀਤੀ ਜਾਣ ਦੀ ਸਹਿਮਤੀ ਬਣ ਗਈ ਹੈ। ਏਕੇ ਨੂੰ ਅੰਤਿਮ ਰੂਪ ਦੇਣ ਲਈ ਅਗਲੇ ਦਿਨਾਂ ਵਿਚ ਅੰਮ੍ਰਿਤਸਰ ਵਿਖੇ ਮੀਟਿੰਗ ਸੱਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਤੇ ਪਟਿਆਲਾ ਨੂੰ ਛੱਡ ਕੇ ਬਾਕੀ ਗਿਆਰਾਂ ਹਲਕਿਆਂ ਲਈ ਨਾਂਵਾਂ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੈ। ਪੰਚ ਪ੍ਰਧਾਨੀ ਦੇ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਕਿਹਾ ਹੈ ਕਿ ਉਹ ਪੰਥਕ ਏਕੇ ਲਈ ਸੱਦੀ ਜਾਣ ਵਾਲੀ ਮੀਟਿੰਗ ਵਿਚ ਜਾਣਗੇ। ਅਕਾਲੀ ਦਲ-1920 ਦੇ ਰਘਵੀਰ ਸਿੰਘ ਰਾਜਾਸਾਂਸੀ ਦਾ ਕਹਿਣਾ ਹੈ ਕਿ ਪੰਜ ਮੈਂਬਰੀ ਕਮੇਟੀ ਏਕਤਾ ਲਈ ਸੋਚ ਸਮਝ ਕੇ ਅੰਤਿਮ ਫੈਸਲਾ ਲਵੇਗੀ। ਦਲ ਦੇ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਏਕੇ ਦੇ ਯਤਨਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੰਜਾਬ ਵਿਚ ਤੀਜੇ ਬਦਲ ਦੀ ਸਖ਼ਤ ਲੋੜ ਹੈ। ਜਸਵੰਤ ਸਿੰਘ ਮਾਨ ਨੇ ਕਿਹਾ ਕਿ ਬਾਦਲਾਂ ਨੂੰ ਹਾਰ ਦੇਣ ਲਈ ਖਿੰਡੀਆਂ ਪੁੰਡੀਆਂ ਪੰਥਕ ਧਿਰਾਂ ਵਿਚ ਏਕਾ ਸਮੇਂ ਦੀ ਲੋੜ ਬਣ ਗਿਆ ਹੈ।

# ਮਾਂ ਵੱਲੋਂ ਬੇਟੀ ਨੂੰ ਮਾਰ ਕੇ ਖੁਦਕੁਸ਼ੀ ਦੀ ਕੋਸ਼ਿਸ਼

**ਲੁਧਿਆਣਾ:** ਇੱਥੇ ਮਾਡਲ ਟਾਊਨ ਵਿਚ ਇਕ ਮਾਂ ਵੱਲੋਂ ਆਪਣੀ ਚਾਰ ਸਾਲਾ ਮਾਸੂਮ ਬੱਚੀ ਦਾ ਕਤਲ ਕਰਨ ਉਪਰੰਤ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਗਈ। ਮ੍ਰਿਤਕ ਬੱਚੀ ਦੀ ਸ਼ਨਾਖਤ ਜਸ ਮਾਇਰਾ ਪੁੱਤਰੀ ਜਸਕਰਨ ਵਜੋਂ ਕੀਤੀ ਗਈ ਹੈ। ਪੁਲਿਸ ਨੇ ਮ੍ਰਿਤਕ ਬੱਚੀ ਦੇ ਪਿਤਾ ਜਸਕਰਨ ਸਿੰਘ ਦੇ ਬਿਆਨਾਂ 'ਤੇ ਬੱਚੀ ਦੀ ਮਾਂ ਹਰਸਿਮਰਨਜੀਤ ਕੌਰ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਪੁਲਿਸ ਮੁਤਾਬਕ ਸੇਵਾ ਮੁਕਤ ਬੈਂਕ ਮੈਨੇਜਰ ਦੀ ਲੜਕੀ ਹਰਸਿਮਰਨਜੀਤ ਕੌਰ ਦਾ ਵਿਆਹ 2008 ਵਿਚ ਸ਼ਹਿਰ ਦੇ ਕੱਪੜਾ ਵਪਾਰੀ ਜਸਕਰਨ ਸਿੰਘ ਬੱਤਰਾ ਨਾਲ ਹੋਇਆ ਸੀ ਪਰ ਵਿਆਹ ਤੋਂ ਬਾਅਦ ਪਤੀ-ਪਤਨੀ ਦਾ ਆਪਸ ਵਿਚ ਕਲੇਸ਼ ਰਹਿਣ ਲੱਗ ਪਿਆ। ਸਾਲ 2012 ਵਿਚ ਹਰਸਿਮਰਨਜੀਤ ਨੇ ਆਪਣੇ ਸਹੁਰੇ ਪਰਿਵਾਰ ਦੇ ਮੈਂਬਰਾਂ ਉਤੇ ਦਾਜ ਖਾਤਰ ਤੰਗ ਪ੍ਰੇਸ਼ਾਨ ਕਰਨ ਦਾ ਦੋਸ਼ ਲਾ ਕੇ ਕੇਸ ਦਰਜ ਕਰਵਾ ਦਿੱਤਾ ਸੀ ਪਰ ਕੁਝ ਸਮਾਂ ਪਹਿਲਾਂ ਸਮਝੌਤਾ ਹੋਣ 'ਤੇ ਪਤੀ ਪਤਨੀ ਮਾਡਲ ਟਾਊਨ ਵਿਚ ਕਿਰਾਏ ਦੇ ਮਕਾਨ ਵਿਚ ਰਹਿਣ ਲੱਗ ਪਏ ਸਨ।

17 ਅਪਰੈਲ ਨੂੰ ਪਤੀ ਪਤਨੀ ਦਾ ਮੁੜ ਝਗੜਾ ਹੋਇਆ ਜਿਸ 'ਤੇ ਜਸਕਰਨ ਘਰ ਛੱਡ ਕੇ ਰੇਲਵੇ ਸਟੇਸ਼ਨ ਦੇ ਨੇੜੇ ਹੋਟਲ ਵਿਚ ਰਹਿਣ ਲੱਗ ਪਿਆ। ਉਸ ਦੇ ਜਾਣ ਉਪਰੰਤ 21 ਅਪਰੈਲ ਨੂੰ ਹਰਸਿਮਰਨਜੀਤ ਨੇ ਬੱਚੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਤੇ ਆਪ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ।

ਪੁਲਿਸ ਅਨੁਸਾਰ ਹਰਸਿਮਰਨਜੀਤ ਨੇ ਤਿੰਨ ਵਾਰ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਤੇ ਆਖ਼ਰੀ ਵਾਰ 21 ਅਪਰੈਲ ਨੂੰ ਬੱਚੀ ਦਾ ਕਤਲ ਕਰਨ ਉਪਰੰਤ ਉਹ ਵਿਕਾਸ ਨਗਰ ਨੇੜੇ ਜਾਂਦੀ ਰੇਲਵੇ ਲਾਈਨ 'ਤੇ ਚਲੀ ਗਈ ਤੇ ਉਸ ਨੇ ਗੱਡੀ ਹੇਠ ਆ ਕੇ ਛਾਲ ਮਾਰ ਦਿੱਤੀ ਪਰ ਇਸ ਹਾਦਸੇ ਵਿਚ ਉਸ ਦੀ ਲੱਤ ਕੱਟੀ ਗਈ। ਪੁਲਿਸ ਨੇ ਕਮਰੇ ਵਿਚੋਂ ਹਰਸਿਮਰਨਜੀਤ ਵੱਲੋਂ ਲਿਖੀ ਚਿੱਠੀ ਬਰਾਮਦ ਕੀਤੀ ਹੈ ਜਿਸ ਵਿਚ ਉਸ ਨੇ ਆਪਣੀ ਤੇ ਬੱਚੀ ਦੀ ਮੌਤ ਲਈ ਆਪਣੇ ਸਹੁਰੇ ਪਰਿਵਾਰ ਨੂੰ ਦੋਸ਼ੀ ਠਹਿਰਾਇਆ ਹੈ।

# ਇਮੀਗ੍ਰੇਸ਼ਨ ਨੀਤੀ ਵਿਚ ਪਰਿਵਾਰਾਂ ਦੇ ਮੇਲ ਦੀ ਪੈਰਵੀ

**ਵਾਸ਼ਿੰਗਟਨ:** ਇਕ ਅਮਰੀਕੀ ਕਾਨੂੰਨਸਾਜ਼ ਨੇ ਤਜਵੀਜ਼ਸ਼ੁਦਾ ਵਿਆਪਕ ਇਮੀਗ੍ਰੇਸ਼ਨ ਸੋਧ ਬਿੱਲ ਵਿਚ ਪਰਿਵਾਰਾਂ ਦੇ ਮਿਲਾਪ ਨੂੰ ਤਰਜੀਹ ਦੇਣ ਦੀ ਵਕਾਲਤ ਕੀਤੀ ਹੈ। ਇਸ ਸੈਨੇਟ ਮੈਂਬਰ ਨੇ ਦਲੀਲ ਦਿੱਤੀ ਹੈ ਕਿ ਪਰਿਵਾਰਾਂ ਦੇ ਇਕੱਠੇ ਹੋਣ ਨਾਲ ਲੋਕ ਪਿੱਛੇ ਘਰਾਂ ਨੂੰ ਪੈਸਾ ਭੇਜਣਾ ਬੰਦ ਕਰ ਦੇਣਗੇ ਤੇ ਫਿਰ ਇਹ ਅਰਬਾਂ ਡਾਲਰ ਅਮਰੀਕੀ ਆਰਥਿਕਤਾ ਵਿਚ ਹੀ ਲੱਗਣਗੇ।

ਕੋਈ ਡੇਢ ਦਰਜਨ ਏਸ਼ਿਆਈ ਅਮਰੀਕੀ ਸੰਗਠਨਾਂ, ਭਾਰਤੀ, ਅਮਰੀਕੀਆਂ ਦੇ ਸਮਰਥਨ ਵਾਲੀ ਇਸ ਤਜਵੀਜ਼ ਦੇ ਹੱਕ ਵਿਚ ਕਾਂਗਰਸ ਦੀ ਮੈਂਬਰ ਗਰੇਸ ਮੇਂਗ ਨੇ ਕਿਹਾ ਕਿ ਪਿਛਲੇ ਦਸ ਸਾਲਾਂ ਦੌਰਾਨ ਅਮਰੀਕਾ ਵਾਸੀਆਂ ਨੇ ਕੋਈ 450 ਅਰਬ ਡਾਲਰ ਰਾਸ਼ੀ ਵਿਦੇਸ਼ਾਂ ਨੂੰ ਭੇਜੀ। ਉਹ ਇਸ ਵਿਚੋਂ ਬਹੁਤਾ ਧਨ ਆਪਣੇ ਦੇਸ਼ਾਂ ਵਿਚ ਪਿੱਛੇ ਪਰਿਵਾਰਾਂ ਨੂੰ ਭੇਜਦੇ ਸਨ ਜੋ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਆ ਕੇ ਉਨ੍ਹਾਂ ਨਾਲ ਨਹੀਂ ਰਹਿ ਸਕਦੇ ਸਨ। ਸੋ ਇੰਨੀ ਵੱਡੀ ਰਾਸ਼ੀ ਦੇਸ਼ ਵਿਚ ਹੀ ਰੱਖਣ ਲਈ ਪਰਿਵਾਰਾਂ ਦੇ ਮਿਲਾਪ ਨੂੰ ਇਮੀਗ੍ਰੇਸ਼ਨ ਨੀਤੀ ਵਿਚ ਤਰਜੀਹ ਦੇਣੀ ਲਾਜ਼ਮੀ ਹੈ। ਮੇਂਗ ਨੇ ਇਹ ਟਿੱਪਣੀਆਂ ਨਿਊਯਾਰਕ ਦੇ ਸੈਨੇਟਰ ਚਾਰਲਸ ਸ਼ੂਮਰ ਨੂੰ ਲਿਖੇ ਪੱਤਰ ਵਿਚ ਕੀਤੀਆਂ ਹਨ।

# ਅਕਾਲੀ ਦਲ ਵੱਲੋਂ ਕਾਂਸ਼ੀ ਰਾਮ ਦੀ ਫੋਟੋ ਦਾ ਸਹਾਰਾ

**ਫਗਵਾੜਾ:** ਅਕਾਲੀ-ਭਾਜਪਾ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਦੀਆਂ ਚੋਣਾਂ ਜਿੱਤਣ ਲਈ ਹੁਣ ਚੋਣ ਪ੍ਰਚਾਰ ਸਮੱਗਰੀ ਉੱਪਰ ਮੁੱਖ ਮੰਤਰੀ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਫ਼ੋਟੋ ਦੇ ਨਾਲ ਹੁਣ ਮਰਹੂਮ ਕਾਂਸ਼ੀ ਰਾਮ ਦੀ ਫ਼ੋਟੋ ਲਾਈ ਗਈ ਹੈ।

ਪੰਜਾਬ ਬਸਪਾ ਦੇ ਸਕੱਤਰ ਜਰਨੈਲ ਨੰਗਲ ਨੇ ਦੋਸ਼ ਲਾਇਆ ਕਿ ਬਲਾਕ ਸਮਿਤੀ ਜ਼ੋਨ ਚਹੇੜੂ ਤੋਂ ਜ਼ਿਲ੍ਹਾ ਪ੍ਰੀਸ਼ਦ ਤੇ ਅਕਾਲੀ ਉਮੀਦਵਾਰ ਸਰਵਣ ਸਿੰਘ ਕੁਲਾਰ ਤੇ ਸਮਿਤੀ ਉਮੀਦਵਾਰ ਜਰਨੈਲ ਸਿੰਘ ਮਾਧੋਪੁਰ ਦੇ ਛਾਪੇ ਗਏ ਪੈਂਫਲੈਂਟਾਂ ਵਿਚ ਬਾਦਲਾਂ ਦੀਆਂ ਫ਼ੋਟੋਆਂ, ਤੱਕੜੀ ਦਾ ਵੱਡਾ ਨਿਸ਼ਾਨ ਲਾ ਕੇ ਇਹ ਪੋਸਟਰ ਬਣਾਏ ਗਏ ਹਨ। ਜ਼ੋਨ 12 ਨੰਗਲ ਮੱਝਾਂ ਤੋਂ ਵੀ ਚਮਨ ਲਾਲ ਉਮੀਦਵਾਰ ਦੇ ਛਪੇ ਪੋਸਟਰਾਂ ਵਿਚ ਅਜਿਹਾ ਕੀਤਾ ਗਿਆ ਹੈ। ਇਉਂ ਅਕਾਲੀ-ਭਾਜਪਾ ਦਲ ਚੋਣਾਂ ਤੋਂ ਪਹਿਲਾਂ ਹੀ ਹਾਰ ਕਬੂਲ ਕਰ ਚੁੱਕ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪਾਕਿਸਤਾਨੀ ਰਵੱਈਏ ਤੋਂ ਜੰਗੀ ਕੈਦੀਆਂ ਦੇ ਪਰਿਵਾਰ ਖ਼ੌਫਜ਼ਦਾ

**ਜੰਮੂ:** ਭਾਰਤ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਵੱਲੋਂ ਪਾਕਿਸਤਾਨ ਦੀਆਂ ਜੇਲ੍ਹਾਂ ਅੰਦਰ ਕਿਸੇ ਵੀ ਭਾਰਤੀ ਫ਼ੌਜੀ ਕੈਦੀ ਦੇ ਨਾ ਹੋਣ ਦੇ ਦਿੱਤੇ ਬਿਆਨ 'ਤੇ ਉੱਥੋਂ ਦੀਆਂ ਜੇਲ੍ਹਾਂ ਵਿਚ ਕੈਦ ਭਾਰਤੀ ਫ਼ੌਜੀਆਂ ਦੇ ਪਰਿਵਾਰਾਂ ਨੇ ਦੁੱਖ ਪ੍ਰਗਟ ਕਰਦੇ ਹੋਏ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਪਾਕਿਸਤਾਨੀ ਜੇਲ੍ਹਾਂ ਵਿਚ ਕੈਦ 54 ਭਾਰਤੀ ਫ਼ੌਜੀਆਂ ਦੀ ਸਾਰ ਲਈ ਜਾਵੇ। ਮਿਸਿੰਗ ਡਿਫੈਂਸ ਪਰਸਨਲ ਰੀਲੈਟਿਵਸ ਐਸੋਸੀਏਸ਼ਨ ਦੇ ਝੰਡੇ ਹੇਠ ਜੰਗੀ ਕੈਦੀ ਸੂਬੇਦਾਰ ਆਸਾ ਸਿੰਘ ਦੇ ਗ੍ਰਹਿ ਬੈਠਕ ਹੋਈ ਜਿਸ ਵਿਚ ਜੰਮੂ ਡਵੀਜ਼ਨ ਦੇ ਜੰਗੀ ਕੈਦੀਆਂ ਦੇ ਪਰਿਵਾਰ ਤੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚੋਂ ਰਿਹਾਅ ਹੋ ਕੇ ਆਏ ਜਾਸੂਸਾਂ ਨੇ ਹਿੱਸਾ ਲਿਆ।

ਪਰਿਵਾਰ ਤੇ ਜਾਸੂਸਾਂ ਨੇ ਪਾਕਿਸਤਾਨ ਦੀ ਜੇਲ੍ਹ ਕੋਟ ਲਖਪਤ ਵਿਚ ਮਾਰੇ ਗਏ ਜੰਮੂ ਵਾਸੀ ਚਮੇਲ ਸਿੰਘ ਤੇ ਭਿਖੀਵਿੰਡ ਵਾਸੀ ਸਰਬਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੂਬੇਦਾਰ ਆਸਾ ਸਿੰਘ ਦੀ ਪਤਨੀ ਨਿਰਮਲ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਸਾਲ 1971 ਦੀ ਭਾਰਤ-ਪਾਕਿ ਜੰਗ 'ਚ ਛੰਬ ਸੈਕਟਰ ਤੋਂ ਪਾਕਿਸਤਾਨੀ ਫੌਜੀਆਂ ਹੱਥ ਆ ਗਏ ਸਨ ਤੇ ਉਸ ਦਿਨ ਤੋਂ ਕੋਟ ਲਖਪਤ ਜੇਲ੍ਹ ਵਿਚ ਕੈਦ ਹਨ। 1971 ਵਿਚ ਲੜਾਈ ਤੋਂ ਬਾਅਦ ਪਾਕਿਸਤਾਨ ਰੇਡੀਓ ਤੋਂ ਉਨ੍ਹਾਂ ਦੇ ਪਤੀ ਨੇ ਕਿਹਾ ਸੀ ਕਿ ਉਹ ਸੂਬੇਦਾਰ ਆਸਾ ਸਿੰਘ ਹੈ। ਉਹ ਨਾਨਕ ਨਗਰ ਜੰਮੂ ਦਾ ਰਹਿਣ ਵਾਲਾ ਹੈ।

ਕੁਝ ਸਮਾਂ ਪਹਿਲਾਂ ਬੀਬੀ ਨਿਰਮਲ ਕੌਰ ਨੇ ਭਾਰਤ ਦੇ ਵਫਦ ਨਾਲ ਪਾਕਿਸਤਾਨ ਦੀਆਂ ਜੇਲ੍ਹਾਂ ਦਾ ਦੌਰਾ ਵੀ ਕੀਤਾ ਸੀ ਪਰ ਕੁਝ ਹਾਸਲ ਨਹੀਂ ਹੋਇਆ। ਇਸ ਸਮੇਂ ਪਾਕਿਸਤਾਨੀ ਜੇਲ੍ਹਾਂ ਵਿਚ ਜੰਮੂ ਡਿਵੀਜ਼ਨ ਤੋਂ ਸੂਬੇਦਾਰ ਆਸਾ ਸਿੰਘ ਵਾਸੀ ਨਾਨਕ ਨਗਰ ਜੰਮੂ, ਜਗਦੀਸ਼ ਲਾਲ ਵਾਸੀ ਕਠੂਆ, ਕ੍ਰਿਸ਼ਨ ਲਾਲ ਵਾਸੀ ਊਧਮਪੁਰ, ਕਾਲੀਦਾਸ ਵਾਸੀ ਪੁਣਛ, ਪਰਸ ਰਾਮ ਵਾਸੀ ਰਾਜੌਰੀ, ਮਦਨ ਲਾਲ ਵਾਸੀ ਪੌਨੀ ਰਿਆਸੀ ਬੰਦ ਹਨ।


Are You Tired Of All Treatments?

Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No minimums

Call Paul at 1-800-705-3863

Transportation Funding Group, Inc.

Minneapolis , MN 55426



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

# ਕਾਂਗਰਸੀਆਂ ਵੱਲੋਂ ਅਕਾਲੀਆਂ ਦੀ ਸੋਨੀਆ ਕੋਲ ਸ਼ਿਕਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕਾਂ ਵੱਲੋਂ ਕਾਂਗਰਸੀਆਂ 'ਤੇ ਕੀਤੇ ਹਮਲਿਆਂ ਦੀ ਨਿੰਦਾ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਤੇ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਕੋਲ ਉਠਾਇਆ ਹੈ। ਸ. ਬਾਜਵਾ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਕਾਂਗਰਸੀ ਉਮੀਦਵਾਰਾਂ ਨੂੰ ਬਲਾਕ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਤੋਂ ਰੋਕਿਆ ਹੈ।

ਉਨ੍ਹਾਂ ਸੱਤਾਧਾਰੀ ਪਾਰਟੀ ਵੱਲੋਂ ਚੋਣ ਪ੍ਰੀਕ੍ਰਿਆ ਨੂੰ ਪ੍ਰਭਾਵਿਤ ਕਰਨ ਬਾਰੇ ਕੀਤੀ ਜਾ ਰਹੀ ਕੋਸ਼ਿਸ਼ ਦੀ ਨਿੰਦਾ ਕਰਦਿਆਂ ਸੂਬਾ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿਚ ਤੁਰੰਤ ਦਖ਼ਲਅੰਦਾਜ਼ੀ ਕਰਨ ਤੇ ਅਕਾਲੀ ਦਲ ਲੀਡਰਸ਼ਿਪ ਨੂੰ ਇਸ ਧੱਕੇਸ਼ਾਹੀ ਲਈ ਨੋਟਿਸ ਜਾਰੀ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀਆਂ ਨੇ ਗੁਰੂ ਹਰਸਹਾਏ



*ਸੋਨੀਆ ਗਾਂਧੀ*

ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ 'ਤੇ ਉਸ ਵਕਤ ਹਮਲਾ ਕੀਤਾ ਜਦੋਂ ਉਹ ਕਾਂਗਰਸੀ ਉਮੀਦਵਾਰਾਂ ਨਾਲ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਜਾ ਰਹੇ ਸਨ। ਉਨ੍ਹਾਂ ਦੇ ਪੀ.ਏ ਨਸੀਬ ਸਿੰਘ ਢਿੱਲੋਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ।

ਬੀਤੇ ਦਿਨ ਕੋਟਕਪੂਰਾ ਤੋਂ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ 'ਤੇ ਹਮਲਾ ਕੀਤਾ ਗਿਆ ਸੀ। ਸੁਲਤਾਨਪੁਰ ਲੋਧੀ ਵਿਚ ਕਾਂਗਰਸੀ ਉਮੀਦਵਾਰ ਅਮਰਜੀਤ ਸਿੰਘ 'ਤੇ ਝੂਠਾ ਕੇਸ ਦਰਜ ਕੀਤਾ ਗਿਆ ਹੈ। ਸ. ਬਾਜਵਾ ਨੇ ਇਸ ਬਾਰੇ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਛਿੰਦੇ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਸੂਬੇ ਦੀ ਹਕੀਕਤ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਇਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਿਰਪੱਖ ਚੋਣਾਂ ਕਰਵਾਉਣ ਦਾ ਦਾਅਵਾ ਕਰ ਰਹੇ ਹਨ ਜਦੋਂਕਿ ਦੂਸਰੇ ਪਾਸੇ ਕਾਂਗਰਸੀ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਭਰਨ ਤੋਂ ਵੀ ਰੋਕਿਆ ਜਾ ਰਿਹਾ ਹੈ।

## ਕੈਪਟਨ ਨੇ ਉਠਾਏ ਪੁਲਿਸ ਦੀ ਭੂਮਿਕਾ 'ਤੇ ਸਵਾਲ

ਚੰਡੀਗੜ੍ਹ: ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਅਕਾਲੀਆਂ ਵੱਲੋਂ ਕਾਂਗਰਸੀ ਵਰਕਰਾਂ ਦੀ ਕੀਤੀ ਕੁੱਟਮਾਰ ਦਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਯੂਥ ਕਾਂਗਰਸ ਦੇ ਇਕ ਆਗੂ ਦੀ



ਤਰਨਤਾਰਨ ਵਿਚ ਹੱਤਿਆ ਕਰ ਦਿੱਤੀ ਗਈ, ਜਦਕਿ ਪਾਰਟੀ ਦੇ ਸੀਨੀਅਰ ਆਗੂ ਤੇ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਗੁਰਮੀਤ ਸਿੰਘ ਸੋਢੀ ਉਪਰ ਕਾਤਲਾਨਾ ਹਮਲਾ ਕੀਤਾ ਗਿਆ। ਉਨ੍ਹਾਂ ਪੁਲਿਸ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਤੇ ਵੀ ਸਵਾਲ ਖੜ੍ਹੇ ਕੀਤੇ।

## ਐਨ.ਆਰ.ਆਈ. ਜੋੜੇ ਸਮੇਤ ਤਿੰਨ ਦਾ ਕਤਲ

**ਰਾਏਕੋਟ:** ਨੇੜਲੇ ਪਿੰਡ ਅਬੂਵਾਲ ਵਿਖੇ ਅਣਪਛਾਤੇ ਵਿਅਕਤੀਆਂ ਨੇ ਹਥਿਆਰਾਂ ਨਾਲ ਇਕ ਐਨਆਰਆਈ ਜੋੜੇ ਸਮੇਤ ਤਿੰਨ ਲੋਕਾਂ ਦਾ ਕਤਲ ਕਰ ਦਿੱਤਾ। ਮ੍ਰਿਤਕਾਂ ਦੀ ਪਛਾਣ ਪਰਵਾਸੀ ਭਾਰਤੀ ਮਾਸਟਰ ਸ਼ਿੰਗਾਰਾ ਸਿੰਘ (70) ਉਸ ਦੀ ਪਤਨੀ ਮਨਜੀਤ ਕੌਰ (65) ਤੇ ਸਾਲੀ ਸੁਰਜੀਤ ਕੌਰ ਪਤਨੀ ਭੁਪਿੰਦਰ ਸਿੰਘ ਪਿੰਡ ਸਰਾਭਾ ਵਜੋਂ ਹੋਈ ਹੈ। ਮਾਸਟਰ ਸ਼ਿੰਗਾਰਾ ਸਿੰਘ ਤੇ ਉਸ ਦੀ ਪਤਨੀ ਕੈਨੇਡਾ ਰਹਿੰਦੇ ਹਨ ਤੇ ਤਕਰੀਬਨ 25 ਕੁ ਦਿਨ ਤੋਂ ਇਧਰ ਆਏ ਹੋਏ ਸਨ। ਸ਼ਿੰਗਾਰਾ ਸਿੰਘ ਆਪਣੇ ਗੁਆਂਢੀ ਸੁਖਦੇਵ ਸਿੰਘ ਦੇ ਘਰੋਂ ਦੁੱਧ ਲੈਣ ਜਾਂਦਾ ਸੀ ਪਰ ਘਟਨਾ ਵਾਲੇ ਦਿਨ ਉਹ ਦੁੱਧ ਲੈਣ ਨਹੀਂ ਗਿਆ ਤਾਂ ਸੁਖਦੇਵ ਸਿੰਘ ਉਨ੍ਹਾਂ ਨੂੰ ਦੇਖਣ ਗਿਆ। ਜਦੋਂ ਉਨ੍ਹਾਂ ਦੇ ਘਰੋਂ ਕਿਸੇ ਦੀ ਆਵਾਜ਼ ਨਾ ਆਈ ਤਾਂ ਉਸ ਨੇ ਸਰਪੰਚ ਕਮਿੱਕਰ ਸਿੰਘ ਨੂੰ ਦੱਸਿਆ। ਉਨ੍ਹਾਂ ਨੇ ਦੇਖਿਆ ਕਿ ਘਰੇ ਖ਼ੂਨ ਦਾ ਛੱਪੜ ਲੱਗਾ ਹੋਇਆ ਸੀ ਤੇ ਤਿੰਨਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਹੋਇਆ ਸੀ।

# ਪਰਵਾਸੀ ਭਾਰਤੀ ਨਛੱਤਰ ਗਿੱਲ ਕਤਲ ਕੇਸ ਵਿਚੋਂ ਬਰੀ

**ਮੋਗਾ:** ਸਥਾਨਕ ਅਦਾਲਤ ਨੇ ਪੰਜਾਬ ਦੇ ਸਾਬਕਾ ਡੀਜੀਪੀ ਪੀ.ਐਸ. ਗਿੱਲ ਦੇ ਪਿਤਾ ਸਾਬਕਾ ਵਿਧਾਇਕ ਨਛੱਤਰ ਸਿੰਘ ਗਿੱਲ ਦੇ ਕਤਲ ਕੇਸ ਵਿਚੋਂ ਪਰਵਾਸੀ ਭਾਰਤੀ ਨੂੰ ਬਰੀ ਕਰ ਦਿੱਤਾ ਹੈ। ਇਸ ਕਤਲ ਕੇਸ ਦੀ ਫ਼ਾਈਲ ਤਕਰੀਬਨ 13 ਸਾਲ ਠੰਢੇ ਬਸਤੇ ਵਿਚ ਰਹੀ ਸੀ ਤੇ ਸ. ਗਿੱਲ ਵੱਲੋਂ ਪੰਜਾਬ ਵਿਚ ਬਤੌਰ ਡੀਜੀਪੀ ਦਾ ਅਹੁਦਾ ਸੰਭਾਲਣ ਬਾਅਦ ਪੁਲਿਸ ਨੇ ਫ਼ਿਰ ਇਸ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ।

ਪਰਵਾਸੀ ਭਾਰਤੀ ਨੂੰ ਕਤਲ ਕੇਸ ਵਿਚ ਜ਼ਮਾਨਤ ਮਿਲ ਗਈ ਸੀ ਪਰ ਉਸ 'ਤੇ ਤਿੰਨ ਹੋਰ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਥੋਂ ਦੇ ਸਾਬਕਾ ਵਿਧਾਇਕ ਨਛੱਤਰ ਸਿੰਘ ਗਿੱਲ ਦਾ 29 ਸਤੰਬਰ, 1991 ਨੂੰ ਉਨ੍ਹਾਂ ਦੇ ਘਰ ਵਿਚ ਉਸ ਸਮੇਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਦੋਂ ਉਹ ਆਪਣੇ ਇਕ ਦੋਸਤ ਕਰਤਾਰ ਸਿੰਘ ਗਾਬਾ ਨਾਲ ਗੱਲਬਾਤ ਕਰ ਰਹੇ ਸਨ। ਸਿਟੀ ਪੁਲਿਸ ਨੇ ਕਤਲ ਦੀਆਂ ਧਾਰਾਵਾਂ ਤੋਂ ਇਲਾਵਾ ਟਾਡਾ ਐਕਟ ਤਹਿਤ ਕੇਸ ਦਰਜ ਕੀਤਾ ਸੀ ਤੇ ਇਸ ਕੇਸ ਵਿਚ ਚਮਕੌਰ ਸਿੰਘ, ਗੁਰਤੇਜ ਸਿੰਘ ਤੇ ਗੁਰਜੀਤ ਸਿੰਘ ਤੋਂ ਇਲਾਵਾ ਇਥੋਂ ਦੇ ਅਕਾਲਸਰ ਰੋਡ 'ਤੇ ਰਹਿੰਦੇ ਹਰਦੇਵ ਸਿੰਘ, ਉਸ ਦੇ ਭਰਾ ਜਗਦੇਵ ਸਿੰਘ, ਮਾਂ ਪ੍ਰੀਤਮ ਕੌਰ ਤੇ ਭੈਣ ਪਰਮਜੀਤ ਕੌਰ ਨੂੰ ਨਾਮਜ਼ਦ ਕੀਤਾ ਗਿਆ ਸੀ। ਜਗਦੇਵ ਸਿੰਘ ਕਿਸੇ ਤਰ੍ਹਾਂ ਕੈਨੇਡਾ ਪਹੁੰਚਣ ਵਿਚ ਸਫ਼ਲ ਹੋ ਗਿਆ ਤੇ ਉਥੋਂ ਦੀ ਨਾਗਰਕਤਾ ਵੀ ਹਾਸਲ ਕਰ ਲਈ ਸੀ।

ਪੁਲਿਸ ਫ਼ਾਈਲ ਮੁਤਾਬਕ ਗੁਰਜੀਤ ਸਿੰਘ ਨਾਂਅ ਦਾ ਦਹਿਸ਼ਤਗਰਦ ਮੁਕਾਬਲੇ ਵਿਚ ਮਾਰਿਆ ਗਿਆ ਸੀ ਤੇ ਬਾਕੀ ਦੋਵਾਂ ਗੁਰਤੇਜ ਸਿੰਘ ਤੇ ਚਮਕੌਰ ਸਿੰਘ ਦਾ ਹੁਣ ਤੱਕ ਕੋਈ ਥਹੁ ਪਤਾ ਨਹੀਂ ਤੇ ਉਹ ਭਗੌੜੇ ਹਨ। ਇਸ ਕੇਸ ਵਿਚ ਫ਼ਰੀਦਕੋਟ ਦੀ ਜ਼ਿਲ੍ਹਾ ਅਦਾਲਤ ਨੇ ਹਰਦੇਵ ਸਿੰਘ, ਉਸ ਦੀ ਮਾਂ ਪ੍ਰੀਤਮ ਕੌਰ ਤੇ ਭੈਣ ਪਰਮਜੀਤ ਕੌਰ ਨੂੰ 20-20 ਸਾਲ ਦੀ ਕੈਦ ਕਰ ਦਿੱਤੀ ਸੀ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਜ਼ਿਲ੍ਹਾ ਅਦਾਲਤ ਦਾ ਫੈਸਲਾ ਬਹਾਲ ਰੱਖਿਆ ਸੀ। ਮੁਲਜ਼ਮਾਂ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਤੇ ਸੁਪਰੀਮ ਕੋਰਟ ਨੇ 10 ਦਸੰਬਰ, 1998 ਨੂੰ ਹਰਦੇਵ ਸਿੰਘ, ਉਸ ਦੀ ਮਾਂ ਪ੍ਰੀਤਮ ਕੌਰ ਅਤੇ ਭੈਣ ਪਰਮਜੀਤ ਕੌਰ ਨੂੰ ਬਰੀ ਕਰ ਦਿੱਤਾ ਸੀ।

## ਭਰਾ ਹੱਥੋਂ ਭਰਾ ਦਾ ਕਤਲ

**ਡੇਰਾ ਬਾਬਾ ਨਾਨਕ:** ਇਥੇ ਮੁਹੱਲਾ ਸਾਹਿਬ ਸਿੰਘ ਵਿਖੇ ਘਰੇਲੂ ਝਗੜੇ ਵਿਚ ਇਕ ਵਿਅਕਤੀ ਨੇ ਆਪਣੇ ਭਰਾ ਨੂੰ ਤੇਜ਼ਧਾਰ ਹਥਿਆਰਾਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਇਕਬਾਲ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਦੇ ਬਿਆਨਾਂ ਮੁਤਾਬਕ ਉਸ ਦੇ ਦਿਓਰ ਪਲਵਿੰਦਰ ਸਿੰਘ ਉਰਫ ਬਾਊ ਪੁੱਤਰ ਬਲਦੇਵ ਸਿੰਘ ਦਾ ਉਸ ਦੇ ਪਤੀ ਇਕਬਾਲ ਸਿੰਘ ਨਾਲ ਝਗੜਾ ਹੋ ਗਿਆ। ਝਗੜਾ ਏਨਾ ਵਧ ਗਿਆ ਕਿ ਪਲਵਿੰਦਰ ਸਿੰਘ ਨੇ ਇਕਬਾਲ ਸਿੰਘ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਜਿਸ ਨਾਲ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਵਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

# ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਝੂਠ ਬੋਲਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਅਕਾਲੀ ਦਲ-ਭਾਜਪਾ ਸਰਕਾਰ ਨੇ ਕੇਂਦਰੀ ਗ੍ਰਹਿ ਵਿਭਾਗ ਨੂੰ ਸੂਬੇ ਵਿਚ ਪੁਲਿਸ ਕੰਪਲੇਂਟ ਅਥਾਰਟੀ ਬਣਾਉਣ ਦਾ ਝੂਠਾ ਹਲਫਨਾਮਾ ਦਿੱਤਾ ਹੈ। ਕਾਂਗਰਸ ਨੇ ਇਸ ਲਈ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇ ਇੰਚਾਰਜ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਹ ਖੁਲਾਸਾ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਦੇ ਨਿੱਜੀ ਸਕੱਤਰ ਸੰਜੀਵ ਤ੍ਰਿਖਾ ਵੱਲੋਂ ਪੰਜਾਬ ਸਰਕਾਰ ਕੋਲੋਂ ਸੂਚਨਾ ਦੇ ਅਧਿਕਾਰ (ਆਰਟੀਆਈ) ਤਹਿਤ ਹਾਸਲ ਕੀਤੀ ਜਾਣਕਾਰੀ ਤੋਂ ਬਾਅਦ ਹੋਇਆ ਹੈ।

ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਵਿਰੋਧੀ ਧਿਰ ਦੇ ਆਗੂ ਦੇ ਨਿੱਜੀ ਸਕੱਤਰ ਨੂੰ ਦਿੱਤੀ ਜਾਣਕਾਰੀ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਹਾਲੇ ਤੱਕ ਪੰਜਾਬ ਵਿਚ ਸਟੇਟ ਤੇ ਜ਼ਿਲ੍ਹਾ ਪੱਧਰ ਉਪਰ ਪੁਲਿਸ ਕੰਪਲੇਂਟ ਅਥਾਰਟੀ ਨਹੀਂ ਬਣਾਈ ਗਈ। ਸ੍ਰੀ ਤ੍ਰਿਖਾ ਨੇ ਸਰਕਾਰ ਕੋਲੋਂ ਪੁਲਿਸ ਕੰਪਲੇਂਟ ਅਥਾਰਟੀ ਦੇ ਕੀਤੇ ਗਠਨ ਦੀ ਨੋਟੀਫਿਕੇਸ਼ਨ ਦੀ ਕਾਪੀ ਮੰਗੀ ਸੀ। ਇਸ ਤੋਂ ਇਲਾਵਾ ਇਸ ਅਥਾਰਟੀ ਲਈ ਨਿਯੁਕਤ ਕੀਤੇ ਮੈਂਬਰਾਂ ਦੀ ਜਾਣਕਾਰੀ ਵੀ ਮੰਗੀ ਸੀ। ਜਵਾਬ ਵਿਚ ਪੰਜਾਬ ਦੇ ਗ੍ਰਹਿ ਵਿਭਾਗ ਨੇ ਸਪੱਸ਼ਟ ਕੀਤਾ ਸੀ ਕਿ ਰਾਜ ਤੇ ਜ਼ਿਲ੍ਹਾ ਪੱਧਰ 'ਤੇ ਕੋਈ ਪੁਲਿਸ ਕੰਪਲੇਂਟ ਅਥਾਰਟੀ ਨਾ ਬਣਾਉਣ ਕਾਰਨ ਕਿਸੇ ਵੀ ਵਿਅਕਤੀ ਨੂੰ ਇਸ ਅਥਾਰਟੀ ਦਾ ਮੈਂਬਰ ਨਾਮਜ਼ਦ ਨਹੀਂ ਕੀਤਾ ਹੈ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਆਪਣੇ 22 ਸਤੰਬਰ, 2006 ਦੇ ਫੈਸਲੇ ਵਿਚ ਦੇਸ਼ ਦੇ ਸਮੂਹ ਰਾਜਾਂ ਵਿਚ ਪੁਲਿਸ ਕੰਪਲੇਂਟ ਅਥਾਰਟੀ, ਸਟੇਟ ਸਕਿਓਰਟੀ ਕਮਿਸ਼ਨ ਤੇ ਪੁਲਿਸ ਐਸਟੈਬਲਿਸ਼ਮੈਂਟ ਬੋਰਡ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਸਨ ਜਿਸ ਤਹਿਤ ਸੁਪਰੀਮ ਕੋਰਟ ਨੇ ਸੂਬਾਈ ਤੇ ਜ਼ਿਲ੍ਹਾ ਪੱਧਰ 'ਤੇ ਪੁਲਿਸ ਕੰਪਲੇਂਟ ਅਥਾਰਟੀਆਂ ਸਥਾਪਤ ਕਰਕੇ ਆਮ ਲੋਕਾਂ ਦੀਆਂ ਪੁਲਿਸ ਅਧਿਕਾਰੀਆਂ ਵਿਰੁੱਧ ਸ਼ਿਕਾਇਤਾਂ ਸੁਣਨ ਦੀ ਪ੍ਰਥਾ ਸ਼ੁਰੂ ਕਰਨ ਲਈ



*ਸੁਖਬੀਰ ਸਿੰਘ ਬਾਦਲ*



*ਸੁਨੀਲ ਜਾਖੜ*

ਕਿਹਾ ਸੀ। ਪੁਲਿਸ ਕੰਪਲੇਂਟ ਅਥਾਰਟੀ ਦਾ ਮੁਖੀ ਸੇਵਾਮੁਕਤ ਜੱਜ ਨੂੰ ਲਾਉਣ ਲਈ ਕਿਹਾ ਗਿਆ ਸੀ। ਇਸੇ ਤਰ੍ਹਾਂ ਪੁਲਿਸ ਐਸਟੈਬਲਿਸ਼ਮੈਂਟ ਬੋਰਡ ਸਥਾਪਤ ਕਰਕੇ ਪੁਲਿਸ ਮੁਲਾਜ਼ਮਾਂ ਦੀਆਂ ਬਦਲੀਆਂ, ਨਿਯੁਕਤੀਆਂ ਤੇ ਤਰੱਕੀਆਂ ਇਸ ਬੋਰਡ ਰਾਹੀਂ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ।

ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਆਰਟੀਆਈ ਰਾਹੀਂ ਮੁਹੱਈਆ ਕੀਤੀ ਸੂਚਨਾ ਤੇ ਸੰਸਦ ਮੈਂਬਰ ਜਯੰਤ ਚੌਧਰੀ ਵੱਲੋਂ 5 ਮਾਰਚ, 2013 ਨੂੰ ਲੋਕ ਸਭਾ ਵਿਚ ਪੁਲਿਸ ਰਿਫਾਰਮਜ਼ ਬਾਰੇ ਕੀਤੇ ਸਵਾਲ ਦੇ ਮਾਮਲੇ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਮੁਲਾਪਲੀ ਰਾਮਾਚੰਦਰਨ ਨੂੰ ਦਿੱਤੇ ਜਵਾਬ ਦੇ ਦਸਤਾਵੇਜ਼ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਕੇਂਦਰੀ ਗ੍ਰਹਿ ਵਿਭਾਗ ਨੂੰ ਝੂਠਾ ਹਲਫਨਾਮਾ ਦੇ ਕੇ ਦੱਸਿਆ ਗਿਆ ਹੈ ਕਿ ਰਾਜ ਵਿਚ ਪੁਲਿਸ ਕੰਪਲੇਂਟ ਅਥਾਰਟੀ ਸਥਾਪਤ ਕਰ ਦਿੱਤੀ ਗਈ ਹੈ।

ਦਸਤਾਵੇਜ਼ਾਂ ਅਨੁਸਾਰ ਕੇਂਦਰੀ ਗ੍ਰਹਿ ਰਾਜ ਮੰਤਰੀ ਰਾਮਾਚੰਦਰਨ ਨੇ ਸੰਸਦ ਮੈਂਬਰ ਚੌਧਰੀ ਦੇ ਸਵਾਲ ਦੇ ਜਵਾਬ ਵਿਚ ਦੱਸਿਆ ਹੈ ਕਿ ਇਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਕੇ.ਟੀ. ਥੌਮਸ ਕਮੇਟੀ ਦੀ ਅਗਵਾਈ ਹੇਠ ਬਣਾਈ ਕਮੇਟੀ ਨੇ ਵੱਖ-ਵੱਖ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵੱਲੋਂ ਭੇਜੇ ਹਲਫਨਾਮਿਆਂ ਦੇ ਆਧਾਰ 'ਤੇ ਇਕ ਰਿਪੋਰਟ ਤਿਆਰ ਕੀਤੀ ਹੈ ਜੋ ਥੌਮਸ ਕਮੇਟੀ ਵੱਲੋਂ ਸੁਪਰੀਮ ਕੋਰਟ ਵਿਚ ਪੇਸ਼ ਕੀਤੀ ਗਈ ਸੀ। ਕੇਂਦਰੀ ਗ੍ਰਹਿ ਰਾਜ ਮੰਤਰੀ ਨੇ ਲੋਕ ਸਭਾ ਵਿਚ ਜਿਹੜੇ ਰਾਜਾਂ ਨੇ ਪੁਲਿਸ ਕੰਪਲੇਂਟ ਅਥਾਰਟੀ ਪੁਲਿਸ ਐਸਟੈਬਲਿਸ਼ਮੈਂਟ ਬੋਰਡ ਤੇ ਸਟੇਟ ਸਕਿਓਰਟੀ ਕਮਿਸ਼ਨ ਸਥਾਪਤ ਕੀਤਾ ਹੈ, ਉਸ ਦੀ ਸੂਚੀ ਪੇਸ਼ ਕੀਤੀ ਗਈ ਹੈ। ਸ੍ਰੀ ਜਾਖੜ ਨੇ ਇਹ ਸੂਚੀ ਮੁਹੱਈਆ ਕਰਦਿਆਂ ਦੱਸਿਆ ਕਿ ਇਸ ਵਿਚ ਪੰਜਾਬ ਰਾਜ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਹਾਲੇ ਤੱਕ ਸਟੇਟ ਸਕਿਓਰਟੀ ਕਮਿਸ਼ਨ ਤੇ ਪੁਲਿਸ ਐਸਟੈਬਲਿਸ਼ਮੈਂਟ ਬੋਰਡ ਵੀ ਸਥਾਪਤ ਨਹੀਂ ਕੀਤਾ।

# ਸੁਖਬੀਰ ਬਾਦਲ ਨਾ ਕਰ ਸਕਿਆ ਪੰਜਾਬ ਵਿਚ ਬਿਜਲੀ ਸਰਪਲੱਸ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਦਾਅਵਿਆਂ ਨੂੰ ਸੱਚ ਮੰਨੀ ਬੈਠੇ ਸੂਬਾ ਵਾਸੀਆਂ ਨੂੰ ਇਸ ਵਾਰ ਵੀ ਗਰਮੀਆਂ ਦੇ ਸੀਜ਼ਨ ਵਿਚ 24 ਘੰਟੇ ਬਿਜਲੀ ਸਪਲਾਈ ਨਸੀਬ ਨਹੀਂ ਹੋਵੇਗੀ ਕਿਉਂਕਿ ਸੂਬਾ ਸਰਕਾਰ ਵੱਲੋਂ ਪ੍ਰਾਈਵੇਟ ਭਾਈਵਾਲੀ ਤਹਿਤ ਸਥਾਪਤ ਕੀਤੇ ਗਏ ਤਿੰਨ ਨਵੇਂ ਥਰਮਲ ਪਲਾਂਟ ਅਜੇ ਚਾਲੂ ਨਹੀਂ ਹੋ ਸਕੇ। ਪੰਜਾਬ ਸਰਕਾਰ ਵੱਲੋਂ ਗੋਇੰਦਵਾਲ ਵਿਚ 540 ਮੈਗਾਵਾਟ, ਤਲਵੰਡੀ ਸਾਬੋ ਵਿਚ 1980 ਮੈਗਾਵਾਟ ਤੇ ਰਾਜਪੁਰਾ ਵਿਚ 1400 ਮੈਗਾਵਾਟ ਬਿਜਲੀ ਪੈਦਾ ਕਰਨ ਲਈ ਨਵੇਂ ਥਰਮਲ ਪਲਾਂਟ ਲਾਏ ਜਾ ਰਹੇ ਹਨ।

ਇਨ੍ਹਾਂ ਵਿਚੋਂ ਗੋਇੰਦਵਾਲ ਤੇ ਤਲਵੰਡੀ ਸਾਬੋ ਵਿਖੇ ਇਸ ਵਰ੍ਹੇ ਮਾਰਚ ਤੇ ਅਪਰੈਲ ਮਹੀਨੇ ਵਿਚ ਇਕ ਇਕ ਯੂਨਿਟ ਸ਼ੁਰੂ ਹੋਣ ਦਾ ਐਲਾਨ ਕੀਤਾ ਗਿਆ ਸੀ ਜਦੋਂਕਿ ਰਾਜਪੁਰਾ ਵਿਚ ਆਗਾਮੀ ਦਸੰਬਰ ਵਿਚ ਯੂਨਿਟ ਸ਼ੁਰੂ ਹੋਣ ਦੀ ਉਮੀਦ ਹੈ। ਤਲਵੰਡੀ ਸਾਬੋ ਵਿਖੇ ਥਰਮਲ ਪਲਾਂਟ ਦਾ ਪਹਿਲਾ ਯੂਨਿਟ 13 ਅਪਰੈਲ ਨੂੰ ਸ਼ੁਰੂ ਹੋਣਾ ਸੀ ਪਰ ਉਥੇ ਇਹ ਕੰਮ ਅੱਗੇ ਪੈ

## ਛੇ ਸਾਲ ਬਾਅਦ ਵੀ ਵਾਅਦੇ ਤੇ ਦਾਅਵੇ ਹਵਾ ਵਿਚ



ਗਿਆ ਹੈ। ਇਸੇ ਤਰ੍ਹਾਂ ਗੋਇੰਦਵਾਲ ਵਿਚ ਇਕ ਯੂਨਿਟ ਮਈ ਦੇ ਪਹਿਲੇ ਹਫਤੇ ਸ਼ੁਰੂ ਹੋਣਾ ਸੀ ਪਰ ਹੁਣ ਤੱਕ ਇਹ ਵੀ ਸ਼ੁਰੂ ਨਹੀਂ ਹੋਇਆ।

ਇਸ ਤੋਂ ਪਹਿਲਾਂ ਇਹ ਯੂਨਿਟ ਮਾਰਚ ਮਹੀਨੇ ਵਿਚ ਸ਼ੁਰੂ ਕਰਨ ਦਾ ਐਲਾਨ ਹੋਇਆ ਸੀ। ਗੋਇੰਦਵਾਲ ਥਰਮਲ ਪਲਾਂਟ ਵਿਚ ਬਿਜਲੀ ਪੈਦਾਵਾਰ ਦਾ ਕੰਮ ਜੀਵੀਕੇ ਕੰਪਨੀ ਨੂੰ ਸੌਂਪਿਆ ਗਿਆ ਹੈ। ਸੂਬਾ ਸਰਕਾਰ ਨੇ ਇਸ ਬਾਰੇ 2008 ਵਿਚ ਕੰਪਨੀ ਨਾਲ ਸਮਝੌਤਾ ਕੀਤਾ ਸੀ ਜਿਸ ਤਹਿਤ ਸਰਕਾਰ ਨੇ ਇਸ ਕੰਪਨੀ ਕੋਲੋਂ ਬਿਜਲੀ ਖਰੀਦਣੀ ਸੀ। ਇਸ ਥਰਮਲ ਪਲਾਂਟ ਦੀ ਉਸਾਰੀ ਦਾ ਕੰਮ 2010 ਵਿਚ ਸ਼ੁਰੂ ਹੋਇਆ ਸੀ ਤੇ ਮਾਰਚ 2013 ਵਿਚ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਸੀ।

ਇਥੇ 270 ਮੈਗਾਵਾਟ ਦੇ ਦੋ ਯੂਨਿਟ ਕਾਇਮ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਇਕ ਯੂਨਿਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਇਹ ਬਿਜਲੀ ਪੈਦਾਵਾਰ ਲਈ ਤਿਆਰ ਹੈ। ਮਾਰਚ ਮਹੀਨੇ ਦਾ ਟੀਚਾ ਲੰਘਣ ਪਿੱਛੋਂ ਮਈ ਦੇ ਪਹਿਲੇ ਹਫਤੇ ਵੀ ਸ਼ੁਰੂਆਤ ਨਹੀਂ ਹੋ ਸਕੀ। ਇਹ ਕੰਮ ਹੋਰ ਲਟਕਣ ਦੀ ਸੰਭਾਵਨਾ ਹੈ। ਇਸ ਬਾਰੇ ਗੱਲ ਕਰਦਿਆਂ ਪਲਾਂਟ ਦੇ ਪ੍ਰਬੰਧਕੀ ਮੈਨੇਜਰ ਮਨਿੰਦਰ ਸਿੰਘ ਨੇ ਦੱਸਿਆ ਕਿ ਪਲਾਂਟ ਦਾ 270 ਮੈਗਾਵਾਟ ਦਾ ਇਕ ਯੂਨਿਟ ਪੂਰੀ ਤਰ੍ਹਾਂ ਤਿਆਰ ਹੈ ਤੇ ਇਸ ਨੂੰ ਕਿਸੇ ਵੀ ਵੇਲੇ ਸ਼ੁਰੂ ਕੀਤਾ ਜਾ ਸਕਦਾ ਹੈ ਪਰ ਫਿਲਹਾਲ ਲੋੜੀਂਦਾ ਕੋਲਾ ਨਹੀਂ ਮਿਲ ਰਿਹਾ ਹੈ।

ਇਸ ਯੂਨਿਟ ਨੂੰ ਹਲਕਾ ਡੀਜ਼ਲ ਤੇ ਹੋਰ ਤੇਲ ਨਾਲ ਮਿਲਾ ਕੇ ਚਲਾਇਆ ਜਾ ਸਕਦਾ ਹੈ ਪਰ ਉਸ ਨਾਲ ਪੈਦਾਵਾਰ ਬਹੁਤ ਮਹਿੰਗੀ ਪਵੇਗੀ। ਕੋਲਾ ਨਾ ਮਿਲਣ ਦੇ ਕਾਰਨ ਬਾਰੇ ਉਨ੍ਹਾਂ ਕੁਝ ਵੀ ਦੱਸਣ ਤੋਂ ਗੁਰੇਜ਼ ਕੀਤਾ ਤੇ ਆਖਿਆ ਕਿ ਕੁਝ ਦਿਨਾਂ ਤੱਕ ਸਥਿਤੀ ਸਪਸ਼ਟ ਹੋ ਜਾਵੇਗੀ। ਮਿਲੇ ਵੇਰਵਿਆਂ ਮੁਤਾਬਕ ਜੀਵੀਕੇ ਕੰਪਨੀ ਨੂੰ ਝਾਰਖੰਡ ਸੂਬੇ ਦੀ ਤੋਕੀਸੂਪ ਕੋਲਾ ਖਾਣ ਵਿਚੋਂ ਕੋਲੇ ਦਾ ਕੋਟਾ ਮਿਲਣਾ ਸੀ ਪਰ ਇਹ ਖਾਣ ਜੰਗਲਾਤ ਵਿਭਾਗ ਵਾਲੇ ਇਲਾਕੇ ਵਿਚ ਹੈ। ਜੰਗਲਾਤ ਵਿਭਾਗ ਦੇ ਇਤਰਾਜ਼ ਕਾਰਨ ਉਥੇ ਕੰਮ ਸ਼ੁਰੂ ਨਹੀਂ ਹੋ ਸਕਿਆ। ਇਸ ਕਾਰਨ ਇਹ ਯੂਨਿਟ ਦੀ ਸ਼ੁਰੂਆਤ ਵਿਚ ਫਿਲਹਾਲ ਹੋਰ ਦੇਰ ਹੋ ਸਕਦੀ ਹੈ। ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਨੂੰ ਵਾਧੂ ਬਿਜਲੀ ਪੈਦਾਵਾਰ ਵਾਲਾ ਸੂਬਾ ਬਣਾਉਣ ਦਾ ਐਲਾਨ ਕੀਤਾ ਹੋਇਆ ਹੈ।

# Matrimonials

## ਵਰ ਦੀ ਲੋੜ ਹੈ

ਰਾਮਗੜ੍ਹੀਆ ਸਿੱਖ ਬੀ ਏ ਪਾਸ ਅਮਰੀਕਾ ਵਿਚ ਜੌਬ ਕਰਦੀ ਲੜਕੀ, 30, 5'-2" ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ, ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 347-653-5790,ਈਮੇਲ: prince.kular@yahoo.com

U.S citizen boy sought for Ramdasia Sikh girl 25 , 5' -3" smart looking Physical Therapist living in Punjab. Whole family is in the U.S. Send bio-data/ photograph to jasdev13@gmail.com or call: 630-379-8202 *-16.4*

## ਕੰਨਿਆ ਦੀ ਲੋੜ ਹੈ

ਸੈਣੀ ਸਿੱਖ ਕਲੀਨਸ਼ੇਵ ਤਲਾਕਸ਼ੁਦਾ 31 ਸਾਲ, ਕੱਦ 6 ਫੁੱਟ, ਟਰੱਕਿੰਗ ਕੰਪਨੀ ਵਿਚ ਕੰਮ ਕਰਦੇ ਗਰੀਨ ਕਾਰਡ ਹੋਲਡਰ ਲੜਕੇ ਲਈ ਅਮਰੀਕੀ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 716-254-6274, sainisingh656@yahoo.com *(20.1)*

ਜੱਟ ਸਿੱਖ ਉਮਰ 23 ਸਾਲ, ਕੱਦ 6'-1", ਅਮਰੀਕਾ ਰਹਿੰਦੇ ਪਲੱਸ-2 ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

ਜੱਟ ਸਿੱਖ ਸਮਰਾ ਸੁੰਦਰ ਵੈਸ਼ਨੂੰ, 28, 5'-9", +2, ਕੈਲੀਫੋਰਨੀਆ 'ਚ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦਾ ਹੈ। ਸੰਪਰਕ ਕਰੋ: 559-289-7076 ਜਾਂ 760-590-0426

# ਬਾਦਲ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਬਾਰੇ ਫੈਸਲਾ ਰਾਖਵਾਂ

**ਨਿਊ ਯਾਰਕ (ਬਿਊਰੋ):** ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਸੰਘੀ ਅਦਾਲਤ ਵਿਚ ਚਲ ਰਹੇ ਕੇਸ ਵਿਚ ਸਬੂਤਾਂ ਸਬੰਧੀ ਸੁਣਵਾਈ ਅਤੇ ਗਵਾਹੀਆਂ ਮੁਕੰਮਲ ਹੋ ਚੁਕੀਆਂ ਹਨ ਅਤੇ ਜੱਜ ਐਡਲਮੈਨ ਇਸ ਗੱਲ ਦਾ ਫੈਸਲਾ ਕਰਨਗੇ ਕਿ ਬਾਦਲ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਇਸ ਕੇਸ ਦੀ ਸੁਣਵਾਈ ਯੂਨੀਵਰਸਲ ਨਿਆਂ ਖੇਤਰ ਦੇ ਸਿਧਾਂਤਾਂ ਤਹਿਤ ਕੀਤੀ ਜਾਵੇ ਜਾਂ ਮੁੱਦਈ ਸਿੱਖਸ ਫਾਰ ਜਸਟਿਸ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਮੰਗ ਨੂੰ ਰੱਦ ਕੀਤਾ ਜਾਵੇ। ਮੁਦਾਲਾ ਧਿਰ ਅਮਰੀਕੀ ਅਦਾਲਤ ਦੇ ਅਧਿਕਾਰ ਖੇਤਰ ਅਤੇ ਸਰਵਿਸ ਦੀ ਘਾਟ ਕਾਰਨ ਇਸ ਮੰਗ ਨੂੰ ਰੱਦ ਕਰਨ ਦੀ ਮੰਗ ਕਰ ਰਹੀ ਹੈ।



ਪ੍ਰਕਾਸ਼ ਸਿੰਘ ਬਾਦਲ

ਮੁੱਦਈ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਨੇ ਦਾਅਵਾ ਕੀਤਾ ਹੈ ਕਿ ਜਿਥੇ ਇਕ ਪਾਸੇ ਅਮਰੀਕੀ ਗ੍ਰਹਿ ਵਿਭਾਗ ਨੇ ਮੁੱਖ ਮੰਤਰੀ ਬਾਦਲ ਦੇ ਹੱਕ ਵਿਚ ਗਵਾਹੀ ਤੇ ਸਰਕਾਰੀ ਰਿਕਾਰਡ ਮੁਹਈਆ ਕਰ ਕੇ ਉਸ ਦੀ ਸਿੱਧੇ ਤੌਰ 'ਤੇ ਮਦਦ ਕੀਤੀ ਹੈ, ਉਥੇ ਅਮਰੀਕੀ ਗ੍ਰਹਿ ਵਿਭਾਗ ਨੇ ਇਸਤਗਾਸਾ ਧਿਰ ਦੀ ਮੰਗ 'ਤੇ ਲੋੜੀਂਦੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸਿੱਖਸ ਫਾਰ ਜਸਟਿਸ ਨੇ ਕਿਹਾ ਹੈ ਕਿ ਮੁੱਖ ਮੰਤਰੀ ਬਾਦਲ ਦੀ ਮਦਦ ਬਾਰੇ ਉਹ ਅਮਰੀਕੀ ਸੰਸਦ ਮੈਂਬਰਾਂ ਨੂੰ ਜਾਣੂ ਕਰਵਾਏਗੀ।

ਇਸਤਗਾਸਾ ਧਿਰ ਦਾ ਕਹਿਣਾ ਹੈ ਕਿ ਇਹ ਨਵ ਗਠਿਤ ਅਮਰੀਕੀ ਸਿੱਖ ਗਰੁਪ ਤੱਕ ਵੀ ਪਹੁੰਚ ਕਰਕੇ ਉਨ੍ਹਾਂ ਤੋਂ ਮਦਦ ਦੀ ਮੰਗ ਕਰੇਗੀ ਕਿ ਉਹ ਅਮਰੀਕੀ ਗ੍ਰਹਿ ਵਿਭਾਗ 'ਤੇ ਦਬਾਓ ਪਾਉਣ ਕਿ ਮੁੱਖ ਮੰਤਰੀ ਬਾਦਲ ਦੀ ਮਦਦ ਨਾ ਕੀਤੀ ਜਾਵੇ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਨ੍ਹਾਂ ਆਗੂਆਂ ਦੇ ਅਮਰੀਕਾ ਦਾਖਲੇ 'ਤੇ ਪਾਬੰਦੀ ਲਗਾਉਣ ਲਈ ਕਾਂਗਰਸ ਤੱਕ ਪਹੁੰਚ ਕੀਤੀ ਜਾਵੇ, ਜੋ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਚ ਸ਼ਾਮਿਲ ਰਹੇ ਹਨ।

ਮਨੁੱਖੀ ਅਧਿਕਾਰ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਗਵਾਹੀਆਂ ਦੌਰਾਨ ਸੁਰਿੰਦਰਪਾਲ ਸਿੰਘ ਕਾਲੜਾ ਦਾ ਇਹ ਦਾਅਵਾ ਕਿ ਬਾਦਲ ਦੀ ਬਜਾਏ ਉਸ ਨੂੰ ਸੰਮਨ ਤਾਮੀਲ ਕਰਵਾਏ ਗਏ ਸਨ, ਉਸ ਵੇਲੇ ਝੂਠਾ ਸਾਬਤ ਹੋ ਗਿਆ ਜਦੋਂ ਉਸ ਨੇ ਖੁਦ ਸਵੀਕਾਰ ਕੀਤਾ ਕਿ 21 ਫਰਵਰੀ ਨੂੰ ਜੱਜ ਐਡਲਮੈਨ ਅੱਗੇ ਗਵਾਹੀ ਦੇਣ ਤੋਂ ਐਨ ਪਹਿਲਾਂ ਉਹ ਡੀ ਆਈ ਜੀ ਕਾਊਂਟਰ ਇੰਟੈਲੀਜੈਂਸ ਅਨਿਆ ਗੌਤਮ, ਅਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਸਿੱਧੂ, ਐਸ ਪੀ ਇੰਟੈਲੀਜੈਂਸ ਸੰਧੂ ਅਤੇ ਬਾਦਲ ਦੇ ਸੁਰੱਖਿਆ ਮੁਖੀ ਐਸ ਪੀ ਸੰਜੀਵ ਕੇ ਰਾਮਪਾਲ ਨੂੰ ਮਿਲਿਆ ਸੀ। ਸੰਸਥਾ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਕਾਲੜਾ ਦੇ ਇਸ ਬਿਆਨ ਤੋਂ ਸਪਸ਼ਟ ਹੈ ਕਿ ਉਸ ਦੀ ਭਰੋਸੇਯੋਗਤਾ ਸ਼ੱਕ ਦੇ ਘੇਰੇ ਵਿਚ ਹੈ ਅਤੇ ਉਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਇਸ ਕੇਸ ਵਿਚ ਬਾਦਲ ਨੂੰ ਬਚਾਉਣ ਲਈ ਗਵਾਹੀ ਦੇ ਰਿਹਾ ਸੀ।

ਇਥੇ ਜ਼ਿਕਰਯੋਗ ਹੈ ਕਿ ਬਚਾਓ ਪੱਖ ਵਲੋਂ ਜੱਜ ਐਡਲਮੈਨ ਅਗੇ ਮੁਕੱਦਮਾ ਖਾਰਜ ਕਰਨ ਲਈ ਦਾਇਰ ਅਰਜ਼ੀ ਵਿਚ ਦਲੀਲ ਦਿੱਤੀ ਗਈ ਹੈ ਕਿ ਇਸਤਗਾਸਾ ਧਿਰ ਦੇ ਪ੍ਰੋਸੈਸ ਸਰਵਰ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਸੰਮਨ ਤਾਮੀਲ ਨਹੀਂ ਕਰਵਾਏ ਜਦੋਂਕਿ ਸਿੱਖਸ ਫਾਰ ਜਸਟਿਸ ਦੇ ਵਕੀਲ ਦਾ ਦਾਅਵਾ ਹੈ ਕਿ ਇਹ ਸੰਮਨ ਤਾਮੀਲ ਕਰਵਾਏ ਗਏ ਸਨ।

# ਸੈਨ ਹੋਜ਼ੇ ਗੁਰੂ ਘਰ 'ਚ ਕਥਾ ਕੀਰਤਨ ਪ੍ਰਵਾਹ 24 ਤੋਂ



ਸੰਤ ਬਲਜਿੰਦਰ ਸਿੰਘ ਰਾੜਾ ਸਾਹਿਬ

**ਸੈਨ ਹੋਜ਼ੇ (ਬਿਊਰੋ):** ਸੰਤ ਬਲਜਿੰਦਰ ਸਿੰਘ ਰਾੜਾ ਸਾਹਿਬ ਗੁਰਦੁਆਰਾ ਸੈਨ ਹੋਜ਼ੇ ਵਿਖੇ ਸਾਹਿਬ ਸ੍ਰੀ ਗੁਰੂ ਅਰਜ਼ਨ ਦੇਵ ਦੇ ਸ਼ਹੀਦੀ ਪੁਰਬ ਮੌਕੇ 24, 25 ਅਤੇ 26 ਮਈ ਸ਼ੁੱਕਰ, ਸਨਿੱਚਰ ਅਤੇ ਐਤਵਾਰ ਨੂੰ ਸ਼ਾਮ 7:45 ਤੋਂ 8:30 ਤੱਕ ਦੀਵਾਨ ਸਜਾਉਣਗੇ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗੁਰਦੁਆਰਾ ਸਾਹਿਬ ਸੀਸਗੰਜ, ਦਿੱਲੀ ਦੇ ਹਜ਼ੂਰੀ ਰਾਗੀ ਭਾਈ ਕੁਲਤਾਰ ਸਿੰਘ 26 ਤੋਂ 30 ਮਈ ਤੱਕ, ਭਾਈ ਗੁਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਪਹਿਲੀ ਤੋਂ 30 ਜੂਨ ਤੱਕ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਹਰਬੰਸ ਸਿੰਘ ਬਿਲਗੇ ਵਾਲਿਆਂ ਦਾ ਢਾਡੀ ਜਥਾ 16 ਤੋਂ 23 ਜੂਨ ਤੱਕ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਾਏਗਾ ਅਤੇ ਕਥਾਵਾਚਕ ਭਾਈ ਬਲਕਰਨ ਸਿੰਘ ਪਹਿਲੀ ਤੋਂ 30 ਜੂਨ ਤੱਕ ਕਥਾ ਵਿਆਖਿਆ ਕਰਨਗੇ।

# ਅਮਰੀਕਾ ਅਫ਼ਗਾਨਿਸਤਾਨ 'ਚ ਪੱਕਾ ਫੌਜੀ ਅੱਡਾ ਨਹੀਂ ਬਣਾਏਗਾ

**ਵਾਸ਼ਿੰਗਟਨ:** ਅਮਰੀਕਾ ਨੇ ਸਪਸ਼ਟ ਕੀਤਾ ਹੈ ਕਿ ਉਸ ਦਾ ਇਰਾਦਾ ਅਫਗਾਨਿਸਤਾਨ ਵਿਚ ਪੱਕਾ ਫੌਰੀ ਅੱਡਾ ਬਣਾਉਣ ਦਾ ਨਹੀਂ ਹੈ। ਵਾਈਟ ਹਾਊਸ ਦੇ ਬੁਲਾਰੇ ਜੇ ਕਾਰਨੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਅਫਗਾਨਿਸਤਾਨ ਵਿਚ ਪੱਕਾ ਫੌਜੀ ਟਿਕਾਣਾ ਨਹੀਂ ਚਾਹੁੰਦੇ। 2014 ਮਗਰੋਂ ਅਮਰੀਕੀ ਫੌਜਾਂ ਸਿਰਫ ਅਫਗਾਨ ਸਰਕਾਰ ਦੇ ਸੱਦੇ 'ਤੇ ਇਥੇ ਟਿਕਣਗੀਆਂ। ਇਸ ਤਰ੍ਹਾਂ ਟਿਕਣ ਦਾ ਮਕਸਦ ਅਲ-ਕਾਇਦਾ ਖਿਲਾਫ ਅਫਗਾਨ ਫੌਜ ਨੂੰ ਟਰੇਨਿੰਗ ਦੇਣ ਦਾ ਹੈ।

ਜ਼ਿਕਰਯੋਗ ਹੈ ਕਿ ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਦਾਅਵਾ ਕੀਤਾ ਸੀ ਕਿ ਅਮਰੀਕਾ ਉਨ੍ਹਾਂ ਦੀ ਜ਼ਮੀਨ 'ਤੇ ਆਪਣਾ ਪੱਕਾ ਅੱਡਾ ਬਣਾਉਣਾ ਚਾਹੁੰਦਾ ਹੈ। ਅਮਰੀਕਾ ਦੀਆਂ ਫੌਜਾਂ 2014 ਤੋਂ ਅਫਗਾਨਿਸਤਾਨ ਤੋਂ ਬਾਹਰ ਆਉਣੀਆਂ ਸ਼ੁਰੂ ਹੋਣਗੀਆਂ।

# ਨਿਊਜ਼ੀਲੈਂਡ ਵਿਚ ਦੋ ਭਾਰਤੀਆਂ ਨੂੰ ਸਜ਼ਾ

**ਮੈਲਬਰਨ:** ਨਿਊਜ਼ੀਲੈਂਡ ਦੀ ਇਕ ਅਦਾਲਤ ਨੇ ਦੋ ਨਾਬਾਲਗ ਲੜਕੀਆਂ ਨੂੰ ਅਗਵਾ ਕਰਨ ਤੇ ਉਨ੍ਹਾਂ ਵਿਚੋਂ ਇਕ ਨਾਲ ਜਬਰ-ਜਨਾਹ ਕਰਨ ਦੇ ਦੋਸ਼ 'ਚ ਭਾਰਤੀ ਮੂਲ ਦੇ ਦੋ ਵਿਅਕਤੀਆਂ ਨੂੰ 16 ਸਾਲਾਂ ਤਕ ਦੀ ਸਜ਼ਾ ਸੁਣਾਈ ਹੈ।

ਹੈਮਿਲਟਨ ਦੀ ਹਾਈ ਕੋਰਟ ਵਿਚ ਪੇਸ਼ ਮਾਮਲੇ ਅਨੁਸਾਰ ਦਸੰਬਰ 2011 ਵਿਚ ਬੈਂਜਮਿਨ ਨਿਲੇਸ਼ ਗੌਂਡਰ ਤੇ ਅਗੂਮੇਂਦਰ ਰੋਹਿਤ ਪ੍ਰਸਾਦ ਨੇ 15 ਸਾਲਾ ਲੜਕੀ ਤੇ ਉਸ ਦੀ 17 ਸਾਲਾ ਰਿਸ਼ਤੇਦਾਰ ਨੂੰ ਅਗਵਾ ਕਰਕੇ ਉਨ੍ਹਾਂ ਵਿਚੋਂ ਇਕ ਨਾਲ ਕਈ ਘੰਟਿਆਂ ਤਕ ਜਬਰ-ਜਨਾਹ ਕੀਤਾ। ਅਦਾਲਤ ਨੇ ਬੈਂਜਮਿਨ ਨੂੰ 16 ਤੇ ਪ੍ਰਸਾਦ ਨੂੰ 15 ਸਾਲਾਂ ਦੀ ਸਜ਼ਾ ਸੁਣਾਈ।

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available



India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 8am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

# ਬਾਦਲਾਂ ਦੀ ਆਟਾ ਦਾਲ ਸਕੀਮ ਲੀਹੋਂ ਲੱਥੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਆਟਾ ਦਾਲ ਸਕੀਮ ਲਈ ਕੇਂਦਰੀ ਸਕੀਮ ਤਹਿਤ ਮਿਲਦੀ ਕਣਕ ਦੀ ਸਪਲਾਈ ਬੰਦ ਹੋ ਗਈ ਹੈ। ਪੰਜਾਬ ਸਰਕਾਰ ਨੇ ਦਸੰਬਰ 2012 ਮਗਰੋਂ ਕੇਂਦਰੀ ਏਪੀਐਲ ਸਕੀਮ ਦਾ ਪੂਰਾ ਅਨਾਜ ਆਟਾ ਦਾਲ ਸਕੀਮ ਲਈ ਵਰਤ ਲਿਆ ਜਿਸ ਕਰਕੇ ਹੁਣ ਤਿੰਨ ਮਹੀਨੇ ਤੋਂ ਏਪੀਐਲ ਸਕੀਮ ਬੰਦ ਪਈ ਹੈ। ਪੰਜਾਬ ਸਰਕਾਰ ਵੱਲੋਂ ਕਈ ਵਰ੍ਹਿਆਂ ਤੋਂ ਆਟਾ ਦਾਲ ਸਕੀਮ ਲਈ ਸੂਬਾਈ ਪੂਲ ਵਿਚ ਕਣਕ ਦੀ ਪੂਰੀ ਖਰੀਦ ਨਹੀਂ ਕੀਤੀ ਜਾ ਰਹੀ। ਹਰ ਵਰ੍ਹੇ ਕੇਂਦਰੀ ਸਕੀਮਾਂ ਦਾ 50 ਫੀਸਦੀ ਅਨਾਜ, ਆਟਾ ਦਾਲ ਸਕੀਮ ਵਿਚ ਵਰਤ ਲਿਆ ਜਾਂਦਾ ਹੈ। ਐਤਕੀਂ ਜਦੋਂ ਸੂਬਾਈ ਪੂਲ ਦੀ ਕਣਕ ਸਮੇਂ ਤੋਂ ਪਹਿਲਾਂ ਹੀ ਖ਼ਤਮ ਹੋ ਗਈ ਤਾਂ ਪੰਜਾਬ ਸਰਕਾਰ ਨੇ ਕੇਂਦਰੀ ਏਪੀਐਲ ਸਕੀਮ ਦਾ ਸਾਰਾ ਅਨਾਜ ਹੀ ਆਟਾ ਦਾਲ ਲਈ ਵਰਤ ਲਿਆ।

ਰਾਜ ਸਰਕਾਰ ਵੱਲੋਂ ਆਟਾ ਦਾਲ ਸਕੀਮ ਵਾਸਤੇ ਸਾਲ 2012-13 ਦੌਰਾਨ ਬਠਿੰਡਾ ਜ਼ਿਲ੍ਹੇ ਵਿਚ ਸਿਰਫ਼ 60 ਹਜ਼ਾਰ ਕੁਇੰਟਲ ਕਣਕ ਖਰੀਦੀ ਗਈ ਸੀ ਜਦੋਂਕਿ ਜ਼ਿਲ੍ਹੇ ਵਿਚ ਹਰ ਮਹੀਨੇ ਨੀਲੇ ਕਾਰਡਧਾਰਕਾਂ ਲਈ 17 ਹਜ਼ਾਰ ਕੁਇੰਟਲ ਦੀ ਲੋੜ ਹੁੰਦੀ ਹੈ। ਹੁਣ ਸਰਕਾਰ ਨੇ ਸੂਬਾਈ ਪੂਲ ਲਈ ਰਾਜ ਭਰ ਵਿਚ ਇਕ ਲੱਖ ਮੀਟਰਿਕ ਟਨ ਕਣਕ ਖਰੀਦੀ ਹੈ। ਇਸ ਵਿਚੋਂ ਜ਼ਿਲ੍ਹਾ ਬਠਿੰਡਾ ਲਈ ਖਰੀਦੀ ਕਣਕ 6300 ਮੀਟਰਿਕ ਟਨ ਹੈ।

ਰਾਜ ਸਰਕਾਰ ਆਟਾ ਦਾਲ ਸਕੀਮ ਦੀ ਕੁੱਲ ਮੰਗ ਦੀ ਕਰੀਬ 50 ਫੀਸਦੀ ਕਣਕ ਹੀ ਖ਼ੁਦ ਖਰੀਦਦੀ ਹੈ। ਪਿਛਲੇ ਸਾਲ ਪੰਜਾਬ ਐਗਰੋ ਨੇ ਸੂਬਾਈ ਪੂਲ ਲਈ ਕਣਕ ਖਰੀਦੀ ਸੀ ਜਦੋਂਕਿ ਐਤਕੀਂ ਪਨਸਪ ਨੇ ਖਰੀਦੀ ਹੈ। ਰਾਜ ਭਰ ਵਿਚ ਇਸ ਵੇਲੇ ਕੇਂਦਰੀ ਏਪੀਐਲ ਸਕੀਮ ਤਹਿਤ ਲੱਖਾਂ ਲਾਭਪਾਤਰੀਆਂ ਨੂੰ ਕਣਕ ਨਹੀਂ ਮਿਲ ਰਹੀ। ਮਾਰਚ ਮਹੀਨੇ ਤੋਂ ਇਹ ਕਣਕ ਬੰਦ ਪਈ ਹੈ। ਇਕੱਲੇ ਜ਼ਿਲ੍ਹਾ ਬਠਿੰਡਾ ਵਿਚ ਏਪੀਐਲ ਸਕੀਮ ਦੇ ਤਿੰਨ ਲੱਖ ਲਾਭਪਾਤਰੀ ਹਨ। ਕੇਂਦਰ ਸਰਕਾਰ ਵੱਲੋਂ ਏਪੀਐਲ ਸਕੀਮ ਤਹਿਤ ਕਣਕ ਦਾ ਭਾਅ 8.06 ਰੁਪਏ ਪ੍ਰਤੀ ਕਿਲੋ ਤੈਅ ਕੀਤਾ ਗਿਆ ਹੈ। ਰਾਜ ਸਰਕਾਰ ਇਸ ਸਕੀਮ ਤਹਿਤ ਪੂਰਾ ਅਨਾਜ ਦੇਣ ਦੀ ਥਾਂ ਹਰ ਮਹੀਨੇ ਪ੍ਰਤੀ ਲਾਭਪਾਤਰੀ ਦੋ ਤੋਂ ਚਾਰ ਕਿਲੋ ਕਣਕ ਦਿੰਦੀ ਰਹੀ ਹੈ। ਬਠਿੰਡਾ ਜ਼ਿਲ੍ਹੇ ਵਿਚ ਆਟਾ-ਦਾਲ ਸਕੀਮ ਦੇ ਤਕਰੀਬਨ 93 ਹਜ਼ਾਰ ਲਾਭਪਾਤਰੀ ਹਨ। ਪੰਜਾਬ ਸਰਕਾਰ ਹੁਣ ਪੰਚਾਇਤੀ ਚੋਣਾਂ ਦਾ ਮੌਸਮ ਹੋਣ ਕਰਕੇ ਆਟਾ ਦਾਲ ਸਕੀਮ ਨੂੰ ਕਿਸੇ ਵੀ ਸੂਰਤ ਵਿਚ ਬੰਦ ਨਹੀਂ ਕਰਨਾ ਚਾਹੁੰਦੀ ਹੈ। ਇਸੇ ਕਰਕੇ ਇਸ ਨੇ ਕੇਂਦਰੀ ਸਕੀਮ ਦੇ ਅਨਾਜ ਨੂੰ ਹੱਥ ਪਾ ਲਿਆ ਹੈ। ਸੂਤਰਾਂ ਅਨੁਸਾਰ ਕੇਂਦਰੀ ਸਕੀਮ ਦਾ ਪੰਜਾਬ ਵਿਚੋਂ ਅਨਾਜ ਖ਼ਤਮ ਹੋ ਚੁੱਕਾ ਹੈ। ਜੋ ਹੁਣ ਆਟਾ ਦਾਲ ਸਕੀਮ ਵਾਸਤੇ ਨਵੀਂ ਕਣਕ ਖਰੀਦ ਕੀਤੀ ਗਈ ਹੈ, ਉਸ ਦੇ ਫੰਡਾਂ ਦਾ ਵੀ ਹਾਲੇ ਰੌਲਾ ਹੀ ਚੱਲ ਰਿਹਾ ਹੈ। ਪਨਸਪ ਵੱਲੋਂ ਪਿਛਲੇ ਕੁਝ ਸਾਲਾਂ ਦੌਰਾਨ ਵਾਰ ਵਾਰ ਫੰਡਾਂ ਵਾਸਤੇ ਪੱਤਰ ਲਿਖੇ ਜਾ ਚੁੱਕੇ ਹਨ। ਆਟਾ-ਦਾਲ ਸਕੀਮ ਚਲਾਉਣ ਲਈ ਪਨਸਪ ਨੇ ਹੋਰਾਂ ਕੰਮਾਂ ਦੇ ਫੰਡ ਵੀ ਪਿਛਲੇ ਸਮੇਂ ਵਿੱਚ ਇਸ ਸਕੀਮ ਉਤੇ ਖਰਚ ਦਿੱਤੇ ਸਨ। ਸਰਕਾਰ ਨੇ ਗੋਆ ਚਿੰਤਨ ਸ਼ਿਵਰ ਵਿਚ ਆਟਾ ਦਾਲ ਸਕੀਮ ਦੇ ਲਾਭਪਾਤਰੀਆਂ ਦੀ ਪੜਤਾਲ ਕਰਾਉਣ ਦਾ ਫੈਸਲਾ ਕੀਤਾ ਸੀ। ਅਜਿਹੀ ਪੜਤਾਲ ਪਹਿਲਾਂ ਵੀ ਹੋ ਚੁੱਕੀ ਹੈ। ਨਵੀਂ ਪੜਤਾਲ ਪਹਿਲੇ ਤੱਥਾਂ ਦੀ ਤਸਦੀਕ ਲਈ ਵਰਤੀ ਜਾਵੇਗੀ। ਸਰਕਾਰ ਵੱਲੋਂ ਆਟਾ ਦਾਲ ਸਕੀਮ ਤਹਿਤ ਪਹਿਲਾਂ ਛੋਲਿਆਂ ਦੀ ਦਾਲ ਦਿੱਤੀ ਜਾਂਦੀ ਸੀ। ਕਈ ਮਹੀਨੇ ਇਹ ਦਾਲ ਬੰਦ ਹੀ ਰਹੀ। ਹੁਣ ਸਤੰਬਰ 2012 ਤੋਂ ਮਾਂਹ ਦੀ ਦਾਲ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਬਠਿੰਡਾ ਦੇ ਲਾਭਪਾਤਰੀਆਂ ਨੂੰ ਹਰ ਮਹੀਨੇ 1900 ਕੁਇੰਟਲ ਦਾਲ ਦੀ ਲੋੜ ਹੁੰਦੀ ਹੈ।

## ਕੇਂਦਰ ਸਰਕਾਰ ਨੂੰ ਵੀ ਲਾਇਆ ਵੱਡਾ ਰਗੜਾ



## ਅਮਰਿੰਦਰ ਸਿੰਘ ਬਣੇ ਜਾਟ ਮਹਾਸਭਾ ਦੇ ਪ੍ਰਧਾਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਲ ਇੰਡੀਆ ਜਾਟ ਮਹਾਸਭਾ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਇਸ ਮੌਕੇ ਉਨ੍ਹਾਂ ਜਾਟਾਂ ਲਈ ਰਾਖਵੇਂਕਰਨ ਦੀ ਮੰਗ ਕੀਤੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਮਾਜਿਕ, ਆਰਥਿਕ ਤੇ ਸਿੱਖਿਆ ਦੇ ਖੇਤਰ ਵਿਚ ਜਾਟਾਂ ਦੇ



ਪਛੜੇਪਣ ਨੂੰ ਦੂਰ ਕੀਤੇ ਜਾਣ ਲਈ ਉਨ੍ਹਾਂ ਨੂੰ ਓਬੀਸੀ ਕੋਟੇ ਤਹਿਤ ਨੌਕਰੀਆਂ ਦਿੱਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਪਣੀ ਇਸ ਮੰਗ ਦੀ ਪੂਰਤੀ ਲਈ ਜਾਟ ਮਹਾਸਭਾ ਅਗਲੇ ਦੋ ਤਿੰਨ ਮਹੀਨਿਆਂ ਵਿਚ ਆਪਣੀ ਕੌਮੀ ਕਾਨਫਰੰਸ ਕਰੇਗੀ ਤੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਰਣਨੀਤੀ ਉਲੀਕੇਗੀ। ਉਨ੍ਹਾਂ ਕਿਹਾ ਕਿ ਸਾਰੇ ਜੱਟ ਅਮੀਰ ਨਹੀਂ ਹਨ ਤੇ ਅਮੀਰ ਲੋਕਾਂ ਨੂੰ ਰਾਖਵੇਂਕਰਨ ਤੋਂ ਬਾਹਰ ਰੱਖਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਸਾਲ 1980 ਤੋਂ ਕੈਪਟਨ ਅਮਰਿੰਦਰ ਸਭਾ ਦੇ ਸਰਪ੍ਰਸਤ ਵਜੋਂ ਸਰਗਰਮ ਸਨ।

## 83 ਸਾਲਾ ਬੇਬੇ ਨੇ ਕੈਨੇਡਾ ਵਿਚ ਜਿੱਤੀ ਕਾਨੂੰਨੀ ਲੜਾਈ

**ਕੈਲਗਰੀ:** ਪੰਜਾਬ ਦੇ ਪਿੰਡ ਚੌਕੀਮਾਨ (ਲੁਧਿਆਣਾ) ਦੀ 83 ਸਾਲਾ ਔਰਤ ਸੁਰਜੀਤ ਕੌਰ ਭੰਡਾਲ ਨੂੰ ਕੈਨੇਡਾ ਸਰਕਾਰ ਨੇ ਦੇਸ਼ ਵਿਚ ਆਪਣੇ ਭਤੀਜੇ ਕੋਲ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਉਸ ਦੇ ਪਰਿਵਾਰ ਨੇ ਇਹ ਹੱਕ ਹਾਸਲ ਕਰਨ ਲਈ ਜਿਸ ਤਰ੍ਹਾਂ ਦੀ ਲੰਮੀ ਜੱਦੋ-ਜਹਿਦ ਕੀਤੀ, ਉਸ ਨਾਲ ਵੱਖਰੀ ਕਿਸਮ ਦਾ ਇਹ ਕੇਸ ਪਿਛਲੇ ਕਈ ਸਾਲਾਂ ਤੋਂ ਸੁਰਖੀਆਂ ਵਿਚ ਸੀ।



ਸੁਰਜੀਤ ਕੌਰ ਭੰਡਾਲ 2008 ਵਿਚ ਆਪਣੇ ਭਤੀਜੇ ਜਸਮਿੰਦਰ ਸਿੰਘ ਕੋਲ ਵਿਜ਼ਟਰ ਵੀਜ਼ੇ ਉਪਰ ਆਈ ਸੀ। ਇਹ ਪਰਿਵਾਰ ਵਿਕਟੋਰੀਆ (ਬ੍ਰਿਟਿਸ਼ ਕੋਲੰਬੀਆ) ਵਿਚ ਰਹਿੰਦਾ ਹੈ। ਜਸਮਿੰਦਰ ਸਿੰਘ ਨੇ ਕੈਨੇਡਾ ਦੇ ਇਮੀਗਰੇਸ਼ਨ ਮੰਤਰਾਲੇ ਕੋਲ ਅਰਜ਼ੀ ਦਿੱਤੀ ਕਿ ਉਹ ਆਪਣੀ ਭੂਆ ਸੁਰਜੀਤ ਕੌਰ ਦੀ ਬਿਰਧ ਅਵਸਥਾ ਵਿਚ ਦੇਖਭਾਲ ਕਰਨੀ ਚਾਹੁੰਦਾ ਹੈ ਕਿਉਂਕਿ ਪਿੰਡ ਚੌਕੀਮਾਨ ਵਿਚ ਉਸ ਦੀ ਦੇਖਭਾਲ ਕਰਨ ਵਾਲਾ ਕੋਈ ਵੀ ਨਹੀਂ। ਸੁਰਜੀਤ ਕੌਰ ਦੀ ਇਹ ਅਪੀਲ ਤਿੰਨ ਵਾਰ ਰੱਦ ਕਰਦਿਆਂ ਇਮੀਗਰੇਸ਼ਨ ਮੰਤਰਾਲੇ ਨੇ ਉਸ ਨੂੰ ਦੇਸ਼ ਨਿਕਾਲੇ ਦੇ ਹੁਕਮ ਦੇ ਦਿੱਤੇ ਸਨ। ਕੈਨੇਡਾ ਬਾਰਡਰ ਸਰਵਿਸ ਏਜੰਸੀ ਨੇ ਵੀ ਇਸ ਕੇਸ ਨੂੰ ਆਪਣੇ ਦੇਖ-ਰੇਖ ਹੇਠ ਲੈ ਲਿਆ ਸੀ। ਸੁਰਜੀਤ ਕੌਰ ਦੀ ਸਰੀਰਕ ਹਾਲਤ ਨੂੰ ਦੇਖਦਿਆਂ ਜਸਮਿੰਦਰ ਸਿੰਘ ਨੇ ਇਸ ਕੇਸ ਨੂੰ ਮਨੁੱਖੀ ਰਹਿਮ ਦੇ ਆਧਾਰ 'ਤੇ ਵਿਚਾਰਨ ਦੀ ਵਾਰ-ਵਾਰ ਅਪੀਲ ਕੀਤੀ ਸੀ। ਸੁਰਜੀਤ ਕੌਰ ਦੇ ਹੱਕ ਵਿਚ ਵਿੱਢੀ ਗਈ ਦਸਤਖ਼ਤੀ ਮੁਹਿੰਮ ਵਿਚ ਵੀ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਕੈਨੇਡਾ ਦੇ ਓਮਨੀ ਟੀ.ਵੀ. ਦੀ ਟੀਮ ਨੇ ਜਦ ਪਿੰਡ ਚੌਕੀਮਾਨ ਜਾ ਕੇ ਤੱਥ ਪੇਸ਼ ਕੀਤੇ ਤਾਂ ਸੁਰਜੀਤ ਕੌਰ ਦੇ ਹੱਕ ਵਿਚ ਕਈ ਸਬੂਤ ਇਕੱਤਰ ਹੋ ਗਏ। ਇਸ ਕੇਸ ਵਿਚ ਦਿਲਚਸਪ ਮੋੜ ਉਦੋਂ ਆਇਆ ਜਦ ਅਦਾਲਤ ਨੇ ਇਸ ਕੇਸ ਦੀ ਜਾਂਚ ਮੁੜ ਤੋਂ ਕਰਵਾਉਣ ਦੇ ਆਦੇਸ਼ ਦਿੱਤੇ ਸਨ। ਪਿਛਲੇ ਦਿਨੀਂ ਇਮੀਗਰੇਸ਼ਨ ਮੰਤਰਾਲੇ ਵੱਲੋਂ ਕੀਤੇ ਫੈਸਲੇ ਕਾਰਨ ਸੁਰਜੀਤ ਕੌਰ ਦੇ ਪਰਿਵਾਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸੁਰਜੀਤ ਕੌਰ ਦੀ ਮੈਡੀਕਲ ਜਾਂਚ ਤੋਂ ਬਾਅਦ ਉਸ ਦੇ ਪੱਕੇ ਤੌਰ 'ਤੇ ਕੈਨੇਡਾ ਰਹਿਣ ਦੇ ਰਾਹ ਖੁੱਲ੍ਹ ਜਾਣਗੇ। ਓਮਨੀ ਟੀ.ਵੀ. ਨੂੰ ਦਿੱਤੀ ਖਾਸ ਮੁਲਾਕਾਤ ਦੌਰਾਨ ਸੁਰਜੀਤ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਹੁਣ ਬਾਕੀ ਬਚੀ ਜ਼ਿੰਦਗੀ ਪਰਿਵਾਰ ਵਿਚ ਖ਼ੁਸ਼ੀ ਖ਼ੁਸ਼ੀ ਬਤੀਤ ਕਰੇਗੀ।

## ਮੋਹਨ ਭੰਡਾਰੀ ਦੀਆਂ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ

**ਚੰਡੀਗੜ੍ਹ:** ਗੁਰੂ ਨਾਨਕ ਸਿੱਖ ਸਟੱਡੀਜ਼ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੇ ਇੰਟਰਨੈਸ਼ਨਲ ਸੈਂਟਰ ਫਾਰ ਪੰਜਾਬੀ ਸਟੱਡੀਜ਼ ਵੱਲੋਂ ਉੱਘੇ ਤੇ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਲੇਖਕ ਮੋਹਨ ਭੰਡਾਰੀ ਦੀ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ ਗਈਆਂ ਕਹਾਣੀਆਂ ਦੀ ਪੁਸਤਕ 'ਮੋਹਨ ਭੰਡਾਰੀਜ਼ ਸਿਲੈਕਟਡ ਸਟੋਰੀਜ਼' ਲੋਕ ਅਰਪਣ ਕੀਤੀ ਗਈ ਹੈ। ਇਨ੍ਹਾਂ ਕਹਾਣੀਆਂ ਦਾ ਅਨੁਵਾਦ ਪਰਮਜੀਤ ਸਿੰਘ ਰੁਮਾਣਾ ਵੱਲੋਂ ਕੀਤਾ ਗਿਆ ਹੈ।



ਇਸ ਪੁਸਤਕ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਮੋਹਨ ਭੰਡਾਰੀ ਦੀ ਹਿੰਦੀ ਵਿਚ ਵੱਡਅਕਾਰੀ ਅਨੁਵਾਦਤ ਕਹਾਣੀਆਂ ਦੀ ਪੁਸਤਕ 'ਪਿੱਤਲ ਕੇ ਬਟਨ' ਪਹਿਲਾਂ ਹੀ ਪ੍ਰਕਾਸ਼ਿਤ ਹੋ ਚੁੱਕੀ ਹੈ। ਅੰਗਰੇਜ਼ੀ ਕਹਾਣੀਆਂ ਦੀ ਇਸ ਪੁਸਤਕ ਵਿਚ ਮੋਹਨ ਭੰਡਾਰੀ ਦੀਆਂ 21 ਚੋਣਵੀਆਂ ਕਹਾਣੀਆਂ ਦਰਜ ਹਨ।

## ਨਾਮਧਾਰੀਆਂ ਵਿਚ ਆਰ-ਪਾਰ ਦੀ ਲੜਾਈ ਦੇ ਅਸਾਰ

**ਲੁਧਿਆਣਾ:** ਠਾਕੁਰ ਉਦੈ ਸਿੰਘ ਨੂੰ ਨਾਮਧਾਰੀ ਗੁਰੂ ਐਲਾਨੇ ਜਾਣ ਤੋਂ ਬਾਅਦ ਠਾਕੁਰ ਦਲੀਪ ਸਿੰਘ ਦੀ ਅਗਵਾਈ ਵਿਚ ਬਾਗ਼ੀ ਹੋਏ ਧੜੇ ਨੇ ਆਰ-ਪਾਰ ਦੀ ਲੜਾਈ ਲੜਨ ਦਾ ਫੈਸਲਾ ਕਰਦਿਆਂ ਸੰਪਰਦਾ ਦੇ ਹੈੱਡਕੁਆਰਟਰ ਭੈਣੀ ਸਾਹਿਬ ਤੋਂ ਦੋ ਕਿਲੋਮੀਟਰ ਦੂਰੀ 'ਤੇ ਮੇਨ ਹਾਈਵੇ/ਕਟਾਣੀ ਮੋੜ 'ਤੇ ਅੰਦੋਲਨ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਫੈਸਲਾ ਇੰਟਰਨੈਸ਼ਨਲ ਨਾਮਧਾਰੀ ਸੰਗੀਤ ਦੀ ਹੋਈ ਮੀਟਿੰਗ ਵਿਚ ਲਿਆ ਗਿਆ।

ਮੀਟਿੰਗ ਉਪਰੰਤ ਸੰਗਤ ਦੇ ਪ੍ਰਧਾਨ ਨਵਤੇਜ ਸਿੰਘ ਨੇ ਦੱਸਿਆ ਕਿ ਇਹ ਅੰਦੋਲਨ ਇਸ ਕਰਕੇ ਜ਼ਰੂਰੀ ਹੋ ਗਿਆ ਕਿ ਠਾਕੁਰ ਉਦੈ ਸਿੰਘ ਸਾਧ-ਸੰਗਤ ਦੇ ਵਾਰ-ਵਾਰ ਬੇਨਤੀ ਕਰਨ 'ਤੇ ਵੀ ਪੰਥਕ ਏਕਤਾ ਕਰਨ ਲਈ ਨਹੀਂ ਮੰਨ ਰਹੇ ਤੇ ਇਸ ਸਬੰਧ ਵਿਚ ਗੱਲਬਾਤ ਕਰਨ ਲਈ ਵੀ ਤਿਆਰ ਨਹੀਂ ਹਨ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿਚ ਦਿੱਲੀ, ਉਤਰਾਖੰਡ, ਯੂਪੀ, ਜੰਮੂ-ਕਸ਼ਮੀਰ, ਹਰਿਆਣਾ, ਹਿਮਾਚਲ ਤੇ ਪੰਜਾਬ ਭਰ ਵਿਚ ਪੁੱਜ ਕੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਅੰਦੋਲਨ ਕਰਨ ਦੇ ਐਲਾਨ ਨੇ ਨਾਮਧਾਰੀਆਂ ਦੇ ਦੋ ਧੜਿਆਂ ਵਿਚ ਲੜਾਈ ਤੇਜ਼ ਹੋਣ ਦੇ ਅਸਾਰ ਹੋ ਗਏ ਹਨ।

## ਜੰਮੂ ਦੇ ਸਿੱਖਾਂ ਨੂੰ ਸਹੂਲਤਾਂ ਨਾ ਦੇਣ ਦੇ ਦੋਸ਼

**ਜੰਮੂ:** ਜੰਮੂ ਕਸ਼ਮੀਰ ਘੱਟ ਗਿਣਤੀ ਸਿੱਖ ਸੇਵਾ ਦਲ ਨੇ ਸਰਕਾਰ 'ਤੇ ਦੋਸ਼ ਲਾਇਆ ਕਿ ਰਾਜ ਵਿੱਚ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਪ੍ਰਾਪਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ। ਜੰਮੂ ਕਸ਼ਮੀਰ ਘੱਟ ਗਿਣਤੀ ਸਿੱਖ ਸੇਵਾ ਦਲ ਦੇ ਪ੍ਰਧਾਨ ਗੁਰਮੀਤ ਸਿੰਘ ਜੋਸ਼ ਨੇ ਦੱਸਿਆ ਕਿ ਜੰਮੂ ਕਸ਼ਮੀਰ ਸੂਬੇ ਵਿਚ ਸਿੱਖਾਂ ਨੂੰ ਘੱਟ ਗਿਣਤੀ ਹੋਣ ਦਾ ਦਰਜਾ ਤਾਂ ਸਰਕਾਰ ਨੇ ਦਿੱਤਾ ਹੋਇਆ ਹੈ ਪਰ ਉਨ੍ਹਾਂ ਨੂੰ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀ ਹਨ। ਉਨ੍ਹਾਂ ਨੇ ਕਿਹਾ ਕਿ ਦੂਜੇ ਘੱਟ ਗਿਣਤੀ ਭਾਈਚਾਰੇ ਨੂੰ ਘੱਟ ਗਿਣਤੀ ਪ੍ਰਮਾਣ ਪੱਤਰ ਦਿੱਤੇ ਜਾ ਰਹੇ ਹਨ ਪਰ ਸਿੱਖਾਂ ਨੂੰ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਵਿਧਾਨ ਸਭਾ ਵਿਚ ਦੂਜੇ ਘੱਟ ਗਿਣਤੀ ਭਾਈਚਾਰੇ ਦੀ ਤਰ੍ਹਾਂ ਜੰਮੂ, ਕਸ਼ਮੀਰ ਤੇ ਪੁਣਛ ਵਿੱਚ ਸਿੱਖ ਭਾਈਚਾਰੇ ਲਈ ਵੀ ਕੁਝ ਸੀਟਾਂ ਰਾਖਵੀਆਂ ਰੱਖਣ ਦੀ ਮੰਗ ਕੀਤੀ। ਦੇਸ਼ ਭਰ ਵਿਚ ਲਾਗੂ ਵਿਆਹ ਐਕਟ ਨੂੰ ਜੰਮੂ ਕਸ਼ਮੀਰ ਰਾਜ ਵਿਚ ਵੀ ਲਾਗੂ ਕਰਨ, ਮੁੱਖ ਮੰਤਰੀ ਵੱਲੋਂ ਕੀਤੇ ਗਏ ਐਲਾਨ ਮੁਤਾਬਕ 80 ਹਜ਼ਾਰ ਨੌਜਵਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਨੌਕਰੀਆਂ ਵਿਚੋਂ 20 ਹਜ਼ਾਰ ਨੌਕਰੀਆਂ ਘੱਟ ਗਿਣਤੀ ਸਿੱਖ ਭਾਈਚਾਰੇ ਲਈ ਰੱਖਣ ਦੀ ਮੰਗ ਵੀ ਕੀਤੀ।

# ਮਿੱਟੀ ਵਿਚ ਰੁਲਣ ਲੱਗੀ ਬਹੁਮੁੱਲੀ ਪੰਜਾਬੀ ਵਿਰਾਸਤ

**ਅੰਮ੍ਰਿਤਸਰ:** ਸਰਹੱਦੀ ਇਲਾਕੇ ਵਿਚ ਬਹੁਮੁੱਲੀਆਂ ਵਿਰਾਸਤੀ ਇਮਾਰਤਾਂ ਦਾ ਭਰਪੂਰ ਸਰਮਾਇਆ ਹੈ ਪਰ ਸਰਕਾਰ ਦੀ ਅਣਦੇਖੀ ਕਾਰਨ ਤੇ ਸਾਂਭ ਸੰਭਾਲ ਨਾ ਹੋਣ ਕਾਰਨ ਵਿਰਾਸਤ ਦਾ ਇਹ ਹਿੱਸਾ ਹੌਲੀ ਹੌਲੀ ਮਿੱਟੀ ਵਿਚ ਮਿਲਦਾ ਜਾ ਰਿਹਾ ਹੈ। ਸਰਹੱਦੀ ਪਿੰਡ ਭਕਨਾ ਵਿਚ ਸਥਾਪਤ ਪੁਰਾਣੇ ਹਿੰਦੂ ਮੰਦਰ ਵਿਚ ਕੰਧ ਕਲਾ ਦਾ ਮਾੜਾ ਹਾਲ ਹੋ ਚੁੱਕਾ ਹੈ। ਇਹ ਮੰਦਰ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਹੈ ਜਿਸ ਵਿਚ ਭਗਵਾਨ ਸ਼ਿਵ, ਕ੍ਰਿਸ਼ਨ ਤੇ ਹਨੂੰਮਾਨ ਦੇ ਮੰਦਰ ਹਨ।

ਇਨ੍ਹਾਂ ਮੰਦਰਾਂ ਦੇ ਅੰਦਰ ਤੇ ਬਾਹਰ ਰੰਗ ਰੋਗਨ ਕਰਕੇ ਬਹੁਮੁੱਲੀ ਕੰਧ ਕਲਾ ਨੂੰ ਖ਼ਤਮ ਕਰ ਦਿੱਤਾ ਹੈ। ਇਸ ਵਿਚ ਕਈ ਥਾਵਾਂ 'ਤੇ ਨਵੀਆਂ ਟਾਈਲਾਂ ਲਾ ਕੇ ਇਸ ਦੀ ਪੁਰਾਤਨਤਾ ਨੂੰ ਆਧੁਨਿਕਤਾ ਵਿਚ ਬਦਲ ਦਿੱਤਾ ਗਿਆ ਹੈ। ਇਹ ਮੰਦਰ ਆਪਣੀ ਪੁਰਾਤਨ ਦਿੱਖ ਗੁਆ ਚੁੱਕਾ ਹੈ। ਇਸ ਦਾ ਤਲਾਬ ਨਾਨਕਸ਼ਾਹੀ ਇੱਟਾਂ ਨਾਲ ਬਣਿਆ ਹੈ ਤੇ ਇਸ ਦੀ ਪੁਰਾਤਨ ਦਿੱਖ ਖ਼ਤਮ ਹੁੰਦੀ ਜਾ ਰਹੀ ਹੈ। ਇਹ ਪਿੰਡ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਦਾ ਜੱਦੀ ਪਿੰਡ ਹੈ ਤੇ ਇਸ ਪਿੰਡ ਦਾ ਜ਼ਿਕਰ ਪੰਜਾਬੀ ਗੀਤਾਂ ਵਿਚ ਵੀ ਹੈ।



ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸ਼ਾਮਲ ਕਮਾਂਡਰ ਸਰਦਾਰ ਪੰਜਾਬ ਸਿੰਘ ਕੁਮੇਦਾਨ ਦੀ ਸਮਾਧ ਪਿੰਡ ਰਸੂਲਪੁਰ ਵਿਖੇ ਹੈ ਤੇ ਇਥੇ ਵੀ ਕੰਧ ਕਲਾ ਦਾ ਮਾੜਾ ਹਾਲ ਹੈ। ਇਥੇ ਕੰਧ ਕਲਾ ਨੂੰ ਬਚਾਉਣ ਦਾ ਯਤਨ ਤਾਂ ਹੋਇਆ ਪਰ ਇਸ ਦੇ ਕਈ ਥਾਵਾਂ ਤੋਂ ਕੰਧ ਕਲਾ ਖ਼ਤਮ ਹੋ ਗਈ ਹੈ। ਇਸ ਦੇ ਹੇਠਲੇ ਹਿੱਸੇ ਵਿਚ ਰੰਗ ਰੋਗਨ ਕਰ ਦਿੱਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਇਸ ਕੰਧ ਕਲਾ ਵਿਚ ਜਿਥੇ ਗੁਰੂਆਂ ਦੇ ਚਿੱਤਰ ਸਨ, ਉਥੇ ਭਗਵਾਨ ਰਾਮ, ਹਨੂੰਮਾਨ ਦੇ ਚਿੱਤਰ ਵੀ ਸ਼ਾਮਲ ਸਨ।

ਇਹ ਸਮਾਧ ਵੀ ਨਾਨਕਸ਼ਾਹੀ ਇੱਟਾਂ ਦੀ ਬਣੀ ਹੋਈ ਹੈ। ਮਾਲੀਆ ਰਿਕਾਰਡ ਵਿਚ ਪਿੰਡ ਰਸੂਲਪੁਰ ਦੇ ਬੀਰ ਤੇਜਾ ਸਿੰਘ ਵਜੋਂ ਦਰਸਾਇਆ ਹੋਇਆ ਹੈ। ਸਰਦਾਰ ਤੇਜਾ ਸਿੰਘ ਵੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕਪਤਾਨ ਸਨ ਤੇ ਇਹ ਇਲਾਕਾ ਉਸ ਨਾਲ ਸਬੰਧਤ ਸੀ। ਉਸ ਵੱਲੋਂ ਇਹ ਜ਼ਮੀਨ ਪੰਜਾਬ ਸਿੰਘ ਕੁੰਮੇਦਾਨ ਨੂੰ ਤੋਹਫੇ ਵਜੋਂ ਦਿੱਤੀ ਗਈ ਸੀ ਜਿਨ੍ਹੇ ਇਥੇ ਕਿਲੇ ਵਰਗੀ ਹਵੇਲੀ ਬਣਾਈ ਸੀ। ਹਵੇਲੀ ਦੇ ਖੰਡਰ ਬਣੇ ਕੁਝ ਹਿੱਸੇ ਨੂੰ ਵੀ ਇਥੇ ਦੇਖਿਆ ਜਾ ਸਕਦਾ ਹੈ। ਸ. ਕੁਮੇਦਾਨ ਨੇ ਮਹਾਰਾਜਾ ਰਣਜੀਤ ਸਿੰਘ ਨਾਲ 32 ਜੰਗਾਂ ਵਿਚ ਹਿੱਸਾ ਲਿਆ ਸੀ।

ਇਸੇ ਤਰ੍ਹਾਂ ਸਰਹੱਦੀ ਪਿੰਡ ਨੌਸ਼ਹਿਰਾ ਢਾਲਾ ਵਿਚ ਵੀ ਵਿਰਾਸਤੀ ਇਮਾਰਤ ਦਾ ਮਾੜਾ ਹਾਲ ਹੈ। ਇਥੇ ਚੌਧਰੀ ਪਰਿਵਾਰ ਨਾਲ ਸਬੰਧਤ ਉਨ੍ਹਾਂ ਦੀ ਰਿਹਾਇਸ਼ ਹੈ। ਸ਼ਾਹੀ ਮਹਿਲ ਵਰਗੀ ਇਹ ਰਿਹਾਇਸ਼ ਦਾ ਹੁਣ ਮਾੜਾ ਹਾਲ ਹੈ। ਇਥੇ ਇਕ ਪੁਰਾਣੀ ਮਸੀਤ ਵੀ ਹੈ ਜਿਸ ਨੂੰ ਹੁਣ ਪਸ਼ੂਆਂ ਦਾ ਚਾਰਾ ਰੱਖਣ ਲਈ ਵਰਤਿਆ ਜਾ ਰਿਹਾ ਹੈ। ਇਕ ਪੁਰਾਣਾ ਖੂਹ ਵੀ ਬੁਰੇ ਹਾਲ ਵਿੱਚ ਹੈ। ਇਹ ਪਿੰਡ ਬਾਬਾ ਬੁੱਢਾ ਜੀ ਦੇ ਵੰਸ਼ ਵਿੱਚੋਂ ਬਾਬਾ ਗੁਰਬਖ਼ਸ਼ ਸਿੰਘ ਦੀ ਬੇਟੀ ਬੀਬੀ ਸੁੱਖਾ ਜੀ ਨਾਲ ਸਬੰਧਤ ਹੈ। ਉਹ ਇਥੇ ਚੌਧਰੀ ਪਰਿਵਾਰ ਵਿੱਚ ਵਿਆਹੀ ਹੋਈ ਸੀ। ਇਸ ਪਿੰਡ ਨੂੰ 16ਵੀਂ ਸਦੀ ਦੇ ਪੰਜਾਬੀ ਕਵੀ ਬਾਬਾ ਜੱਲ੍ਹਣ ਜੀ ਦੇ ਨਾਂ ਵਜੋਂ ਵੀ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਸਰਾਏਂ ਅਮਾਨਤ ਖਾਂ, ਰਾਜਾਤਾਲ ਤੇ ਹੋਰ ਸਰਹੱਦੀ ਵਿਰਾਸਤੀ ਥਾਵਾਂ ਦਾ ਵੀ ਮਾੜਾ ਹਾਲ ਹੈ।




## ਗੁਰਦੁਆਰਾ ਸਿਲੀਕਾਨ ਵੈਲੀ 'ਚ ਕਵੀ ਦਰਬਾਰ

**ਸੈਂਟਾ ਕਲਾਰਾ (ਬਿਊਰੋ):** ਸਥਾਨਕ ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਐਤਵਾਰ 12 ਮਈ ਨੂੰ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਅਤੇ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਸਹਿਯੋਗ ਨਾਲ ਇੱਕ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ।

ਇਸ ਕਵੀ ਦਰਬਾਰ ਵਿਚ ਡਾ. ਗੁਰਮੀਤ ਸਿੰਘ ਬਰਸਾਲ, ਪ੍ਰੋ. ਦਵਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ, ਪ੍ਰੋ. ਸੁਰਜੀਤ ਸਿੰਘ ਨੰਨੂਆ, ਤਰਸੇਮ ਸਿੰਘ ਸੁਮਨ, ਕੁਲਦੀਪ ਸਿੰਘ ਢੀਂਡਸਾ ਅਤੇ ਬੀਬੀ ਗੁਰਦੇਵ ਕੌਰ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਗੁਰੂ ਘਰ ਦੇ ਪ੍ਰਧਾਨ ਸ. ਗੁਰਿੰਦਰ ਸਿੰਘ ਢਿੱਲੋਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਜਾਰੀ ਰੱਖਣ ਦਾ ਭਰੋਸਾ ਦਿੱਤਾ।

# ਭਾਰਤ-ਚੀਨ ਸਬੰਧਾਂ 'ਚ ਦਲਾਈਲਾਮਾ ਨਹੀਂ ਬਣੇਗਾ ਅੜਿੱਕਾ

**ਪੇਇਚਿੰਗ:** ਚੀਨ ਨੇ ਭਰੋਸਾ ਪ੍ਰਗਟਾਇਆ ਹੈ ਕਿ ਭਾਰਤ ਆਪਣੀ ਸਰਜ਼ਮੀਨ ਤੋਂ ਬੋਧੀਆਂ ਦੇ ਧਾਰਮਿਕ ਆਗੂ ਦਲਾਈਲਾਮਾ ਨੂੰ ਕਿਸੇ ਵੀ ਤਰ੍ਹਾਂ ਦੀ ਰਾਜਸੀ ਸਰਗਰਮੀ ਕਰਨ ਦੀ ਆਗਿਆ ਨਹੀਂ ਦੇਵੇਗਾ ਤੇ ਦਲਾਈਲਾਮਾ ਨੂੰ ਦੁਵੱਲੇ ਸਬੰਧਾਂ ਵਿਚ ਸਮੱਸਿਆ ਵਜੋਂ ਨਹੀਂ ਦੇਖਿਆ ਜਾਵੇਗਾ। ਸਟੇਟ ਕੌਂਸਲ ਇਨਫਰਮੇਸ਼ਨ ਆਫਿਸ ਵਿਚ ਉਪ ਮੰਤਰੀ ਕੂਈ ਜੂਜ਼ਿੰਗ ਨੇ ਵਿਦੇਸ਼ੀ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਲਾਈਲਾਮਾ ਭਾਰਤ ਵਿਚ ਇਕ ਮਹਿਮਾਨ ਵਜੋਂ ਰਹਿ ਰਿਹਾ ਹੈ।

ਭਾਰਤ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਦਲਾਈਲਾਮਾਨੂੰ ਕਿਸੇ ਤਰ੍ਹਾਂ ਦੀ ਰਾਜਸੀ ਸਰਗਰਮੀ ਵਿਚ ਸ਼ਾਮਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਚੀਨ ਨੂੰ ਇਸ ਵਾਅਦੇ ਉੱਤੇ ਪੂਰਾ ਭਰੋਸਾ ਹੈ। ਕੂਈ ਜੋ ਖ਼ੁਦ ਵੀ ਤਿੱਬਤੀਅਨ ਹੈ, ਨੇ ਕਿਹਾ ਕਿ ਚੀਨ ਤੇ ਭਾਰਤ ਦੋਵੇਂ ਵਿਕਾਸਸ਼ੀਲ ਦੇਸ਼ ਹਨ ਤੇ ਦਲਾਈਲਾਮਾ ਨੂੰ ਸਮੱਸਿਆ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਦਲਾਈਲਾਮਾ ਦੀ ਇੱਜ਼ਤ ਸਿਰਫ਼ ਰੁਤਬੇ ਕਰਕੇ ਹੈ ਤੇ ਮੌਜੂਦਾ ਤਿੱਬਤੀਅਨ ਧਾਰਮਿਕ ਆਗੂ ਨੇ ਆਪਣੇ ਭਾਈਚਾਰੇ ਲਈ ਕੁਝ ਵੀ ਚੰਗਾ ਨਹੀਂ ਕੀਤਾ। ਕੂਈ ਨੇ ਕਿਹਾ ਕਿ ਅਜੇ ਵੀ ਬਹੁਤ ਸਾਰੇ ਤਿੱਬਤੀ ਉਸ ਤੋਂ ਫਜ਼ੂਲ ਆਸਾਂ ਰੱਖਦੇ ਹਨ।

ਕੂਈ ਨੇ ਦਲਾਈਲਾਮਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਸ ਨੇ ਸਿਰਫ਼ ਲੋਕਾਂ ਨੂੰ ਪਾੜਿਆ ਹੈ। ਚੀਨ ਦੀ ਸਰਕਾਰ ਨੂੰ ਲੋਕਾਂ ਨੂੰ ਦਲਾਈਲਾਮਾ ਦੀਆਂ ਮੰਦਭਾਵਨਾਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਦੀ ਕੋਈ ਲੋੜ ਨਹੀਂ ਹੈ। ਇਸ ਸਬੰਧੀ ਫ਼ੈਸਲਾ ਲੋਕਾਂ ਨੇ ਹੀ ਕਰਨਾ ਹੈ। ਕਿਸੇ ਨੂੰ ਉਸ ਦੀਆਂ ਕਹਾਣੀਆਂ ਵਿਚ ਕੋਈ ਰੁਚੀ ਨਹੀਂ ਹੈ। ਉਨ੍ਹਾਂ ਕਿਹਾ ਕਿ ਤਿੱਬਤੀ ਦਲਾਈਲਾਮਾ ਨੂੰ ਧਾਰਮਿਕ ਆਗੂ ਮੰਨਦੇ ਹਨ ਤੇ ਬਹੁਤੇ ਤਿੱਬਤੀ ਉਸ ਦੇ ਰਾਜਸੀ ਏਜੰਡੇ ਨਾਲ ਸਹਿਮਤ ਨਹੀਂ ਹਨ। ਚੀਨ ਦਲਾਈਲਾਮਾ ਨੂੰ ਤਿੱਬਤ ਹਾਂਸ ਫਿਰਕੇ ਸਮੇਤ ਹੋਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਦੋਸ਼ੀ ਮੰਨਦਾ ਹੈ। ਉਨ੍ਹਾਂ ਕਿਹਾ ਕਿ ਹਾਂਸ ਫਿਰਕਾ ਤਿੱਬਤ ਵਿਚ ਸਦੀਆਂ ਤੋਂ ਰਹਿ ਰਿਹਾ ਹੈ ਤੇ ਹੋਰ ਫਿਰਕਿਆਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਲਈ ਤਿਆਰ ਨਹੀਂ ਹੈ।

**ਭਾਰਤ ਨੂੰ ਚੀਨ ਨਾਲ ਸਬੰਧਾਂ 'ਤੇ ਤਸੱਲੀ:** ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਚੀਨ ਦੇ ਦੌਰੇ ਦੌਰਾਨ ਕਿਹਾ ਕਿ ਚੀਨ ਤੇ ਭਾਰਤ ਨੂੰ ਲੱਦਾਖ ਦੀ ਦੇਪਸਾਂਗ ਘਾਟੀ ਵਿਚ ਹਾਲ ਹੀ ਦੇ ਸਰਹੱਦੀ ਵਿਵਾਦ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਤੇ ਅਜਿਹੀਆਂ ਘਟਨਾਵਾਂ ਦਾ ਤੁਰੰਤ ਹੱਲ ਕੱਢਣ ਸਮਰੱਥ ਹੋਣਾ ਚਾਹੀਦਾ ਹੈ। ਚੀਨੀ ਲੀਡਰਸ਼ਿਪ ਨਾਲ ਗੱਲਬਾਤ ਲਈ ਵਿਦੇਸ਼ ਦੌਰੇ ਦੌਰਾਨ ਸ੍ਰੀ ਖੁਰਸ਼ੀਦ ਨੇ ਸਰਕਾਰੀ ਸੀਸੀਟੀਵੀ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਦੋਵਾਂ ਮੁਲਕਾਂ ਕੋਲ ਸੰਤੁਸ਼ਟ ਹੋਣ ਦਾ ਕਾਰਨ ਇਹ ਹੈ ਕਿ ਇਸ ਮੁੱਦੇ ਨੂੰ ਕੁਝ ਸਾਲ ਪਹਿਲਾਂ ਸਥਾਪਤ ਪ੍ਰਕਿਰਿਆ ਰਾਹੀਂ ਸੁਲਝਾਉਣ ਦੇ ਸਮਰੱਥ ਰਹੇ ਹਨ।

## ਗਗਨਦੀਪ ਸਿੰਘ ਚੀਮਾ ਦਾ ਭਰ ਜਵਾਨੀ 'ਚ ਦੇਹਾਂਤ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਨਿਵਾਸੀ ਸ. ਜਸਪਾਲ ਸਿੰਘ ਧਾਲੀਵਾਲ (ਪਿਛਲਾ ਪਿੰਡ ਬਿਲਾਸਪੁਰ, ਜਿਲ੍ਹਾ ਮੋਗਾ) ਦੇ ਪਰਿਵਾਰ ਨੂੰ ਪਿਛਲੇ ਹਫਤੇ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਦਾਮਾਦ ਗਗਨਦੀਪ



ਸਿੰਘ ਚੀਮਾ ਦੀ ਅਚਾਨਕ 23 ਸਾਲ ਦੀ ਉਮਰ ਵਿਚ ਮੌਤ ਹੋ ਗਈ। ਉਸ ਨੂੰ ਪੰਜਾਬ ਤੋਂ ਆਇਆਂ ਸਿਰਫ ਤਿੰਨ ਮਹੀਨੇ ਹੀ ਹੋਏ ਸਨ ਅਤੇ ਉਸ ਦਾ ਵਿਆਹ ਡੇਢ ਕੁ ਸਾਲ ਪਹਿਲਾਂ ਹੀ ਸ. ਧਾਲੀਵਾਲ ਦੀ ਬੇਟੀ ਨਰਵਜੀਤ ਨਾਲ ਹੋਇਆ ਸੀ।

ਗਗਨਦੀਪ ਚੀਮਾ ਦਾ ਪਰਿਵਾਰ ਪਿੰਡ ਮਾਛੀਵਾੜਾ ਜਿਲ੍ਹਾ ਲੁਧਿਆਣਾ ਤੋਂ ਹੈ। ਦੇਹ ਨੂੰ ਅੰਤਿਮ ਸਸਕਾਰ ਲਈ ਉਸ ਦੇ ਜੱਦੀ ਪਿੰਡ ਮਾਛੀਵਾੜਾ ਭੇਜਿਆ ਜਾ ਰਿਹਾ ਹੈ। ਪਰਿਵਾਰ ਨਾਲ ਸੰਪਰਕ ਜਸਪਾਲ ਸਿੰਘ ਧਾਲੀਵਾਲ ਫੋਨ: 559-288-9336, ਖੁਸ਼ ਧਾਲੀਵਾਲ ਫੋਨ: 559-801-5246 ਜਾਂ ਸਵਰਨ ਸਿੱਧੂ ਫੋਨ: 559-283-4971 ਰਾਹੀਂ ਕੀਤਾ ਜਾ ਸਕਦਾ ਹੈ।


**ਸਰਵਰ/ਵੇਟਰ ਦੀ ਲੋੜ ਹੈ**

ਸਿਨਸਿਨੈਟੀ, ਓਹਾਇਓ ਵਿਚ ਇਕ ਭਾਰਤੀ ਰੈਸਟੋਰੈਂਟ ਲਈ ਸਰਵਰ/ਵੇਟਰ ਦੀ ਲੋੜ ਹੈ
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
ਸੰਪਰਕ ਕਰੋ
ਫੋਨ: 513-203-6315



**ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ**

ਇੰਡੀਅਨਐਪਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸੋਟਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ
ਸੰਪਰਕ ਕਰੋ: ਕੁਲਵਿੰਦਰ ਸਿੰਘ
ਫੋਨ: 317-437-0367



**SUPER TRAVEL**

847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



**ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
**ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ**

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577





ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
**AMANTEL.COM**
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
*24/7 Customer Service Available*
*Same rate for lanline and mobile.*
ਟੋਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 18 ਮਈ 2013*

## ਪਾਕਿਸਤਾਨ ਵਿਚ ਜਮਹੂਰੀਅਤ

ਪਾਕਿਸਤਾਨ ਵਿਚ ਹੋਈਆਂ ਚੋਣਾਂ ਨੇ ਸੰਸਾਰ ਭਰ ਦੇ ਲੋਕਾਂ ਅਤੇ ਮਾਹਿਰਾਂ ਦਾ ਧਿਆਨ ਖਿੱਚਿਆ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ। ਵੱਡਾ ਕਾਰਨ ਤਾਂ ਇਹੀ ਹੈ ਕਿ ਪਾਕਿਸਤਾਨ ਦੇ ਕਦਮ ਜਿਸ ਤਰ੍ਹਾਂ ਡਗ-ਮਗਾ ਰਹੇ ਸਨ ਅਤੇ ਜਿਸ ਤਰ੍ਹਾਂ ਦੀ ਸਿਆਸਤ ਉਥੇ ਹੋ ਰਹੀ ਸੀ, ਉਸ ਨਾਲ ਪਾਕਿਸਤਾਨ ਦੀ ਹੋਂਦ ਬਾਰੇ ਹੀ ਸਵਾਲ ਉਠਣੇ ਸ਼ੁਰੂ ਹੋ ਗਏ ਸਨ। ਪਿਛਲੇ ਛੇ ਦਹਾਕਿਆਂ ਦੇ ਇਤਿਹਾਸ ਦੌਰਾਨ ਪਾਕਿਸਤਾਨ ਵਿਚ ਫੌਜ ਦਾ ਦਾਬਾ ਰਿਹਾ ਹੈ। ਇਸ ਵਾਰ ਵੀ ਭੈਅ ਸੀ ਕਿ ਫੌਜ ਕਿਤੇ ਨਾ ਕਿਤੇ ਫਾਨਾ ਗੱਡ ਸਕਦੀ ਹੈ, ਪਰ ਇਸ ਵਾਰ ਪਾਕਿਸਤਾਨ ਦੇ ਇਤਿਹਾਸ ਦੀਆਂ ਚੋਣਾਂ ਜਮਹੂਰੀ ਢੰਗ ਨਾਲ ਹੋਈਆਂ ਅਤੇ ਲੋਕਾਂ ਨੇ ਦਹਿਸ਼ਤਪਸੰਦਾਂ ਦੀਆਂ ਧਮਕੀਆਂ ਦੇ ਬਾਵਜੂਦ ਹੁੰਮ-ਹੁਮਾ ਕੇ ਵੋਟਾਂ ਪਾਈਆਂ। ਇਸ ਤੋਂ ਵੀ ਵੱਡੀ ਗੱਲ ਇਹ ਕਿ ਇਨ੍ਹਾਂ ਚੋਣਾਂ ਦਾ ਭਾਰਤ ਨੂੰ ਕਿਤੇ ਵੱਧ ਨਫਾ ਹੋਇਆ ਹੈ। ਪਿਛਲੇ ਕੁਝ ਸਮੇਂ ਦੌਰਾਨ ਉਪਰੋਥਲੀ ਵਾਪਰੀਆਂ ਘਟਨਾਵਾਂ ਨਾਲ ਜਿਸ ਤਰ੍ਹਾਂ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਵਧ ਰਿਹਾ ਸੀ ਤੇ ਸਬੰਧ ਵਿਗੜਨ ਦਾ ਖਦਸ਼ਾ ਪੈਦਾ ਹੋ ਰਿਹਾ ਸੀ, ਇਨ੍ਹਾਂ ਚੋਣਾਂ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵੱਲੋਂ ਦਿਖਾਈ ਦਰਿਆ-ਦਿਲੀ ਨੇ ਇਕ ਤਰ੍ਹਾਂ ਨਾਲ ਨਵੀਂ ਸਵੇਰ ਦਾ ਹੀ ਆਗਾਜ਼ ਕੀਤਾ ਹੈ। ਪਹਿਲਾਂ ਭਾਰਤ ਵੱਲੋਂ ਧਮਾਕਿਆਂ ਦੇ ਦੋਸ਼ ਵਿਚ ਫੜੇ ਪਾਕਿਸਤਾਨੀ ਨੌਜਵਾਨ ਅਜਮਲ ਕਸਾਬ ਤੇ ਫਿਰ ਕਸ਼ਮੀਰੀ ਨੌਜਵਾਨ ਨੂੰ ਚੁੱਪ-ਚੁਪੀਤੇ ਫਾਂਸੀ, ਫਿਰ ਪਾਕਿਸਤਾਨੀ ਫੌਜੀਆਂ ਵੱਲੋਂ ਭਾਰਤੀ ਫੌਜੀ ਦਾ ਸਿਰ ਕਲਮ ਕਰਨਾ, ਫਿਰ ਲਾਹੌਰ ਜੇਲ੍ਹ ਵਿਚ ਭਾਰਤੀ ਕੈਦੀ ਸਰਬਜੀਤ ਸਿੰਘ ਤੇ ਜੰਮੂ ਜੇਲ੍ਹ ਵਿਚ ਪਾਕਿਸਤਾਨੀ ਕੈਦੀ ਉਤੇ ਹਮਲੇ, ਤੇ ਫਿਰ ਦੋਹਾਂ ਦੀ ਮੌਤ ਨੇ ਦੋਹਾਂ ਦੇਸ਼ਾਂ ਵਿਚ ਵਿਚਕਾਰ ਪਾੜ ਪਾ ਦਿੱਤਾ ਸੀ। ਦੋਹਾਂ ਦੇਸ਼ਾਂ ਦਾ ਵਿਰਸਾ ਤੇ ਵਿਰਾਸਤ ਅਤੇ ਫਿਕਰ ਤੇ ਮੁਸ਼ਕਿਲਾਂ ਸਾਂਝੀਆਂ ਹੋਣ ਦੇ ਬਾਵਜੂਦ ਮੁੱਢ ਤੋਂ ਹੀ ਤਣਾਅ ਰਿਹਾ ਹੈ। ਇਸ ਤਣਾਅ ਨੇ ਇਕ ਵਾਰ ਨਹੀਂ, ਸਗੋਂ ਕਈ ਵਾਰ ਜੰਗਾਂ ਵੀ ਕਰਵਾਈਆਂ ਪਰ ਇਹ ਗੱਲ ਸੌ ਫੀਸਦੀ ਸੱਚ ਹੈ ਕਿ ਦੋਹਾਂ ਦੇਸ਼ਾਂ ਦੇ ਆਵਾਮ ਇਕ-ਦੂਜੇ ਨੂੰ ਗਲਵੱਕੜੀ ਵਿਚ ਲੈਣ ਲਈ ਸਦਾ ਹੀ ਤਿਆਰ ਰਹੇ ਹਨ। ਅਸਲ ਵਿਚ ਦੋਹਾਂ ਪਾਸਿਆਂ ਦੇ ਸਿਆਸਤਦਾਨਾਂ ਵੱਲੋਂ ਸਿਆਸਤ ਹੀ ਅਜਿਹੀ ਖੇਡੀ ਗਈ ਕਿ ਤਣਾਅ ਕੱਟਣ ਲਈ ਕੋਈ ਹੀਲਾ-ਵਸੀਲਾ ਬਣ ਨਹੀਂ ਸਕਿਆ। ਇਹ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਦੋਹਾਂ ਦੇਸ਼ਾਂ ਵਿਚ ਤਣਾਅ ਦਾ ਸਭ ਤੋਂ ਵੱਧ ਖਮਿਆਜਾ ਦੋਹਾਂ ਪੰਜਾਬਾਂ ਨੂੰ ਹੀ ਭੁਗਤਣਾ ਪਿਆ ਹੈ। ਇਤਿਹਾਸ ਗਵਾਹ ਹੈ ਕਿ 'ਅਮਨ ਦੇ ਵਕਤਾਂ' ਦੌਰਾਨ ਦੋਹਾਂ ਪੰਜਾਬਾਂ ਵਿਚ ਹਰ ਪੱਧਰ 'ਤੇ ਰਾਬਤਾ ਵਧਿਆ ਹੈ ਅਤੇ ਵਪਾਰ ਲਈ ਰਾਹ ਮੋਕਲੇ ਹੁੰਦੇ ਰਹੇ ਹਨ, ਪਰ ਹਰ ਵਾਰ ਕਿਸੇ ਨਾ ਕਿਸੇ ਘਟਨਾ ਨੇ ਇਸ ਵਿਚ ਵਿਘਨ ਪਾਇਆ ਅਤੇ ਫਿਰ ਗੱਲ ਮੁੜ ਤੋਂ ਸਿਫਰ ਤੋਂ ਸ਼ੁਰੂ ਕਰਨੀ ਪੈਂਦੀ ਰਹੀ ਹੈ।

ਪਾਕਿਸਤਾਨ ਵਿਚ ਇਸ ਵੇਲੇ ਹਾਲਾਤ ਅਸਾਧਾਰਨ ਹਨ। ਭਾਰਤ ਵਾਂਗ ਭ੍ਰਿਸ਼ਟਾਚਾਰ ਤਾਂ ਸਿਖਰਾਂ 'ਤੇ ਹੈ ਹੀ, ਮਜ਼ਹਬੀ ਕੱਟੜ ਜਥੇਬੰਦੀਆਂ ਨੇ ਦੇਸ਼ ਨੂੰ ਗੋਡਿਆਂ ਪਰਨੇ ਕੀਤਾ ਹੋਇਆ ਹੈ। ਕਤਲੋਗਾਰਤ ਦਾ ਸਿਲਸਿਲਾ ਟੁੱਟ ਨਹੀਂ ਰਿਹਾ। ਗੁਆਂਢੀ ਦੇਸ਼ ਅਫਗਾਨਿਸਤਾਨ ਦੇ ਹਾਲਾਤ ਵੀ ਬਹੁਤੇ ਚੰਗੇ ਨਹੀਂ ਜਿਥੇ ਕਈ ਦਹਾਕਿਆਂ ਤੋਂ ਖਾਨਾਜੰਗੀ ਚੱਲ ਰਹੀ ਹੈ। ਉਥੇ ਕੱਟੜਪੰਥੀ ਤਾਕਤਾਂ ਵਾਹਵਾ ਹੀ ਤਕੜੀਆਂ ਹਨ ਅਤੇ ਉਨ੍ਹਾਂ ਨੇ ਸਰਕਾਰ ਨੂੰ ਇਕ ਵੀ ਦਿਨ ਚੈਨ ਨਾਲ ਗੁਜ਼ਾਰਨ ਨਹੀਂ ਦਿੱਤਾ। ਇਸ ਦੇ ਨਾਲ ਹੀ ਅਮਰੀਕਾ ਦਾ ਅਸਰ ਵੀ ਫਰਕ ਪਾ ਰਿਹਾ ਹੈ। ਅਮਰੀਕਾ ਦੀਆਂ ਸਿਆਸੀ, ਭੂਗੋਲਕ, ਆਰਥਿਕ ਅਤੇ ਹੋਰ ਗਿਣਤੀਆਂ-ਮਿਣਤੀਆਂ ਨੇ ਪਾਕਿਸਤਾਨੀ ਸਿਆਸਤਦਾਨਾਂ ਨੂੰ ਹੱਥਲ ਕੀਤਾ ਹੋਇਆ ਹੈ। ਇਸੇ ਕਰ ਕੇ ਕੁਝ ਸਿਆਸੀ ਵਿਸ਼ਲੇਸ਼ਕਾਂ ਨੇ ਇਨ੍ਹਾਂ ਚੋਣਾਂ ਬਾਰੇ ਬੜੀਆਂ ਸਖਤ ਟਿੱਪਣੀਆਂ ਕੀਤੀਆਂ ਹਨ। ਨੌਮ ਚੌਮਸਕੀ ਵਰਗੇ ਕਹਿੰਦੇ-ਕਹਾਉਂਦੇ ਵਿਦਵਾਨ ਨੇ ਸਾਫ ਕਿਹਾ ਹੈ ਕਿ ਪਾਕਿਸਤਾਨ ਵਿਚ ਸੱਤਾ ਸੰਭਾਲ ਰਹੇ ਮੀਆਂ ਨਵਾਜ਼ ਸ਼ਰੀਫ ਤੋਂ ਕੋਈ ਬਹੁਤੀ ਵੱਡੀ ਆਸ ਕਰਨੀ ਵਾਜਬ ਨਹੀਂ ਹੈ, ਕਿਉਂਕਿ ਪਾਕਿਸਤਾਨ ਦੇ ਹੋਰ ਸਿਆਸੀ ਲੀਡਰਾਂ ਵਾਂਗ ਉਹ ਵੀ ਆਪਣੀ ਹੋਣੀ ਦੇ ਆਪ ਹੀ ਗੁਲਾਮ ਬਣੇ ਹੋਏ ਹਨ। ਪਾਕਿਸਤਾਨ ਵਿਚ ਸੰਘੀ ਢਾਂਚੇ ਦੀ ਸੰਘੀ ਘੁੱਟਣ ਨੇ ਵੀ ਕਈ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਹਨ। ਸਿੰਧ ਅਤੇ ਬਲੋਚਿਸਤਾਨ ਵਰਗੇ ਸੂਬਿਆਂ ਨੂੰ ਪੰਜਾਬ ਦੀ 'ਤਾਨਾਸ਼ਾਹੀ' ਨਾਲ ਸਦਾ ਹੀ ਸਮੱਸਿਆ ਰਹੀ ਹੈ। ਫੌਜ ਦਾ ਤਾਂ ਮੁੱਢ ਤੋਂ ਹੀ ਇਕ ਖਾਸ ਏਜੰਡਾ ਰਿਹਾ ਹੈ ਅਤੇ ਇਸ ਨੇ ਪਿਛਲੇ ਛੇ ਦਹਾਕਿਆਂ ਦੌਰਾਨ ਕਿਸੇ ਨਾ ਕਿਸੇ ਰੂਪ ਵਿਚ ਸਰਦਾਰੀ ਵਾਲੀ ਭੂਮਿਕਾ ਨਿਭਾਈ ਹੈ। ਇਹ ਹਨ ਸਾਰੇ ਉਹ ਹਾਲਾਤ ਜਿਨ੍ਹਾਂ ਨੇ ਪਾਕਿਸਤਾਨ ਵਿਚ ਨਵੀਂ ਬਣਨ ਵਾਲੀ ਸਰਕਾਰ ਉਤੇ ਵੀ ਬਿਨਾਂ ਸ਼ੱਕ ਅਸਰ-ਅੰਦਾਜ਼ ਹੋਣਾ ਹੈ। ਚੰਗੀ ਗੱਲ ਇਹ ਹੋਈ ਹੈ ਕਿ ਮੀਆਂ ਨਵਾਜ਼ ਸ਼ਰੀਫ ਨੇ ਭਾਰਤ ਨਾਲ ਬੜਾ ਮੋਹ-ਪਿਆਰ ਜ਼ਾਹਿਰ ਕੀਤਾ ਹੈ। ਉਂਜ ਵੀ ਦੋਹਾਂ ਦੇਸ਼ਾਂ ਦੇ ਸਿਆਸਤਦਾਨਾਂ ਨੇ ਜੰਗਬਾਜ਼ ਨੀਤੀਆਂ ਉਤੇ ਚੱਲ ਕੇ ਦੇਖ ਹੀ ਲਿਆ ਹੈ। ਇੰਨੀਆਂ ਜੰਗਾਂ ਲੜ ਕੇ ਕਿਸੇ ਦਾ ਕੁਝ ਵੀ ਨਹੀਂ ਸੰਵਰਿਆ, ਸਗੋਂ ਮਸਲੇ ਗੁੰਝਲਦਾਰ ਜ਼ਰੂਰ ਹੋਏ ਹਨ। ਇਨ੍ਹਾਂ ਵਿਚ ਹੋਰ ਮਸਲਿਆਂ ਦੇ ਨਾਲ-ਨਾਲ ਕਸ਼ਮੀਰ ਦਾ ਮਾਮਲਾ ਸਭ ਤੋਂ ਅਹਿਮ ਹੈ। ਕੁਝ ਜ਼ਿਆਦਾ ਹੀ ਭਾਵੁਕ ਲੋਕ ਦੋਹਾਂ ਪੰਜਾਬਾਂ ਦੇ ਏਕੇ ਦੀ ਗੱਲ ਅਕਸਰ ਤੋਰਦੇ ਹਨ। ਹਕੀਕਤ ਇਹ ਹੈ ਕਿ ਦੋ ਪੰਜਾਬ ਹੁਣ ਦੋ ਵੱਖ-ਵੱਖ ਦੇਸ਼ਾਂ ਦੇ ਸੂਬੇ ਹਨ। ਇਨ੍ਹਾਂ ਦੀ ਆਪੋ-ਆਪਣੀ ਵੱਖਰੀ ਹੋਂਦ ਹੈ। ਇਸ ਤੱਥ ਨੂੰ ਸਵੀਕਾਰ ਕਰ ਹੀ ਲੈਣਾ ਚਾਹੀਦਾ ਹੈ ਅਤੇ ਇਹੀ ਪਹੁੰਚ ਕਸ਼ਮੀਰ ਬਾਰੇ ਹੋਣੀ ਚਾਹੀਦੀ ਹੈ। ਦੂਜੇ, ਦੋਹੀਂ ਪਾਸੀਂ ਜੰਗਬਾਜ਼ਾਂ ਅਤੇ ਮਜ਼ਹਬੀ ਜਨੂੰਨੀਆਂ ਨੂੰ ਨੱਥ ਵੀ ਪਾ ਕੇ ਰੱਖਣੀ ਪਵੇਗੀ। ਹੁਣ ਇਕ ਵਾਰ ਫਿਰ ਮੌਕਾ ਮਿਲਿਆ ਹੈ ਕਿ ਅਮਨ ਦੀ ਸੱਦ ਲਾਈ ਜਾਵੇ। ਇਸ ਮੌਕੇ ਨੂੰ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ। ਹੁਣ ਤਾਂ ਇਸ ਮਾਮਲੇ ਵਿਚ ਦੋਹਾਂ ਪਾਸਿਆਂ ਦੀ ਸਿਵਲ ਸੁਸਾਇਟੀ ਨੂੰ ਵੀ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਬਥੇਰੀਆਂ ਮਿਸਾਲਾਂ ਮਿਲ ਜਾਂਦੀਆਂ ਹਨ ਜਿਥੇ ਸਿਵਲ ਸੁਸਾਇਟੀ ਨੇ ਉਲਟ ਦਿਸ਼ਾ ਵੱਲ ਜਾ ਰਹੇ ਸਿਆਸਤਦਾਨਾਂ ਦਾ ਰਾਹ ਡੱਕ ਕੇ ਉਨ੍ਹਾਂ ਨੂੰ ਲੀਹੇ ਪਾਉਣ ਦਾ ਅਹਿਮ ਕਾਰਜ ਨਿਭਾਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਮਲ ਤੇ ਪੰਜੇ ਦਾ ਦਸਤਪੰਜਾ!*

ਵੱਡੇ ਸੂਬੇ ਕਰਨਾਟਕ ਵਿਚ ਜਿੱਤ ਕੇ ਤੇ, ਚੜ੍ਹਿਆ 'ਪੰਜੇ' ਨੂੰ ਹੋਇਆ ਸਰੂਰ ਲਗਦਾ।
ਪਾਰੀ ਮੁੱਕਣੀ ਜਾਪਦੀ 'ਮੋਹਨ' ਜੀ ਦੀ, ਮੱਥੇ ਰਾਹੁਲ ਦੇ ਚਮਕਣਾ ਨੂਰ ਲਗਦਾ।
ਤੁਰਿਆ ਰੱਥ ਸੀ ਮਿੱਥ ਨਿਸ਼ਾਨਿਆਂ ਨੂੰ, ਰਾਹ ਦਿੱਲੀ ਦਾ ਹੋ ਗਿਆ ਦੂਰ ਲਗਦਾ।
ਸੁਪਨੇ ਸੱਤਾ ਦੇ ਲੈ ਰਿਹੈ 'ਕਮਲ' ਚਿਰ ਤੋਂ, ਆਸਾਂ ਉਤੇ ਨਹੀਂ ਪੈਂਦਾ ਹੁਣ ਬੂਰ ਲਗਦਾ।
ਚੜ੍ਹਿਆ ਜੋਸ਼ ਸੀ ਲੋਹੜੇ ਦਾ ਭਾਜਪਾ ਨੂੰ, ਗਰਮੀ ਵਿਚ ਵੀ ਹੋ ਗਈ ਸਰਦ ਮੀਆਂ!
ਸੁਣ ਕੇ ਦੱਖਣ ਦੇ ਚੋਣ ਨਤੀਜਿਆਂ ਨੂੰ, ਚਿਹਰਾ ਮੋਦੀ ਦਾ ਹੋ ਗਿਆ ਜ਼ਰਦ ਮੀਆਂ!!

# ਸਿੱਖ, ਸਿੱਖ ਤੇ ਸਿੱਖ...

## ਆਪਣਿਆਂ ਦੇ ਦਗੇ ਅਤੇ ਬੇਗਾਨਿਆਂ ਦੀਆਂ ਵਧੀਕੀਆਂ ਦੀ ਕਹਾਣੀ

*ਕਈ ਵਾਰ ਘਟਨਾਵਾਂ ਦਾ ਵਹਿਣ ਇੰਨੀ ਤੇਜ਼ੀ ਨਾਲ ਵਹਿੰਦਾ ਹੈ ਕਿ ਕਿਸੇ ਘਟਨਾ ਬਾਰੇ ਸੋਚਣ-ਪਰਖਣ ਦਾ ਮੌਕਾ ਹੀ ਨਹੀਂ ਮਿਲਦਾ। ਦੂਜੀ ਘਟਨਾ ਪਹਿਲੀ ਦਾ ਸਭ ਕੁਝ ਹੜ੍ਹਾ ਕੇ ਲੈ ਜਾਂਦੀ ਹੈ। ਕੁਝ ਅਜਿਹਾ ਹੀ ਸਿੱਖ ਭਾਈਚਾਰੇ 'ਚ ਹੋਇਆ ਹੈ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਦਿੱਲੀ ਕਤਲੇਆਮ ਬਾਰੇ ਕੇਸਾਂ ਦੇ ਫੈਸਲਿਆਂ ਅਤੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਨੇ ਜਿੱਥੇ ਸਿੱਖ ਭਾਈਚਾਰੇ 'ਚ ਦੁਬਿਧਾ ਪੈਦਾ ਕੀਤੀ ਹੈ, ਉਥੇ ਕਿਸੇ ਹੋਰ ਦੁਖਾਂਤ ਦੇ ਉਭਰਨ ਦੇ ਖਦਸ਼ੇ ਵੀ ਪੈਦਾ ਹੋਣ ਲੱਗੇ ਹਨ। ਹੁਣ ਸਿੱਖ ਭਾਈਚਾਰਾ ਪਹਿਲਾਂ ਦੇ ਮੁਕਾਬਲੇ ਭਾਵੇਂ ਕਾਫ਼ੀ ਸੁਚੇਤ ਹੈ ਪਰ ਅਜੇ ਵੀ ਭਾਈਚਾਰੇ ਦਾ ਵੱਡਾ ਹਿੱਸਾ ਪੂਰੀ ਤਰ੍ਹਾਂ ਸੁਚੇਤ ਨਹੀਂ ਲਗਦਾ। ਸਿੱਖਾਂ ਲਈ ਜਿਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਦੇਖਦਿਆਂ ਸਮੁੱਚੇ ਸਿੱਖ ਭਾਈਚਾਰੇ ਨੂੰ ਪਿਛਲਝਾਤ ਮਾਰਦਿਆਂ ਸਵੈ-ਪੜਚੋਲ ਕਰਨੀ ਚਾਹੀਦੀ ਹੈ ਕਿ ਕਿਵੇਂ ਇਨ੍ਹਾਂ ਮਸਲਿਆਂ ਨਾਲ ਸਿੱਖ ਭਾਈਚਾਰੇ ਵਿਚਲੀਆਂ ਹੀ ਕੁਝ ਕਾਲੀਆਂ ਭੇਡਾਂ ਦੇ ਨਿੱਜੀ, ਰਾਜਸੀ ਅਤੇ ਵਪਾਰਕ ਹਿੱਤ ਜੁੜੇ ਹੋਏ ਹਨ ਅਤੇ ਕਿਵੇਂ ਇਹ ਮਾਰੇ ਗਏ ਲੋਕਾਂ ਦੇ ਖੂਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਅੱਥਰੂਆਂ ਦੇ ਵਣਜ ਨਾਲ ਆਪਣੇ ਮੁਫ਼ਾਦ ਸਿੱਧ ਤੇ ਸ਼ੁੱਧ ਕਰ ਰਹੇ ਹਨ!*

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਨੂੰ ਮੈਂ ਪਿਛਲੇ ਕੁਝ ਸਮੇਂ ਤੋਂ ਨੇੜਿਓਂ ਦੇਖਿਆ ਹੈ। ਉਹਦੇ ਯੂਬਾ ਸਿਟੀ ਰਹਿ ਰਹੇ ਪਰਿਵਾਰ ਨਾਲ ਮੇਰੀ ਪਰਿਵਾਰਕ ਸਾਂਝ ਹੈ। ਪ੍ਰੋ. ਭੁੱਲਰ ਕਿਸੇ ਲਈ ਖਾੜਕੂ ਅਤੇ ਕਿਸੇ ਲਈ ਅਤਿਵਾਦੀ ਹੋ ਸਕਦਾ ਹੈ, ਪਰ ਇਹ ਸੱਚ ਹੈ ਕਿ ਉਹ ਖਾਲਿਸਤਾਨੀ ਲਹਿਰ 'ਚ ਸਭ ਤੋਂ ਵੱਧ ਪੜ੍ਹਿਆ ਹੋਇਆ ਹੈ, ਤੇ ਉਸ ਨੇ ਹੀ ਸਭ ਤੋਂ ਲੰਬਾ ਕਸ਼ਟ ਹੰਢਾਇਆ ਹੈ। ਇਹ ਵੀ ਸੱਚ ਹੈ ਕਿ ਉਸ ਦੇ ਨਾਂ ਉਤੇ ਹੀ ਸਭ ਤੋਂ ਵੱਧ ਸਿਆਸਤ ਹੋਈ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਸ ਦੇ ਹੀ ਕੁਝ ਸਾਥੀਆਂ ਨੇ ਉਸ ਨਾਲ ਦਗਾ ਕੀਤਾ। ਪ੍ਰੋ. ਭੁੱਲਰ ਨੂੰ ਕਾਲ ਕੋਠੜੀ ਤੱਕ ਲਿਜਾਣ ਵਿਚ ਉਸ ਦੇ

**ਹਰਜਿੰਦਰ ਦੁਸਾਂਝ**
ਫੋਨ: 530-301-1753

ਕਈ ਸੰਗੀ-ਸਾਥੀਆਂ ਦੇ ਰੋਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜਦੋਂ ਪ੍ਰੋ. ਭੁੱਲਰ ਨੂੰ ਜਰਮਨੀ ਤੋਂ ਡਿਪੋਰਟ ਕੀਤਾ ਗਿਆ, ਉਸ ਦਾ ਸਾਰਾ ਪਰਿਵਾਰ ਖੇਰੂੰ-ਖੇਰੂੰ ਹੋ ਚੁੱਕਾ ਸੀ। ਪਿਤਾ ਲਾਪਤਾ ਸੀ, ਜਿਸ ਦਾ ਅੱਜ ਤੱਕ ਕੋਈ ਪਤਾ ਨਹੀਂ। ਬਾਕੀ ਜੀਅ ਅਮਰੀਕਾ-ਕੈਨੇਡਾ ਜਾ ਚੁੱਕੇ ਸਨ, ਸਰਕਾਰੀ ਦਹਿਸ਼ਤ ਕਾਰਨ ਦੇਸ਼ ਨਹੀਂ ਸਨ ਪਰਤ ਰਹੇ। ਉਸ ਵਕਤ ਭੁੱਲਰ ਦੇ ਸੰਗੀ-ਸਾਥੀਆਂ ਨੇ ਕੇਸ ਲੜਿਆ, ਪਰ ਉਨ੍ਹਾਂ ਕੇਸ ਇਮਾਨਦਾਰੀ ਨਾਲ ਨਾ ਤਿਆਰ ਕੀਤਾ। ਉਸ ਦਾ ਚੰਡੀਗੜ੍ਹ ਵਾਲਾ ਜਿਹੜਾ ਸੰਗੀ ਕੇਸ ਲੜ ਰਿਹਾ ਸੀ, ਅੱਜ ਉਸ ਦਾ ਕੋਈ ਥਾਂ-ਟਿਕਾਣਾ ਨਹੀਂ। ਉਸ ਵਕਤ ਤੱਕ ਭੁੱਲਰ ਖੁਦ ਘਰਦਿਆਂ ਅਤੇ ਰਿਸ਼ਤੇਦਾਰਾਂ ਤੋਂ ਵੱਧ ਉਨ੍ਹਾਂ 'ਤੇ ਵੱਧ ਯਕੀਨ ਕਰਦਾ ਸੀ, ਤੇ ਉਹ ਉਸ ਨੂੰ ਗੁੰਮਰਾਹ ਕਰਦੇ ਰਹੇ, ਤੇ ਉਸ ਦੇ ਗੁੰਮਰਾਹਕੁਨ ਬਿਆਨ ਹੀ ਉਸ ਲਈ ਸਭ ਤੋਂ ਵੱਡਾ ਅੜਿੱਕਾ ਬਣ ਗਏ। ਜਿਸ ਤਰ੍ਹਾਂ ਦੇ ਬਿਆਨ ਉਸ ਨੇ ਪੁਲਿਸ ਨੂੰ ਦਿੱਤੇ, ਉਹ ਭਾਵੁਕਤਾ ਦੇ ਵਹਿਣ ਵਿਚ ਜੱਜ ਸਾਹਮਣੇ ਦੇ ਗਿਆ। ਹੁਣ ਬਚਾਉ ਪੱਖ ਨੂੰ ਅਦਾਲਤ 'ਚ ਸਾਬਤ ਕਰਨਾ ਪਵੇਗਾ ਕਿ ਉਸ ਵਕਤ ਭੁੱਲਰ ਨੇ ਕਿਹੜੇ ਹਾਲਾਤ ਵਿਚ ਬਿਆਨ ਦਿੱਤੇ ਸਨ? ਉਸ ਦੇ ਬਾਪ ਸਮੇਤ ਦੋ ਹੋਰ ਕਰੀਬੀ ਰਿਸ਼ਤੇਦਾਰ ਗਾਇਬ ਕਰ ਦਿੱਤੇ ਗਏ ਸਨ।

ਇਸ ਮਾਮਲੇ ਦਾ ਦੁੱਖਦਾਈ ਪਹਿਲੂ ਇਹ ਹੈ ਕਿ ਭੁੱਲਰ ਦੇ ਨਾਂ ਉਤੇ ਸੌੜੀ ਸਿਆਸਤ ਦੀ ਸ਼ਤਰੰਜ ਖੇਡੀ ਜਾ ਰਹੀ ਹੈ। ਹੁਣ ਬਹੁਤ ਸਾਰੇ ਲੋਕਾਂ ਦੇ ਭੁੱਲਰ ਦੇ ਕੇਸ ਨਾਲ ਨਿੱਜੀ ਮੁਫ਼ਾਦ ਜੁੜ ਚੁੱਕੇ ਹਨ। ਅਜਿਹੇ ਲੋਕਾਂ ਦੀ ਕਮੀ ਨਹੀਂ ਜਿਹੜੇ ਭੁੱਲਰ ਦੇ ਨਾਂ ਉਤੇ ਪੈਸੇ ਇਕੱਠੇ ਕਰਦੇ ਹਨ। ਭੁੱਲਰ ਦੇ ਪਰਿਵਾਰ ਨੇ ਕਿਸੇ ਤੋਂ ਇਕ ਟਕਾ ਵੀ ਨਹੀਂ ਲਿਆ। ਭੁੱਲਰ ਪਰਿਵਾਰ ਧਰਮ ਨਿਰਪੱਖ ਅਤੇ ਰਾਜਨੀਤੀ ਤੋਂ ਕੋਰਾ ਹੈ, ਪਰ ਪਰਿਵਾਰ ਦੇ ਜੀਅ ਸੁਚੇਤ ਇਨਸਾਨਾਂ ਵਜੋਂ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਅਤੇ ਜ਼ਿਆਦਤੀ ਦਾ ਵਿਰੋਧ ਕਰਦੇ ਹਨ। ਇਹ ਇਸ ਪਰਿਵਾਰ ਦੀ ਬਦਕਿਸਮਤੀ ਸੀ ਕਿ ਸੌੜੀ ਸਿਆਸਤ ਹੱਥੋਂ ਇਸ ਪਰਿਵਾਰ ਦੀ ਲੋਹੜੇ ਦੀ ਬਰਬਾਦੀ ਹੋਈ। ਦੁੱਖ ਇਸ ਗੱਲ ਦਾ ਹੈ ਕਿ ਜਿਹੜੇ ਲੋਕ ਇਸ ਬਰਬਾਦੀ 'ਚ ਸ਼ਰੀਕ ਸਨ, ਅੱਜ ਵੀ ਭੁੱਲਰ ਦੇ ਨਾਂ 'ਤੇ ਦੋਵੇਂ ਹੱਥੀਂ ਲੱਡੂ ਫੜੀ ਬੈਠੇ ਹਨ। ਪਿਛਲੇ ਦਿਨੀਂ ਹੀ ਭੁੱਲਰ ਦੀ ਮਾਤਾ ਦੇ ਨਾਂ 'ਤੇ ਕੁਝ ਅਖ਼ਬਾਰਾਂ ਨੇ ਚਿੱਠੀ ਪ੍ਰਕਾਸ਼ਤ ਕੀਤੀ ਸੀ। ਭੁੱਲਰ ਦੇ ਛੋਟੇ ਭਰਾ ਤੇ ਮੇਰੇ ਦੋਸਤ ਤੇਜਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਉਸ ਚਿੱਠੀ ਦਾ ਉਨ੍ਹਾਂ ਦੀ ਮਾਤਾ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਆਖਿਆ ਕਿ ਉਹ ਹਰ ਉਸ ਬੰਦੇ ਦਾ ਨਿੱਜੀ ਤੌਰ 'ਤੇ ਧੰਨਵਾਦ ਕਰਦੇ ਹਨ ਜਿਸ ਨੇ ਵੀ ਉਨ੍ਹਾਂ ਦੇ ਭਰਾ ਅਤੇ ਪਰਿਵਾਰ ਦੇ ਹੱਕ 'ਚ ਹਾਅ ਦਾ ਨਾਹਰਾ ਮਾਰਿਆ ਹੈ। ਭਾਈਚਾਰੇ ਨੂੰ ਭਾਵੁਕਤਾ ਦੀ ਕੁੰਜ 'ਚੋਂ ਬਾਹਰ ਆ ਕੇ ਯਥਾਰਥਵਾਦੀ ਪਹੁੰਚ ਆਪਨਾ ਕੇ ਏਕੇ ਨਾਲ ਕਦਮ ਚੁੱਕਣੇ ਚਾਹੀਦੇ ਹਨ। ਅਜਿਹਾ ਕੁਝ ਨਾ ਕੀਤਾ ਜਾਵੇ ਜਿਸ ਨਾਲ ਪਹਿਲਾਂ ਹੀ ਖੁਆਰ ਹੋ ਚੁੱਕੇ ਭੁੱਲਰ ਪਰਿਵਾਰ ਨੂੰ ਹੋਰ ਖ਼ਮਿਆਜ਼ਾ ਭੁਗਤਣਾ ਪਵੇ। ਸਭ ਤੋਂ ਵੱਡੀ ਲੋੜ ਹੈ ਉਨ੍ਹਾਂ ਲੋਕਾਂ ਤੋਂ ਸੁਚੇਤ ਹੋਣ ਦੀ, ਜੋ ਇਸ ਮੁੱਦੇ ਰਾਹੀਂ ਆਪਣੇ ਮੁਫ਼ਾਦ ਪਾਲ ਰਹੇ ਹਨ।

ਪ੍ਰੋ. ਭੁੱਲਰ ਦੇ ਕੇਸ ਦੇ ਨਾਲ ਹੀ ਦੂਜੀ ਘਟਨਾ ਵਾਪਰੀ ਦਿੱਲੀ ਦੰਗਿਆਂ ਦੇ ਕੇਸ ਸਬੰਧੀ ਜਿਸ ਵਿਚ ਫਿਰ ਪਹਿਲਾਂ ਵਾਂਗ ਸੱਜਣ ਕੁਮਾਰ ਬਰੀ ਹੋ ਗਿਆ। ਜਾਂਚ ਏਜੰਸੀ ਸੀ.ਬੀ.ਆਈ. ਖੁਦ ਮੰਨਦੀ ਹੈ ਕਿ ਸਿੱਖ ਵਿਰੋਧੀ ਦੰਗਾਕਾਰੀਆਂ ਨੂੰ ਦਿੱਲੀ ਪੁਲਿਸ ਦੇ ਅਧਿਕਾਰੀ ਅਤੇ ਵਕਤ ਦੀ ਸਰਕਾਰ ਹੱਲਾਸ਼ੇਰੀ ਦੇ ਰਹੀ ਸੀ, ਪਰ ਸੀ.ਬੀ.ਆਈ. ਦੇ ਕਈ ਅਧਿਕਾਰੀ ਇਹ ਵੀ ਕਹਿ ਰਹੇ ਹਨ ਕਿ ਸੱਜਣ ਕੁਮਾਰ ਤੇ ਟਾਈਟਲਰ ਵਰਗੇ ਨੇਤਾਵਾਂ ਦੇ ਖ਼ਿਲਾਫ਼ ਪੁਖਤਾ ਸਬੂਤ ਨਹੀਂ ਹਨ।


*ਦਵਿੰਦਰਪਾਲ ਸਿੰਘ ਭੁੱਲਰ*

ਸੀ.ਬੀ.ਆਈ. ਇਹ ਵੀ ਮੰਨਦੀ ਹੈ ਕਿ ਸਕਰਾਰ ਅਤੇ ਦਿੱਲੀ ਪੁਲਿਸ ਨੇ ਸਬੂਤ ਮਿਟਾਉਣ ਦਾ ਕੰਮ ਕੀਤਾ, ਪਰ ਆਪਣੇ ਨਿੱਜੀ ਮੁਫ਼ਾਦ ਕਰਕੇ ਬਹੁਤ ਸਾਰੇ ਸਿੱਖ ਨੇਤਾਵਾਂ ਨੇ ਵੀ ਸਬੂਤ ਮਿਟਾਉਣ ਅਤੇ ਗਵਾਹ ਮੁਕਰਾਉਣ ਤੇ ਧਮਕਾਉਣ ਵਰਗੇ ਕੰਮ ਕੀਤੇ। ਦੰਗਾ ਪੀੜਤ ਵਾਰ-ਵਾਰ ਅਜਿਹੇ ਲੋਕਾਂ ਤੋਂ ਗੁੰਮਰਾਹ ਹੋ ਰਹੇ ਹਨ। ਸੱਚ ਇਹ ਵੀ ਹੈ ਕਿ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਅਨੇਕਾਂ ਅਜਿਹੇ ਸਰਦੇ-ਪੁੱਜਦੇ ਸਿੱਖ ਹਨ ਜਿਨ੍ਹਾਂ ਦਾ ਇਨ੍ਹਾਂ ਦੰਗਿਆਂ 'ਚ ਵਾਲ ਵੀ ਵਿੰਗਾ ਨਹੀਂ ਸੀ ਹੋਇਆ ਪਰ ਉਨ੍ਹਾਂ ਨੇ ਵਾਰ-ਵਾਰ ਸਰਕਾਰੀ ਖ਼ਜ਼ਾਨਾ ਲੁੱਟਿਆ। ਦੂਜੇ ਪਾਸੇ ਸਾਧਾਰਨ ਸਿੱਖ ਜਿਨ੍ਹਾਂ ਦੇ ਕਮਾਊ ਜੀਅ ਵੀ ਜਾਂਦੇ ਰਹੇ ਤੇ ਬਚਿਆ ਵੀ ਕੁਝ ਨਹੀਂ; ਉਨ੍ਹਾਂ ਨੂੰ ਜਾਰੀ ਹੋਈਆਂ ਸਰਕਾਰੀ ਰਾਹਤਾਂ 'ਚੋਂ ਕੁਝ ਵੀ ਨਹੀਂ ਮਿਲਿਆ।

1984 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਨੂੰ ਗਹਿਰਾਈ ਨਾਲ ਦੇਖਿਆ ਜਾਵੇ ਤਾਂ ਇਹੋ ਗੱਲ ਸਾਹਮਣੇ ਆਉਂਦੀ ਹੈ ਕਿ ਜੇ ਸਰਕਾਰੀ ਤੰਤਰ ਇਨ੍ਹਾਂ ਕੇਸਾਂ ਨੂੰ ਲਮਕਾ ਰਿਹਾ ਹੈ ਤਾਂ ਜਿਹੜੇ ਸਿੱਖ ਦੰਗਾ ਪੀੜਤਾਂ ਦਾ ਸ਼ੋਸ਼ਣ ਕਰ ਕੇ ਪੈਸਾ ਬਣਾ ਰਹੇ ਹਨ, ਉਹ ਵੀ ਤਾਂ ਇਸ ਕੇਸ ਨੂੰ ਮੁਕਾਉਣਾ ਨਹੀਂ ਚਾਹੁੰਦੇ। ਵੈਸੇ ਤਾਂ ਸਮੁੱਚੀ ਖਾਲਿਸਤਾਨੀ ਲਹਿਰ ਦੇ ਨਾਂ 'ਤੇ ਭ੍ਰਿਸ਼ਟ ਲੋਕ ਪੈਸਾ ਬਟੋਰਦੇ ਆਏ ਹਨ। ਜਦੋਂ ਸਾਧਾਰਨ ਲੋਕ ਸਰਕਾਰੀ ਤੇ ਗੈਰ-ਸਰਕਾਰੀ ਦਹਿਸ਼ਤਗਰਦੀ ਦੀ ਚੱਕੀ ਵਿਚ ਪਿਸ ਰਹੇ ਸਨ ਤਾਂ ਇਕ ਧਿਰ ਖਾਲਿਸਤਾਨ ਦੇ ਹੱਕ ਵਿਚ ਬੋਲ ਕੇ, ਤੇ ਦੂਜੀ ਧਿਰ ਖਾਲਿਸਤਾਨ ਦੀ ਮੁਖਾਲਫਤ ਕਰ ਕੇ ਪੈਸੇ ਬਣਾ ਰਹੀ ਸੀ। ਜੇ ਉਸ ਦੌਰ ਨੂੰ ਰਤਾ ਕੁ ਨਿਖੇੜ ਕੇ ਦੇਖਿਆ ਜਾਵੇ ਤਾਂ ਭ੍ਰਿਸ਼ਟ ਲੋਕਾਂ ਨੇ ਸਭ ਤੋਂ ਵੱਧ ਪੈਸਾ ਦਿੱਲੀ ਦੰਗਿਆਂ ਤੋਂ ਬਟੋਰਿਆ। ਕੌਣ ਸੱਚਾ ਤੇ ਕੌਣ ਝੂਠਾ ਹੈ, ਇਹ ਕਹਿਣਾ ਤਾਂ ਮੁਸ਼ਕਿਲ ਹੈ, ਪਰ ਦੰਗਿਆਂ ਨਾਲ ਜੁੜੇ ਅਤੇ ਦੰਗਾ ਪੀੜਤਾਂ ਦੀ ਪੈਰਵੀ ਕਰ ਰਹੇ ਨਾਮਵਰ ਵਕੀਲ ਸ. ਐਚ.ਐਸ. ਫੂਲਕਾ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਵਿਚਕਾਰ ਪੈਸੇ ਦੇ ਮਾਮਲੇ ਨੂੰ ਲੈ ਕੇ ਪਿਆ ਵਿਵਾਦ ਆਪਣੇ ਆਪ ਵਿਚ ਸਭ ਤੋਂ ਵੱਡੀ ਮਿਸਾਲ ਹੈ। ਸਿੱਖਾਂ ਵੱਲੋਂ ਕੇਸ ਦੀ ਪੈਰਵੀ ਕਰ ਰਹੇ ਕੁਝ ਵਕੀਲਾਂ, ਜਿਨ੍ਹਾਂ ਉਤੇ ਦੰਗਾ ਪੀੜਤਾਂ ਨੂੰ ਰੱਬ ਵਰਗਾ ਭਰੋਸਾ ਸੀ, ਉਨ੍ਹਾਂ ਦਾ ਨਿੱਜੀ ਸਮਾਗਮਾਂ 'ਚ ਆਪਣੇ ਦੋਸਤਾਂ ਨੂੰ ਇਹ ਕਹਿਣਾ ਕਿ ਇਨ੍ਹਾਂ ਕੇਸਾਂ 'ਚੋਂ ਨਿਕਲਦਾ ਤਾਂ ਕੁਝ ਨਹੀਂ; ਉਹ ਤਾਂ ਬੱਸ ਕੇਸ ਚੱਲਦਾ ਰੱਖਣਾ ਚਾਹੁੰਦੇ ਹਨ। ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਪਿੱਛੇ ਭਾਵੇਂ ਅਸੀਂ ਭਾਰਤ ਦੀ ਨਾਕਸ ਕਾਰਜ ਪਾਲਿਕਾ, ਨਿਆਂ ਪਾਲਿਕਾ ਅਤੇ ਭ੍ਰਿਸ਼ਟ ਰਾਜਸੀ ਢਾਂਚੇ ਨੂੰ ਦੋਸ਼ ਦਿੰਦੇ ਹਾਂ, ਪਰ ਹੁਣ ਤੱਕ ਦੰਗਿਆਂ ਸਬੰਧੀ ਦਸ ਜਾਂਚ ਕਮੇਟੀਆਂ ਅਤੇ ਕਮਿਸ਼ਨ ਬਣਨ ਦੇ ਬਾਵਜੂਦ ਜੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਤੇ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ, ਤਾਂ ਉਸ ਲਈ ਸਿੱਖ ਭਾਈਚਾਰੇ ਦੇ ਭ੍ਰਿਸ਼ਟ ਲੋਕ ਵੀ ਬਰਾਬਰ ਦੇ ਦੋਸ਼ੀ ਹਨ। ਜੇ ਇਨ੍ਹਾਂ ਸਾਰੀਆਂ ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਰਿਪੋਰਟਾਂ ਪੜ੍ਹੀਆਂ ਜਾਣ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸਮੇਂ-ਸਮੇਂ 'ਤੇ ਗਵਾਹ ਕਿਸੇ ਲਾਲਚ ਵਿਚ ਜਾਂ ਆਪਣੇ ਹੀ ਆਗੂਆਂ ਦੇ ਦਬਾਅ ਥੱਲੇ ਕਿਵੇਂ ਬਿਆਨ ਬਦਲਦੇ ਰਹੇ ਹਨ। ਗਵਾਹਾਂ ਨੂੰ ਡਰਾਉਣ, ਧਮਕਾਉਣ, ਦਬਕਾਉਣ ਤੇ ਮੁਕਰਾਉਣ ਲਈ ਨੀਲੇ ਤੇ ਚਿੱਟੇ ਇਕੋ ਜਿੰਨੇ ਦੋਸ਼ੀ ਹਨ। ਦਿੱਲੀ 'ਚ ਬਾਦਲ ਦਲ ਦੇ ਸਾਬਕਾ ਕਪਤਾਨ ਅਵਤਾਰ ਸਿੰਘ ਹਿੱਤ ਦੇ ਨਾਂ ਦੇ ਚਰਚੇ ਤਾਂ ਕਿਸੇ ਸਮੇਂ ਅਖ਼ਬਾਰਾਂ 'ਚ ਵੀ ਹੁੰਦੇ ਰਹੇ ਹਨ।

ਦਿੱਲੀ ਦੰਗਿਆਂ ਦੇ ਇਕ ਅਹਿਮ ਗਵਾਹ ਮਰਹੂਮ ਗ੍ਰੰਥੀ ਸੁਰਿੰਦਰ ਸਿੰਘ ਨੇ ਖੁਦ ਦੱਸਿਆ ਸੀ ਕਿ ਕੁਝ ਲੋਕ ਕਿਵੇਂ ਦੰਗਿਆਂ ਦੇ ਨਾਂ 'ਤੇ ਵਾਰ-ਵਾਰ ਸਰਕਾਰੀ ਸਹਾਇਤਾ ਲੈ ਰਹੇ ਹਨ ਤੇ ਕੁਝ ਨੂੰ ਕੁਝ ਵੀ ਨਹੀਂ ਮਿਲਿਆ। ਉਸ ਨੇ ਆਪਣੀ ਕਹਾਣੀ ਦੱਸੀ, ਕਿ ਕਿਵੇਂ ਵੱਖੋ ਵੱਖਰੇ ਕਮਿਸ਼ਨਾਂ ਕੋਲ ਜਾ ਅਦਾਲਤਾਂ 'ਚ ਬਿਆਨ ਬਦਲਣ ਲਈ ਵੱਖੋ ਵੱਖਰੀ ਧਿਰਾਂ ਦੇ ਸਿੱਖ ਆਗੂ ਉਸ 'ਤੇ ਦਬਾਅ ਪਾਉਂਦੇ ਰਹੇ। ਇਹ ਆਖੌਤੀ ਨੇਤਾ ਪੈਸੇ ਕਮਾਉਣ ਲਈ ਜਾਂ ਹੋਰ ਮੁਫ਼ਾਦ ਲਈ ਕਈ ਨਾਮਵਰ ਬੰਦਿਆਂ ਨੂੰ ਡਰਾਉਂਦੇ ਧਮਕਾਉਂਦੇ ਵੀ ਰਹੇ ਹਨ ਕਿ ਜੇ ਉਨ੍ਹਾਂ ਨੇ ਉਨ੍ਹਾਂ ਦੇ ਹਿੱਤਾਂ ਦਾ ਖਿਆਲ ਨਾ ਰੱਖਿਆ ਤਾਂ ਉਹ ਕਮਿਸ਼ਨ ਜਾਂ ਕਮੇਟੀ ਕੋਲ ਉਸ ਨੂੰ ਦੰਗਿਆਂ ਦਾ ਦੋਸ਼ੀ ਸਾਬਤ ਕਰ ਦੇਣਗੇ। ਇਨ੍ਹਾਂ ਦੰਗਿਆਂ ਦੀ ਜਾਂਚ ਨਾਲ ਜੁੜੇ ਰਹੇ ਇਕ ਇਮਾਨਦਾਰ ਸਮਝੇ ਜਾਂਦੇ ਪੁਲਿਸ ਅਫਸਰ ਨੇ ਦੱਸਿਆ ਕਿ ਦੰਗਿਆਂ ਸਬੰਧੀ ਸਭ ਤੋਂ ਪਹਿਲੀ ਜਾਂਚ ਰਿਪੋਰਟ ਸਮਾਜ ਸੇਵੀ ਸੰਸਥਾ 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀ' ਨੇ ਆਪਣੇ ਤੌਰ 'ਤੇ 'ਹੂ ਆਰ ਦਿ ਗਿਲਟੀ?' (ਦੋਸ਼ੀ ਕੌਣ?) ਜਾਰੀ ਕੀਤੀ ਸੀ। ਉਸ ਰਿਪੋਰਟ 'ਚ ਉਨ੍ਹਾਂ ਦੰਗਾਕਾਰੀਆਂ ਦੀ ਅਗਵਾਈ ਕਰਨ ਵਾਲੇ 227 ਬੰਦਿਆਂ ਦੀ ਪਛਾਣ ਕੀਤੀ ਸੀ। ਇਸ 'ਚ ਕਾਂਗਰਸੀ ਆਗੂ ਲਲਿਤ ਮਾਕਨ ਦਾ ਨਾਂ ਤੀਜੇ ਨੰਬਰ ਉਤੇ ਆਉਂਦਾ ਸੀ। ਇਸ ਸੰਸਥਾ ਤੋਂ ਬਿਨਾਂ ਦੋ ਹੋਰ

*(ਬਾਕੀ ਸਫਾ 27 'ਤੇ)*

# ਸੱਜਣ ਕੁਮਾਰ ਦੇ ਹਵਾਲੇ ਨਾਲ ਨਿਆਂ ਦਾ ਸਵਾਲ

*ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਵਿਚ 3163 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਵਿਚੋਂ ਸਿਰਫ਼ 442 ਨੂੰ ਦੋਸ਼ੀ ਕਰਾਰ ਦਿੱਤਾ ਗਿਆ, 2706 ਵਿਅਕਤੀਆਂ ਨੂੰ ਬਰੀ ਕਰ ਦਿੱਤਾ ਗਿਆ। ਜੇ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਦੀ ਸੂਚੀ ਗ਼ੌਰ ਨਾਲ ਦੇਖੀ ਜਾਵੇ ਤਾਂ ਇਨ੍ਹਾਂ ਵਿਚ ਕਤਲੇਆਮ ਦੀ ਸਿੱਧੀ ਅਗਵਾਈ ਕਰਨ ਵਾਲਾ ਸ਼ਾਇਦ ਹੀ ਕੋਈ ਸ਼ਾਮਲ ਹੋਵੇਗਾ। ਜੋ ਵੀ ਕੋਈ ਇਸ ਕਤਲੇਆਮ ਵਿਚ ਸ਼ਾਮਲ ਸੀ, ਉਸ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ, ਪਰ ਇਹ ਜ਼ਿਆਦਾਤਰ ਵਿਅਕਤੀ ਮੁੱਖ ਤੌਰ 'ਤੇ ਕਾਂਗਰਸੀ ਆਗੂਆਂ ਵਲੋਂ ਲਾਮਬੰਦ ਕਰ ਕੇ ਲਿਆਂਦੀਆਂ ਭੀੜਾਂ ਸਨ ਜਿਨ੍ਹਾਂ ਨੇ ਮੁੱਖ ਕਾਂਗਰਸੀ ਸੂਤਰਧਾਰਾਂ ਦੇ ਮੋਹਰਿਆਂ ਦਾ ਕੰਮ ਕੀਤਾ। ਨਿਆਂ ਦਾ ਤਕਾਜ਼ਾ ਇਹ ਸੀ ਕਿ ਇਸ ਕਤਲੇਆਮ ਦੇ ਅਦਿੱਖ ਹੱਥਾਂ, ਉਨ੍ਹਾਂ ਰਾਜਸੀ ਸੂਤਰਧਾਰਾਂ ਦੇ ਅਸਲ ਚਿਹਰੇ ਸਾਹਮਣੇ ਲਿਆਏ ਜਾਂਦੇ ਜੋ ਪਰਦੇ ਪਿੱਛਿਉਂ ਇਸ ਕਤਲੇਆਮ ਦਾ ਸੰਚਾਲਨ ਕਰ ਰਹੇ ਸਨ। ਉਨ੍ਹਾਂ ਖ਼ਿਲਾਫ਼ ਕੁਝ ਵੀ ਨਹੀਂ ਹੋਇਆ, ਉਹ ਤਾਂ ਰਾਜਸੀ ਤਰੱਕੀਆਂ ਦੇ ਕੇ ਹੋਰ ਉੱਚੇ ਅਹੁਦਿਆਂ ਨਾਲ ਸਨਮਾਨੇ ਗਏ। ਉਲਟਾ ਇਹ ਰਾਜਸੀ ਕੋੜਮਾ ਉਨ੍ਹਾਂ ਮਜ਼ਲੂਮਾਂ ਨੂੰ 84 ਨੂੰ ਭੁੱਲ ਜਾਣ ਦੀਆਂ ਨਸੀਹਤਾਂ ਦੇ ਰਿਹਾ ਹੈ ਜਿਨ੍ਹਾਂ ਦੇ ਪਰਿਵਾਰਾਂ ਦੇ ਜੀਆਂ ਨੂੰ ਉਨ੍ਹਾਂ ਦੀਆਂ ਅੱਖਾਂ ਅੱਗੇ ਕੋਹ-ਕੋਹ ਕੇ ਮਾਰਿਆ ਗਿਆ।*

ਉਪਰੀ ਨਜ਼ਰੇ ਦੇਖਿਆਂ ਅੱਡ-ਅੱਡ ਕੇਸਾਂ 'ਚ ਅਦਾਲਤੀ ਫ਼ੈਸਲਿਆਂ ਦਾ ਆਪਸ ਵਿਚ ਦੂਰ ਦਾ ਵੀ ਵਾਸਤਾ ਨਹੀਂ ਦਿਖਾਈ ਨਹੀਂ ਦਿੰਦਾ, ਪਰ ਭਾਰਤੀ ਨਿਆਂ ਪ੍ਰਬੰਧ ਦੀ ਭੂਮਿਕਾ ਦੇ ਪੱਖੋਂ ਇਨ੍ਹਾਂ ਦੀਆਂ ਤੰਦਾਂ ਆਪਸ 'ਚ ਸਾਂਝੀਆਂ ਹੁੰਦੀਆਂ ਹਨ। ਕੇਸਾਂ ਦੀ ਸਾਂਝੀ ਕੜੀ ਇਹ ਹੈ ਕਿ ਅਸਲ ਮੁਜਰਮਾਂ ਪ੍ਰਤੀ ਇਸ ਮੁਲਕ ਦੀ ਨਿਆਂ ਪ੍ਰਣਾਲੀ ਦਾ ਰਵੱਈਆ ਹੋਰ ਹੈ ਅਤੇ ਝੂਠੇ ਮਾਮਲਿਆਂ 'ਚ ਫਸਾਏ ਬੇਕਸੂਰ ਅਵਾਮ ਪ੍ਰਤੀ ਹੋਰ। ਹਾਲ ਹੀ ਵਿਚ 1984 ਵਿਚ ਸਿੱਖਾਂ ਦੇ ਕਤਲੇਆਮ ਦੇ ਵੱਡੇ ਦੋਸ਼ੀ ਸੱਜਣ ਕੁਮਾਰ ਨੂੰ ਅਦਾਲਤ ਵਲੋਂ ਬਰੀ ਕਰ ਦਿੱਤਾ ਗਿਆ। ਜਦੋਂ ਇਸ ਅਨਿਆਂ ਖ਼ਿਲਾਫ਼ ਰੋਹ ਦਾ ਤੂਫ਼ਾਨ ਉਠਿਆ ਤਾਂ ਅੱਖਾਂ ਪੂੰਝਣ ਲਈ ਦਿੱਲੀ ਦੀ ਇਕ ਅਦਾਲਤ ਵਲੋਂ ਇਸੇ ਕਤਲੇਆਮ

**ਬੂਟਾ ਸਿੰਘ**
ਫ਼ੋਨ:91-94634-74342

ਸਬੰਧੀ ਇਕ ਸਾਬਕਾ ਵਿਧਾਇਕ ਸਮੇਤ ਤਿੰਨ ਦੋਸ਼ੀਆਂ ਨੂੰ ਕੁਝ ਸਜ਼ਾ ਸੁਣਾ ਦਿੱਤੀ ਗਈ। ਇਉਂ ਇਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਇਸ ਰਾਜ ਪ੍ਰਬੰਧ ਵਿਚ ਨਿਆਂ ਦੋ ਤਰ੍ਹਾਂ ਦਾ ਹੈ। ਅਵਾਮ ਲਈ ਹੋਰ ਅਤੇ ਇਨਸਾਨਾਂ ਦੀਆਂ ਜਾਨਾਂ ਦਾ ਖੌਅ ਹੁਕਮਰਾਨ ਜਮਾਤਾਂ ਲਈ ਹੋਰ। ਸੱਜਣ ਕੁਮਾਰ ਵਾਲੇ ਕੇਸ 'ਚ 28 ਸਾਲ ਲੰਮੀ ਕਾਨੂੰਨੀ ਚਾਰਾਜੋਈ ਬਾਅਦ ਅਜਿਹਾ ਅਦਾਲਤੀ ਫ਼ੈਸਲਾ ਨਿਆਂ ਦਾ ਕਿੰਨਾ ਕੁ ਹਾਸਲ ਮੰਨਿਆ ਜਾ ਸਕਦਾ ਹੈ, ਸਿਵਾਏ ਮਜ਼ਲੂਮਾਂ ਨੂੰ ਥਾਣਿਆਂ ਕਚਹਿਰੀਆਂ 'ਚ ਰੋਲ ਕੇ ਉਨ੍ਹਾਂ ਨੂੰ ਘੋਰ ਮਾਯੂਸੀ ਦੇ ਹੋਰ ਡੂੰਘੇ ਆਲਮ ਵਿਚ ਧੱਕਣ ਦੇ। ਤਿੰਨ ਦਹਾਕੇ ਸਥਾਨਕ ਅਦਾਲਤਾਂ 'ਚ ਧੱਕੇ ਖਾਣ ਤੋਂ ਬਾਅਦ ਹੁਣ ਉਹ ਮਜ਼ਲੂਮ ਉੱਚ ਅਦਾਲਤਾਂ ਦੇ ਵੱਸ ਪੈ ਜਾਣਗੇ। ਪੰਜਾਬੀ ਸ਼ਾਇਰ ਸੁਰਜੀਤ ਪਾਤਰ ਨੇ ਆਪਣੀ ਇਕ ਨਜ਼ਮ ਵਿਚ ਭਾਰਤੀ ਨਿਆਂ ਪ੍ਰਬੰਧ ਦੀ ਇਸ ਭੂਮਿਕਾ ਦੀ ਐਨ ਸਹੀ ਤਸਵੀਰ ਪੇਸ਼ ਕੀਤੀ ਸੀ-ਐਨਾ ਉੱਚਾ ਤਖ਼ਤ ਸੀ ਅਦਲੀ ਰਾਜੇ ਦਾ, ਮਜ਼ਲੂਮਾਂ ਦੀ ਉਮਰਾ ਰਾਹ ਵਿਚ ਬੀਤ ਗਈ।

ਸੱਜਣ ਕੁਮਾਰ ਉਨ੍ਹਾਂ ਵੱਡੇ ਦੋਸ਼ੀਆਂ ਵਿਚੋਂ ਇਕ ਹੈ ਜਿਨ੍ਹਾਂ ਨੇ ਰਾਜਧਾਨੀ ਅੰਦਰ ਸਿੱਖਾਂ ਦੇ ਕਤਲੇਆਮ ਵਿਚ ਸਿਰਕੱਢ ਭੂਮਿਕਾ ਨਿਭਾਈ ਸੀ। ਮੁਲਕ ਦੀ ਰਾਜਧਾਨੀ ਵਿਚ ਕੇਂਦਰੀ ਹਕੂਮਤ ਦੇ ਐਨ ਨੱਕ ਹੇਠ ਹਜ਼ਾਰਾਂ ਬੇਕਸੂਰ ਸਿੱਖਾਂ ਦਾ ਅਜਿਹਾ ਕਤਲੇਆਮ ਹਕੂਮਤ ਦੀ ਅਗਵਾਈ, ਥਾਪੀ ਅਤੇ ਹੱਲਾਸ਼ੇਰੀ ਤੋਂ ਬਿਨਾਂ ਸੰਭਵ ਨਹੀਂ ਸੀ। ਇਹ ਮਹਿਜ਼ ਇੰਦਰਾ ਗਾਂਧੀ ਦੇ ਸਿੱਖ ਅੰਗ ਰੱਖਿਅਕਾਂ ਹੱਥੋਂ ਕਤਲ ਦਾ ਜਜ਼ਬਾਤੀ ਪ੍ਰਤੀਕਰਮ ਨਹੀਂ ਸੀ। ਜਜ਼ਬਾਤੀ ਪ੍ਰਤੀਕਰਮ ਮਹਿਜ਼ ਕਿਸੇ ਇਕ-ਅੱਧੀ ਵਾਰਦਾਤ ਦੇ ਰੂਪ 'ਚ ਅਤੇ ਥੋੜ੍ਹੇ ਵਕਤ ਲਈ ਹੁੰਦਾ ਹੈ। ਇਸ ਦੇ ਉਲਟ, 84 ਦਾ ਕਤਲੇਆਮ ਭਾਰਤੀ ਹੁਕਮਰਾਨ ਜਮਾਤ ਦੀ ਫਾਸ਼ੀਵਾਦੀ ਜ਼ਹਿਨੀਅਤ ਦਾ ਭੱਦਾ ਇਜ਼ਹਾਰ ਸੀ ਜੋ ਪੂਰੇ ਤਿੰਨ ਦਿਨ ਰਾਜਧਾਨੀ ਦੀਆਂ ਸੜਕਾਂ ਅਤੇ ਹੋਰ ਸ਼ਹਿਰਾਂ ਵਿਚ ਬੇਰੋਕ-ਟੋਕ ਦਨਦਨਾਉਂਦੀ ਰਹੀ। ਖ਼ਾਨਦਾਨੀ ਰਾਜ ਦੇ ਦਸਤੂਰ ਨੂੰ ਅੱਗੇ ਵਧਾਉਂਦਿਆਂ ਨਵੇਂ ਤਖ਼ਤ-ਨਸ਼ੀਨ ਹੋਏ ਸੁਲਤਾਨ ਦੀ ਇਸ ਸਰਕਾਰੀ ਮਨਜ਼ੂਰੀ ਨਾਲ ਕਿ "ਜਦੋਂ ਵੱਡਾ ਦਰੱਖ਼ਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ"। ਇਸ ਪਿੱਛੇ ਇੰਦਰਾ ਗਾਂਧੀ ਦੇ ਕਤਲ ਦੇ ਬਹਾਨੇ ਪੰਜਾਬ ਦੀਆਂ ਜਮਹੂਰੀ ਮੰਗਾਂ ਉਠਾਉਣ ਦੀ ਵੰਗਾਰ ਨੂੰ ਕੁਚਲਣ ਦਾ ਉਦੇਸ਼ ਕੰਮ ਕਰਦਾ ਸੀ (ਭਾਵੇਂ ਅਕਾਲੀ ਦਲ ਵਲੋਂ ਇਹ ਮੰਗਾਂ ਧਾਰਮਿਕ ਮੁਹਾਵਰੇ 'ਚ ਅਤੇ ਫਿਰਕੂ ਪੈਂਤੜੇ ਤੋਂ ਉਠਾਈਆਂ ਗਈਆਂ ਜਦਕਿ ਅਫਿਰਕੂ ਜਮਹੂਰੀ ਕਹਾਉਣ ਵਾਲੀਆਂ ਤਾਕਤਾਂ ਨੇ ਇਨ੍ਹਾਂ ਪ੍ਰਤੀ ਮੁਜਰਮਾਨਾ ਚੁੱਪ ਵੱਟੀ ਰੱਖੀ)।

ਸੱਜਣ ਕੁਮਾਰ, ਐਚ.ਕੇ.ਐਲ. ਭਗਤ ਜਿਹੇ ਲਫਟੈਣਾਂ ਨੂੰ ਬਚਾਉਣ, ਇਨ੍ਹਾਂ ਖ਼ਿਲਾਫ਼ ਰਿਪੋਰਟਾਂ ਦਰਜ ਕਰਾਉਣ ਵਾਲਿਆਂ ਨੂੰ ਖੱਜਲ-ਖੁਆਰ ਕਰਨ ਤੇ ਡਰਾਉਣ-ਧਮਕਾਉਣ ਲਈ ਜਿਵੇਂ ਪੂਰੀ ਸੱਤਾ ਹਰਕਤ 'ਚ ਆਈ ਅਤੇ ਜਿਵੇਂ ਕੇਂਦਰੀ ਹਕੂਮਤ ਤੇ ਪੁਲਿਸ ਤੰਤਰ ਪੂਰਾ ਤਾਣ ਲਾਉਂਦੇ ਸਾਫ਼ ਦੇਖੇ ਗਏ, ਜਿਵੇਂ ਸਾਲਾਂ ਬੱਧੀ ਨਵੇਂ-ਨਵੇਂ ਕਮਿਸ਼ਨ ਬਣਾ-ਢਾਹ ਕੇ ਤੱਥਾਂ ਤੇ ਸਬੂਤਾਂ ਨੂੰ ਮਿਟਾਇਆ ਅਤੇ ਪੜਤਾਲਾਂ ਨੂੰ ਦਬਾਇਆ ਗਿਆ, ਉਹ ਆਪਣੇ ਆਪ ਵਿਚ ਹੀ ਰਾਜ ਤੰਤਰ ਦੀ ਮੁਜਰਮਾਨਾ ਭੂਮਿਕਾ ਦੀ ਤਸਦੀਕ ਹੈ। ਜਿਨ੍ਹਾਂ ਵੱਡੀ ਗਿਣਤੀ ਗਵਾਹਾਂ ਨੇ ਵੱਖ-ਵੱਖ ਕਮਿਸ਼ਨਾਂ ਅੱਗੇ ਸਿੱਖਾਂ ਦੇ ਕਤਲੇਆਮ ਦੀਆਂ ਗਵਾਹੀਆਂ ਦਿੱਤੀਆਂ, ਉਨ੍ਹਾਂ ਸਾਰੀਆਂ ਗਵਾਹੀਆਂ ਵਿਚ ਸੱਜਣ ਕੁਮਾਰ ਦੀ ਮੁੱਖ ਭੂਮਿਕਾ ਉੱਪਰ ਸਪਸ਼ਟ ਉਂਗਲ ਧਰੀ ਗਈ। ਜਮਹੂਰੀ ਤੇ ਸ਼ਹਿਰੀ ਹੱਕਾਂ ਦੀਆਂ ਦੋ ਮੁੱਖ ਜਥੇਬੰਦੀਆਂ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ.ਯੂ.ਡੀ.ਆਰ., ਦਿੱਲੀ) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐੱਲ) ਵਲੋਂ ਆਜ਼ਾਦਾਨਾ ਤੌਰ 'ਤੇ ਤਿਆਰ ਕੀਤੀ ਗਈ ਤੱਥ ਖੋਜ ਰਿਪੋਰਟ 'ਹੂ ਆਰ ਦਿ ਗਿਲਟੀ' (ਨਵੰਬਰ 1984) ਵਿਚ ਸੱਜਣ ਕੁਮਾਰ ਤੇ ਹੋਰ ਮੁੱਖ ਕਾਂਗਰਸੀ ਦੀ ਮੁਜਰਮਾਨਾ ਭੂਮਿਕਾ ਤੱਥਾਂ ਸਹਿਤ ਬਿਆਨ ਕੀਤੀ ਗਈ ਸੀ (ਜਿਸ ਨੂੰ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ 'ਦੋਸ਼ੀ ਕੌਣ' ਵਜੋਂ ਛਾਪਿਆ ਗਿਆ ਸੀ)। ਐਨੇ ਪੁਖਤਾ ਸਬੂਤਾਂ ਦੇ ਬਾਵਜੂਦ ਸੱਜਣ ਕੁਮਾਰ ਤੇ ਉਸ ਵਰਗੇ ਹੋਰ ਵੱਡੇ ਮੁਜਰਮਾਂ ਖ਼ਿਲਾਫ਼ ਸਹੀ ਮੁਕੱਦਮੇ ਦਰਜ ਨਹੀਂ ਕੀਤੇ ਗਏ। ਲੰਮੀ ਜੱਦੋਜਹਿਦ ਤੋਂ ਪਿੱਛੋਂ ਦਰਜ ਹੋਏ ਕੁਝ ਮੁਕੱਦਮਿਆਂ ਦੇ ਲਟਕਾਊ ਅਦਾਲਤੀ ਅਮਲ ਰਾਹੀਂ ਗਵਾਹਾਂ ਨੂੰ ਡਰਾਉਣ-ਧਮਕਾਉਣ, ਮੁਕਰਾਉਣ ਤੇ ਚੁੱਪ ਕਰਾਉਣ ਲਈ ਹਰ ਹਰਬਾ ਵਰਤਿਆ ਗਿਆ। ਸੱਜਣ ਕੁਮਾਰ ਦੇ ਮੁਕੱਦਮੇ ਉੱਪਰ ਤਰਦੀ ਜਿਹੀ ਨਜ਼ਰ ਮਾਰਿਆਂ ਹੀ ਭਾਰਤੀ ਰਾਜ ਦੇ ਵੱਖ-ਵੱਖ ਅੰਗਾਂ ਦੀ ਅਜਿਹੀ ਭੂਮਿਕਾ ਸਪਸ਼ਟ ਨਜ਼ਰ ਆਉਂਦੀ। ਨਿਆਂ ਪ੍ਰਬੰਧ ਮੋਮ ਦੀ ਨੱਕ ਵਾਂਗ ਸੱਤਾ ਦੇ ਇਸ਼ਾਰੇ 'ਤੇ ਕੰਮ ਕਰਦਿਆਂ ਘਿਣਾਉਣੇ ਮੁਜਰਮਾਂ ਨੂੰ ਅਗਾਊਂ ਜ਼ਮਾਨਤਾਂ ਦਿੰਦਾ ਤੇ ਬਰੀ ਕਰਦਾ ਸਾਫ਼ ਦੇਖਿਆ ਜਾ ਸਕਦਾ ਹੈ।

ਰਾਜ ਤੰਤਰ ਦੀ ਹਨ੍ਹੇਰਗਰਦੀ ਤੋਂ ਅੱਕ-ਸਤ ਕੇ ਹਥਿਆਰਬੰਦ ਲੜਾਈਆਂ ਲੜ ਰਹੇ ਬਾਗ਼ੀਆਂ ਨੂੰ ਜਿਹੜੇ 'ਅਮਨਪਸੰਦ' ਬੁੱਧੀਮਾਨ ਮੁੱਖ ਧਾਰਾ 'ਚ ਸ਼ਾਮਲ ਹੋਣ ਦੀਆਂ ਨਸੀਹਤਾਂ ਅਕਸਰ ਦਿੰਦੇ ਰਹਿੰਦੇ ਹਨ, ਉਹ ਸ਼ਾਇਦ ਅਜਿਹੇ ਅਦਾਲਤੀ ਫ਼ੈਸਲਿਆਂ ਬਾਰੇ ਮਹਿਜ਼ ਅਫ਼ਸੋਸ ਹੀ ਜ਼ਾਹਿਰ ਕਰ ਸਕਣਗੇ। ਉਹ ਵਿਹਾਰਕ ਜਵਾਬ ਕੋਈ ਨਹੀਂ ਦੇ ਸਕਦੇ ਕਿ ਇਸ ਨਿਆਂ ਪ੍ਰਬੰਧ ਵਿਚ ਆਮ ਨਾਗਰਿਕ ਲਈ ਨਿਆਂ ਸੰਭਵ ਵੀ ਹੈ?

ਤੱਥ ਵਜੋਂ, ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਵਿਚ 3163 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਵਿਚੋਂ ਸਿਰਫ਼ 442 ਨੂੰ ਦੋਸ਼ੀ ਕਰਾਰ ਦਿੱਤਾ ਗਿਆ, 2706 ਵਿਅਕਤੀਆਂ ਨੂੰ ਬਰੀ ਕਰ ਦਿੱਤਾ ਗਿਆ। ਜੇ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਦੀ ਸੂਚੀ ਗ਼ੌਰ ਨਾਲ ਦੇਖੀ ਜਾਵੇ ਤਾਂ ਇਨ੍ਹਾਂ ਵਿਚ ਕਤਲੇਆਮ ਦੀ ਸਿੱਧੀ ਅਗਵਾਈ ਕਰਨ ਵਾਲਾ ਸ਼ਾਇਦ ਹੀ ਕੋਈ ਸ਼ਾਮਲ ਹੋਵੇਗਾ। ਜੋ ਵੀ ਕੋਈ ਇਸ ਕਤਲੇਆਮ ਵਿਚ ਸ਼ਾਮਲ ਸੀ, ਉਸ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ, ਪਰ ਇਹ ਜ਼ਿਆਦਾਤਰ ਵਿਅਕਤੀ ਮੁੱਖ ਤੌਰ 'ਤੇ ਕਾਂਗਰਸੀ ਆਗੂਆਂ ਵਲੋਂ ਲਾਮਬੰਦ ਕਰ ਕੇ ਲਿਆਂਦੀਆਂ ਭੀੜਾਂ ਸਨ ਜਿਨ੍ਹਾਂ ਨੇ ਮੁੱਖ ਕਾਂਗਰਸੀ ਸੂਤਰਧਾਰਾਂ ਦੇ ਮੋਹਰਿਆਂ ਦਾ ਕੰਮ ਕੀਤਾ। ਨਿਆਂ ਦਾ ਤਕਾਜ਼ਾ ਇਹ ਸੀ ਕਿ ਇਸ ਕਤਲੇਆਮ ਦੇ ਅਦਿੱਖ ਹੱਥਾਂ, ਉਨ੍ਹਾਂ ਰਾਜਸੀ ਸੂਤਰਧਾਰਾਂ ਦੇ ਅਸਲ ਚਿਹਰੇ ਸਾਹਮਣੇ ਲਿਆਏ ਜਾਂਦੇ ਜੋ ਪਰਦੇ ਪਿੱਛਿਉਂ ਇਸ ਕਤਲੇਆਮ ਦਾ ਸੰਚਾਲਨ ਕਰ ਰਹੇ ਸਨ। ਉਨ੍ਹਾਂ ਖ਼ਿਲਾਫ਼ ਕੁਝ ਵੀ ਨਹੀਂ ਹੋਇਆ, ਉਹ ਤਾਂ ਰਾਜਸੀ ਤਰੱਕੀਆਂ ਦੇ ਕੇ ਹੋਰ ਉੱਚੇ ਅਹੁਦਿਆਂ ਨਾਲ ਸਨਮਾਨੇ ਗਏ। ਉਲਟਾ ਇਹ ਰਾਜਸੀ ਕੋੜਮਾ ਉਨ੍ਹਾਂ ਮਜ਼ਲੂਮਾਂ ਨੂੰ 84 ਨੂੰ ਭੁੱਲ ਜਾਣ ਦੀਆਂ ਨਸੀਹਤਾਂ ਦੇ ਰਿਹਾ ਹੈ ਜਿਨ੍ਹਾਂ ਦੇ ਪਰਿਵਾਰਾਂ ਦੇ ਜੀਆਂ ਨੂੰ ਉਨ੍ਹਾਂ ਦੀਆਂ ਅੱਖਾਂ ਅੱਗੇ ਕੋਹ-ਕੋਹ ਕੇ ਮਾਰਿਆ ਗਿਆ। ਬੇਖ਼ੌਫ਼ ਹੈਵਾਨਾਂ ਨੇ ਬੱਚਿਆਂ, ਬਜ਼ੁਰਗਾਂ, ਔਰਤਾਂ; ਕਿਸੇ ਨੂੰ ਵੀ ਨਹੀਂ ਬਖ਼ਸ਼ਿਆ।

ਮਾਮਲਾ ਮਹਿਜ਼ ਮੁਜਰਮਾਂ ਨੂੰ ਸਜ਼ਾ ਦੀ ਮਾਤਰਾ ਦਾ ਨਹੀਂ ਹੈ, ਸਗੋਂ ਨਿਆਂ ਪ੍ਰਬੰਧ ਸਮੇਤ ਪੂਰੇ ਰਾਜ ਤੰਤਰ ਦੇ ਰਵੱਈਏ ਦਾ ਹੈ। ਪੁਲਿਸ ਤੰਤਰ ਰਾਜਸੀ ਇਸ਼ਾਰੇ 'ਤੇ ਸਮੁੱਚੇ ਭਾਈਚਾਰੇ ਜਾਂ ਘੱਟ-ਗਿਣਤੀ ਨੂੰ ਮੁਜਰਮ ਮੰਨ ਕੇ ਚੱਲਦਾ ਹੈ, ਮਹਿਜ਼ ਸ਼ੱਕ ਦੇ ਆਧਾਰ 'ਤੇ ਅਤਿਵਾਦ ਵਿਰੋਧੀ ਵਿਸ਼ੇਸ਼ ਕਾਨੂੰਨਾਂ ਤਹਿਤ ਥੋਕ ਪੱਧਰ 'ਤੇ ਫਰਜ਼ੀ ਮੁਕੱਦਮੇ ਦਰਜ ਕਰਦਾ ਹੈ ਅਤੇ ਨਿਆਂ ਪ੍ਰਬੰਧ ਅਕਸਰ ਹੀ ਇਨ੍ਹਾਂ ਮੁਕੱਦਮਿਆਂ ਨੂੰ ਪ੍ਰਵਾਨ ਕਰਦਾ ਜਾਂਦਾ ਹੈ। ਹੁਕਮਰਾਨ ਜਮਾਤ ਆਪਣਾ ਏਜੰਡਾ ਮਹਿਫੂਜ਼ ਹੋ ਕੇ ਲਾਗੂ ਕਰਦੀ ਰਹਿੰਦੀ ਹੈ। ਨਿਆਂ ਪ੍ਰਬੰਧ ਦੀ ਨਿਰਪੱਖਤਾ ਦੇ ਨਾਂ ਹੇਠ ਸਭ ਕੁਝ ਉਸ ਦੀਆਂ ਇਛਾਵਾਂ ਅਤੇ ਮਰਜ਼ੀ ਅਨੁਸਾਰ ਚਲਦਾ ਹੈ।

ਅਦਾਲਤੀ ਅਮਲ ਨਿਰਦੋਸ਼ ਮੁਸਲਮਾਨ ਨੌਜਵਾਨਾਂ ਨੂੰ 14-14 ਸਾਲ ਜੇਲ੍ਹ ਵਿਚ ਬੰਦ ਰੱਖਦਾ ਹੈ ਕਿਉਂਕਿ ਪੁਲਿਸ ਕਹਿੰਦੀ ਹੈ ਕਿ ਉਸ ਨੂੰ ਇਨ੍ਹਾਂ ਦੇ ਦਹਿਸ਼ਤਗਰਦਾਂ ਨਾਲ ਸਬੰਧਾਂ ਦਾ ਸ਼ੱਕ ਹੈ। ਫਿਰ ਅਚਾਨਕ ਉਨ੍ਹਾਂ ਨੂੰ ਬੇਕਸੂਰ ਕਹਿ ਕੇ ਬਰੀ ਕਰ ਦਿੰਦਾ ਹੈ। ਨਾ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਤੇ ਕਾਨੂੰਨੀ ਚਾਰਾਜੋਈ ਦਾ ਮੌਕਾ ਤੇ ਵਕੀਲ ਦੀ ਸਹੂਲਤ ਦਿੱਤੀ ਜਾਂਦੀ ਹੈ, ਨਾ ਉਨ੍ਹਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ 'ਤੇ ਸੁਣਵਾਈ ਹੁੰਦੀ ਹੈ। 1983-93 ਦੌਰਾਨ ਪੂਰਾ ਇਕ ਦਹਾਕਾ ਪੰਜਾਬ ਦੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਟਾਡਾ ਤਹਿਤ ਜੇਲ੍ਹਾਂ ਵਿਚ ਸਾੜਿਆ ਗਿਆ। ਇਹ ਵਰਤਾਰਾ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਜਾਰੀ ਹੈ। ਫਿਰ ਪੋਟਾ ਅਤੇ ਯੂ.ਏ.ਪੀ.ਏ. (ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਰਾਹੀਂ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ ਵਿਸ਼ੇਸ਼ ਤੌਰ 'ਤੇ ਆਦਿਵਾਸੀਆਂ, ਮੁਸਲਮਾਨਾਂ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ।



ਇਹ ਜਾਣ ਕੇ ਕਈਆਂ ਨੂੰ ਹੈਰਾਨੀ ਹੋਵੇਗੀ ਕਿ ਯੂ.ਏ.ਪੀ.ਏ. ਰਾਜ ਤੰਤਰ ਦੇ ਇਸ ਜ਼ਾਹਿਰਾ ਪੱਖਪਾਤ ਦੀ ਸਾਖਿਆਤ ਮੂਰਤ ਹੈ। ਇਸ ਵਿਚ ਹੁਕਮਰਾਨ ਜਮਾਤ ਵਲੋਂ ਦਹਿਸ਼ਤਗਰਦੀ ਨੂੰ ਆਪਣੀ ਸਹੂਲਤ ਲਈ ਗਿਣ-ਮਿਥ ਕੇ ਦੋ ਕਿਸਮਾਂ 'ਚ ਵੰਡ ਲਿਆ ਗਿਆ ਹੈ: ਦਹਿਸ਼ਤਗਰਦ ਜਥੇਬੰਦੀਆਂ ਅਤੇ ਦਹਿਸ਼ਤਗਰਦ ਗਰੋਹ। ਦਹਿਸ਼ਤਗਰਦ ਜਥੇਬੰਦੀਆਂ ਵਿਚ ਕਿਸੇ ਨੂੰ ਵੀ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਜਾਂ ਹਮਾਇਤੀ ਦੱਸ ਕੇ ਜੇਲ੍ਹ ਵਿਚ ਸਾੜਿਆ ਜਾ ਸਕਦਾ ਹੈ ਜਦਕਿ ਦਹਿਸ਼ਤਗਰਦ ਗਰੋਹ ਵਿਚ ਜਿਸ ਵਿਅਕਤੀ ਦਾ ਨਾਂ ਕਿਸੇ ਵਾਰਦਾਤ 'ਚ ਆਉਂਦਾ ਹੈ, ਉਸੇ ਖ਼ਿਲਾਫ਼ ਹੀ ਕਾਰਵਾਈ ਕੀਤੇ ਜਾਣ ਦੀ ਕਾਨੂੰਨੀ ਵਿਵਸਥਾ ਹੈ। ਜਦੋਂ ਤਾਂ ਘੱਟ-ਗਿਣਤੀਆਂ, ਕੌਮੀਅਤਾਂ, ਦਲਿਤਾਂ, ਆਦਿਵਾਸੀਆਂ ਅਤੇ ਸਥਾਪਤੀ ਵਿਰੋਧੀ ਸਿਆਸੀ ਕਾਰਕੁੰਨਾਂ ਜਾਂ ਟਰੇਡ ਯੂਨੀਅਨ ਆਗੂਆਂ ਨੂੰ ਜੇਲ੍ਹਾਂ 'ਚ ਸਾੜਨਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਦਹਿਸ਼ਤਗਰਦ ਜਥੇਬੰਦੀਆਂ ਨਾਲ ਸਬੰਧਤ ਦਰਸਾ ਕੇ ਇਸ ਦਮਨਕਾਰੀ ਕਾਨੂੰਨ ਦਾ ਉਹ ਹਿੱਸਾ ਲਗਾਇਆ ਜਾਂਦਾ ਹੈ ਜਿਸ ਵਿਚ ਉਨ੍ਹਾਂ ਦੀ ਜ਼ਮਾਨਤ ਹੀ ਸੰਭਵ ਨਹੀਂ ਹੈ। ਇਸ ਦੇ ਉਲਟ, ਹਿੰਦੂ ਫਾਸ਼ੀਵਾਦੀ ਜਾਂ ਅਜਿਹੀਆਂ ਸਥਾਪਤੀ ਪੱਖੀ ਹੋਰ ਜਥੇਬੰਦੀਆਂ ਦੀਆਂ ਜ਼ਾਹਿਰਾ ਦਹਿਸ਼ਤਗਰਦ ਕਾਰਵਾਈਆਂ ਦੇ ਬਾਵਜੂਦ ਉਨ੍ਹਾਂ ਨੂੰ ਦਹਿਸ਼ਤਗਰਦ ਗਰੋਹਾਂ ਦੇ ਜੁਮਰੇ ਵਿਚ ਰੱਖ ਕੇ ਆਮ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਦਹਿਸ਼ਤਗਰਦ ਗਰੋਹ ਕਿਉਂਕਿ ਕਾਨੂੰਨੀ ਤੌਰ 'ਤੇ ਪਾਬੰਦੀਸ਼ੁਦਾ ਨਹੀਂ ਹੁੰਦੇ, ਇਸ ਲਈ ਉਨ੍ਹਾਂ ਖ਼ਿਲਾਫ਼ ਇਸੇ ਕਾਨੂੰਨ ਦਾ ਸਭ ਤੋਂ ਨਰਮ ਹਿੱਸਾ ਵਰਤਿਆ ਜਾਂਦਾ ਹੈ। ਹਿੰਦੂ ਦਹਿਸ਼ਤਗਰਦ ਜਥੇਬੰਦੀ ਅਭਿਨਵ ਭਾਰਤ, ਬਜਰੰਗ ਦਲ, ਭਾਜਪਾ ਆਦਿ ਵਲੋਂ ਬੰਬ ਧਮਾਕੇ ਅਤੇ ਕਤਲੇਆਮ ਕਰਨ ਦੇ ਬਾਵਜੂਦ ਇਨ੍ਹਾਂ ਨੂੰ ਦਹਿਸ਼ਤਗਰਦ ਜਥੇਬੰਦੀਆਂ ਨਹੀਂ ਐਲਾਨਿਆ ਗਿਆ; ਹਾਲਾਂਕਿ ਸਾਧਵੀ ਪ੍ਰਾਗਿਆ, ਬਾਬੂ ਬਜਰੰਗੀ, ਮਾਇਆਬੇਨ ਦੀ ਦਹਿਸ਼ਤਗਰਦ ਭੂਮਿਕਾ ਜੱਗ ਜ਼ਾਹਿਰ ਸੀ। ਇਨ੍ਹਾਂ ਖ਼ਿਲਾਫ਼ ਸਾਧਾਰਨ ਕਾਨੂੰਨ ਤਹਿਤ ਮੁਕੱਦਮੇ ਚਲਾਏ ਗਏ। ਇਸ ਦੇ ਉਲਟ ਸਿਮੀ (ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ) ਦੀ ਅੱਜ ਤਕ ਇਕ ਵੀ ਦਹਿਸ਼ਤਗਰਦ ਕਾਰਵਾਈ ਸਾਬਤ ਨਹੀਂ ਕੀਤੀ ਜਾ ਸਕੀ। ਫਿਰ ਵੀ ਉਸ ਨੂੰ ਗ਼ੈਰਕਾਨੂੰਨੀ ਐਲਾਨ ਕੇ ਵਾਰ-ਵਾਰ ਪਾਬੰਦੀ ਲਗਾਈ ਜਾਂਦੀ ਹੈ। ਮਾਓਵਾਦੀਆਂ ਦੀਆਂ ਗੀਤ-ਸੰਗੀਤ ਮੰਡਲੀਆਂ ਤਕ ਪਾਬੰਦੀਸ਼ੁਦਾ ਹਨ।

ਅਫ਼ਜ਼ਲ ਗੁਰੂ ਵਰਗਿਆਂ ਬਾਰੇ ਜਾਣਦੇ ਹੋਏ ਵੀ ਕਿ ਉਹ ਬੇਕਸੂਰ ਹਨ, ਨਿਆਂ ਪ੍ਰਬੰਧ 'ਕੌਮ ਦੀ ਸਮੂਹਕ ਭਾਵਨਾ' ਦੇ ਬਹਾਨੇ ਉਨ੍ਹਾਂ ਦਾ ਅਦਾਲਤੀ ਕਤਲ ਕਰਦਾ ਹੈ। ਦੂਜੇ ਪਾਸੇ ਸੱਜਣ ਕੁਮਾਰ, ਨਰਿੰਦਰ ਮੋਦੀ, ਮਧੂ ਕੌਡਾ, ਕੰਨੀਮੋਝੀ, ਜਗਨ ਮੋਹਣ ਰੈਡੀ ਵਰਗੇ ਕਾਤਲਾਂ, ਭ੍ਰਿਸ਼ਟਾਚਾਰੀਆਂ ਦਾ ਕੁਲੀਨ ਵਰਗ ਹੈ। ਪਹਿਲੀ ਗੱਲ ਤਾਂ ਉਨ੍ਹਾਂ ਵਿਰੁੱਧ ਮਾਮਲਾ ਦਰਜ ਹੀ ਨਹੀਂ ਹੁੰਦਾ। ਘਿਣਾਉਣੇ ਜੁਰਮ ਜੱਗ ਜ਼ਾਹਿਰ ਹੋਣ ਦੇ ਬਾਵਜੂਦ। ਜੇ ਮਾਮਲਾ ਰਸਮੀ ਤੌਰ 'ਤੇ ਦਰਜ ਹੋ ਵੀ ਜਾਵੇ ਤਾਂ ਉਨ੍ਹਾਂ ਦੀ ਜ਼ਮਾਨਤ (ਅਕਸਰ ਹੀ ਪੇਸ਼ਗੀ ਜ਼ਮਾਨਤ) ਵੀ ਸਹਿਜੇ ਹੀ ਹੋ ਜਾਂਦੀ ਹੈ। ਇਨ੍ਹਾਂ ਨੂੰ ਬਰੀ ਕੀਤੇ ਜਾਣ ਸਮੇਂ ਨਿਆਂ ਦੀਆਂ ਮੂਰਤੀਆਂ ਵਲੋਂ ਜੋ ਸਬੂਤਾਂ ਦੀ ਘਾਟ ਦੀ ਤਕਨੀਕੀ ਦਲੀਲ ਦਿੱਤੀ ਜਾਂਦੀ ਹੈ। ਕਿਸੇ ਆਮ ਬੰਦੇ ਦੇ ਸਬੰਧ 'ਚ ਅਕਸਰ ਹੀ ਇਸ ਤੋਂ ਉਲਟ ਹੁੰਦਾ ਹੈ। ਉੱਥੇ ਬਿਨਾਂ ਸਬੂਤਾਂ ਦੇ ਬੇਕਸੂਰ ਇਨਸਾਨਾਂ ਨੂੰ ਮਹਿਜ਼ ਪੁਲਿਸ ਵਲੋਂ ਪੇਸ਼ ਕੀਤੀਆਂ ਫਰਜ਼ੀ ਕਹਾਣੀਆਂ ਦੇ ਆਧਾਰ 'ਤੇ ਸਾਲਾਂ ਬੱਧੀ ਜੇਲ੍ਹਾਂ 'ਚ ਸਾੜਿਆ ਜਾਂਦਾ ਹੈ। ਕਸ਼ਮੀਰ ਦੇ ਸਪੈਸ਼ਲ ਅਪਰੇਸ਼ਨ ਗਰੁੱਪ, ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ, ਆਂਧਰਾ ਦੀ ਸਪੈਸ਼ਲ ਇੰਟੈਲੀਜੈਂਸ ਬਰਾਂਚ, ਮਹਾਂਰਾਸ਼ਟਰ ਦੇ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐੱਸ.) ਜਾਂ ਛੱਤੀਸਗੜ੍ਹ ਜਾਂ ਕਿਸੇ ਹੋਰ 'ਗੜਬੜ ਗ੍ਰਸਤ' ਖੇਤਰ ਦੀਆਂ ਵਿਸ਼ੇਸ਼ ਪੁਲਿਸ ਤਾਕਤਾਂ ਵਲੋਂ ਬਣਾਏ ਥੋਕ ਫਰਜ਼ੀ ਮੁਕੱਦਮਿਆਂ ਵਿਚੋਂ ਕਿਸੇ ਉੱਪਰ ਵੀ ਨਿਗਾਹ ਮਾਰ ਲਉ (ਜਿਥੇ ਇਕ-ਇਕ ਬੰਦੇ ਉੱਪਰ 15 ਤੋਂ ਲੈ ਕੇ 70 ਤਕ ਮੁਕੱਦਮੇ ਦਰਜ ਕੀਤੇ ਹੁੰਦੇ ਹਨ), ਸੱਤਾ ਦਾ ਇਹ ਰਵੱਈਆ ਸਾਫ਼ ਨਜ਼ਰ ਆਉਂਦਾ ਹੈ। ਇਸ ਰਵੱਈਏ ਦਾ ਸ਼ਿਕਾਰ ਹੋਣ ਵਾਲਿਆਂ ਦੀ ਸਭ ਤੋਂ ਚਰਚਿਤ ਮਿਸਾਲ ਆਦਿਵਾਸੀ ਅਧਿਆਪਕਾ ਸੋਨੀ ਸੋਰੀ ਦਾ ਕੇਸ ਹੈ।

ਜਮਹੂਰੀ ਲਫ਼ਾਜ਼ੀ ਦੇ ਭੇਖ 'ਚ ਛੁਪਿਆ

## ਦੇਸ-ਪਰਦੇਸ

ਭਾਰਤੀ ਹੁਕਮਰਾਨ ਜਮਾਤਾਂ ਦਾ ਆਪਾਸ਼ਾਹ ਕਿਰਦਾਰ ਕਿਸੇ ਤਰ੍ਹਾਂ ਦੀ ਨਾਬਰੀ ਨੂੰ ਕਦੇ ਬਰਦਾਸ਼ਤ ਨਹੀਂ ਕਰਦਾ, ਚਾਹੇ ਇਹ ਕਿੰਨੀ ਵੀ ਹੱਕ-ਬਜਾਨਬ ਕਿਉਂ ਨਾ ਹੋਵੇ। ਇਹ ਬਸ ਬਹਾਨੇ ਭਾਲਦਾ ਹੈ ਸਾਲਮ ਮਜ਼ਲੂਮ ਭਾਈਚਾਰਿਆਂ, ਘੱਟ-ਗਿਣਤੀਆਂ, ਕੌਮੀਅਤਾਂ ਨੂੰ ਮਿਸਾਲੀ ਸਬਕ ਸਿਖਾਉਣ ਲਈ। ਇਸ ਲਈ ਬਹਾਨਾ ਕੋਈ ਵੀ ਹੋ ਸਕਦਾ ਹੈ। ਕੋਈ ਹਿੰਸਕ ਕਾਰਵਾਈ ਜਾਂ ਕਤਲ। ਬਸ ਭਾਰਤੀ ਰਾਜ ਅਵਾਮ ਨੂੰ ਘਿਣਾਉਣਾ ਸਬਕ ਸਿਖਾਉਣ ਲਈ ਰਾਜਕੀ ਵਹਿਸ਼ਤ 'ਤੇ ਉਤਰ ਆਉਂਦਾ ਹੈ। 1947 ਵਿਚ ਦੁਨੀਆਂ ਦੀ 'ਸਭ ਤੋਂ ਵੱਡੀ ਜਮਹੂਰੀਅਤ' ਦੀ ਸਥਾਪਨਾ ਦੇ ਸਮੇਂ ਤੋਂ ਹੀ ਇਹੀ ਕੁਝ ਹੋ ਰਿਹਾ ਹੈ। ਕਮਿਊਨਿਸਟਾਂ ਦੀ ਅਗਵਾਈ ਹੇਠ ਤੇਲੰਗਾਨਾ ਦੀ ਕਿਸਾਨ ਲਹਿਰ (1946-51) ਨਿਜ਼ਾਮ ਹੈਦਰਾਬਾਦ ਦੀ ਜਗੀਰੂ ਰਿਆਸਤ ਵਿਰੁੱਧ ਸੀ, ਪਰ ਨਹਿਰੂ ਹਕੂਮਤ ਨੇ ਨਿਜ਼ਾਮ ਵਿਰੁੱਧ ਕਾਰਵਾਈ ਦੇ ਬਹਾਨੇ ਉੱਥੇ ਜੋ ਕਤਲੇਆਮ ਕੀਤੇ, ਉਸ ਤੋਂ ਸਪਸ਼ਟ ਹੋ ਗਿਆ ਕਿ ਇਸ ਦਾ ਬਹਾਨਾ ਹੋਰ ਅਤੇ ਨਿਸ਼ਾਨਾ ਹੋਰ ਸੀ। ਨਿਸ਼ਾਨਾ ਸੀ ਜਗੀਰੂ ਸੱਤਾ ਨੂੰ ਚੁਣੌਤੀ ਦੇਣ ਵਾਲੇ ਅਵਾਮ ਦੀ ਜਥੇਬੰਦ ਆਵਾਜ਼ ਨੂੰ ਕੁਚਲਣਾ। ਲਗਦੇ ਹੱਥ ਹੀ ਰਿਆਸਤ ਉੱਪਰ ਕਬਜ਼ਾ ਕਰਦੇ ਸਾਰ ਭਾਰਤੀ ਫ਼ੌਜ ਦੀ ਅਗਵਾਈ ਹੇਠ ਹਿੰਦੂ ਫਾਸ਼ੀਵਾਦੀ ਤਾਕਤਾਂ ਵਲੋਂ ਮੁਸਲਮਾਨਾਂ ਦਾ ਵਿਆਪਕ ਕਤਲੇਆਮ ਕੀਤਾ ਗਿਆ। ਇਕ ਮੋਟੇ ਅੰਦਾਜ਼ੇ ਅਨੁਸਾਰ ਕੁਝ ਹਫ਼ਤਿਆਂ 'ਚ ਹੀ ਸਤਾਈ ਹਜ਼ਾਰ ਤੋਂ ਚਾਲੀ ਹਜ਼ਾਰ ਮੁਸਲਮਾਨ ਕਤਲ ਕੀਤੇ ਗਏ। ਤੇਲੰਗਾਨਾ ਵਿਚ ਭਾਰਤੀ ਰਾਜ ਦੇ ਜ਼ੁਲਮਾਂ ਜਾਂ 1947 'ਚ ਮੁਲਕ ਦੀ ਵੰਡ ਸਮੇਂ ਘਿਣਾਉਣੀ ਫਿਰਕੂ ਕਤਲੋਗ਼ਾਰਤ ਦਾ ਅਕਸਰ ਹੀ ਹਵਾਲਾ ਦਿੱਤਾ ਜਾਂਦਾ ਹੈ ਪਰ ਇਸ ਦੌਰਾਨ ਹੈਦਰਾਬਾਦ ਰਿਆਸਤ ਵਿਚ ਮੁਸਲਮਾਨਾਂ ਦੇ ਐਨੇ ਵਸੀਹ ਕਤਲੇਆਮ ਦੇ ਤੱਥ ਨੂੰ ਅਰਾਮ ਨਾਲ ਹੀ ਦਬਾ ਦਿੱਤਾ ਗਿਆ। ਫਿਰ ਆਜ਼ਾਦੀ ਦੀ ਮੰਗ ਕਰਦੀ ਮਿਜ਼ੋ ਕੌਮੀਅਤ ਦੇ ਸਵੈ-ਨਿਰਣੇ ਦੇ ਸੰਘਰਸ਼ ਨੂੰ ਕੁਚਲਣ ਲਈ ਇਸੇ ਭਾਰਤੀ ਰਾਜ ਵਲੋਂ ਖ਼ੂਨ ਦੀਆਂ ਨਦੀਆਂ ਵਹਾਈਆਂ ਗਈਆਂ। 1967 ਦੀ ਨਕਸਲਬਾੜੀ ਬਗ਼ਾਵਤ ਵਕਤ ਪੁਲਿਸ ਮੁਕਾਬਲਿਆਂ ਅਤੇ ਹੋਰ ਤਸ਼ੱਦਦ ਦਾ ਜ਼ਿਕਰ ਤਾਂ ਕੀਤਾ ਜਾਂਦਾ ਹੈ ਪਰ ਮੁਲਕ ਦੀ ਨਾਬਰ ਜਵਾਨੀ ਦਾ ਘਾਣ ਕਰਨ ਲਈ ਕਲਕੱਤੇ ਦੇ ਬਾੜਾਨਗਰ ਇਲਾਕੇ ਨੂੰ ਪੁਲਿਸ ਅਤੇ ਕਾਂਗਰਸ ਤੇ ਸੀ.ਪੀ.ਐੱਮ. ਦੇ 'ਕਾਡਰਾਂ' ਵਲੋਂ ਘੇਰਾ ਪਾ ਕੇ ਇਕ ਦਿਨ ਵਿਚ ਹੀ ਇਕ ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਘਰਾਂ ਵਿਚੋਂ ਧੂਹ-ਧੂਹ ਕੇ ਗਲੀਆਂ ਵਿਚ ਕੀਤੇ ਥੋਕ ਕਤਲਾਂ ਦੀ ਸ਼ਾਇਦ ਹੀ ਕਦੇ ਚਰਚਾ ਹੁੰਦੀ ਹੋਵੇ। ਚਾਹੇ ਕਸ਼ਮੀਰ, ਉੱਤਰ-ਪੂਰਬ ਜਾਂ ਪੰਜਾਬ ਹੋਵੇ ਜਾਂ ਗੁਜਰਾਤ ਜਾਂ ਫਿਰ ਛੱਤੀਸਗੜ੍ਹ ਤੇ ਹੋਰ ਨਕਸਲੀ ਖੇਤਰ ਪਿਛਲੇ ਸਾਢੇ ਛੇ ਦਹਾਕਿਆਂ ਵਿਚ ਭਾਰਤੀ ਰਾਜ ਦਾ ਦਹਿਸ਼ਤਗਰਦ ਕਿਰਦਾਰ ਵਾਰ-ਵਾਰ ਸਾਹਮਣੇ ਆ ਰਿਹਾ ਹੈ। ਕਿਸੇ ਇਕ ਵੀ ਕਤਲੇਆਮ ਵਿਚ ਨਿਆਂ ਪ੍ਰਬੰਧ ਦੀ ਤਸੱਲੀਬਖ਼ਸ਼ ਪ੍ਰਭਾਵਸ਼ਾਲੀ ਕਾਰਵਾਈ ਸਾਹਮਣੇ ਨਹੀਂ ਆਈ।

ਛੋਟੇ ਮੋਟੇ ਵਿਰੋਧ ਨੂੰ ਭਾਰਤੀ ਰਾਜ ਗੌਲਦਾ ਵੀ ਨਹੀਂ ਹੈ। ਇਹ ਸੰਭਵ ਹੈ ਕਿ ਅਵਾਮ ਵਲੋਂ ਵਿਆਪਕ ਵਿਰੋਧ ਖੜ੍ਹਾ ਹੋ ਜਾਣ 'ਤੇ ਕਿਸੇ ਵਿਰਲੇ ਟਾਵੇਂ ਮਾਮਲੇ ਵਿਚ 'ਨਿਆਂ' ਤੰਤਰ ਕਿਸੇ ਵੱਡੇ ਦੋਸ਼ੀ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋ ਜਾਵੇ। ਜਿਵੇਂ ਡਾ. ਬਿਨਾਇਕ ਸੇਨ ਮਾਮਲੇ 'ਚ ਕੌਮਾਂਤਰੀ ਪੱਧਰ 'ਤੇ ਰੋਸ ਲਹਿਰ ਖੜ੍ਹੀ ਹੋ ਜਾਣ ਕਾਰਨ ਭਾਰਤੀ ਰਾਜ ਨੂੰ ਪਿਛੇ ਹਟਣਾ ਪਿਆ ਸੀ। ਇਤਿਹਾਸਕ ਤ੍ਰਾਸਦੀ ਇਹ ਹੈ ਕਿ ਸਿੱਖ ਭਾਈਚਾਰਾ ਆਪਣੇ ਉੱਪਰ ਜ਼ੁਲਮਾਂ ਖ਼ਿਲਾਫ਼ ਰੋਸ ਪ੍ਰਗਟਾ ਰਿਹਾ ਹੈ। ਮੁਸਲਮਾਨ, ਆਦਿਵਾਸੀ-ਮਾਓਵਾਦੀ, ਦਲਿਤ, ਕਸ਼ਮੀਰੀ ਤੇ ਉੱਤਰ-ਪੂਰਬੀ ਕੌਮੀਅਤਾਂ ਸਭ ਆਪਣੇ ਕਤਲੇਆਮਾਂ ਜਾਂ ਜ਼ੁਲਮਾਂ ਸਮੇਂ ਆਵਾਜ਼ ਉਠਾਉਂਦੇ ਹਨ। ਸਾਂਝਾ ਵਿਰੋਧ ਕਰਨ ਲਈ ਕੋਈ ਪਹਿਲਕਦਮੀਂ ਸਾਹਮਣੇ ਨਹੀਂ ਆ ਰਹੀ। ਭਾਰਤੀ ਰਾਜ ਦੀਆਂ ਮਨਮਾਨੀਆਂ ਵਿਰੁੱਧ ਵਿਆਪਕ ਰੋਸ ਲਹਿਰ ਖੜ੍ਹੀ ਨਹੀਂ ਹੋ ਰਹੀ; ਹਾਲਾਂਕਿ ਨੰਗੇ ਅਨਿਆਂ ਨੂੰ ਠੱਲ੍ਹ ਪਾਉਣ ਅਤੇ ਨਿਆਂ ਹਾਸਲ ਕਰਨ ਦਾ ਸਵਾਲ ਸਾਰਿਆਂ ਦਾ ਸਾਂਝਾ ਹੈ।

# ਦੇਈਂ ਭੈਣੇ ਫੌੜ੍ਹਾ, ਮੈਂ ਰਜਾਈ ਨਗੰਦਣੀ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਇਹ ਕਦੇ ਹੋ ਹੀ ਨਹੀਂ ਸਕਦਾ ਕਿ ਸਿਰਲੇਖ ਵਾਲੀ ਸਤਰ ਪੜ੍ਹ ਕੇ ਹਰ ਇਕ ਨੇ ਮੱਥੇ 'ਤੇ ਹੱਥ ਨਾ ਮਾਰਿਆ ਹੋਵੇ! ਕਿੱਥੇ ਫੌੜ੍ਹਾ ਤੇ ਕਿੱਥੇ ਪੇਟੀਆਂ-ਸੰਦੂਕਾਂ ਵਿਚ ਸਾਂਭ-ਸਾਂਭ ਰੱਖੀਆਂ ਜਾਣ ਵਾਲੀਆਂ ਰਜਾਈਆਂ ਨਗੰਦਣ ਦਾ ਸਾਫ਼ ਤੇ ਸੋਹਲ ਜਿਹਾ ਕੰਮ। ਜਿਹੜਾ ਕੰਮ ਭਲਾ ਚਾਰ-ਪੰਜ ਕੁ ਇੰਚ ਲੰਬੇ ਬਰੀਕ ਜਿਹੇ ਸੂਏ ਨਾਲ ਕੀਤਾ ਜਾਂਦਾ ਹੈ, ਉਹਦੇ ਲਈ ਫੌੜ੍ਹਾ ਮੰਗਣ ਦੀ ਕੀ ਤੁਕ ਬਣੀ? ਲੇਕਿਨ ਸਿਰਲੇਖ ਵਾਲੀ ਪੰਕਤੀ ਸ਼ਰ੍ਹੇਆਮ ਦੱਸ ਰਹੀ ਹੈ ਕਿ ਕੋਈ ਜਣਾ ਆਪਣੀ ਗਵਾਂਢਣ ਤੋਂ ਨਿਮਰਤਾ ਸਹਿਤ ਫੌੜ੍ਹੇ ਦੀ ਮੰਗ ਕਰ ਰਿਹਾ ਹੈ। ਨਾਲ ਹੀ ਮਕਸਦ ਵੀ ਦੱਸਿਆ ਜਾ ਰਿਹਾ ਹੈ ਕਿ ਇਹ ਸੰਦ ਰਜਾਈ ਨਗੰਦਣ ਲਈ ਚਾਹੀਦਾ ਹੈ!

ਵਾਅਦਾ ਰਿਹਾ ਕਿ ਆਪਾਂ ਪਿੰਡਾਂ ਵਿਚ ਘੁੰਮਦੇ ਉਸ ਮਦਾਰੀ ਵਾਂਗ ਮੱਕਾਰੀ ਨਹੀਂ ਕਰਨੀ ਜਿਹੜਾ ਖੇਲ੍ਹ-ਤਮਾਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਬੋਰੇ ਜਿਹੇ 'ਚੋਂ ਲੀਰਾਂ ਦਾ ਬਣਾਇਆ ਸੱਪ ਜਿਹਾ ਨਿਆਣਿਆਂ-ਸਿਆਣਿਆਂ ਨਾਲ ਘਿਰੇ ਹੋਏ ਪਿੜ ਵਿਚ ਵਗਾਹ ਕੇ ਸੁੱਟ ਦਿੰਦਾ ਹੈ। ਨਾਲ ਹੀ ਡੁਗ-ਡੁਗੀ ਤੇ ਬੰਸਰੀ ਵਜਾ ਕੇ ਸਾਹਮਣੇ ਪਏ ਲੀਰਾਂ ਦੇ ਸੱਪ ਵੱਲ ਇਸ਼ਾਰਾ ਕਰਦਿਆਂ ਇਕ ਦਮ ਬੋਲਦਾ ਹੈ, 'ਤੁਰ ਪਿਆ, ਤੁਰ ਪਿਆ, ਤੁਰ ਪਿਆ!' ਦਰਸ਼ਕ ਵਿਚਾਰੇ ਉਸ ਨਕਲੀ ਸੱਪ ਵੱਲ ਹੀ ਨਜ਼ਰਾਂ ਗੱਡੀ ਰੱਖਦੇ ਹਨ ਕਿ ਅਸੀਂ ਕਿਤੇ ਇਸ ਨੂੰ ਤੁਰਦਾ ਦੇਖਣ ਤੋਂ ਉਕ ਨਾ ਜਾਈਏ, ਪਰ ਮਦਾਰੀ ਤਰ੍ਹਾਂ-ਤਰ੍ਹਾਂ ਦੇ 'ਟ੍ਰਿਕ' ਦਿਖਾਉਣ ਤੋਂ ਬਾਅਦ ਲੀਰਾਂ ਵਾਲੇ 'ਸੱਪ' ਨੂੰ ਬੋਰੇ ਵਿਚ ਪਾ ਕੇ ਤੁਰਦਾ ਬਣਦਾ ਹੈ। ਆਪਾਂ ਇੰਜ ਨਹੀਂ ਕਰਨਾ। ਫੌੜ੍ਹੇ ਤੇ ਰਜਾਈ ਨਗੰਦਣ ਦੇ ਸਬੰਧਾਂ ਦਾ ਪੋਲ ਜ਼ਰੂਰ ਖੋਲ੍ਹਾਂਗੇ, ਲੇਕਿਨ ਜ਼ਰਾ ਠਹਿਰ ਕੇ!

ਕਵੀ ਦਰਬਾਰ ਸਜਿਆ ਹੋਇਆ ਹੈ। ਬੰਦ ਗਲੇ ਵਾਲੀਆਂ ਅਚਕਨਾਂ ਪਹਿਨੀ ਕਵੀਜਨ ਸੁਸ਼ੋਭਿਤ ਹੋਏ ਬੈਠੇ ਨੇ। ਆਪੋ ਆਪਣੀ ਵਾਰੀ 'ਤੇ ਨਜ਼ਮਾਂ ਗੀਤ ਸੁਣਾ ਰਹੇ ਹਨ। ਸਭਾ ਵਿਚੋਂ ਵਾਹ...ਵਾਹ...! ਕਿਆ ਕਮਾਲ ਦਾ ਸ਼ਿਅਰ ਫਰਮਾਇਆ ਹੈ...ਇਰਸ਼ਾਦ!...ਇਰਸ਼ਾਦ!! ਦੀਆਂ ਆਵਾਜ਼ਾਂ ਗੂੰਜ ਰਹੀਆਂ ਹਨ। ਵਿਚਕਾਰ ਤਖ਼ਤ 'ਤੇ ਬਾਦਸ਼ਾਹ ਸਲਾਮਤ ਸ਼ਾਇਰੀ ਦਾ ਅਨੰਦ ਮਾਣ ਰਹੇ ਨੇ ਤੇ ਆਪਣੇ ਦਰਬਾਰੀ ਕਵੀਆਂ ਦੀ ਖੂਬ ਹੌਸਲਾ ਅਫ਼ਜਾਈ ਕਰ ਰਹੇ ਨੇ। ਅਚਾਨਕ ਉਨ੍ਹਾਂ ਨੂੰ ਪਤਾ ਨਹੀਂ ਕੀ ਸੁਝਿਆ, ਤਰੰਨਮ ਵਿਚ ਗਾ ਰਹੇ ਸ਼ਾਇਰ ਦਾ ਸਮਾਂ ਸਮਾਪਤ ਹੁੰਦਿਆਂ ਹੀ ਉਹ ਕਹਿਣ ਲੱਗੇ, "ਪਿਆਰੇ ਕਵੀ ਜਨੋ, ਤੁਹਾਡੀ ਸ਼ਾਇਰਾਨਾ ਸੰਗਤ ਦਾ ਅੱਜ ਮੇਰੇ 'ਤੇ ਵੀ ਅਸਰ ਹੋ ਗਿਆ ਹੈ। ਮੈਨੂੰ ਵੀ ਕੁਝ ਸ਼ਿਅਰ ਫੁਰੇ ਹਨ। ਉਨਾ ਚਿਰ ਤੁਸੀਂ ਕੁਝ ਛਕ-ਛਕਾ ਲਉ। ਕਾਗਜ਼ 'ਤੇ ਕਵਿਤਾ ਉਤਾਰ ਕੇ ਹੁਣੇ ਮੈਂ ਤੁਹਾਨੂੰ ਸੁਣਾਵਾਂਗਾ।"

ਕੁਝ ਚਿਰ ਬਾਅਦ ਹੱਥ ਵਿਚ ਕਾਗ਼ਜ਼ ਫੜੀ ਬਾਦਸ਼ਾਹ ਸਲਾਮਤ ਮਜਲਿਸ ਵਿਚ ਆਣ ਹਾਜ਼ਰ ਹੋਏ। ਜੋ ਕੁਝ ਉਸ ਨੇ ਸੁਣਾਇਆ, ਉਹ ਕਵਿਤਾ ਤਾਂ ਇਕ ਪਾਸੇ, ਸਾਧਾਰਨ ਤੁਕਬੰਦੀ ਵੀ ਨਹੀਂ ਸੀ। ਉਹਦੇ ਮੂੰਹੋਂ ਉਟ-ਪਟਾਂਗ ਸੁਣ ਕੇ ਬਾਕੀ ਦੇ ਸਾਰੇ ਸ਼ਾਇਰ 'ਵਾਹ ਵਾਹ' ਕਰ ਕੇ ਉਸ ਨੂੰ ਦਾਦ ਦੇਣ ਲੱਗੇ, ਪਰ ਤਿੰਨ ਜਣੇ ਛਾਤੀਆਂ ਤਾਣ ਕੇ ਖਲੋ ਗਏ। ਉਨ੍ਹਾਂ ਬਾਦਸ਼ਾਹ ਨੂੰ ਮੂੰਹ 'ਤੇ ਹੀ ਖਰੀਆਂ-ਖਰੀਆਂ ਸੁਣਾ ਦਿੱਤੀਆਂ ਕਿ ਸ਼ਾਇਰੀ ਕਰਨੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਇਹ ਜੋ ਤੁਸੀਂ ਲਿਖਿਆ ਹੈ, ਊਲ-ਜਲੂਲ ਤੋਂ ਵੱਧ ਕੁਝ ਨਹੀਂ ਹੈ। ਰਾਜੇ ਨੂੰ ਚੜ੍ਹ ਗੁੱਸਾ ਗਿਆ! ਚੀਥੜਿਆਂ ਤੋਂ ਬਾਹਰ ਹੋ ਕੇ ਉਸ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਮੇਰੀ ਕਵਿਤਾ ਦੀ ਤੌਹੀਨ ਕਰਨ ਵਾਲੇ ਇਨ੍ਹਾਂ ਤਿੰਨਾਂ ਕਵੀਆਂ ਨੂੰ ਖੱਚਰਾਂ ਦੇ ਤਬੇਲੇ 'ਚ ਸੁੱਟ ਦਿਉ।

ਹਫ਼ਤੇ ਦੋ ਹਫ਼ਤੇ ਬਾਅਦ ਫਿਰ ਕਵੀ ਦਰਬਾਰ ਜੁੜਿਆ। ਬਾਦਸ਼ਾਹ ਦੇ ਹੁਕਮ 'ਤੇ ਉਨ੍ਹਾਂ ਤਿੰਨਾਂ ਕਵੀਆਂ ਨੂੰ ਖੱਚਰਾਂ ਦੇ ਤਬੇਲੇ 'ਚੋਂ ਕੱਢ ਕੇ ਲਿਆਂਦਾ ਗਿਆ। ਉਚੇਚਾ ਉਨ੍ਹਾਂ ਤਿੰਨਾਂ ਨੂੰ ਮੁਖਾਤਿਬ ਹੁੰਦਿਆਂ ਬਾਦਸ਼ਾਹ ਨੇ ਕਿਹਾ ਕਿ ਕਈ ਦਿਨਾਂ ਦੀ ਸਖ਼ਤ ਮਿਹਨਤ ਕਰ ਕੇ ਮੈਂ ਨਵੀਂ ਕਵਿਤਾ ਲਿਖੀ ਹੈ। ਭਰੀ ਸਭਾ ਵਿਚ ਸੁਣਾਉਣ ਤੋਂ ਬਾਅਦ ਰਾਜੇ ਨੇ ਤਿੰਨਾਂ ਵੱਲ ਦੇਖਿਆ। ਉਨ੍ਹਾਂ 'ਚੋਂ ਦੋ ਜਣੇ ਉਚੀ-ਉਚੀ ਰਾਜੇ ਨੂੰ ਵਧਾਈ ਦੇਣ ਲੱਗੇ ਕਿ ਬਾਦਸ਼ਾਹ ਸਲਾਮਤ, ਹੁਣ ਤਾਂ ਤੁਸੀਂ ਕਮਾਲ ਹੀ ਕਰ ਵਿਖਾਈ ਹੈ। ਏਡੀ ਜ਼ਬਰਦਸਤ ਸ਼ਾਇਰੀ ਤਾਂ ਅਸੀਂ ਪਹਿਲੋਂ ਕਦੀ ਸੁਣੀ ਹੀ ਨਹੀਂ। ਆਪ ਜੀ ਤਾਂ ਹੁਣ 'ਉਸਤਾਦ ਸ਼ਾਇਰ' ਬਣ ਗਏ ਹੋ।

ਇਨ੍ਹਾਂ ਦੋਹ ਕਵੀਆਂ ਵੱਲੋਂ ਬਾਦਸ਼ਾਹ ਦੀ ਕੀਤੀ ਜਾ ਰਹੀ ਉਲਫ਼ਤ ਦੌਰਾਨ ਖੱਚਰਾਂ ਦੇ ਤਬੇਲੇ 'ਚੋਂ ਕੱਢ ਕੇ ਲਿਆਂਦਾ ਉਨ੍ਹਾਂ ਨਾਲ ਦਾ ਤੀਜਾ ਸ਼ਾਇਰ ਮੂੰਹ ਲਟਕਾ ਕੇ ਬਾਹਰ ਤੁਰ ਪਿਆ। ਹੈਰਾਨ ਹੁੰਦਿਆਂ ਰਾਜੇ ਨੇ ਉਸ ਨੂੰ ਰੋਕਦਿਆਂ ਪੁੱਛਿਆ ਕਿ ਬਿਨਾਂ ਕੁਝ ਦੱਸੇ ਪੁੱਛੇ ਤੂੰ ਕਿੱਧਰ ਟੁਰ ਚੱਲਿਐਂ?

"ਖੱਚਰਾਂ ਦੇ ਤਬੇਲੇ!" ਰਾਜ ਮਹਿਲ 'ਚੋਂ ਮਸਤੀ ਨਾਲ ਤੁਰੇ ਜਾ ਰਹੇ ਸ਼ਾਇਰ ਨੇ ਜਵਾਬ ਦਿੱਤਾ।

ਸੱਚ ਬੋਲ ਕੇ ਖੱਚਰਾਂ ਦੇ ਤਬੇਲੇ ਵਿਚ ਸਜ਼ਾ ਕੱਟਣ ਵਾਲੇ ਖੁਦਦਾਰਾਂ ਦੇ ਭਾਵੇਂ ਦਰਸ਼ਨ ਦੁਰਲੱਭ ਹੋ ਗਏ ਹਨ ਅਤੇ ਤਾੜੀਆਂ ਦੀ ਗੜ-ਗੜਾਹਟ ਵਿਚ ਦੁੱਕੀ-ਤਿੱਕੀ ਨੂੰ 'ਸ਼ੇਕਸਪੀਅਰ' ਦੱਸਣ ਵਾਲਿਆਂ ਦੀਆਂ ਭੀੜਾਂ ਨਜ਼ਰ ਆਉਂਦੀਆਂ ਨੇ, ਪਰ ਯਾਰੋ! ਸਿਆਣੇ ਕਹਿੰਦੇ ਨੇ ਕਿ ਧਰਤੀ ਕਾਸੇ ਦੇ ਆਸਰੇ ਹੀ ਖੜ੍ਹੀ ਹੈ। ਅਖ਼ਬਾਰੀ ਇਸ਼ਤਿਹਾਰਬਾਜ਼ੀ ਦੀ ਸਰਦਾਰੀ ਵਾਲੇ ਇਸ ਅਵੱਲੇ ਜ਼ਮਾਨੇ ਵਿਚ ਪੰਜਾਬੀ ਸਾਹਿਤ ਨਾਲ ਰੱਜ ਕੇ ਖਿਲਵਾੜ ਹੋ ਰਿਹਾ ਹੈ। ਕਈ ਮੇਰੇ ਵਰਗੇ ਜਿਨ੍ਹਾਂ ਨੂੰ ਵਾਰਤਕ ਲਿਖਣ ਦੀ ਵੀ ਪੂਰੀ ਸੋਝੀ ਨਹੀਂ, ਉਹ ਵੀ ਸ਼ਾਇਰ ਸਦਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਹਨ।

ਅਖਾਣ ਹੈ ਕਿ 'ਕਹੀਂ ਕੀ ਈਂਟ, ਕਹੀਂ ਕਾ ਰੋੜਾ, ਭਾਨਮਤੀ ਨੇ ਕੁਨਬਾ ਜੋੜਾ।' ਪੰਜਾਬੀ ਸਾਹਿਤ ਦੇ ਪਿੜ ਵਿਚ ਅਜਿਹੇ ਭਾਨਮਤੀਏ ਬੇਅੰਤ ਤੁਰੇ ਫਿਰਦੇ ਹਨ ਜੋ ਕਿਸੇ ਦੀ ਲੱਤ, ਕਿਸੇ ਦੀ ਬਾਂਹ ਜੋੜ ਕੇ ਨਜ਼ਮਾਂ ਦੀਆਂ ਕਿਤਾਬਾਂ ਛਪਾਈ ਫਿਰਦੇ ਹਨ। ਠੀਕ ਹੈ ਕਿ ਮਾਂ ਬੋਲੀ ਦੀਆਂ ਝੋਲੀਆਂ ਭਰੀਆਂ ਜਾ ਰਹੀਆਂ ਹਨ, ਪਰ ਕਈ ਧੱਕੇ ਨਾਲ 'ਬਣੇ ਹੋਏ' ਜਾਂ ਬਣਾਏ ਗਏ ਕਵੀਜਨ ਮਾਂ ਬੋਲੀ ਦੇ ਖ਼ਜ਼ਾਨਿਆਂ 'ਚ ਉਹ ਕੁਝ ਸੁੱਟ ਰਹੇ ਨੇ ਜੋ ਕੁਝ 'ਡਸਟਬਿਨ' (ਕੂੜੇਦਾਨ) ਵਿਚ ਸੁੱਟਿਆ ਜਾਂਦਾ ਹੈ।

ਆਪਣੇ ਵੱਲੋਂ ਕੁਝ ਹੋਰ ਕਹਿਣ ਨਾਲੋਂ ਇਕ ਅਲਬੇਲੇ ਸ਼ਾਇਰ ਦੀ ਲਿਖਤ 'ਚੋਂ ਹੀ ਹਵਾਲਾ ਦੇਣਾ ਚਾਹਾਂਗਾ ਜੋ ਕਵੀ-ਕਬੀਲੇ ਨੂੰ ਰੰਬੇ ਵਾਂਗ ਚੰਡਣ ਵਰਗਾ ਹੈ। ਦੇਹਰਾਦੂਨ ਲਾਗਲੇ ਸ਼ਾਂਤ ਇਲਾਕੇ ਦੇ ਪਿੰਡ ਡੋਈ ਵਾਲੇ (ਜਿੱਥੇ ਕਦੇ ਪ੍ਰੋ. ਪੂਰਨ ਸਿੰਘ ਰਹਿੰਦੇ ਰਹੇ ਹਨ) ਵਿਚ ਰਹਿੰਦੇ ਮੁਦੱਬਰ ਸ਼ਾਇਰ ਗੁਰਦੀਪ ਦੀ ਕਿਤਾਬ ਹੈ, 'ਸ਼ਿਅਰ ਅਰਜ਼ ਹੈ'। ਸ਼ਾਇਰੀ ਦੀ ਇਸ ਕਿਤਾਬ ਦੇ ਮੁਖਬੰਧ ਵਿਚ ਉਹ ਖੁਦ ਹੀ ਲਿਖਦਾ ਹੈ:

"...ਸਾਡੇ ਸ਼ਾਇਰਾਂ ਵੱਲੋਂ ਕਿਸੇ ਨੂੰ ਆਪਣਾ ਕਮਾਲ ਸੁਣਾਉਣ ਦੀ ਬਿਹਬਲਤਾ ਦੇ ਬੜੇ ਲਤੀਫ਼ੇ ਨੇ। ਮੇਰੇ ਇਰਦ-ਗਿਰਦ ਸਰੋਤੇ ਹੋਣ ਦੇ ਬਾਵਜੂਦ ਮੈਂ ਕਵਿਤਾ ਸੁਣਾਉਣ ਦੀ ਉਤਸੁਕਤਾ ਨਹੀਂ ਪਾਲੀ। ਮੈਂ ਆਪਣੇ ਖਰਚ 'ਤੇ ਛਪਣ ਨੂੰ ਵੀ ਖੁਦ ਨੁਮਾਈ ਤੇ ਆਪਣੀ ਇਸ਼ਤਿਹਾਰਬਾਜ਼ੀ ਹੀ ਸਮਝਦਾ ਹਾਂ। ਹੁਣ ਤੱਕ ਮੇਰੀਆਂ ਜਿਹੜੀਆਂ ਛੇ ਕਿਤਾਬਾਂ ਛਪੀਆਂ ਹਨ, ਉਹ ਅਜੀਜ਼ਾਂ ਤੇ ਦੋਸਤਾਂ ਦੀ ਮਿਹਰਬਾਨੀ ਦਾ ਸਿੱਟਾ ਹਨ...ਮੇਰੀ ਇਸ ਅਣਗਹਿਲੀ ਦੀ ਇਕ ਵਜ੍ਹਾ ਇਹ ਵੀ ਹੈ ਕਿ ਸਾਡੀ ਸ਼ਾਇਰੀ ਦੀ ਲੋੜ ਕਿਸੇ ਨੂੰ ਨਹੀਂ...ਸਾਡੇ ਕੋਲ ਖੁਸ਼ਹਾਲੀ ਆਈ ਹੈ, ਪਰ ਖੁਸ਼-ਖਿਆਲ ਨਹੀਂ।"

ਕਵੀਆਂ ਲਿਖਾਰੀਆਂ ਵੱਲੋਂ ਆਪਣੀ ਡੁਗ-ਡੁਗੀ ਵਜਾਉਣ ਵਾਸਤੇ ਕੀਤੇ ਜਾਂਦੇ ਅਡੰਬਰਾਂ ਦੀ ਉਸ ਨੇ ਇੰਜ ਖਿੱਲੀ ਉਡਾਈ ਹੈ:

"...ਕਿਤਾਬ ਛਪਣ ਪਿੱਛੋਂ ਇਸ ਨੂੰ 'ਪ੍ਰਮੋਟ' ਕਰਨਾ ਸਿਆਸਤ ਹੈ। ਕੁਝ ਲੋਕਾਂ ਨੂੰ ਗੰਢਣਾ, ਕੁਝ ਦੀਆਂ ਸਿਫ਼ਤਾਂ ਕਰਨੀਆਂ, ਕੁਝ ਤੋਂ ਕਰਾਉਣੀਆਂ। ਕਿਤਾਬਾਂ ਨੂੰ 'ਰਿਲੀਜ਼' ਕਰਨ ਲਈ ਇਕੱਠ ਕੀਤਾ ਜਾਂਦਾ ਹੈ। ਨਾਮਵਰ ਹਸਤੀਆਂ ਦੇ ਹਿੱਸਾ ਲੈਣ ਲਈ ਭੱਜ-ਦੌੜ ਕੀਤੀ ਜਾਂਦੀ ਹੈ...ਸਿਫ਼ਤਾਂ ਭਰੇ ਪਰਚੇ ਲਿਖਵਾਏ ਤੇ ਪੜ੍ਹੇ ਜਾਂਦੇ ਹਨ। ਮੈਂ ਇਹ ਤਰੀਕਾ ਠੀਕ ਨਹੀਂ ਸਮਝਦਾ...ਸੌ ਦਰਸ਼ਕਾਂ ਦੀ ਥਾਂ ਪੱਚੀ ਪਾਠਕ ਹੋਣ, ਕਿਤਾਬ ਵਿਚ ਚੰਗਾ ਲੱਗਾ ਸਾਂਝਾ ਕਰਨ, ਨਾ-ਖੁਸ਼ਗਵਾਰ ਗੱਲਾਂ ਵੀ ਸਾਹਮਣੇ ਲਿਆਉਣ...।"

ਕੀਤੇ ਹੋਏ ਵਾਅਦੇ ਮੁਤਾਬਿਕ ਹੁਣ ਫੌੜ੍ਹੇ ਨਾਲ ਰਜਾਈ ਨਗੰਦਣ ਵਾਲੀ ਘੁੰਡੀ ਵੀ ਖੋਲ੍ਹ ਦੇਈਏ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਅਸੀਂ ਜਲੰਧਰੋਂ ਛਪਦੀ ਇਕ ਅਖ਼ਬਾਰ ਵਿਚ ਛਪਦੇ 'ਚਾਚੇ ਚੰਡੀਗੜ੍ਹੀਏ' ਦੇ ਲੇਖਾਂ ਨੂੰ ਅੱਡੀਆਂ ਚੁੱਕ-ਚੁੱਕ ਉਡੀਕਦੇ ਹੁੰਦੇ ਸਾਂ। ਆਪਣੇ ਇਕ ਲੇਖ ਵਿਚ ਉਨ੍ਹਾਂ 'ਖੁੱਲ੍ਹੀ ਕਵਿਤਾ' ਦੇ ਬਹਾਨੇ ਸੁਰੀਆਂ-ਬੇਸੁਰੀਆਂ 'ਕਵਿਤਾਵਾਂ' ਲਿਖਣ ਵਾਲੇ ਲਿਖਾਰੀਆਂ ਨੂੰ ਲੰਮੇ ਹੱਥੀਂ ਲਿਆ ਸੀ। ਉਨ੍ਹਾਂ ਪੰਜਾਬੀ ਸੁਭਾਅ ਅਤੇ ਫਿਤਰਤ ਦੀ ਗੱਲ ਕਰਦਿਆਂ ਲਿਖਿਆ ਸੀ ਕਿ ਪੰਜਾਬੀ ਪਿਆਰੇ ਛੰਦਬੱਧ ਅਤੇ ਠੁੱਕਦਾਰ ਸ਼ੈਲੀ 'ਚ ਲਿਖੀਆਂ ਕਵਿਤਾਵਾਂ ਨੂੰ ਹੀ ਪਸੰਦ ਕਰਦੇ ਹਨ। ਜਿਵੇਂ ਪੁਰਾਤਨ ਕਵੀਆਂ ਸ਼ਾਹ ਮੁਹੰਮਦ, ਵਾਰਿਸ਼ ਸ਼ਾਹ ਅਤੇ ਸ਼ਾਹ ਹੁਸੈਨ ਵਰਗੇ ਅਦੀਬਾਂ ਦੀਆਂ ਲਿਖਤਾਂ ਸਾਡੇ ਸਮਾਜ ਵਿਚ ਕਹਾਵਤਾਂ ਦੀ ਨਿਆਈਂ ਪੜ੍ਹੀਆਂ, ਸੁਣੀਆਂ ਤੇ ਵਰਤੀਆਂ ਜਾਂਦੀਆਂ ਹਨ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।
ਜਾਂ
ਵਾਰਿਸ ਸ਼ਾਹ ਲੁਕਾਵੀਏ ਜੱਗ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਵੀਏ ਜੀ।
ਜਾਂ
ਦਇਆ ਸਿੰਘ ਅਠੋਤਰੀ ਪਕੜ ਮਾਲਾ
ਰੁੱਸੇ ਰੱਬ ਨੂੰ ਫੇਰ ਮਨਾਉਣ ਲੱਗਾ।
ਅਤੇ
ਟੁੱਟਾ ਹੋਇਆ ਦਿਲ ਜੇ ਤੂੰ
ਕਿਸੇ ਦਾ ਨਾ ਸੀਤਾ।
ਤੇ ਨਿਰੀ ਮਾਲਾ ਫੇਰੀ ਤੂੰ
ਕੱਖ ਵੀ ਨਾ ਕੀਤਾ।

ਐਸੇ ਸ਼ਾਇਰਾਂ ਦੀਆਂ ਛੰਦਾਬੰਦੀ ਵਾਲੀਆਂ ਸੁਰ-ਤਾਲ ਭਰਪੂਰ ਰਚਨਾਵਾਂ ਜਦ ਵੀ ਸੁਣੀਏ, ਮਾਖਿਓਂ ਮਿੱਠੀਆਂ ਲਗਦੀਆਂ ਨੇ। ਚਾਚੇ ਚੰਡੀਗੜ੍ਹੀਏ ਮਰਹੂਮ ਗੁਰਨਾਮ ਸਿੰਘ ਤੀਰ ਨੇ ਲਿਖਿਆ ਸੀ ਕਿ ਅਜੋਕੇ ਕਈ ਕੱਚ ਘਰੜ ਕਵੀਆਂ ਨੂੰ ਨਾ ਤਾਂ ਪਿੰਗਲ ਤੇ ਅਰੂਜ਼ ਦਾ ਕੋਈ ਇਲਮ ਹੈ ਅਤੇ ਨਾ ਹੀ ਉਨ੍ਹਾਂ ਨੇ ਉਸਤਾਦਾਂ ਦੀਆਂ ਮਾਰਾਂ ਖਾਧੀਆਂ ਹੁੰਦੀਆਂ ਹਨ, ਪਰ ਉਹ ਥੋਕ ਦੇ ਭਾਅ ਬੇਤੁਕੀਆਂ ਜੋੜ-ਜੋੜ ਕੇ ਕਾਗ਼ਜ਼ ਕਾਲੇ ਕਰੀ ਜਾਂਦੇ ਹਨ ਤੇ ਉਸ ਨੂੰ ਖੁੱਲ੍ਹੀ ਕਵਿਤਾ ਦੇ ਨਾਂ ਹੇਠ ਛਪਵਾ ਕੇ ਆਪੇ ਹੁੱਬੀ ਜਾਂਦੇ ਹਨ। 'ਚਾਚੇ' ਨੇ ਅਜਿਹੇ 'ਮਹਾਨ ਲਿਖਾਰੀਆਂ' ਦੀ ਕਵਿਤਾ ਦਾ ਨਮੂਨਾ ਪੇਸ਼ ਕਰਦਿਆਂ ਸ਼ਿਅਰ ਲਿਖਿਆ ਸੀ:

ਸਾਡੇ ਕੋਠੇ ਨਿੰਮ ਦਾ ਬੂਟਾ,
ਬਾਹਰ ਖੜ੍ਹਾ ਸਰਪੰਚ।
ਦੇਈਂ ਭੈਣੇ ਫੌੜ੍ਹਾ,
ਮੈਂ ਰਜਾਈ ਨਗੰਦਣੀ।

ਇਹੋ ਜਿਹੀ 'ਸ਼ਾਇਰੀ' ਲਿਖਣ ਵਾਲੇ ਸਿਰਮੌਰ ਸ਼ਾਇਰਾਂ ਨੂੰ ਭਲਾ ਸਰੋਤਿਆਂ ਦੇ ਸ਼ੁਕਰਗੁਜ਼ਾਰ ਨਹੀਂ ਹੋਣਾ ਚਾਹੀਦਾ, ਜਿਹੜੇ ਬਕਵਾਸ ਸੁਣ ਕੇ, ਉਨ੍ਹਾਂ ਮਗਰ ਫੌੜ੍ਹੇ ਲੈ ਕੇ ਨਹੀਂ ਪੈਂਦੇ!

# ਨਿੱਕੀ ਗੱਲ, ਵੱਡਾ ਰਹੱਸ



ਰਾਜਿੰਦਰ ਸਿੰਘ ਖਹਿਰਾ
ਫੋਨ: 559-267-3634

ਪਰਵਾਸ ਤਰੱਕੀ ਦਾ ਦੂਜਾ ਨਾਂ ਹੈ। ਕੁਦਰਤ ਦੇ ਬਣਾਏ ਘਟਨਾਕ੍ਰਮ ਅਧੀਨ ਮਨੁੱਖ ਹੀ ਨਹੀਂ ਪਸ਼ੂ ਪੰਛੀ ਵੀ ਪਰਵਾਸ ਕਰਦੇ ਹਨ। ਵਧੀਆ ਭੋਜਨ ਪਾਣੀ ਦੀ ਪ੍ਰਾਪਤੀ ਲਈ ਪਸ਼ੂ-ਪੰਛੀ ਵੀ ਇਧਰ ਉਧਰ ਪਰਵਾਸ ਕਰਦੇ ਹਨ। ਗੁਰਬਾਣੀ ਵਿਚ ਜ਼ਿਕਰ ਹੈ ਕਿ ਕੂੰਜਾਂ ਆਪਣੇ ਆਲ੍ਹਣਿਆਂ ਵਿਚ ਆਂਡੇ ਦੇ ਕੇ ਭੋਜਨ ਲਈ ਦੂਰ-ਦੁਰਾਡੇ ਚਲੇ ਜਾਂਦੀਆਂ ਹਨ ਪਰ ਉਨ੍ਹਾਂ ਦਾ ਧਿਆਨ ਪਿੱਛੇ ਆਲ੍ਹਣਿਆਂ ਵਿਚ ਪਏ ਆਂਡਿਆਂ ਵਿਚ ਰਹਿੰਦਾ ਹੈ, "ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥"

ਇਨਸਾਨ ਰੁਜਗਾਰ ਦੀ ਭਾਲ ਵਿਚ ਕਿਤੇ ਵੀ ਚਲਾ ਜਾਏ, ਉਸ ਦਾ ਮਨ ਸਦਾ ਆਪਣੀ ਮਾਤ ਭੂਮੀ, ਆਪਣੇ ਪਰਿਵਾਰ, ਆਪਣੇ ਵਿਰਸੇ ਨਾਲ ਜੁੜਿਆ ਰਹਿੰਦਾ ਹੈ। ਇਸੇ ਕਰਕੇ ਵਿਦੇਸ਼ਾਂ ਵਿਚ ਵਸੇ ਪੰਜਾਬੀ ਗਾਹੇ-ਬਗਾਹੇ ਆਪਣੀ ਮਾਤ ਭੂਮੀ ਜਾ ਕੇ ਸਕੂਨ ਪ੍ਰਾਪਤ ਕਰਦੇ ਹਨ। ਵਿਦੇਸ਼ਾਂ ਵਿਚ ਪੰਜਾਬੀ ਵੱਖ ਵੱਖ ਢੰਗਾਂ ਰਾਹੀਂ ਪਹੁੰਚੇ ਅਤੇ ਕਈ ਲੰਮੀ ਜੱਦੋਜਹਿਦ ਪਿੱਛੋਂ ਪੱਕੇ ਵਸਨੀਕ ਬਣੇ। ਕਈਆਂ ਦੀ ਜਿੰਦਗੀ ਦਾ ਵੱਡਾ ਹਿੱਸਾ ਪੱਕੇ ਕਾਗਜ਼ ਭਾਵ ਗਰੀਨ ਕਾਰਡ ਲੈਣ ਲਈ ਲੱਗ ਗਿਆ ਪਿੱਛੇ ਮਾਂਵਾਂ, ਪਤਨੀਆਂ ਅਤੇ ਹੋਰ ਪਰਿਵਾਰ ਦੇ ਜੀਅ ਆਪਣੇ ਪਿਆਰਿਆਂ ਨੂੰ ਮਿਲਣ ਲਈ ਤਰਸਦੇ ਰਹੇ। ਅੱਜ ਵੀ ਕਈ ਪਰਿਵਾਰ ਵਿਛੋੜੇ ਦਾ ਸੰਤਾਪ ਹੰਢਾ ਰਹੇ ਹਨ। ਇਧਰ ਪਰਵਾਸੀ ਅਤੇ ਉਧਰ ਉਨ੍ਹਾਂ ਦੇ ਪਰਿਵਾਰ ਆਪੋ-ਆਪਣੀ ਆਸਥਾ ਅਨੁਸਾਰ ਗੁਰੂਆਂ, ਪੀਰਾਂ, ਫਕੀਰਾਂ, ਗੁਰਦੁਆਰਿਆਂ, ਦਰਗਾਹਾਂ, ਮੰਦਰਾਂ ਵਿਚ ਜਾ ਕੇ ਅਰਦਾਸਾਂ ਬੇਨਤੀਆਂ ਕਰਦੇ ਹਨ ਕਿ ਕਦੋਂ ਸਾਰੇ ਪਰਿਵਾਰ ਦਾ ਮਿਲਾਪ ਹੋਵੇਗਾ।

ਦੁਖੀ ਗਰੀਬ ਬੰਦੇ ਦੀ ਧਾਰਮਿਕ ਆਸਥਾ ਸੰਪਨ ਲੋਕਾਂ ਨਾਲੋਂ ਜਿਆਦਾ ਹੁੰਦੀ ਹੈ। ਇਸੇ ਮਨੋਅਵਸਥਾ ਦਾ ਲਾਭ ਅੱਜ ਦੇ ਅਖੌਤੀ ਸਾਧੂ ਸੰਤ, ਪਖੰਡੀ ਤਾਂਤਰਿਕ-ਬਾਬੇ ਉਠਾਉਂਦੇ ਹਨ ਅਤੇ ਦੁਖੀ ਲੋਕਾਂ ਨੂੰ ਗਰੀਬੀ ਦਾ ਪਾਠ ਪੜਾਉਂਦੇ ਹਨ ਪਰ ਆਪ ਗਰੀਬ ਨਹੀਂ ਰਹਿਣਾ ਚਾਹੁੰਦੇ। ਨਵੀਂ ਸੋਚ, ਸਮਾਜਿਕ ਚੇਤਨਾ, ਸਮਾਜਿਕ ਤਰੱਕੀ, ਸਾਇੰਸ ਦਾ ਹਮੇਸ਼ਾ ਕੱਟੜਪੰਥੀਆਂ ਨੇ ਵਿਰੋਧ ਕੀਤਾ ਹੈ, ਇਨ੍ਹਾਂ ਲੋਕਾਂ ਨੇ ਆਸਤਿਕਤਾ ਅਤੇ ਨਾਸਤਿਕਤਾ ਦੇ ਨਾਂ 'ਤੇ ਸਮਾਜ ਵਿਚ ਦੀਵਾਰਾਂ ਖੜੀਆਂ ਕੀਤੀਆਂ ਹਨ। ਦੁਨੀਆਂ ਦੇ ਇਤਿਹਾਸ ਵਿਚ ਨਾਸਤਿਕਤਾ ਦੇ ਨਾਂ 'ਤੇ ਉਨੇ ਕਤਲ ਨਹੀਂ ਹੋਏ, ਜਿੰਨੇ ਆਸਤਿਕਤਾ ਦੇ ਨਾਂ 'ਤੇ। ਸਾਇੰਸ ਅਤੇ ਧਰਮ, ਆਸਤਿਕਤਾ ਅਤੇ ਨਾਸਤਿਕਤਾ ਵਿਚ ਸ਼ਾਤਰ ਲੋਕਾਂ ਨੇ ਦੀਵਾਰਾਂ ਖੜੀਆਂ ਕਰਕੇ ਪਹਿਲਾਂ ਹੀ ਧਰਮਾਂ, ਜਾਤਾਂ, ਖਿਤਿਆਂ, ਰੰਗਾਂ, ਨਸਲਾਂ ਵਿਚ ਬੁਰੀ ਤਰ੍ਹਾਂ ਉਲਝੇ ਸਮਾਜ ਨੂੰ ਹੋਰ ਵੰਡਣ ਦੀ ਚਾਲ ਚੱਲੀ ਹੈ। ਧਰਮ, ਆਸਤਿਕਤਾ ਮਨੁੱਖ ਨੂੰ ਪਰੀਪੂਰਨ ਪਰਮਾਤਮਾ ਦੇ ਭੈਅ, ਧਰਮ ਦੇ ਬਣਾਏ ਚੰਗੇ ਅਸੂਲਾਂ ਵਿਚ ਰਹਿ ਕੇ ਸਮਾਜਿਕ ਜੀਵਨ ਨੂੰ ਸੁਚੱਜੇ ਢੰਗ ਨਾਲ ਮਾਣਨ ਦੀ ਤਰਕੀਬ ਹੈ। ਦੂਜੇ ਪਾਸੇ ਸੂਰਜ, ਚੰਦ, ਸਮੁੰਦਰ, ਅਕਾਸ਼, ਹਵਾ, ਪਾਣੀ 'ਤੇ ਜਿੱਤ ਪ੍ਰਾਪਤ ਕਰਕੇ ਇਨ੍ਹਾਂ ਦੀਆਂ ਅਥਾਹ ਸ਼ਕਤੀਆਂ ਨੂੰ ਮਨੁੱਖੀ ਸਮਾਜ ਦੀ ਬਿਹਤਰੀ ਲਈ ਵਰਤਣਯੋਗ ਬਣਾ ਕੇ ਮਹਾਨ ਸਾਇੰਸਦਾਨਾਂ ਨੇ ਮਨੁੱਖਤਾ ਦੀ ਭਲਾਈ ਲਈ ਅਹਿਮ ਹਿੱਸਾ ਪਾਇਆ। ਜਿਹੜੇ ਲੋਕ ਹੁਣ ਤੱਕ ਕੁਦਰਤ ਦੇ ਇਨ੍ਹਾਂ ਸੋਮਿਆਂ-ਪਹਾੜਾਂ, ਦਰੱਖਤਾਂ ਆਦਿ ਨੂੰ ਦੇਵੀ-ਦੇਵਤੇ ਬਣਾ ਕੇ ਸਮਾਜ ਦੀ ਲੁੱਟ ਕਰਦੇ ਸਨ, ਸਾਇੰਸਦਾਨ ਵਿਦਵਾਨਾਂ ਨੂੰ ਨਾਸਤਿਕ ਕਹਿੰਦੇ ਨਹੀਂ ਥੱਕਦੇ ਪਰ ਅੱਜ ਦੀ ਪੀੜ੍ਹੀ ਆਸਤਿਕਤਾ ਅਤੇ ਨਾਸਤਿਕਤਾ ਵਿਚ ਸੁਮੇਲ ਚਾਹੁੰਦੀ ਹੈ। ਧਰਮ ਅਤੇ ਸਾਇੰਸ ਦੇ ਜੋੜ ਨਾਲ ਮਨੁੱਖੀ ਸਮਾਜ ਨੂੰ ਵਧੀਆ, ਸੁੰਦਰ, ਖੁਸ਼ਹਾਲ, ਨਵਾਂ ਨਰੋਆ ਬਣਾਉਣ ਲਈ ਦੋਨਾਂ ਦੀਆਂ ਖੋਜਾਂ, ਤਰਕ ਭਰਪੂਰ ਦਲੀਲਾਂ ਅਤੇ ਅਸੂਲਾਂ ਦਾ ਸਤਿਕਾਰ ਚਾਹੁੰਦੀ ਹੈ। ਧਰਮਾਂ ਦੇ ਨਾਂ 'ਤੇ ਕਤਲੋਗਾਰਤ, ਆਸਤਿਕਤਾ ਦੇ ਨਾਂ 'ਤੇ ਅਨੈਤਿਕਤਾਅ ਅਤੇ ਆਪਹੁਦਰੀਆਂ ਕਰਨ ਵਾਲੇ ਕਥਿਤ ਧਰਮੀ ਲੋਕ ਮਨੁੱਖੀ ਸਮਾਜ ਲਈ ਫਾਇਦੇਮੰਦ ਖੋਜਾਂ ਦਾ ਖਾਤਮਾ ਚਾਹੁੰਦੇ ਹਨ।

ਗੱਲ ਦਸੰਬਰ 2012 ਦੀ ਹੈ। ਦੋ ਕੁ ਸਾਲ ਅੰਦਰ ਮੇਰਾ ਗਰੀਨ ਕਾਰਡ ਆ ਗਿਆ। ਮੈਂ ਖੁਸ਼ੀ ਵਿਚ ਆਪਣੇ ਪਰਿਵਾਰ ਨਾਲ ਗੱਲ ਕਰ ਰਿਹਾ ਸਾਂ ਕਿ ਅਗਲੇ ਮਹੀਨੇ ਮੈਂ ਇੰਡੀਆ ਆ ਰਿਹਾ ਹਾਂ। ਪਰਮਾਤਮਾ ਨੇ ਸਾਡੀ ਅਰਦਾਸ ਸੁਣ ਲਈ। ਮੈਂ ਆਪਣੀ ਪਤਨੀ ਅਤੇ ਬੇਟੇ ਨੂੰ ਤਾਕੀਦ ਕਰ ਰਿਹਾ ਸਾਂ ਕਿ ਤੁਸੀਂ ਸਵੇਰੇ ਗੁਰਦੁਆਰੇ ਜਾ ਕੇ ਸ਼ੁਕਰਾਨੇ ਦੀ ਅਰਦਾਸ ਬੇਨਤੀ ਕਰਿਓ। ਆਪਣੇ ਬੇਟੇ ਜਿਸ ਨੂੰ ਸੱਤਵੀਂ ਕਲਾਸ ਵਿਚ ਪੜ੍ਹਦੇ ਨੂੰ ਛੱਡ ਅਮਰੀਕਾ ਆ ਗਿਆ ਸੀ, ਉਸ ਦੇ ਮਨ ਵਿਚ ਧਾਰਮਿਕ ਸ਼ਰਧਾ ਭਰਨ ਲਈ ਕਹਿਣ ਲੱਗਾ ਕਿ ਪੁੱਤਰ ਗੁਰੂ ਨਾਨਕ ਸਾਹਿਬ ਦਾ ਧੰਨਵਾਦ ਕਰਿਓ ਜਿਨ੍ਹਾਂ ਦੀ ਕਿਰਪਾ ਨਾਲ ਮੈਂ ਲੰਮੇ ਸਮੇਂ ਬਾਅਦ ਵਾਪਸ ਆ ਰਿਹਾ ਹਾਂ। ਮੇਰੇ ਬੇਟੇ ਨੇ ਮੇਰੀ ਗੱਲ ਬਹੁਤ ਠਰੰਮੇ ਨਾਲ ਸੁਣੀ ਅਤੇ ਮੰਨਣ ਦਾ ਵਾਅਦਾ ਕੀਤਾ। ਨਾਲ ਹੀ ਇੱਕ ਨਿੱਕੀ ਜਿਹੀ ਗੱਲ ਸਹਿਜੇ ਕਹਿ ਦਿੱਤੀ, ਪਿਤਾ ਜੀ, ਜਿਥੇ ਮੈਂ ਗੁਰੂ ਨਾਨਕ ਸਾਹਿਬ ਦਾ ਧੰਨਵਾਦ ਕਰੂੰਗਾ, ਉਥੇ ਮੈਂ ਉਸ ਮਹਾਨ ਸਾਇੰਸਦਾਨ, ਮਹਾਨ ਇੰਜੀਨੀਅਰ ਅਤੇ ਉਸ ਸਾਰੀ ਟੀਮ ਦਾ ਧੰਨਵਾਦ ਕਰੂੰਗਾ ਜਿਸ ਨੇ ਉਹ ਜਹਾਜ਼ ਬਣਾਇਆ ਹੈ ਜਿਸ 'ਤੇ ਸਵਾਰ ਹੋ ਕੇ ਤੁਸੀਂ ਆ ਰਹੇ ਹੋ ਅਤੇ ਹਜ਼ਾਰਾਂ-ਲੱਖਾਂ ਪਿਤਾ ਆਪਣੇ ਪੁੱਤਰਾਂ ਨੂੰ ਵਿਦੇਸ਼ਾਂ ਵਿਚੋਂ ਆ ਕੇ ਮਿਲਦੇ ਹਨ। ਮੇਰਾ ਦਿਮਾਗ ਇਸ ਨਿੱਕੀ ਪਰ ਬੇਹੱਦ ਰਹੱਸ ਭਰੀ ਵੱਡੀ ਗੱਲ ਨੂੰ ਸੁਣ ਕੇ ਸੋਚਣ ਲੱਗਾ ਕਿ ਜੇ ਇਹ ਨਿੱਕੀ ਜਿਹੀ ਗੱਲ ਸਾਡੇ ਲੋਕਾਂ ਨੂੰ ਸਮਝ ਆ ਜਾਵੇ ਤਾਂ ਦੁਨੀਆਂ ਦੀਆਂ ਕਿੰਨੀਆਂ ਆਸਤਿਕਤਾ ਅਤੇ ਨਾਸਤਿਕਤਾ ਦੇ ਨਾਂ ਦੀਆਂ ਲੜਾਈਆਂ ਖਤਮ ਹੋ ਜਾਣ।

ਅਸੀਂ ਗੁਰੂ ਨਾਨਕ, ਬਾਬਾ ਫਰੀਦ, ਬੁਲੇ ਸ਼ਾਹ ਪੀਰਾਂ ਫਕੀਰਾਂ ਦੀ ਸਾਂਝੀ ਸੋਚ ਨੂੰ ਲਾਗੂ ਕਰਕੇ ਨਵਾਂ ਨਰੋਆ ਸਮਾਜ ਸਿਰਜ ਸਕੀਏ। ਇਹ ਗੱਲ ਸਮਝ ਲਈਏ ਕਿ ਗੁਰੂਆਂ, ਪੀਰਾਂ ਫਕੀਰਾਂ, ਅਵਤਾਰਾਂ ਨੇ ਜਿਥੇ ਮਨੁੱਖਤਾ ਦੀ ਭਲਾਈ ਲਈ ਧਰਮ ਬਣਾ ਕੇ ਅਤੇ ਚੰਗੇ ਅਸੂਲ ਦੇ ਕੇ ਲੋਕਾਈ ਨੂੰ ਬਿਹਤਰ ਜਿੰਦਗੀ ਬਤੀਤ ਕਰਨ ਦੀ ਜਾਂਚ ਦੱਸੀ, ਉਥੇ ਮਹਾਨ ਸਾਇੰਸਦਾਨਾਂ, ਵਿਦਵਾਨਾਂ ਨੇ ਨਵੀਆਂ ਵੱਡੀਆਂ ਕਾਢਾਂ ਕੱਢ ਕੇ ਮਨੁੱਖੀ ਜਿੰਦਗੀ ਨੂੰ ਸੁਖਾਲਾ ਕੀਤਾ। ਦੋਨਾਂ ਦਾ ਇੱਕੋ ਮਨੋਰਥ ਸੀ ਅਤੇ ਹੈ ਕਿ ਸੰਸਾਰ ਦੇ ਲੋਕ ਸੁਖ ਭਰੀ ਜਿੰਦਗੀ ਬਤੀਤ ਕਰਨ। ਅਜਿਹਾ ਸੰਸਾਰ ਹੋਵੇ ਜਿਥੇ ਹਰ ਕੋਈ ਰੰਗ, ਨਸਲ ਅਤੇ ਜਾਤ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਜੀਵਨ ਦਾ ਅਨੰਦ ਮਾਣ ਸਕੇ।

#

Quick Stop 40, Oklahoma

Help Wanted

ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

# ਪਵਨ ਬਾਂਸਲ ਤੇ ਅਸ਼ਵਨੀ ਕੁਮਾਰ ਦੇ ਅਸਤੀਫੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਜਿਹੜੀ ਸੋਨੀਆ ਗਾਂਧੀ ਦੇ ਜਵਾਈ ਦੇ ਜ਼ਮੀਨਾਂ ਦੇ ਸਕੈਂਡਲ ਨਹੀਂ ਗਿਣੇ ਜਾਂਦੇ ਅਤੇ ਉਸ ਨੂੰ ਬਚਾਉਣ ਲਈ ਕਾਂਗਰਸ ਦੀ ਸਾਰੀ ਟੀਮ ਝੋਕ ਦਿੱਤੀ ਗਈ ਸੀ, ਉਹ ਇਸ ਵਕਤ ਆਪਣੀ ਪਾਰਟੀ ਤੇ ਸਰਕਾਰ ਦਾ ਅਕਸ ਬਣਾਈ ਰੱਖਣ ਲਈ ਇਸ ਬੰਦੇ ਦੀ ਬਲੀ ਲੈਣ ਤੁਰ ਪਈ। ਜੇ ਸਰਕਾਰ ਤੇ ਪਾਰਟੀ ਦੇ ਅਕਸ ਦਾ ਏਨਾ ਹੀ ਖਿਆਲ ਸੀ ਤਾਂ ਇਹ ਵੀ ਦੱਸਣਾ ਚਾਹੀਦਾ ਹੈ ਕਿ ਸੋਨੀਆ ਗਾਂਧੀ ਦੇ ਦਾਮਾਦ ਦੇ ਕੇਸ ਵਿਚ ਕਿਸ ਆਗੂ ਜਾਂ ਅਫਸਰ ਦੀ ਬਲੀ ਦਿੱਤੀ ਗਈ ਸੀ? ਅਸ਼ਵਨੀ ਕੁਮਾਰ ਤਾਂ ਸਿਰਫ਼ ਇੱਕ ਮੋਹਰਾ ਸੀ, ਇਸ ਤਰ੍ਹਾਂ ਦੇ ਮੋਹਰੇ ਸਰਕਾਰ ਚਲਾਉਂਦੇ ਜਾਂ ਸਰਕਾਰ ਬਣਨ ਦੀ ਝਾਕ ਰੱਖਦੇ ਸਾਰੇ ਲੀਡਰਾਂ ਕੋਲ ਮੌਜੂਦ ਹੁੰਦੇ ਹਨ, ਵੇਲੇ-ਕੁਵੇਲੇ ਇਨ੍ਹਾਂ ਦੀ ਬਲੀ ਦੇ ਦੇਣੀ ਇਸ ਦੇਸ਼ ਵਿਚ ਕੋਈ ਵੱਡੀ ਗੱਲ ਨਹੀਂ।***

ਭਾਰਤ ਸਰਕਾਰ ਦੇ ਦੋ ਮੰਤਰੀ ਅਸਤੀਫਾ ਦੇ ਗਏ ਹਨ। ਅਸਤੀਫਾ ਦੇ ਨਹੀਂ ਗਏ, ਦੇਣ ਲਈ ਮਜਬੂਰ ਹੋ ਗਏ ਸਨ। ਇੱਕ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਅਤੇ ਦੂਸਰਾ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ। ਦੋਹਾਂ ਦੇ ਅਸਤੀਫੇ ਭਾਵੇਂ ਇੱਕੋ ਦਿਨ ਅੱਗੜ-ਪਿੱਛੜ ਆਏ, ਕੇਸ ਵੀ ਦੋਹਾਂ ਦੇ ਵੱਖੋ ਵੱਖ ਸਨ ਤੇ ਕਿਰਦਾਰ ਪੱਖੋਂ ਵੀ ਦੋਹਾਂ ਦੀ ਇਹ ਦੁਰਗਤ ਹੋਣ ਦਾ ਇੱਕੋ ਕਾਰਨ ਨਹੀਂ ਸੀ।

ਅਸ਼ਵਨੀ ਕੁਮਾਰ ਦਾ ਅਸਤੀਫਾ ਕਈ ਦਿਨ ਪੱਛੜ ਕੇ ਆਇਆ ਹੈ। ਇਹ ਉਸੇ ਦਿਨ ਆ ਜਾਣਾ ਚਾਹੀਦਾ ਸੀ, ਜਦੋਂ ਸੁਪਰੀਮ ਕੋਰਟ ਵਿਚ ਇਹ ਸਾਫ ਹੋ ਗਿਆ ਸੀ ਕਿ ਉਸ ਨੇ ਕੋਲੇ ਦੇ ਬਲਾਕਾਂ ਦੀ ਗਲਤ ਅਲਾਟਮੈਂਟ ਦੀ ਜਾਂਚ ਬਾਰੇ ਸੀ ਬੀ ਆਈ ਰਿਪੋਰਟਾਂ ਅਦਾਲਤ ਤੱਕ ਪਹੁੰਚਣ ਤੋਂ ਪਹਿਲਾਂ ਆਪ ਵੇਖੀਆਂ ਸਨ। ਸੁਪਰੀਮ ਕੋਰਟ ਇਹ ਸਾਫ ਕਰ ਚੁੱਕੀ ਸੀ ਕਿ ਰਿਪੋਰਟਾਂ ਸਿੱਧੀਆਂ ਉਸੇ ਨੂੰ ਵਿਖਾਈਆਂ ਜਾਣ, ਪਰ ਸੀ ਬੀ ਆਈ ਵਾਲੇ ਅਫਸਰਾਂ ਤੋਂ ਇਸ ਮੰਤਰੀ ਨੇ ਮੰਗਵਾ ਕੇ ਵੇਖੀਆਂ ਤੇ ਫਿਰ ਦੇਸ਼ ਦੇ ਐਡੀਸ਼ਨਲ ਸਾਲਿਸਟਰ ਜਨਰਲ ਤੋਂ ਅਦਾਲਤ ਵਿਚ ਝੂਠਾ ਹਲਫੀਆ ਬਿਆਨ ਦਿਵਾਇਆ ਕਿ ਇਹ ਕਿਸੇ ਨੇ ਨਹੀਂ ਵੇਖੀਆਂ। ਸੇਕ ਲੱਗਣ ਲੱਗਾ ਤਾਂ ਸੀ ਬੀ ਆਈ ਦੇ ਮੁਖੀ ਨੇ ਆਪ ਇਹ ਕਹਿ ਦਿੱਤਾ ਕਿ ਰਿਪੋਰਟਾਂ ਵਿਖਾਈਆਂ ਗਈਆਂ ਹਨ ਤੇ ਇਹ ਸਾਰਾ ਕੁਝ ਅਸ਼ਵਨੀ ਕੁਮਾਰ ਦੇ ਕਹਿਣ ਉਤੇ ਹੀ ਕੀਤਾ ਗਿਆ ਸੀ। ਇਸ ਦੇ ਬਾਅਦ ਅਸ਼ਵਨੀ ਕੁਮਾਰ ਨੂੰ ਖੜੇ ਪੈਰ ਅਸਤੀਫਾ ਦੇ ਦੇਣਾ ਬਣਦਾ ਸੀ। ਉਸ ਉਤੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੂੰ ਗੁੰਮਰਾਹ ਕਰਨ ਦਾ ਦੋਸ਼ ਸੀ। ਕਿਹਾ ਜਾ ਰਿਹਾ ਹੈ ਕਿ ਇਸ ਅਸਤੀਫੇ ਬਾਰੇ



*ਪਵਨ ਬਾਂਸਲ ਤੇ ਅਸ਼ਵਨੀ ਕੁਮਾਰ*

ਸਰਕਾਰ ਵਿਚ ਇੱਕ ਰਾਏ ਨਹੀਂ ਸੀ ਬਣ ਰਹੀ, ਇਸ ਕਰ ਕੇ ਲੇਟ ਹੁੰਦਾ ਗਿਆ।

ਕਾਂਗਰਸ ਪਾਰਟੀ ਵਿਚ ਅਸ਼ਵਨੀ ਕੁਮਾਰ ਦੇ ਅਸਤੀਫੇ ਬਾਰੇ ਇੱਕ ਰਾਏ ਕਿਉਂ ਨਹੀਂ ਸੀ, ਇਸ ਦੀ ਕਹਾਣੀ ਬੜੀ ਅਜੀਬ ਦੱਸੀ ਜਾ ਰਹੀ ਹੈ। ਸੋਨੀਆ ਗਾਂਧੀ ਦਾ ਥਿੰਕ-ਟੈਂਕ ਇਸ ਰਾਏ ਉਤੇ ਖੜਾ ਸੀ ਕਿ ਆਪਣੀ ਸਰਕਾਰ ਦਾ ਨੱਕ ਰੱਖਣ ਲਈ ਅਸ਼ਵਨੀ ਕੁਮਾਰ ਦੀ ਬਲੀ ਦੇ ਦੇਣੀ ਚਾਹੀਦੀ ਹੈ, ਪਰ ਪ੍ਰਧਾਨ ਮੰਤਰੀ ਆਪ ਜਾਂ ਉਸ ਦੇ ਜੋਟੀਦਾਰ ਇਸ ਨੂੰ ਇਸ ਕਰ ਕੇ ਬਚਾਉਣਾ ਚਾਹੁੰਦੇ ਸਨ ਕਿ ਬੰਦਾ ਬੇਗਾਨੀ ਕਬਰ ਵਿਚ ਲੇਟਣ ਜਾ ਰਿਹਾ ਸੀ। ਕੋਲੇ ਦੇ ਬਲਾਕਾਂ ਦੀ ਵੰਡ ਨਾਲ ਅਸ਼ਵਨੀ ਕੁਮਾਰ ਦਾ ਕੋਈ ਸਬੰਧ ਨਹੀਂ ਸੀ, ਉਹ ਤਾਂ ਇਹ ਚਿੰਤਾ ਕਰਦਾ ਰਿਹਾ ਸੀ ਕਿ ਜਿਹੜੇ ਸਮੇਂ ਦੀ ਵੰਡ ਦੀ ਜਾਂਚ ਹੋਣੀ ਹੈ, ਉਸ ਦੌਰਾਨ ਕੁਝ ਸਮਾਂ ਕੋਲੇ ਦਾ ਮਹਿਕਮਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕੋਲ ਵੀ ਰਿਹਾ ਸੀ, ਕਿਤੇ ਉਸ ਦਾ ਨਾਂ ਜਾਂਚ ਰਿਪੋਰਟ ਵਿਚ ਨਾ ਲਿਖਿਆ ਗਿਆ ਹੋਵੇ। ਪ੍ਰਧਾਨ ਮੰਤਰੀ ਦਾ ਪੱਲਾ ਸਾਫ ਸੀ ਜਾਂ ਨਹੀਂ, ਇਹ ਸਵਾਲ ਵੱਖਰਾ ਹੈ, ਪਰ ਏਨੀ ਗੱਲ ਸਾਫ ਹੈ ਕਿ ਅਸ਼ਵਨੀ ਕੁਮਾਰ ਉਸ ਨੂੰ ਬਚਾਉਣ ਦੇ ਆਹਰ ਵਿਚ ਹੱਦਾਂ ਟੱਪ ਗਿਆ ਸੀ।

ਜਿਹੜੀ ਸੋਨੀਆ ਗਾਂਧੀ ਦੇ ਜਵਾਈ ਦੇ ਜ਼ਮੀਨਾਂ ਦੇ ਸਕੈਂਡਲ ਨਹੀਂ ਗਿਣੇ ਜਾਂਦੇ ਅਤੇ ਉਸ ਨੂੰ ਬਚਾਉਣ ਲਈ ਕਾਂਗਰਸ ਦੀ ਸਾਰੀ ਟੀਮ ਝੋਕ ਦਿੱਤੀ ਗਈ ਸੀ, ਉਹ ਇਸ ਵਕਤ ਆਪਣੀ ਪਾਰਟੀ ਤੇ ਸਰਕਾਰ ਦਾ ਅਕਸ ਬਣਾਈ ਰੱਖਣ ਲਈ ਇਸ ਬੰਦੇ ਦੀ ਬਲੀ ਲੈਣ ਤੁਰ ਪਈ। ਜੇ ਸਰਕਾਰ ਤੇ ਪਾਰਟੀ ਦੇ ਅਕਸ ਦਾ ਏਨਾ ਹੀ ਖਿਆਲ ਸੀ ਤਾਂ ਇਹ ਵੀ ਦੱਸਣਾ ਚਾਹੀਦਾ ਹੈ ਕਿ ਸੋਨੀਆ ਗਾਂਧੀ ਦੇ ਦਾਮਾਦ ਦੇ ਕੇਸ ਵਿਚ ਕਿਸ ਆਗੂ ਜਾਂ ਅਫਸਰ ਦੀ ਬਲੀ ਦਿੱਤੀ ਗਈ ਸੀ? ਅਸ਼ਵਨੀ ਕੁਮਾਰ ਤਾਂ ਸਿਰਫ਼ ਇੱਕ ਮੋਹਰਾ ਸੀ, ਇਸ ਤਰ੍ਹਾਂ ਦੇ ਮੋਹਰੇ ਸਰਕਾਰ ਚਲਾਉਂਦੇ ਜਾਂ ਸਰਕਾਰ ਬਣਨ ਦੀ ਝਾਕ ਰੱਖਦੇ ਸਾਰੇ ਲੀਡਰਾਂ ਕੋਲ ਮੌਜੂਦ ਹੁੰਦੇ ਹਨ, ਵੇਲੇ-ਕੁਵੇਲੇ ਇਨ੍ਹਾਂ ਦੀ ਬਲੀ ਦੇ ਦੇਣੀ ਇਸ ਦੇਸ਼ ਵਿਚ ਕੋਈ ਵੱਡੀ ਗੱਲ ਨਹੀਂ।

ਹੁਣ ਆਈਏ ਦੂਸਰੇ ਕਾਂਗਰਸੀ ਆਗੂ ਪਵਨ ਕੁਮਾਰ ਬਾਂਸਲ ਵੱਲ, ਜਿਸ ਵੱਲੋਂ ਚਿੱਟੇ ਬੱਕਰੇ ਦੀ ਪੂਜਾ ਕੀਤੀ ਵੀ ਰਾਸ ਨਹੀਂ ਆਈ ਤੇ ਸ਼ਾਮ ਪੈਣ ਤੱਕ ਅਸਤੀਫਾ ਦੇਣਾ ਪੈ ਗਿਆ ਸੀ। ਅਸਤੀਫਾ ਅਸ਼ਵਨੀ ਕੁਮਾਰ ਨੇ ਵੀ ਦੇਂਦਿਆਂ ਦੇਰੀ ਕੀਤੀ ਸੀ, ਪਰ ਪਵਨ ਬਾਂਸਲ ਵੱਲੋਂ ਕੀਤੀ ਦੇਰੀ ਦਾ ਕਾਰਨ ਉਹਦੇ ਵਾਲਾ ਨਹੀਂ ਸੀ। ਪਵਨ ਬਾਂਸਲ ਨੂੰ ਜੇ ਜ਼ਰਾ ਵੀ ਸ਼ਰਮ ਹੁੰਦੀ ਤਾਂ ਓਸੇ ਦਿਨ ਅਸਤੀਫਾ ਦੇ ਦੇਣਾ ਚਾਹੀਦਾ ਸੀ, ਜਿਸ ਦਿਨ ਉਸ ਦਾ ਭਾਣਜਾ ਵਿਜੇ ਸਿੰਗਲਾ ਨੱਬੇ ਲੱਖ ਰੁਪਏ ਦੀ ਰਿਸ਼ਵਤ ਵਸੂਲ ਕਰਦਾ ਰੰਗੇ ਹੱਥੀਂ ਫੜਿਆ ਗਿਆ ਸੀ। ਉਸ ਨੂੰ ਇਹ ਕਹਿਣ ਵਿਚ ਵੀ ਜ਼ਰਾ ਝਿਜਕ ਨਾ ਹੋਈ ਕਿ ਮੇਰਾ ਆਪਣੇ ਭਾਣਜੇ ਨਾਲ ਕੋਈ ਰਿਸ਼ਤਾ ਨਹੀਂ, ਜਦ ਕਿ ਰਿਸ਼ਤੇ ਸਾਰੇ ਸਨ ਤੇ ਭਾਣਜਾ ਉਸ ਦੇ ਘਰ ਵਿਚ ਬੈਠ ਕੇ ਆਪਣਾ ਕਾਰੋਬਾਰ ਵੀ ਕਰਦਾ ਸੀ ਤੇ ਮਾਮੇ ਦਾ ਰਾਜਸੀ ਕਾਰੋਬਾਰ ਵੀ। ਕਿਸ ਅਫਸਰ ਦੀ ਕਿਸ ਪਾਸੇ ਬਦਲੀ ਕਰਨੀ ਹੈ ਤੇ ਬਦਲੀ ਦਾ ਸ਼ਗਨ ਕਿੰਨਾ ਵਸੂਲਣਾ ਹੈ, ਇਹ ਗੱਲ ਵਿਜੇ ਸਿੰਗਲਾ ਵੱਲੋਂ ਤੈਅ ਕਰਨ ਬਾਰੇ ਜਦੋਂ ਸਾਰਾ ਚੰਡੀਗੜ੍ਹ ਜਾਣਦਾ ਸੀ ਤਾਂ ਮਾਮਾ ਪਵਨ ਬਾਂਸਲ ਕਿਵੇਂ ਨਹੀਂ ਸੀ ਜਾਣਦਾ? ਜਦੋਂ ਤੱਕ ਮਾਮਾ ਮੰਤਰੀ ਨਹੀਂ ਬਣ ਗਿਆ, ਭਾਣਜੇ ਦਾ ਕਾਰੋਬਾਰ ਕਿਸੇ ਖਾਤੇ ਵਿਚ ਨਹੀਂ ਸੀ ਗਿਣਿਆ ਜਾਂਦਾ ਤੇ ਫਿਰ ਉਹ ਕਰੋੜਾਂ ਦੀਆਂ ਪੌੜੀਆਂ ਚੜ੍ਹਨ ਲੱਗ ਪਿਆ। ਉਸ ਦੇ ਜਿਹੜੇ ਪਲਾਜ਼ਾ ਵਿਚ ਮੰਤਰੀ ਦਾ ਭਤੀਜਾ ਵੀ ਅਹੁਦੇਦਾਰ ਸੀ, ਉਸ ਬਾਰੇ ਵੀ ਜਾਣਕਾਰੀ ਹੋਣਾ ਬਾਂਸਲ ਨੇ ਨਹੀਂ ਮੰਨਣਾ ਤੇ ਨਾ ਇਹ ਗੱਲ ਉਸ ਨੇ ਸੌਖੀ ਮੰਨਣੀ ਹੈ ਕਿ ਉਸ ਦਾ ਆਪਣਾ ਮੁੰਡਾ ਵੀ ਇਸ ਭਾਣਜੇ ਦੀ ਇੱਕ ਕੰਪਨੀ ਦਾ ਡਾਇਰੈਕਟਰ ਸੀ।

ਅਸਲੀਅਤ ਇਹ ਹੈ ਕਿ ਜਿਹੜੇ ਕੇਸ ਵਿਚ ਉਦੋਂ ਦੇ ਰੇਲਵੇ ਮੰਤਰੀ ਪਵਨ ਬਾਂਸਲ ਦਾ ਭਾਣਜਾ ਵਿਜੇ ਸਿੰਗਲਾ ਨੱਬੇ ਲੱਖ ਰੁਪਏ ਲੈਂਦਾ ਫੜਿਆ ਗਿਆ ਸੀ, ਉਹ ਸੌਦਾ ਕੁੱਲ ਬਾਰਾਂ ਕਰੋੜ ਰੁਪਏ ਦਾ ਸੀ। ਪੱਛਮੀ ਰੇਲਵੇ ਦਾ ਜਨਰਲ ਮੈਨੇਜਰ ਰਹਿ ਚੁੱਕੇ ਮਹੇਸ਼ ਕੁਮਾਰ ਨੂੰ ਰੇਲਵੇ ਬੋਰਡ ਦਾ ਮੁਖੀ ਲਾਉਣ ਲਈ ਇਹ ਸੌਦਾ ਹੋਇਆ ਸੀ ਤੇ ਉਹ ਕੁਰਸੀ ਹਾਲੇ ਜੁਲਾਈ ਵਿਚ ਵਿਹਲੀ ਹੋਣੀ ਸੀ। ਚੇਅਰਮੈਨ ਲਾਉਣ ਲਈ ਪਹਿਲਾਂ ਮਹੇਸ਼ ਕੁਮਾਰ ਨੂੰ ਰੇਲਵੇ ਬੋਰਡ ਦਾ ਮੈਂਬਰ ਲਾਇਆ ਜਾਣਾ ਜ਼ਰੂਰੀ ਸੀ ਤੇ ਇਹ ਲਾਉਣ ਦਾ ਫੈਸਲਾ ਹੋ ਚੁੱਕਾ ਸੀ। ਬਾਰਾਂ ਕਰੋੜ ਰੁਪਏ ਦੇ ਕੇ ਚੇਅਰਮੈਨੀ ਲੈਣ ਦੀ ਖਾਹਿਸ਼ ਰੱਖਦਾ ਮਹੇਸ਼ ਕੁਮਾਰ ਜਾਣਦਾ ਸੀ ਕਿ ਅਜੇ ਉਹ ਕੁਰਸੀ ਖਾਲੀ ਹੋਣ ਤੱਕ ਦੋ ਮਹੀਨੇ ਰਹਿੰਦੇ ਹਨ ਤੇ ਰਾਜਸੀ ਆਗੂਆਂ ਦੀ ਨੀਤ ਦਾ ਕੋਈ ਭਰੋਸਾ ਨਹੀਂ ਹੁੰਦਾ ਕਿ ਬਾਰਾਂ ਕਰੋੜ ਲੈ ਕੇ ਉਸ ਵੇਲੇ ਕਿਸੇ ਹੋਰ ਨੂੰ ਚੇਅਰਮੈਨ ਲਾ ਦੇਣ ਅਤੇ ਕਹਿ ਦੇਣ ਕਿ ਸੋਨੀਆ ਗਾਂਧੀ ਦਾ ਕਿਹਾ ਮੰਨਣਾ ਪੈ ਗਿਆ ਹੈ। ਇੰਜ ਬਾਰਾਂ ਕਰੋੜ ਦਾ ਜੂਆ ਖੇਡਣ ਦੀ ਥਾਂ ਉਹ ਇਹ ਸੌਦਾ ਮਾਰਨ ਵਿਚ ਸਫਲ ਰਿਹਾ ਕਿ ਹੁਣ ਮੈਂਬਰੀ ਦੇਣ ਦੇ ਦੋ ਕਰੋੜ ਖੜੇ ਪੈਰ ਲੈ ਲਵੋ ਤੇ ਜੁਲਾਈ ਵਿਚ ਜਦੋਂ ਚੇਅਰਮੈਨੀ ਦਾ ਹੁਕਮ ਜਾਰੀ ਹੋਵੇਗਾ, ਬਾਕੀ ਦਸ ਕਰੋੜ ਰੁਪਏ ਉਦੋਂ ਦੇ ਦੇਵਾਂਗਾ। ਪੈਸੇ ਉਸ ਨੇ ਆਪ ਦੇਣ ਦੀ ਥਾਂ ਅੱਗੋਂ ਇੱਕ ਬਿਜਲੀ ਦਾ ਸਾਮਾਨ ਬਣਾਉਣ ਤੇ ਰੇਲਵੇ ਨੂੰ ਸਪਲਾਈ ਕਰਨ ਵਾਲੀ ਕੰਪਨੀ ਦੇ ਮਾਲਕ ਨੂੰ ਇਹ ਜ਼ਿੰਮੇਵਾਰੀ ਸੌਂਪ ਦਿੱਤੀ। ਪੱਛਮੀ ਰੇਲਵੇ ਦਾ ਜਨਰਲ ਮੈਨੇਜਰ ਹੁੰਦਿਆਂ ਮਹੇਸ਼ ਕੁਮਾਰ ਦੇ ਹੱਥ ਉਸ ਕੰਪਨੀ ਦੇ ਮਾਲਕ ਨਾਲ ਰਲੇ ਰਹੇ ਸਨ ਤੇ ਉਹ ਵੀ ਜਾਣਦਾ ਸੀ ਕਿ ਜਦੋਂ ਮਹੇਸ਼ ਕੁਮਾਰ ਭਾਰਤ ਦੇ ਰੇਲਵੇ ਬੋਰਡ ਦਾ ਮੁਖੀ ਲੱਗ ਗਿਆ, ਫਿਰ ਆਪਣੀਆਂ ਪੰਜੇ ਉਂਗਲਾਂ ਘਿਓ ਵਿਚ ਹੋਣਗੀਆਂ। ਇਸ ਲਈ ਉਸ ਨੇ ਪੈਸੇ ਅੱਗੇ ਪੁਚਾਉਣ ਦਾ ਜ਼ਿੰਮਾ ਚੁੱਕਿਆ ਪਰ ਰਾਹ ਵਿਚ ਫੜੇ ਨਾ ਜਾਣ, ਇਸ ਲਈ ਪੈਸਿਆਂ ਦੇ ਪੈਕੇਟ ਇੱਕ ਕੋਰੀਅਰ ਕੰਪਨੀ ਰਾਹੀਂ ਭੇਜ ਦਿੱਤੇ, ਜਿਨ੍ਹਾਂ 'ਚੋਂ ਇੱਕ ਨੱਬੇ ਲੱਖ ਦਾ ਪੈਕੇਟ ਫੜਿਆ ਗਿਆ। ਫਿਰ ਜਾਂਚ ਅੱਗੇ ਤੁਰੀ ਤਾਂ ਰੇਲਵੇ ਮੰਤਰੀ ਦੀ ਕੁਰਸੀ ਖੋਹਣ ਤੱਕ ਪਹੁੰਚ ਕੇ ਵੀ ਹੁਣ ਰੁਕਦੀ ਨਹੀਂ ਜਾਪਦੀ, ਜੇਲ੍ਹ ਭੇਜਣ ਤੱਕ ਜਾ ਸਕਦੀ ਹੈ।

ਆਖਰ ਇਹ ਗੁੱਝੀ ਸੌਦੇਬਾਜ਼ੀ ਦੀ ਸੂਹ ਜਾਂਚ ਏਜੰਸੀ ਸੀ ਬੀ ਆਈ ਤੱਕ ਕਿਵੇਂ ਪਹੁੰਚੀ? ਇਸ ਦਾ ਕਾਰਨ ਇਹ ਹੈ ਕਿ ਰੇਲਵੇ ਬੋਰਡ ਦੀ ਚੇਅਰਮੈਨੀ ਲਈ ਮਾਮਲਾ 'ਇੱਕ ਅਨਾਰ ਤੇ ਸੌ ਬਿਮਾਰ' ਵਾਲਾ ਹੈ। ਉਥੇ ਕਈ ਲੋਕ ਇਸ ਕੁਰਸੀ ਦੇ ਚਾਹਵਾਨ ਹਨ। ਸੌਦਾ ਵੀ ਕਈਆਂ ਨਾਲ ਚੱਲਦਾ ਰਿਹਾ ਤੇ ਸਿਰੇ ਨਹੀਂ ਸੀ ਚੜ੍ਹਿਆ। ਜਦੋਂ ਪਤਾ ਲੱਗ ਗਿਆ ਕਿ ਆਪਣਾ ਦਾਅ ਨਹੀਂ ਲੱਗਣਾ, ਫਿਰ ਉਨ੍ਹਾਂ ਵਿਚੋਂ ਕਿਸੇ ਨੇ 'ਖੇਡਣਾ ਨਾ ਖੇਡਣ ਦੇਣਾ' ਵਾਲਾ ਦਾਅ ਵਰਤਿਆ ਤੇ ਇਸ ਦੀ ਸੂਹ ਕਿਸੇ ਚੇਲੇ ਦੇ ਰਾਹੀਂ ਸੀ ਬੀ ਆਈ ਨੂੰ ਪੁਚਾ ਦਿੱਤੀ ਕਿ ਮੰਤਰੀ ਦਾ ਭਾਣਜਾ ਕਿਸੇ ਨਾਲ ਚੇਅਰਮੈਨੀ ਦਾ ਸੌਦਾ ਮਾਰਨ ਦਾ ਯਤਨ ਕਰ ਰਿਹਾ ਹੈ। ਸੀ ਬੀ ਆਈ ਨੇ ਭਾਣਜੇ ਦਾ ਫੋਨ ਟੈਪ ਕੀਤਾ ਤਾਂ ਕੁਰਸੀ ਦੇ ਖਾਹਿਸ਼ਮੰਦ ਮਹੇਸ਼ ਕੁਮਾਰ ਤੱਕ ਪਹੁੰਚ ਗਈ ਤੇ ਫਿਰ ਉਸ ਦੇ ਫੋਨ ਸੁਣਨ ਤੋਂ ਇਹ ਪਤਾ ਲੱਗਾ ਕਿ ਕਿਸੇ ਬਿਜਲੀ ਦੀ ਕੰਪਨੀ ਵਾਲੇ ਨੂੰ ਪੈਸਾ ਪੁਚਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਕੰਪਨੀ ਵਾਲੇ ਦੇ ਫੋਨ ਸੁਣੇ ਤਾਂ ਕੋਰੀਅਰ ਰਾਹੀਂ ਭੇਜੇ ਪੈਕੇਟ ਦਾ ਪਤਾ ਲੱਗ ਗਿਆ ਤੇ ਉਸ ਕੋਰੀਅਰ ਦੇ ਨੰਬਰਾਂ ਤੋਂ ਸੀ ਬੀ ਆਈ ਇਹ ਲੱਭਣ ਵਿਚ ਕਾਮਯਾਬ ਰਹੀ ਕਿ ਪੈਕੇਟ ਫਲਾਣੇ ਵੇਲੇ ਪੁੱਜਣਾ ਹੈ। ਸਾਰਾ ਕੁਝ ਵਾਪਰ ਜਾਣ ਪਿੱਛੋਂ ਰੇਲਵੇ ਮੰਤਰੀ ਬਾਂਸਲ ਤੱਕ ਗੱਲ ਆਉਣੀ ਹੀ ਸੀ, ਕੋਈ ਬਚਾਅ ਹੀ ਨਹੀਂ ਸੀ ਸਕਦਾ।

ਇਸ ਚੱਕਰ ਵਿਚ ਇੱਕ ਚਾਰਟਰਡ ਅਕਾਊਂਟੈਂਟ ਸੁਨੀਲ ਗੁਪਤਾ ਦਾ ਨਾਂ ਵੀ ਆ ਗਿਆ ਹੈ। ਜਦੋਂ ਪਵਨ ਬਾਂਸਲ ਨੂੰ 2006 ਤੋਂ 2009 ਤੱਕ ਖਜ਼ਾਨਾ ਮਹਿਕਮੇ ਵਿਚ ਰਾਜ ਮੰਤਰੀ ਹੋਣ ਦਾ ਮੌਕਾ ਮਿਲਿਆ ਤੇ ਬੈਂਕਿੰਗ ਪ੍ਰਬੰਧ ਉਸ ਦੇ ਅਧੀਨ ਸੀ, ਉਸ ਨੇ ਮੰਤਰੀ ਹੋਣ ਦਾ ਫਾਇਦਾ ਲੈ ਕੇ ਆਪਣੀ ਕੰਪਨੀ ਦੇ ਚਾਰਟਰਡ ਅਕਾਊਂਟੈਂਟ ਸੁਨੀਲ ਗੁਪਤਾ ਨੂੰ ਸਰਕਾਰੀ ਖੇਤਰ ਦੇ ਕੇਨਰਾ ਬੈਂਕ ਦਾ ਡਾਇਰੈਕਟਰ ਲੱਗਵਾ ਦਿੱਤਾ। ਇਹ ਸੁਨੀਲ ਗੁਪਤਾ ਅੱਗੋਂ ਕਈ ਵਿਵਾਦਾਂ ਵਿਚ ਆਇਆ ਤੇ ਹੁਣ ਵਾਲੇ ਰੇਲਵੇ ਬੋਰਡ ਦੇ ਚੇਅਰਮੈਨੀਆਂ ਦੇ ਸੌਦੇ ਮਾਰਨ ਵਿਚ ਵੀ ਚਰਚਿਤ ਹੈ। ਉਹ ਅਕਾਊਂਟੈਂਟ ਦਾ ਕੰਮ ਹੀ ਨਹੀਂ ਕਰਦਾ, ਉਸ ਦਾ ਕੇਟਰਿੰਗ ਦਾ ਕਾਰੋਬਾਰ ਵੀ ਹੈ ਅਤੇ ਰੇਲਵੇ ਦੀਆਂ ਕਈ ਧਾਂਦਲੀਆਂ ਵਿਚ ਵੀ ਉਸ ਦਾ ਨਾਂ ਚਰਚਿਤ ਹੈ। ਸੁਨੀਲ ਗੁਪਤਾ ਜਦੋਂ ਕੇਨਰਾ ਬੈਂਕ ਦਾ ਡਾਇਰੈਕਟਰ ਸੀ ਤਾਂ ਪਵਨ ਕੁਮਾਰ ਬਾਂਸਲ ਦੇ ਭਾਣਜੇ ਵਿਜੇ ਸਿੰਗਲਾ ਵਾਲੀ ਕੰਪਨੀ ਨੂੰ ਕੇਨਰਾ ਬੈਂਕ ਤੋਂ ਪੰਝੀ ਕਰੋੜ ਰੁਪਏ ਦਾ ਕਰਜ਼ਾ ਮਿਲ ਗਿਆ, ਜਦ ਕਿ ਕੰਪਨੀ ਦੀ ਆਪਣੀ ਪੂੰਜੀ ਸਿਰਫ ਪੰਜ ਲੱਖ ਰੁਪਏ ਸੀ। ਪਵਨ ਕੁਮਾਰ ਬਾਂਸਲ ਦੇ ਪੁੱਤ ਦੀ ਕੰਪਨੀ ਨੂੰ ਵੀ ਕੇਨਰਾ ਬੈਂਕ ਨੇ ਦਸ ਕਰੋੜ ਰੁਪਏ ਦਾ ਕਰਜ਼ਾ ਦੇ ਦਿੱਤਾ। ਜਿਵੇਂ ਬਾਂਸਲ ਕਹੀ ਜਾਂਦਾ ਹੈ ਕਿ ਮੈਨੂੰ ਪਤਾ ਨਹੀਂ ਕਿ ਮੇਰਾ ਭਾਣਜਾ ਕੀ ਕਰਦਾ ਸੀ, ਉਵੇਂ ਹੀ ਸੁਨੀਲ



*ਡਾ. ਮਨਮੋਹਨ ਸਿੰਘ*

ਗੁਪਤਾ ਕਹੀ ਜਾਂਦਾ ਹੈ ਕਿ ਉਸ ਨੂੰ ਪਵਨ ਬਾਂਸਲ ਨੇ ਆਪਣੇ ਪੁੱਤ ਤੇ ਭਾਣਜੇ ਦੇ ਕਾਰੋਬਾਰਾਂ ਲਈ ਕਰਜ਼ਾ ਦੇਣ ਨੂੰ ਨਹੀਂ ਸੀ ਕਿਹਾ। ਤਮਾਸ਼ਾ ਵੇਖੋ ਕਿ ਦੋਵਾਂ ਕੰਪਨੀਆਂ ਨੂੰ ਕੇਨਰਾ ਬੈਂਕ ਕਰਜ਼ੇ ਦੇਂਦਾ ਰਿਹਾ, ਜਿਸ ਦਾ ਡਾਇਰੈਕਟਰ ਸੁਨੀਲ ਗੁਪਤਾ ਸੀ ਤੇ ਦੋਵਾਂ ਕੰਪਨੀਆਂ ਦਾ ਆਡਿਟ ਕਰਨ ਵਾਲਾ ਚਾਰਟਰਡ ਅਕਾਊਂਟੈਂਟ ਵੀ ਸੁਨੀਲ ਸੀ। ਇਸ ਤੋਂ ਵੱਡੀ ਧਾਂਦਲੀ ਹੋਰ ਕਿਹੜੀ ਰਹਿ ਗਈ ਸੀ?

ਜਿਹੜੀ ਗੱਲ ਕਈ ਲੋਕਾਂ ਲਈ ਜ਼ਿਆਦਾ ਦੁਖੀ ਕਰਨ ਵਾਲੀ ਹੈ, ਉਹ ਇਹ ਹੈ ਕਿ ਪਵਨ ਕੁਮਾਰ ਬਾਂਸਲ ਦੀ ਪਛਾਣ ਇੱਕ ਈਮਾਨਦਾਰ ਰਾਜਸੀ ਆਗੂ ਵਜੋਂ ਬਣੀ ਹੋਈ ਸੀ। ਵਿਰੋਧੀ ਧਿਰ ਵਿਚੋਂ ਭਾਜਪਾ ਤਾਂ ਉਸ ਦਾ ਅਸਤੀਫਾ ਰਾਜਸੀ ਕਾਰਨਾਂ ਕਰ ਕੇ ਮੰਗਦੀ ਹੋਵੇਗੀ, ਜਾਂ ਇਸ ਲਈ ਕਿ ਚੰਡੀਗੜ੍ਹ ਵਿਚ ਉਸ ਪਾਰਟੀ ਦੇ ਉਮੀਦਵਾਰ ਸੱਤਪਾਲ ਜੈਨ ਨੂੰ ਹਰਾ ਕੇ ਪਵਨ ਬਾਂਸਲ ਜਿੱਤਿਆ ਸੀ, ਪਰ ਭਾਜਪਾ ਗੱਠਜੋੜ ਦਾ ਮੁਖੀ ਸ਼ਰਦ ਯਾਦਵ ਖੁੱਲ੍ਹ ਕੇ ਕਹੀ ਜਾਂਦਾ ਹੈ ਕਿ ਪਵਨ ਕੁਮਾਰ ਬਾਂਸਲ ਈਮਾਨਦਾਰ ਆਗੂ ਹੈ, ਭਾਣਜੇ ਦੇ ਕੀਤੇ ਨਾਲ ਉਸ ਦਾ ਕੋਈ ਵਾਸਤਾ ਨਹੀਂ ਬਣਦਾ। ਇਹ ਇਕੱਲਾ ਸ਼ਰਦ ਯਾਦਵ ਨਹੀਂ, ਕਈ ਹੋਰ ਲੋਕ ਵੀ ਸਮਝਦੇ ਸਨ, ਪਰ ਜਦੋਂ ਪਵਨ ਬਾਂਸਲ ਦੇ ਕੀਤੇ-ਕੱਤਰੇ ਦਾ ਸਾਰਾ ਕੱਚਾ ਚਿੱਠਾ ਬਾਹਰ ਆ ਗਿਆ ਹੈ, ਇਹ ਕਹਿਣ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਹੁਣ ਸਗੋਂ ਜਿਨ੍ਹਾਂ ਨੂੰ ਲੋਕੀਂ ਹਾਲੇ ਤੱਕ ਈਮਾਨਦਾਰ ਮੰਨੀ ਜਾਂਦੇ ਹਨ, ਉਨ੍ਹਾਂ ਬਾਰੇ ਨਵੇਂ ਸਿਰੇ ਤੋਂ ਸੋਚਣਾ ਪਵੇਗਾ। ਅਸ਼ਵਨੀ ਕੁਮਾਰ ਵੱਲੋਂ ਪ੍ਰਧਾਨ ਮੰਤਰੀ ਦਾ ਅਕਸ ਬਚਾਉਣ ਦੀ ਕੋਸ਼ਿਸ਼ ਵਿਚ ਸੀ ਬੀ ਆਈ ਦੀ ਜਾਂਚ ਰਿਪੋਰਟ ਦੀ ਚੀਰ-ਪਾੜ ਕਰਨੀ ਤੇ ਇੰਜ ਕਰਦਿਆਂ ਆਪਣੀ ਕੁਰਸੀ ਗੁਆ ਦੇਣੀ ਇਸ ਪੱਖ ਤੋਂ ਸੋਚਣ ਲਈ ਦੇਸ਼ ਦੇ ਲੋਕਾਂ ਨੂੰ ਮਜਬੂਰ ਕਿਉਂ ਨਾ ਕਰੇਗੀ?

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600

Radio CK, PO Box 296, Fremont, CA 94537

# ਕੈਨੇਡਾ ਵਿਚ ਮੁੜ ਖੁੱਲ੍ਹਣਗੀਆਂ ਪਰਿਵਾਰਕ ਸ਼੍ਰੇਣੀ ਦੀਆਂ ਅਰਜ਼ੀਆਂ

**ਟੋਰਾਂਟੋ:** ਵਿਦੇਸ਼ਾਂ ਵਿਚ ਰਹਿੰਦੇ ਆਪਣੇ ਧੀਆਂ-ਪੁੱਤਾਂ ਨੂੰ ਮਿਲਣ ਦੀ ਤਾਂਘ ਵਿਚ ਬੈਠੇ ਮਾਪਿਆਂ ਦੀਆਂ ਆਸਾਂ ਨੂੰ ਛੇਤੀ ਹੀ ਬੂਰ ਪੈਣ ਵਾਲਾ ਹੈ ਕਿਉਂਕਿ ਕੈਨੇਡਾ ਦਾ ਆਵਾਸ ਮਹਿਕਮਾ ਹੁਣ ਤੋਂ ਤਕਰੀਬਨ ਅੱਠ ਮਹੀਨਿਆਂ ਬਾਅਦ ਅਰਜ਼ੀਆਂ ਦੁਬਾਰਾ ਖੋਲ੍ਹਣ ਜਾ ਰਿਹਾ ਹੈ। ਪੇਰੈਂਟਸ ਐਂਡ ਗਰੈਂਡ ਪੇਰੈਂਟਸ (ਪੀਜੀਪੀ) ਪ੍ਰੋਗਰਾਮ ਮੁੜ ਖੋਲ੍ਹਣ ਦਾ ਐਲਾਨ ਕਰਦਿਆਂ ਆਵਾਸ ਮੰਤਰੀ ਜੇਸਨ ਕੈਨੀ ਨੇ ਇਥੇ ਰਹਿ ਰਹੇ ਆਵਾਸੀਆਂ ਨੂੰ ਸਮਝਾਇਆ ਹੈ ਕਿ ਉਹ ਆਪਣੇ ਬਜ਼ੁਰਗਾਂ ਨੂੰ ਕੈਨੇਡਾ 'ਤੇ ਬੋਝ ਨਾ ਬਣਾਉਣ।

ਇਸ ਢਾਂਚੇ ਵਿਚ ਕੁਝ ਸੋਧਾਂ ਨਾਲ ਮਹਿਕਮੇ ਨੂੰ ਉਮੀਦ ਹੈ ਹਜ਼ਾਰਾਂ ਅਰਜ਼ੀਆਂ ਦਾ ਢੇਰ ਅਗਲੇ ਸਾਲ 80 ਹਜ਼ਾਰ ਰਹਿ ਜਾਵੇਗਾ। ਇਸ ਨਵੇਂ ਪ੍ਰੋਗਰਾਮ ਤਹਿਤ ਮਹਿਕਮੇ ਨੂੰ ਆਸ ਹੈ ਕਿ ਪਰਿਵਾਰਾਂ ਦੇ ਕੇਸਾਂ ਦਾ ਨਿਬੇੜਾ ਪਹਿਲਾਂ ਨਾਲੋਂ ਛੇਤੀ ਹੋਇਆ ਕਰੇਗਾ। ਮਹਿਕਮੇ ਦੇ ਸੂਤਰਾਂ ਮੁਤਾਬਕ ਇਸ ਸਾਲ ਦੌਰਾਨ ਕੈਨੇਡਾ ਵਿਚ ਕੋਈ 25 ਹਜ਼ਾਰ ਬਜ਼ੁਰਗਾਂ ਨੂੰ ਪੱਕੇ ਸ਼ਹਿਰੀਆਂ (ਪੀਆਰ) ਦੇ ਤੌਰ 'ਤੇ ਦਾਖਲਾ ਮਿਲੇਗਾ ਤੇ ਸਰਕਾਰ ਵੱਲੋਂ 2011 ਦੇ ਦਸੰਬਰ ਤੋਂ ਚਲਾਏ ਗਏ 'ਸੁਪਰ ਵੀਜ਼ਾ' ਪ੍ਰੋਗਰਾਮ ਤਹਿਤ ਕੋਈ 15000 ਲੋਕਾਂ ਨੂੰ ਸੱਦਿਆ ਜਾ ਚੁੱਕਾ ਹੈ।



ਮਹਿਕਮੇ ਮੁਤਾਬਕ 'ਸੁਪਰ ਵੀਜ਼ਾ' ਨੂੰ ਸਥਾਈ ਤੌਰ 'ਤੇ ਰੱਖਿਆ ਜਾਵੇਗਾ ਜਿਸ ਰਾਹੀਂ ਮਾਪਿਆਂ ਨੂੰ 10 ਸਾਲ ਦਾ ਬਹੁ-ਦਾਖਲਾ ਮਿਲ ਸਕਦਾ ਹੈ ਤੇ ਉਹ ਕੈਨੇਡਾ ਵਿਚ ਦੋ ਸਾਲ ਤੱਕ ਰਹਿ ਸਕਦੇ ਹਨ। ਇਸ ਨਵੇਂ 'ਫੈਮਲੀ ਪ੍ਰੋਗਰਾਮ' ਵਿਚ ਘੁੰਡੀ ਇਹ ਹੈ ਕਿ ਐਕਸ਼ਨ ਪਲਾਨ ਦੇ ਫੇਜ਼-2' ਵਿਚ ਸਪਾਂਸਰ ਕਰਨ ਵਾਲੇ ਉਤੇ ਹੋਰ ਆਰਥਿਕ ਜ਼ਿੰਮੇਵਾਰੀਆਂ ਪਾਈਆਂ ਗਈਆਂ ਹਨ ਭਾਵ ਸਪਾਂਸਰ ਕਰਨ ਵਾਲੇ ਦੇ ਮੋਢਿਆਂ 'ਤੇ ਹੀ ਉਸ ਦੇ ਮਾਪਿਆਂ ਦਾ ਬੋਝ ਪਵੇਗਾ ਤੇ ਸੱਦੇ ਗਏ ਮਾਪਿਆਂ ਦੀ ਜ਼ਿੰਮੇਵਾਰੀ ਸਪਾਂਸਰ' ਉੱਤੇ ਹੁਣ 20 ਸਾਲ ਤੱਕ ਵਧਾਈ ਗਈ ਹੈ ਜੋ ਪਹਿਲਾਂ 10 ਸਾਲ ਹੁੰਦੀ ਸੀ। ਮਾਪਿਆਂ 'ਤੇ ਨਿਰਭਰ ਔਲਾਦ ਦੀ ਉਮਰ 18 ਸਾਲ ਤੈਅ ਕੀਤੀ ਹੈ। ਸਰਕਾਰ ਨੇ ਆਪਣੇ ਸਿਹਤ ਤੇ ਭਲਾਈ ਢਾਂਚੇ ਨੂੰ ਅਜਿਹੇ ਵਾਧੂ ਬੋਝ ਤੋਂ ਪੂਰੀ ਤਰ੍ਹਾਂ ਬਚਾਉਣ ਦਾ ਤਾਣਾ-ਬਾਣਾ ਲਾਗੂ ਕੀਤਾ ਹੈ। ਕੈਨੇਡਾ ਦੀ ਬੁੱਢੀ ਹੋ ਰਹੀ ਆਬਾਦੀ ਦਾ ਖਰਚ ਮੁਲਕ ਦੇ ਖਜ਼ਾਨੇ ਨੂੰ ਖੋਰਾ ਲਾ ਰਿਹਾ ਹੈ ਤੇ ਇਸੇ ਫ਼ਿਕਰ ਕਾਰਨ ਆਵਾਸ ਮਹਿਕਮਾ ਮਾਪਾ-ਪ੍ਰੋਗਰਾਮ ਨੂੰ ਸੀਮਤ ਕਰ ਰਿਹਾ ਹੈ। ਮਹਿਕਮੇ ਮੁਤਾਬਕ ਇਕ ਬਜ਼ੁਰਗ ਜੋੜਾ ਕੈਨੇਡਾ ਨੂੰ ਘੱਟੋ ਘੱਟ ਚਾਰ ਲੱਖ ਵਿਚ ਪੈਂਦਾ ਹੈ। ਆਵਾਸ ਮਹਿਕਮੇ ਦੀ ਸੂਚਨਾ ਮੁਤਾਬਕ 2014 ਵਿਚ ਪਰਿਵਾਰਕ ਸ਼੍ਰੇਣੀ ਤਹਿਤ ਸਿਰਫ 5000 ਅਰਜ਼ੀਆਂ ਹੀ ਲਈਆਂ ਜਾਣਗੀਆਂ।

# ਭਾਰਤੀ ਵਿਦਿਆਰਥੀ ਬਣਿਆ ਕੈਲੀਫੋਰਨੀਆ 'ਵਰਸਿਟੀ ਦਾ ਟਾਪਰ

**ਸੈਨ ਫਰਾਂਸਿਸਕੋ:** ਕੈਲੀਫੋਰਨੀਆ ਯੂਨੀਵਰਸਿਟੀ ਵਿਚ ਗੈਰਜੂਏਟ ਵਜੋਂ ਪਹਿਲਾ ਸਥਾਨ ਹਾਸਲ ਕਰਕੇ ਭਾਰਤ ਵਿਚ ਜੰਮੇ 18 ਸਾਲਾ ਅਮਰੀਕੀ ਨੌਜਵਾਨ ਰਿਤਾਂਕਰ ਦਾਸ ਨੇ ਨਵਾਂ ਕਾਰਨਾਮਾ ਕੀਤਾ ਹੈ। ਉਹ ਇਕ ਸਦੀ ਤੋਂ ਵੀ ਵੱਧ ਸਮੇਂ ਦੌਰਾਨ ਯੂਨੀਵਰਸਿਟੀ ਦਾ ਸਭ ਤੋਂ ਛੋਟੀ ਉਮਰ ਦਾ ਟਾਪਰ ਬਣਿਆ ਹੈ। ਕੋਲਕਾਤਾ 'ਚ ਜੰਮੇ ਦਾਸ ਨੂੰ ਯੂਨੀਵਰਸਿਟੀ ਮੈਡਲਿਸਟ ਕਰਾਰ ਦਿੱਤਾ ਗਿਆ ਹੈ। ਇਹ ਸਨਮਾਨ ਸਾਲ ਦੇ ਅੱਵਲ ਦਰਜਾ ਗੈਰਜੂਏਟ ਨੂੰ ਦਿੱਤਾ ਜਾਂਦਾ ਹੈ।

ਉਸ ਨੇ ਯੂਨੀਵਰਸਿਟੀ ਤੋਂ ਆਪਣੀ ਪੜ੍ਹਾਈ ਪੂਰੀ ਕਰਨ ਵਿਚ ਮਹਿਜ਼ ਤਿੰਨ ਸਾਲ ਲਾਏ। ਉਸ ਦੇ ਵਿਸ਼ਿਆਂ ਵਿਚ ਬਾਇਓ ਇੰਜੀਨੀਅਰਿੰਗ, ਕੈਮੀਕਲ ਬਾਇਓਲੌਜੀ ਤੇ ਰਚਨਾਤਮਕ ਲੇਖ ਵੀ ਸ਼ਾਮਲ ਹਨ। ਉਹ ਕਾਲਜ ਆਫ ਕੈਮਿਸਟਰੀ ਵਿਚੋਂ ਇਹ ਮਾਣ ਹਾਸਲ ਕਰਨ ਵਾਲਾ 58 ਸਾਲਾਂ ਵਿਚ ਪਹਿਲਾ ਵਿਦਿਆਰਥੀ ਹੈ। ਬਾਇਓ-ਇੰਜੀਨੀਅਰਿੰਗ ਵਿਭਾਗ ਦਾ ਤਾਂ ਉਹ ਇਹ ਐਵਾਰਡ ਹਾਸਲ ਕਰ ਵਾਲਾ ਪਹਿਲਾ ਵਿਦਿਆਰਥੀ ਹੈ। ਇਸ ਸਨਮਾਨ ਨਾਲ 2500 ਡਾਲਰ ਦਾ ਵਜ਼ੀਫਾ ਦਿੱਤਾ ਜਾਂਦਾ ਹੈ।

# ਲਾਹੇਵੰਦ ਪਰਵਾਸੀਆਂ ਨੂੰ ਮਿਲੇਗਾ ਬਰਤਾਨੀਆ ਆਉਣ ਦਾ ਮੌਕਾ

**ਲੰਡਨ:** ਬਰਤਾਨੀਆ ਨੇ ਸਪਸ਼ਟ ਕੀਤਾ ਹੈ ਕਿ ਉਹ ਉਨ੍ਹਾਂ ਵਿਦੇਸ਼ੀਆਂ ਨੂੰ ਦੇਸ਼ ਵਿਚ ਆਉਣ ਦੀ ਇਜਾਜ਼ਤ ਦੇਵੇਗਾ ਜੋ ਉਨ੍ਹਾਂ ਦੇ ਦੇਸ਼ ਲਈ ਕੁਝ ਚੰਗਾ ਕਰਨ ਵਾਲੇ ਹੋਣ। ਮਹਾਰਾਣੀ ਐਲਿਜ਼ਾਬੈਥ-ਦੋ ਨੇ ਮੁਲਕ ਵਿਚ ਪਰਵਾਸ ਨਿਯਮਾਂ ਨੂੰ ਹੋਰ ਸਖ਼ਤ ਬਣਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਵਿਦੇਸ਼ੀ ਅਪਰਾਧੀਆਂ ਤੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਬਰਤਾਨੀਆ ਵਿਚ ਨਹੀਂ ਵੜਨ ਦਿੱਤਾ ਜਾਵੇਗਾ। ਉਨ੍ਹਾਂ ਇਹ ਗੱਲ ਬਰਤਾਨਵੀ ਸੰਸਦ ਦੇ ਦੋਵੇਂ ਸਦਨਾਂ ਹਾਊਸ ਆਫ ਲਾਰਡਜ਼ ਤੇ ਹਾਊਸ ਆਫ ਕਾਮਨਜ਼ ਵਿਚ ਸੰਸਦ ਦੇ ਸੈਸ਼ਨ ਦੀ ਸ਼ੁਰੂਆਤ 'ਤੇ ਦਿੱਤੇ ਆਪਣੇ ਭਾਸ਼ਣ ਵਿਚ ਕਹੀ। ਮਹਾਰਾਣੀ ਐਲਿਜ਼ਾਬੈਥ (87 ਸਾਲ) ਨੇ ਅਗਲੇ ਸਾਲ ਭਰ ਲਈ ਸਰਕਾਰ ਦਾ ਵਿਧਾਨਕੀ ਪ੍ਰੋਗਰਾਮ ਐਲਾਨਦਿਆਂ ਕਿਹਾ ਕਿ ਸਰਕਾਰ ਦੀ ਪਹਿਲੀ ਤਰਜੀਹ ਬਰਤਾਨੀਆ ਦੇ ਅਰਥਚਾਰੇ ਨੂੰ ਮਜ਼ਬੂਤ ਕਰਨਾ ਹੋਵੇਗੀ ਤੇ ਇਸ ਵੱਲੋਂ ਅਜਿਹੇ ਕਦਮ ਚੁੱਕੇ ਜਾਣਗੇ ਜੋ ਘਾਟੇ ਨੂੰ ਘਟਾਉਣ। ਉਨ੍ਹਾਂ

**ਆਵਾਸ ਕਾਨੂੰਨ ਹੋਰ ਸਖਤ ਕਰਨ ਦਾ ਐਲਾਨ**

ਕਿਹਾ ਕਿ ਅਜਿਹਾ ਸਮਾਜ ਸਿਰਜਣ ਲਈ ਵੀ ਕੰਮ ਕੀਤਾ ਜਾਵੇਗਾ ਜਿਥੇ ਉਨ੍ਹਾਂ ਲੋਕਾਂ ਨੂੰ ਫਾਇਦਾ ਹੋਵੇ ਜੋ ਮਿਹਨਤੀ ਹਨ। ਮਹਾਰਾਣੀ ਦੇ ਭਾਸ਼ਨ ਦੌਰਾਨ 1996 ਤੋਂ ਬਾਅਦ ਪਹਿਲੀ ਵਾਰ ਸ਼ਹਿਜ਼ਾਦਾ ਚਾਰਲਸ ਵੀ ਆਪਣੀ ਪਤਨੀ ਤੇ ਡੱਚੇਸ ਆਫ ਕਾਰਨਵਾਲ ਕੈਮਿਲਾ ਨਾਲ ਹਾਜ਼ਰ ਸੀ।

ਮਹਾਰਾਣੀ ਵੱਲੋਂ 2013 ਦੌਰਾਨ ਸੰਸਦ ਵਿਚ ਪੇਸ਼ ਕੀਤੇ ਜਾਣ ਵਾਲੇ ਬਿੱਲਾਂ ਦੀ ਸੂਚੀ ਵਿਚ ਉਹ ਬਿਲ ਵੀ ਸ਼ਾਮਲ ਹੈ ਜਿਸ ਤਹਿਤ ਸਰਕਾਰ ਲਈ ਅਪਰਾਧੀ ਤੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਣਾ ਆਸਾਨ ਹੋ ਜਾਵੇਗਾ। ਸੰਸਦ ਵਿਚ ਸਰਕਾਰ ਵੱਲੋਂ ਆਪਣੇ ਰਵਾਇਤੀ ਭਾਸ਼ਣ ਦੌਰਾਨ ਬੋਲਦਿਆਂ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਲੋਕਾਂ ਨੂੰ ਇਥੇ ਸੱਦਣਾ ਚਾਹੁੰਦੇ ਹਨ ਜੋ ਉਨ੍ਹਾਂ ਦੀ ਕੌਮੀ ਜ਼ਿੰਦਗੀ ਦਾ ਕੁਝ ਸੰਵਾਰ ਸਕਣ, ਜਿਹੜੇ ਅਜਿਹਾ ਨਹੀਂ ਕਰ ਸਕਣਗੇ, ਉਨ੍ਹਾਂ ਨੂੰ ਰੋਕਿਆ ਜਾਵੇਗਾ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਬਿੱਲ ਨਾਲ ਹੀ ਇਮੀਗਰੇਸ਼ਨ ਸਿਸਟਮ ਹੋਰ ਨੂੰ ਸੁਧਾਰੇਗਾ। ਪਰਵਾਸ ਕਾਨੂੰਨ ਨੂੰ ਸਖ਼ਤ ਬਣਾਵੇਗਾ। ਇਨ੍ਹਾਂ ਨੂੰ ਲਾਗੂ ਕਰਨ ਦੀਆਂ ਸ਼ਕਤੀਆਂ ਨੂੰ ਮਜ਼ਬੂਤ ਕਰੇਗਾ ਤੇ ਇਨ੍ਹਾਂ ਨੂੰ ਰੋਕੇਗਾ ਜੋ ਵਿਦੇਸ਼ਾਂ ਤੋਂ ਉਨ੍ਹਾਂ ਦੀਆਂ ਜਨਤਕ ਸੇਵਾਵਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਜੇ ਬਿਲ ਪਾਸ ਹੋ ਜਾਂਦਾ ਹੈ ਤਾਂ ਇਸ ਰਾਹੀਂ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਗ਼ੈਰ-ਕਾਨੂੰਨੀ ਪਰਵਾਸੀ ਡਰਾਈਵਿੰਗ ਲਾਇਸੈਂਸ ਨਾ ਹਾਸਲ ਕਰ ਸਕਣ। ਇਸ ਤਹਿਤ ਨਿੱਜੀ ਮਕਾਨ ਮਾਲਕ ਆਪਣੇ ਕਿਰਾਏਦਾਰਾਂ ਦਾ ਇਮੀਗਰੇਸ਼ਨ ਰੁਤਬਾ ਵੀ ਚੈਕ ਕਰ ਸਕਣਗੇ। ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰਾਨ ਦਾ ਕਹਿਣਾ ਹੈ ਕਿ ਨਵੀਆਂ ਨੀਤੀਆਂ ਦਾ ਬਰਤਾਨਵੀ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।

# ਵਿਦੇਸ਼ਾਂ ਤੋਂ ਕੱਢੇ 3000 ਲੋਕਾਂ ਨੂੰ ਮੁੜ ਪਾਸਪੋਰਟ ਜਾਰੀ

**ਜਲੰਧਰ:** ਪਿਛਲੇ ਸੱਤ ਸਾਲਾਂ ਤੋਂ ਵੱਧ ਸਮਾਂ ਪਾਸਪੋਰਟ ਲੈਣ ਲਈ ਭਟਕ ਰਹੇ ਲੋਕਾਂ ਨੂੰ ਜਲੰਧਰ ਦੇ ਖੇਤਰੀ ਦਫ਼ਤਰ ਨੇ ਪਿਛਲੇ ਦੋ ਮਹੀਨਿਆਂ ਵਿਚ ਹੀ 3000 ਤੋਂ ਜ਼ਿਆਦਾ ਪਾਸਪੋਰਟ ਜਾਰੀ ਕੀਤੇ ਹਨ। ਹਾਸਲ ਜਾਣਕਾਰੀ ਮੁਤਾਬਕ ਵਿਦੇਸ਼ਾਂ ਵਿਚ ਰਹਿੰਦੇ ਕਈ ਪੰਜਾਬੀਆਂ ਨੂੰ ਫੜੇ ਜਾਣ 'ਤੇ ਵਾਪਸ ਭੇਜ ਦਿੱਤਾ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚ ਕਈ ਲੋਕ ਤਾਂ ਪਾਸਪੋਰਟ ਨਾ ਹੋਣ ਦੇ ਬਾਵਜੂਦ ਰਹਿੰਦੇ ਹਨ।

ਜਲੰਧਰ ਦੇ ਖੇਤਰੀ ਪਾਸਪੋਰਟ ਦਫ਼ਤਰ ਨੇ ਪੰਜਾਬ ਵਿਚ ਦੋ ਮਹੀਨੇ ਵਿਚ ਸਭ ਤੋਂ ਜ਼ਿਆਦਾ ਗਿਣਤੀ ਵਿਚ ਤਕਰੀਬਨ 3000 ਪਾਸਪੋਰਟ ਜਾਰੀ ਕੀਤੇ ਹਨ। ਜਿਹੜੇ ਲੋਕ ਵਿਦੇਸ਼ਾਂ ਤੋਂ ਕੱਢੇ ਹੁੰਦੇ ਹਨ ਤੇ ਉਨ੍ਹਾਂ ਬਾਰੇ ਭਾਰਤੀ ਦੂਤਘਰ ਪਹਿਲਾਂ ਜਲਦੀ ਜਵਾਬ ਨਹੀਂ ਭੇਜਦੇ ਸਨ ਤੇ ਜੇਕਰ ਜਵਾਬ ਆ ਵੀ ਜਾਏ ਤਾਂ ਲੋਕਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਸੀ। ਖੇਤਰੀ ਪਾਸਪੋਰਟ ਅਫ਼ਸਰ ਹਰਮਨਬੀਰ ਸਿੰਘ ਗਿੱਲ ਦਾ ਕਹਿਣਾ ਸੀ ਕਿ ਅਜੇ ਵੀ ਇਸ ਤਰ੍ਹਾਂ ਦੇ 500 ਤੋਂ ਜ਼ਿਆਦਾ ਮਾਮਲੇ ਪੈਂਡਿੰਗ ਪਏ ਹਨ।

ਉਨ੍ਹਾਂ ਦੇ ਜਵਾਬ ਮੰਗਵਾਉਣ ਲਈ ਭਾਰਤੀ ਦੂਤਘਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਵਿਦੇਸ਼ ਮੰਤਰਾਲੇ ਤੋਂ ਮਨਜ਼ੂਰੀ ਲੈ ਕੇ ਭਾਰਤੀ ਦੂਤਘਰਾਂ ਨੂੰ ਇਹ ਜਾਣਕਾਰੀ ਦੇ ਦਿੱਤੀ ਗਈ ਸੀ




ਕਿ ਜਿਨ੍ਹਾਂ ਸਹੀ ਕੇਸਾਂ ਵਿਚ ਵੀ ਸਮੇਂ ਸਿਰ ਜਵਾਬ ਦੂਤਘਰਾਂ ਵੱਲੋਂ ਨਹੀਂ ਦਿੱਤਾ ਜਾਵੇਗਾ ਤਾਂ ਉਹ ਆਪਣੇ ਪੱਧਰ 'ਤੇ ਪਾਸਪੋਰਟ ਜਾਰੀ ਕਰ ਦੇਣਗੇ। ਇਸ ਬਾਰੇ ਸਾਰੀ ਦੂਤਘਰਾਂ ਦੀ ਜ਼ਿੰਮੇਵਾਰੀ ਵੀ ਹੋਵੇਗੀ। ਗਿੱਲ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਦਾ ਕੇਸ ਖ਼ਰਾਬ ਨਹੀਂ ਹੈ ਤਾਂ ਉਸ ਦਾ ਜਵਾਬ ਆਉਣ 'ਤੇ ਉਸ ਨੂੰ ਮੁੜ ਪਾਸਪੋਰਟ ਜਾਰੀ ਕੀਤਾ ਜਾ ਸਕਦਾ ਹੈ। ਦਫ਼ਤਰ ਨੇ ਪਹਿਲੀ ਵਾਰ ਵੱਡੀ ਗਿਣਤੀ ਵਿਚ ਪਾਸਪੋਰਟ ਆਮ ਤੇ ਪਾਸਪੋਰਟ ਲੋਕ ਅਦਾਲਤਾਂ ਲਾ ਕੇ ਜਾਰੀ ਕਰ ਦਿੱਤੇ ਹਨ।

# ਅਮਰੀਕੀ ਬੱਚਿਆਂ ਨੂੰ 'ਅਗਵਾ' ਕਰਨ 'ਤੇ ਫਿਕਰ ਜ਼ਾਹਰ



**ਵਾਸ਼ਿੰਗਟਨ:** ਇਕ ਅਮਰੀਕੀ ਕਾਨੂੰਨਸਾਜ਼ ਨੇ ਅਮਰੀਕੀ ਬੱਚਿਆਂ ਨੂੰ ਅਗਵਾ ਕਰਕੇ ਭਾਰਤ ਲਿਜਾਏ ਜਾਣ ਦੀਆਂ ਵਧ ਰਹੀਆਂ ਘਟਨਾਵਾਂ 'ਤੇ ਫਿਕਰ ਜ਼ਾਹਰ ਕੀਤਾ ਹੈ। ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੇ ਮੈਂਬਰ ਕ੍ਰਿਸਟੋਫਰ ਸਮਿਥ ਨੇ ਕਿਹਾ ਹੈ ਕਿ ਭਾਰਤ ਵਿਚ ਹੋ ਰਹੀਆਂ ਇਨ੍ਹਾਂ ਘਟਨਾਵਾਂ ਕਾਰਨ ਬੱਚਿਆਂ ਦੇ ਅਮਰੀਕਾ ਵਿਚ ਰਹਿੰਦੇ ਮਾਪਿਆਂ ਨੂੰ ਬਹੁਤ ਤਕਲੀਫ ਹੋ ਰਹੀ ਹੈ।

ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ, ਅਮਰੀਕੀ ਮਾਪਿਆਂ ਲਈ ਵੱਡੀ ਨਮੋਸ਼ੀ ਤੇ ਪੀੜਾ ਦਾ ਕਾਰਨ ਬਣ ਰਿਹਾ ਹੈ। ਉਨ੍ਹਾਂ ਇਹ ਗੱਲ 'ਗੈਰ-ਹੇਗ ਕਨਵੈਨਸ਼ਨ ਮੁਲਕਾਂ ਵਿਚ ਬੱਚਿਆਂ ਦੇ ਅਗਵਾ ਦੀਆਂ ਘਟਨਾਵਾਂ' ਬਾਰੇ ਕਾਂਗਰਸ ਵਿਚ ਹੋਈ ਸੁਣਵਾਈ ਦੀ ਪ੍ਰਧਾਨਗੀ ਕਰਦਿਆਂ ਕਹੀ। ਨਿਊਜਰਸੀ ਨਾਲ ਸਬੰਧਤ ਇਸ ਰਿਪਬਲੀਕਨ ਕਾਨੂੰਨਸਾਜ਼ ਨੇ ਕਿਹਾ ਕਿ 2012 ਵਿਚ 32 ਅਮਰੀਕੀ ਬੱਚਿਆਂ ਨੂੰ ਅਗਵਾ ਕਰਕੇ ਭਾਰਤ ਲਿਜਾਏ ਜਾਣ ਦੀਆਂ ਘਟਨਾਵਾਂ ਹੋਈਆਂ ਹਨ ਜਿਸ ਨਾਲ ਅਗਵਾ ਦੀਆਂ ਕੁਝ ਘਟਨਾਵਾਂ ਵਧ ਕੇ 78 ਹੋ ਗਈਆਂ ਹਨ ਤੇ ਇਨ੍ਹਾਂ ਵਿਚ 95 ਬੱਚੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਾਵੇਂ ਅਮਰੀਕੀ ਅਦਾਲਤਾਂ ਵੱਲੋਂ ਕੁਝ ਬੱਚਿਆਂ ਨੂੰ ਵਾਪਸ ਭੇਜਣ ਲਈ ਹੇਗ ਵਰਗੇ ਫੈਸਲੇ ਕੀਤੇ ਗਏ ਹਨ ਪਰ ਇਹ ਇਕਸਾਰ ਨਹੀਂ ਹਨ। ਅਗਵਾਸ਼ੁਦਾ ਬੱਚਿਆਂ ਨੂੰ ਵਾਪਸ ਲਿਆਉਣ ਲਈ ਅਮਰੀਕੀ ਅਦਾਲਤਾਂ ਦਾ ਸਹਾਰਾ ਲੈਣ ਵਾਲੇ ਮਾਪਿਆਂ ਨੇ ਇਥੇ ਪ੍ਰਕਿਰਿਆ ਵਿਚ ਭ੍ਰਿਸ਼ਟਾਚਾਰ ਤੇ ਬਹੁਤ ਦੇਰੀ ਹੋਣ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਦਾ ਭਾਰਤ ਨਾਲ ਕੋਈ ਦੁਵੱਲਾ ਸਮਝੌਤਾ ਨਹੀਂ ਹੈ ਜਿਸ ਰਾਹੀਂ ਅਮਰੀਕੀ ਨਾਗਰਿਕ ਬੱਚਿਆਂ ਨੂੰ ਉਥੋਂ ਲਿਆਉਣਾ ਆਸਾਨ ਹੋ ਸਕੇ।

# ਐਬਟਸਫੋਰਡ ਵਿਚ ਦੁੱਗਣੀ ਹੋਈ ਸਿੱਖਾਂ ਦੀ ਆਬਾਦੀ

**ਟੋਰਾਂਟੋ:** ਪਿਛਲੇ ਇਕ ਦਹਾਕੇ ਦੌਰਾਨ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਬਟਸਫੋਰਡ ਸ਼ਹਿਰ ਵਿਚ ਸਿੱਖਾਂ ਦੀ ਆਬਾਦੀ ਦੁੱਗਣੀ ਹੋ ਗਈ ਹੈ।

ਸਟੈਟਿਸਟਿਕਸ ਕੈਨੇਡਾ ਵੱਲੋਂ ਕਰਵਾਏ ਨੈਸ਼ਨਲ ਹਾਊਸਹੋਲਡ ਸਰਵੇ (2011) ਵਿਚ 2001 ਵਿਚ ਐਬਟਸਫੋਰਡ ਵਿਚ ਸਿੱਖਾਂ ਦੀ ਆਬਾਦੀ 16,780 ਸੀ ਜੋ ਹੁਣ 28,235 ਹੋ ਗਈ ਹੈ। ਇਹ ਸ਼ਹਿਰ ਦੀ ਕੁੱਲ ਆਬਾਦੀ ਦਾ 16.9 ਫੀਸਦੀ ਬਣਦਾ ਹੈ।

ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਭੂਗੋਲ ਵਿਭਾਗ ਦੇ ਪ੍ਰੋਫੈਸਰ ਡੇਨੀਅਲ ਹੇਬਰਟ ਮੁਤਾਬਕ ਕੈਨੇਡੀਅਨ ਇਮੀਗਰੇਸ਼ਨ ਦੇ ਮਾਮਲੇ ਵਿਚ ਐਬਟਸਫੋਰਡ ਤੇ ਸਰੀ (ਦੋਵੇਂ ਬ੍ਰਿਟਿਸ਼ ਕੋਲੰਬੀਆ) ਤੇ ਬਰੈਂਪਟਨ (ਓਂਟਾਰੀਓ) ਵਿਚ ਸਿੱਖ ਆਵਾਸੀਆਂ ਦਾ ਪੈਟਰਨ ਬੜਾ ਦਿਲਚਸਪ ਹੈ। ਆਵਾਸੀ ਸਭ ਤੋਂ ਪਹਿਲਾਂ ਵੱਡੇ ਸ਼ਹਿਰਾਂ ਵਿਚ ਪੁੱਜਦੇ ਤੇ ਵੱਸਦੇ ਹਨ ਤੇ ਬਾਅਦ ਵਿਚ ਸ਼ਹਿਰ ਦੁਆਲੇ ਵਸੇ ਸ਼ਹਿਰਾਂ ਵਿਚ ਜਾ ਵੱਸਦੇ ਹਨ। ਅੰਕੜਿਆਂ ਮੁਤਾਬਕ 2006 ਤੋਂ 2011 ਤੱਕ ਜਿਹੜੇ 5935 ਆਵਾਸੀ ਐਬਟਸਫੋਰਡ ਵਸੇ, ਉਨ੍ਹਾਂ ਵਿਚੋਂ ਅੱਧੇ ਭਾਰਤ ਤੋਂ ਆਏ ਸਨ।



ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਦੇ ਸੈਂਟਰ ਫਾਰ ਇੰਡੋ-ਕੈਨੇਡੀਅਨ ਸਟੱਡੀਜ਼ ਦੀ ਕੋਆਰਡੀਨੇਟਰ ਸ਼ਰਨਜੀਤ ਕੌਰ ਸੰਧਰਾ ਨੇ ਕਿਹਾ ਹੈ ਕਿ ਐਬਟਸਫੋਰਡ ਵਿਚ ਸਿੱਖਾਂ ਦੀ ਆਬਾਦੀ ਦੁੱਗਣੀ ਹੋਣੀ ਕੈਨੇਡਾ ਦੀ ਵੰਨ-ਸੁਵੰਨਤਾ ਦੀ ਪੁਖਤਾ ਮਿਸਾਲ ਹੈ। ਨਵੇਂ ਅੰਕੜਿਆਂ ਮੁਤਾਬਕ ਕੈਨੇਡਾ ਦੀ ਕੁੱਲ ਆਬਾਦੀ ਜੋ ਤਕਰੀਬਨ 3.5 ਕਰੋੜ ਹੈ, ਵਿਚੋਂ 1.4 ਫੀਸਦੀ ਸਿੱਖ ਹਨ।

# ਮਨੁੱਖ ਨੂੰ ਤਬਾਹੀ ਵੱਲ ਲਿਜਾ ਰਹੇ ਨੇ ਇਲੈਕਟ੍ਰਾਨਿਕ ਯੰਤਰ

**ਲੰਡਨ:** ਆਧੁਨਿਕ ਜਿਉਣ ਸ਼ੈਲੀ ਤੇ ਕੰਪਿਊਟਰਾਂ, ਮੋਬਾਈਲ ਫੋਨਾਂ ਤੇ ਰਸਾਇਣਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਲੋਕਾਂ ਨੂੰ ਛੋਟੀ ਉਮਰੇ ਹੀ ਪਾਗਲਪਣ ਤੇ ਹੋਰ ਦਿਮਾਗੀ ਬਿਮਾਰੀਆਂ ਆਪਣੀ ਜਕੜ ਵਿਚ ਲੈ ਰਹੀਆਂ ਹਨ। ਹਾਲੀਆ ਅਧਿਐਨ ਵਿਚ ਇਹ ਖੁਲਾਸਾ ਹੋਇਆ ਹੈ ਕਿ ਕਮਲਵਾ ਤੇ ਹੋਰ ਦਿਮਾਗੀ ਬਿਮਾਰੀਆਂ ਕਾਰਨ 74 ਸਾਲ ਦੀ ਉਮਰ ਤੋਂ ਘੱਟ ਉਮਰ ਦੇ ਲੋਕਾਂ ਦੀਆਂ ਹੋ ਰਹੀਆਂ ਮੌਤਾਂ ਅਜਿਹੀ ਹਾਲਤ ਦੀ ਮਿਸਾਲ ਹਨ।

ਇਹ ਗਿਣਤੀ ਇਸ ਕਰਕੇ ਵਧ ਰਹੀ ਹੈ ਕਿਉਂਕਿ ਵੱਡੀ ਗਿਣਤੀ ਬਜ਼ੁਰਗ ਲੋਕ ਅਜਿਹੇ ਹਾਲਾਤ ਦੀ ਗ੍ਰਿਫਤ ਵਿਚ ਆ ਰਹੇ ਹਨ ਤੇ ਜੋ ਗੱਲ ਸਭ ਤੋਂ ਡਰਾਉਣੀ ਹੈ, ਉਹ ਇਹ ਹੈ ਕਿ ਇਹ ਸਾਰਾ ਕੁਝ ਛੋਟੀ ਉਮਰ ਤੋਂ ਹੀ ਸ਼ੁਰੂ ਹੋ ਰਿਹਾ ਹੈ ਤੇ 55 ਸਾਲ ਤੋਂ ਘੱਟ ਉਮਰ ਦੇ ਲੋਕਾਂ 'ਤੇ ਅਸਰ ਕਰ ਰਿਹਾ ਹੈ। ਪਬਲਿਕ ਹੈਲਥ ਨਾਮ ਦੀ ਪੱਤਰਿਕਾ ਵਿਚ ਛਪੀ ਅਧਿਐਨ ਰਿਪੋਰਟ ਅਨੁਸਾਰ 10 ਸਭ ਤੋਂ ਵੱਡੇ ਪੱਛਮੀ ਮੁਲਕਾਂ ਵਿਚੋਂ ਅਮਰੀਕਾ ਵਿਚ ਸਭ ਤੋਂ ਵੱਧ ਮੌਤਾਂ ਦਿਮਾਗੀ ਨੁਕਸਾਨ ਤੇ ਵਿਗਾੜਾਂ ਕਾਰਨ ਹੋਈਆਂ। 1979-2010 ਤੱਕ ਅਮਰੀਕਾ ਵਿਚ 66 ਫੀਸਦੀ ਆਦਮੀ ਤੇ 92 ਫੀਸਦੀ ਔਰਤਾਂ ਦੀਆਂ ਇਸ ਤਰ੍ਹਾਂ ਮੌਤਾਂ ਹੋਈਆਂ। ਬਰਤਾਨੀਆ ਇਸ ਸਿਲਸਿਲੇ ਵਿਚ ਚੌਥਾ ਸਭ ਤੋਂ ਵੱਡਾ ਮੁਲਕ ਹੈ ਜਿਥੇ 32 ਫੀਸਦੀ ਮਰਦਾਂ ਤੇ 40 ਫੀਸਦੀ ਔਰਤਾਂ ਦੀਆਂ ਮੌਤਾਂ ਹੋਈਆਂ।

ਬੋਨਗਾਊਰ ਯੂਨੀਵਰਸਿਟੀ ਦੇ ਪ੍ਰੋਫੈਸਰ ਕੋਲਿਨ ਪ੍ਰਿਚਾਰਡ ਅਨੁਸਾਰ ਇਹ ਅੰਕੜੇ ਸੱਚਮੁੱਚ ਦੇ ਲੋਕਾਂ ਤੇ ਪਰਿਵਾਰਾਂ ਬਾਰੇ ਹਨ ਤੇ ਸਾਨੂੰ ਇਹ ਗੱਲ ਮੰਨਣੀ ਲਾਜ਼ਮੀ ਹੈ ਕਿ ਇਕ ਮਹਾਂਮਾਰੀ ਫੈਲੀ ਹੋਈ ਹੈ ਜੋ ਵਾਤਾਵਰਨ ਤੇ ਸਮਾਜਿਕ ਪ੍ਰਭਾਵਾਂ ਦੇ ਪ੍ਰਤੱਖ ਕਾਰਨਾਂ ਕਰਕੇ ਹੈ। ਉਨ੍ਹਾਂ ਦੱਸਿਆ ਕਿ ਮਿਸਾਲ ਵਜੋਂ ਯੂਕੇ ਵਿਚ ਮੋਟਰ ਨਿਊਰਾਨ ਡਿਸੀਜ਼ ਕਾਰਨ ਹੁੰਦੀਆਂ ਮੌਤਾਂ ਵਿਚ 85 ਫੀਸਦੀ ਵਾਧਾ ਹੋਇਆ ਹੈ। ਦਿਮਾਗੀ ਬਿਮਾਰੀਆਂ ਤੇ ਕਮਲਵਾ ਮੁੱਢਲੀ ਉਮਰੇ ਹੀ ਲੋਕਾਂ ਨੂੰ ਚਿੰਬੜ ਰਹੇ ਹਨ।

16 ਦੇਸ਼ਾਂ ਨੂੰ ਰਿਸਰਚ ਕਾਰਜ ਅਧੀਨ ਲਿਆ ਗਿਆ ਸੀ। ਇਸ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਜਦੋਂ ਹੋਰ ਕਾਰਨਾਂ ਕਰਕੇ ਹੁੰਦੀਆਂ ਮੌਤਾਂ ਵਿਚ ਵੱਡੀ ਗਿਰਾਵਟ ਆਈ ਹੈ ਤਾਂ ਦਿਮਾਗੀ ਮੁਸ਼ਕਲਾਂ ਕਾਰਨ ਮੌਤਾਂ ਦੀ ਗਿਣਤੀ ਵਧੀ ਹੈ। ਇਹ ਮੌਤਾਂ ਕਮਲਵਾ ਕਾਰਨ ਹੁੰਦੀਆਂ ਹਨ ਤੇ ਪਰਿਵਾਰਾਂ ਨੂੰ ਤਬਾਹ ਕਰ ਰਹੀਆਂ ਹਨ ਤੇ ਜਨਤਕ ਸਿਹਤ ਲਈ ਵੱਡਾ ਖਤਰਾ ਬਣ ਰਹੀਆਂ ਹਨ। ਪਿਛਲੇ 30 ਸਾਲਾਂ ਵਿਚ ਬਹੁਤ ਵੱਡੀ ਤਬਦੀਲੀ ਸੰਸਾਰ ਵਿਚ ਵਾਪਰੀ ਹੈ।

ਇਲੈਕਟ੍ਰਾਨਿਕ ਯੰਤਰਾਂ ਵਿਚ ਬੇਹਿਸਾਬ ਵਾਧਾ, ਰੇਡੀਏਸ਼ਨਾਂ ਛੱਡਦੇ ਪੀਸੀ, ਮਾਈਕਰੋ ਵੇਵਜ਼, ਟੀ.ਵੀ., ਮੋਬਾਇਲ ਫੋਨ ਤੇ ਸੜਕੀ ਆਵਾਜਾਈ ਨੇ ਹਾਲਾਤ ਅਸਾਧਾਰਨ ਬਣਾ ਦਿੱਤੇ ਹਨ। ਪੈਟਰੋ ਕੈਮੀਕਲ ਪ੍ਰਦੂਸ਼ਣ, ਖੁਰਾਕੀ ਵਸਤਾਂ ਵਿਚ ਰਸਾਇਣਾਂ ਦੀ ਹਾਜ਼ਰੀ ਖਤਰਨਾਕ ਹੈ। ਪ੍ਰਿਚਾਰਡ ਨੇ ਕਿਹਾ ਕਿ ਕੈਂਸਰ ਕਾਰਨ ਮੌਤਾਂ ਘੱਟ ਰਹੀਆਂ ਹਨ, ਪਰ ਕੈਂਸਰ ਦਾ ਹੋਣਾ ਆਮ ਹੋ ਰਿਹਾ ਹੈ। ਦਮਾ ਮੁੜ ਆ ਰਿਹਾ ਹੈ। ਵੀਰਜ 'ਚੋਂ ਸ਼ੁਕਰਾਣੂਆਂ ਦੀ ਘੱਟ ਰਹੀ ਗਿਣਤੀ, ਠੀਕ ਨਾ ਹੋਣ ਵਾਲੀਆਂ ਬਿਮਾਰੀਆਂ ਦੀ ਵਧ ਰਹੀ ਗਿਣਤੀ ਸਭ ਜਿਉਣ ਸ਼ੈਲੀ ਤੇ ਵਾਤਾਵਰਨ ਕਾਰਨ ਹਨ।

## ਦੋ ਭਾਰਤੀ ਮੁੰਡਿਆਂ ਨੂੰ ਮਿਲੀ ਅਮਰੀਕੀ ਫੈਲੋਸ਼ਿਪ

**ਵਾਸ਼ਿੰਗਟਨ:** ਦੋ ਭਾਰਤੀ ਮੁੰਡਿਆਂ ਨੇ ਵਕਾਰੀ '20 ਅੰਡਰ 20' ਥੀਏਲ ਫੈਲੋਸ਼ਿਪ 2013 ਹਾਸਲ ਕਰ ਲਈ ਹੈ। ਇਹ ਫੈਲੋਸ਼ਿਪ ਨੌਜਵਾਨਾਂ ਵੱਲੋਂ ਕਾਰੋਬਾਰੀ ਖੇਤਰ ਵਿਚ ਨਵਾਂ ਵਿਚਾਰ ਲਿਆਉਣ 'ਤੇ ਦਿੱਤੀ ਜਾਂਦੀ ਹੈ। ਇਹ ਫੈਲੋਸ਼ਿਪ ਇਕ-ਇਕ ਲੱਖ ਡਾਲਰ ਦੀ ਹੈ।

ਭਾਰਤ ਦੇ ਵਸਨੀਕ ਰਿਤੇਸ਼ ਅਗਰਵਾਲ ਤੇ ਪਾਓ ਆਲਟੋ ਦੇ ਦਿਵਾਂਕ ਸਿੰਘ ਤੋਮਰ ਨੂੰ ਇਹ ਫੈਲੋਸ਼ਿਪ ਮਿਲੀ ਹੈ। 19 ਸਾਲਾ ਅਗਰਵਾਲ ਨੇ ਭਾਰਤ ਵਿਚ ਹੋਟਲ ਬੁਕਿੰਗ ਮਾਮਲੇ ਵਿਚ ਕਾਫੀ ਨਾਮ ਕਮਾਇਆ ਹੈ। ਤੋਮਰ ਵੀ 19 ਸਾਲ ਦਾ ਹੈ ਤੇ ਉਸ ਨੇ ਭਾਰਤ ਵਿਚ ਕਾਲਜ ਦੀ ਪੜ੍ਹਾਈ ਛੱਡ ਦਿੱਤੀ ਸੀ। ਉਸ ਨੂੰ ਆਨਲਾਈਨ ਪੜ੍ਹਾਈ ਵਿਚ ਸੁਧਾਰ ਲਈ ਕੀਤੇ ਕੰਮਾਂ ਕਰਕੇ ਇਹ ਫੈਲੋਸ਼ਿਪ ਮਿਲੀ ਹੈ। ਆਪਣੀ ਇਸ ਪ੍ਰਾਪਤੀ ਤੋਂ ਰਿਤੇਸ਼ ਅਗਰਵਾਲ ਪੂਰਾ ਖੁਸ਼ ਹੈ।



ਐਸ ਅਸ਼ੋਕ ਭੌਰਾ ਦੀ ਪੁਸਤਕ 'ਗੱਲੀਂਬਾਤੀਂ' ਅਤੇ ਨਵੀਂ ਪੁਸਤਕ 'ਨੈਣ-ਨਕਸ਼' ਲੈਣ ਲਈ ਸੰਪਰਕ ਕਰੋ

ਫੋਨ: 510-695-4836, 510-512-3401, 847-359-0746













The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

# Imperial Truck Wash & Repair

Located at 2635 E. North Ave., Fresno, CA 93725 (Corner of North & Chestnut).






**Special prices for all tires.**

- All major repairs for trucks & trailers.
- Brand new truck & trailer wash.
- Best prices on wash in the Fresno area.
- We offer truck & trailer wash, trailer washout,
- Wax, tire dressing, towel dry.
- We sell all major parts for truck & trailers.

*Gated parking with security guard on-site at night*

Also have office space available (ideal for a trucking company).

ਅਸੀਂ ਟਰੱਕ ਅਤੇ ਟਰੇਲਰਾਂ ਦੇ ਸਾਰੇ ਮੁੱਖ ਕਲਪੁਰਜੇ ਵੀ ਵੇਚਦੇ ਹਾਂ



**Contact: Inderjit Singh. Ph. 559-442-8500 or Cell. 209-872-4117**



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF **MARK COHEN**

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

***"I take your accident personally"***

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information

**www. markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਸ਼ਹੀਦ ਸਰਾਭਾ ਦੀ ਤਸਵੀਰ ਕੌਂਸਲ ਜਨਰਲ ਦੇ ਦਫਤਰ ਵਿਚ 17 ਨੂੰ ਲੱਗੇਗੀ



**ਸੈਕਰਾਮੈਂਟੋ (ਬਿਊਰੋ):** ਗਦਰ ਲਹਿਰ ਦੇ ਦਿਮਾਗ ਸਰਦਾਰ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਦੇ ਦਫਤਰ ਵਿਚ ਸ਼ੁੱਕਰਵਾਰ 17 ਮਈ ਨੂੰ ਬਾਅਦ ਦੁਪਹਿਰ ਇਕ ਵਜੇ ਸਥਾਪਤ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਗਦਰ ਮੈਮੋਰੀਅਲ ਫਾਊਂਡੇਸ਼ਨ ਅਮਰੀਕਾ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਨੇ ਦੱਸਿਆ ਕਿ ਲੰਘੀ 11 ਮਈ ਨੂੰ ਕੌਂਸਲ ਜਨਰਲ ਦੇ ਦਫਤਰ ਵਿਚ ਹੋਈ ਇਕ ਮੀਟਿੰਗ ਵਿਚ ਗਦਰ ਲਹਿਰ ਦੀ ਸ਼ਤਾਬਦੀ ਦੌਰਾਨ ਕੀਤੇ ਜਾ ਰਹੇ ਸਮਾਗਮਾਂ, ਨਵੀਂ ਪੀੜ੍ਹੀ ਨੂੰ ਗਦਰ ਲਹਿਰ ਦੇ ਇਤਿਹਾਸ ਅਤੇ ਭਾਰਤ ਦੀ ਆਜ਼ਾਦੀ ਲਈ ਗਦਰੀ ਬਾਬਿਆਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਤੋਂ ਜਾਣੂੰ ਕਰਵਾਉਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਉਪਰ ਵਿਚਾਰ-ਚਰਚਾ ਕੀਤੀ ਗਈ।

ਸ. ਜੱਜ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਭਾਰਤ ਤੋਂ ਆਏ ਡਾਇਰੈਕਟਰ ਜਨਰਲ ਆਈ ਸੀ ਸੀ ਐਲ ਸ੍ਰੀ ਸੁਰੇਸ਼ ਗੋਇਲ ਵੀ ਸ਼ਾਮਲ ਹੋਏ। ਉਨ੍ਹਾਂ ਨੇ ਮੀਟਿੰਗ ਵਿਚ ਹਾਜ਼ਰ ਨੁਮਾਇੰਦਿਆਂ ਨੂੰ ਦੱਸਿਆ ਕਿ ਭਾਰਤ ਸਰਕਾਰ ਗਦਰ ਅੰਦੋਲਨ ਅਤੇ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਇਤਿਹਾਸ ਦੀਆਂ ਕਿਤਾਬਾਂ ਗਦਰ ਮੈਮੋਰੀਅਲ ਹਾਲ ਸੈਨ ਫਰਾਂਸਿਸਕੋ ਨੂੰ ਭੇਜਣਾ ਚਾਹੁੰਦੀ ਹੈ। ਅਮਰੀਕਾ ਦੀਆਂ ਯੂਨੀਵਰਸਿਟੀਆਂ ਜਾਂ ਕਿਤੇ ਵੀ ਹੋਰ ਪਈ ਗਦਰੀ ਬਾਬਿਆਂ ਨਾਲ ਸਬੰਧਤ ਸਮੱਗਰੀ ਦੀ ਵੀ ਭਾਲ ਕੀਤੀ ਜਾ ਰਹੀ ਹੈ। ਮੀਟਿੰਗ ਦੌਰਾਨ ਭਾਰਤੀ ਕੌਂਸਲ ਜਨਰਲ ਐਨ ਪਾਰਥਾਸਾਰਥੀ ਅਤੇ ਕੌਂਸਲ ਅਨੰਦ ਕੁਮਾਰ ਝਾਅ ਨੇ ਗਦਰ ਮੈਮੋਰੀਅਲ ਹਾਲ ਦੀ ਨਵੀਂ ਬਣਾਈ ਜਾ ਰਹੀ ਇਮਾਰਤ ਬਾਰੇ ਦੱਸਿਆ ਕਿ ਇਸ ਸਬੰਧੀ ਟੈਂਡਰ ਭਰਵਾਏ ਜਾ ਰਹੇ ਹਨ ਅਤੇ ਉਸ ਉਪਰੰਤ ਇਮਾਰਤ ਦੀ ਉਸਾਰੀ ਜਲਦ ਅਰੰਭ ਹੋਵੇਗੀ।

ਸ. ਜੱਜ ਨੇ ਦੱਸਿਆ ਕਿ ਮੀਟਿੰਗ ਦੌਰਾਨ ਉਨ੍ਹਾਂ ਅਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਜਨਰਲ ਸਕੱਤਰ ਸ. ਕੰਵਰ ਕਸ਼ਮੀਰ ਸਿੰਘ ਨੇ 13 ਜੁਲਾਈ ਨੂੰ ਸੈਨ ਫਰਾਂਸਿਸਕੋ ਵਿਚ ਹੋ ਰਹੇ ਸੈਮੀਨਾਰ ਬਾਰੇ ਅਤੇ 14 ਜੁਲਾਈ ਨੂੰ ਇਥੇ ਲਾਏ ਜਾ ਰਹੇ ਮੇਲੇ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੈਮੀਨਾਰ ਦੌਰਾਨ ਗਦਰ ਲਹਿਰ ਨਾਲ ਸਬੰਧਤ ਪੁਸਤਕ ਰਿਲੀਜ਼ ਕਰਨਗੇ ਅਤੇ ਡਾ. ਹਰੀਸ਼ ਪੁਰੀ 'ਗਦਰ ਅੰਦੋਲਨ: ਨਵੇਂ ਸਿਆਸੀ ਸਮਾਜ ਦੀ ਸਿਰਜਣਾ' ਵਿਸ਼ੇ 'ਤੇ ਪਰਚਾ ਪੜ੍ਹਨਗੇ। ਇਸ ਮੀਟਿੰਗ ਵਿਚ ਗੋਪੀਓ ਵਲੋਂ ਸ. ਇੰਦਰ ਸਿੰਘ ਅਤੇ ਨੈਸ਼ਨਲ ਫੈਡਰੇਸ਼ਨ ਆਫ ਇੰਡੀਆ ਵਲੋਂ ਅਸ਼ੋਕ ਮਦਨ ਸ਼ਾਮਲ ਹੋਏ।

# ਬੇਕਰਜ਼ਫੀਲਡ ਵਿਚ ਬੱਚਿਆਂ ਦੇ ਭਾਸ਼ਣ ਮੁਕਾਬਲੇ



**ਬੇਕਰਜ਼ਫੀਲਡ (ਬਿਊਰੋ):** ਸਿੱਖ ਯੂਥ ਸਿੰਪੋਜ਼ੀਅਮ, ਜੋ ਕਿ ਸਿੱਖ ਯੂਥ ਅਲਾਇੰਸ, ਅਮਰੀਕਾ ਦੀ ਸ਼ਾਖ ਹੈ, ਵਲੋਂ ਇਥੇ ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ ਲੰਘੀ ਚਾਰ ਮਈ ਨੂੰ ਬੇਕਰਜ਼ਫੀਲਡ ਰਿਜਨ ਸਿੱਖ ਯੂਥ ਸਿੰਪੋਜ਼ੀਅਮ ਕਰਵਾਇਆ ਗਿਆ। ਸਥਾਨਕ ਪੱਧਰ ਦੇ ਇਸ ਪ੍ਰੋਗਰਾਮ ਵਿਚ 54 ਬੱਚਿਆਂ ਨੇ ਹਿੱਸਾ ਲਿਆ। ਹਰ ਉਮਰ ਗਰੁਪ ਵਿਚੋਂ ਚੁਣੇ ਗਏ ਤਿੰਨ ਬੱਚੇ ਖੇਤਰੀ ਪੱਧਰ ਦੇ ਹੋਣ ਵਾਲੇ ਮੁਕਾਬਲਿਆਂ ਵਿਚ ਹਿੱਸਾ ਲੈਣਗੇ। ਇਹ ਸਿੰਪੋਜ਼ੀਅਮ ਬੱਚਿਆਂ ਵਲੋਂ ਕੀਰਤਨ, ਅਰਦਾਸ ਅਤੇ ਹੁਕਮਨਾਮਾ ਲੈਣ ਪਿਛੋਂ ਅਰੰਭ ਹੋਇਆ।

ਪ੍ਰੋਗਰਾਮ ਦੇ ਸੰਚਾਲਕ ਡਾ. ਮਨਬੀਰ ਸਿੰਘ ਵਲੋਂ ਦਿੱਤੀ ਜਾਣਕਾਰੀ ਅਨੁਸਾਰ 6-8 ਸਾਲ ਦੇ ਬੱਚਿਆਂ ਦੇ 'ਨਿੱਕੀਆਂ ਜਿੰਦਾਂ, ਵੱਡਾ ਸਾਕਾ' ਪੁਸਤਕ ਉਪਰ ਭਾਸ਼ਣ ਮੁਕਾਬਲੇ ਵਿਚ ਜੇਤੂ



ਚਰਮੈਨ ਕੌਰ, 9-10 ਸਾਲ ਦੇ ਉਮਰ ਗਰੁਪ ਦੇ 'ਮੈਂ ਸਿੱਖ ਕਿਉਂ ਹਾਂ' ਪੁਸਤਕ 'ਤੇ ਆਧਾਰਤ ਭਾਸ਼ਣ ਮੁਕਾਬਲਿਆਂ ਵਿਚ ਗੁਰਜੋਤ ਸਿੰਘ, 11-13 ਸਾਲ ਉਮਰ ਗਰੁਪ ਵਿਚ 'ਸਿੱਖ ਜੀਵਨ ਜਾਚ' ਪੁਸਤਕ 'ਤੇ ਆਧਾਰਤ ਮੁਕਾਬਲੇ ਵਿਚ ਮੌਨੀਕ ਕੌਰ, 14-17 ਸਾਲ ਦੇ ਗਰੁਪ ਵਿਚ 'ਸਿੱਖ ਮਿਸਲਾਂ ਦਾ ਸੰਖੇਪ ਇਤਿਹਾਸ' ਪੁਸਤਕ 'ਤੇ ਆਧਾਰਤ ਮੁਕਾਬਲੇ ਵਿਚ ਰੌਬਿਨ ਕੌਰ, 18-22 ਸਾਲ ਦੇ ਉਮਰ ਗਰੁਪ ਵਿਚ 'ਗੁਰਬਾਣੀ ਦਾ ਸੁਨੇਹਾ' ਪੁਸਤਕ 'ਤੇ ਆਧਾਰਤ ਮੁਕਾਬਲੇ ਵਿਚ ਇੰਦਰਵੀਰ ਸਿੰਘ ਜੇਤੂ ਰਹੇ।

ਸਾਰੇ ਜੇਤੂਆਂ ਨੂੰ ਟਰਾਫੀਆਂ ਦਿੱਤੀਆਂ ਗਈਆਂ। ਪੰਜਾਬੀ ਵਿਚ ਭਾਸ਼ਣ ਦੇਣ ਵਾਲੇ ਬੱਚਿਆਂ ਨੂੰ ਵਾਧੂ ਇਨਾਮ ਦਿੱਤੇ ਗਏ। ਇਨਾਮਾਂ ਦੀ ਵੰਡ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕੀਤੀ। ਸਥਾਨਕ ਕਾਰ ਡੀਲਰ ਅਤੇ ਰੇਡੀਓ ਆਵਾਜ਼ ਪੰਜਾਬ ਦੇ ਹੋਸਟ ਦਵਿੰਦਰ ਸਿੰਘ ਬੈਂਸ ਨੇ ਪੰਜਵੇਂ ਗਰੁਪ ਦੇ ਵਿਚਾਰ-ਚਰਚਾ ਸੈਸ਼ਨ ਦੀ ਨਿਗਰਾਨੀ ਕੀਤੀ। ਡਾ. ਮਨਬੀਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਤਰਨ ਕੌਰ ਤੇ ਪੁੱਤਰ ਬਲਮੀਤ ਸਿੰਘ ਨੇ ਇਸ ਪ੍ਰੋਗਰਾਮ ਦੀ ਮੇਜ਼ਬਾਨੀ ਅਤੇ ਇਸ ਦਾ ਪ੍ਰਬੰਧ ਕੀਤਾ। ਕੌਮੀ ਪੱਧਰ ਦੇ ਮੁਕਾਬਲੇ ਜਾਰਜੀਆ ਵਿਚ ਪਹਿਲੀ ਅਗਸਤ ਤੋਂ 4 ਅਗਸਤ ਤੱਕ ਹੋਣਗੇ।

# ਗਾਂਧੀ ਦੀਆਂ ਚੀਜ਼ਾਂ ਹੋਣਗੀਆਂ ਨਿਲਾਮ

**ਲੰਡਨ:** ਮਹਾਤਮਾ ਗਾਂਧੀ ਦੀਆਂ ਕਈ ਵਸਤੂਆਂ ਦੀ ਲੰਡਨ ਵਿਚ ਨਿਲਾਮੀ ਹੋਵੇਗੀ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਅੱਧਾ ਇੰਚ ਦੀ ਅੱਡੀ ਵਾਲੀਆਂ ਚਮੜੇ ਦੀਆਂ ਚੱਪਲਾਂ ਵੀ ਸ਼ਾਮਲ ਹਨ। ਇਹ ਚੱਪਲਾਂ ਉਨ੍ਹਾਂ ਨੇ ਜੁਹੂ ਮੁੰਬਈ ਵਿਚ ਰਹਿੰਦਿਆਂ ਆਪਣੇ ਇਕ ਦੋਸਤ ਨੂੰ 1920 ਵਿਚ ਦਿੱਤੀਆਂ ਸਨ। ਨਿਲਾਮੀ ਘਰ ਅਨੁਸਾਰ ਇਨ੍ਹਾਂ ਦੀ ਬੋਲੀ 15000 ਪੌਂਡ ਤੱਕ ਜਾਣ ਦੀ ਸੰਭਾਵਨਾ ਹੈ। ਮਹਾਤਮਾ ਗਾਂਧੀ ਦੀਆਂ ਤਸਵੀਰਾਂ ਜਿਨ੍ਹਾਂ ਵਿਚ ਇਕ ਕੋਟ ਪੈਂਟ ਵਾਲੀ ਤਸਵੀਰ ਵੀ ਸ਼ਾਮਲ ਹੈ, ਦੀ ਵੀ ਨਿਲਾਮੀ ਹੋਵੇਗੀ।

ਇਸ ਤੋਂ ਇਲਾਵਾ ਸ਼ਾਲ, ਚਾਦਰ, ਉਨ੍ਹਾਂ ਦੇ 3 ਬਾਂਦਰ ਵੀ ਨਿਲਾਮੀ 'ਚ ਸ਼ਾਮਲ ਹਨ। ਮੁਲੱਕਸ ਨਿਲਾਮੀ ਘਰ ਸ਼ਰਾਪਸ਼ਾਇਰ ਵਿਚ ਹੋਣ ਵਾਲੀ ਇਸ ਨਿਲਾਮੀ ਵਿਚ ਮਹਾਤਮਾ ਗਾਂਧੀ ਦੀਆਂ ਚੀਜ਼ਾਂ ਦੋ ਲੱਖ 50 ਹਜ਼ਾਰ ਪੌਂਡ ਤੱਕ ਵਿਕਣ ਦੀ ਆਸ ਹੈ। ਨਿਲਾਮੀ ਦੌਰਾਨ ਜਿੱਥੇ ਹੋਰ ਕਈ ਦਸਤਾਵੇਜ਼ ਸ਼ਾਮਲ ਹਨ, ਉੱਥੇ ਹੀ ਬਰਤਾਨੀਆ ਦੀ ਸੰਸਦ ਦਾ ਇਕ 1932 ਦਾ ਦਸਤਾਵੇਜ਼ ਹੈ ਜਿਸ ਵਿਚ ਮਹਾਤਮਾ ਗਾਂਧੀ ਨੂੰ ਅਤਿਵਾਦੀ ਕਹਿਣ ਦਾ ਯਤਨ ਕੀਤਾ ਗਿਆ ਹੈ। ਇਹ ਬੰਗਾਲ ਦੀ ਮੂਵਮੈਂਟ ਬਾਰੇ ਹੈ। ਮਹਾਤਮਾ ਗਾਂਧੀ ਦੀ ਗੁਜਰਾਤੀ ਭਾਸ਼ਾ ਵਿਚ ਲਿਖੀ ਵਸੀਅਤ ਤੇ ਆਪਣੇ ਬੇਟੇ ਦੇ ਨਾਂ ਲਿਖਿਆ ਮੁਖਤਿਆਰ ਨਾਮਾ ਵੀ ਸ਼ਾਮਲ ਹੈ।





*ਐਲ ਸੋਬਰਾਂਟੇ: ਇਸ ਇਲਾਕੇ ਦੀਆਂ ਮੁਟਿਆਰਾਂ ਨੇ ਸਭਿਆਚਾਰਕ ਰੰਗ ਮੰਚ ਦੇ ਜ਼ਰੀਏ ਲੰਘੀ 5 ਮਈ ਨੂੰ ਵਿਸਾਖੀ ਦਾ ਦਿਹਾੜਾ ਮਨਾਇਆ। ਖੁੱਲ੍ਹੇ ਪਾਰਕ ਵਿਚ ਲਾਏ ਗਏ ਇਸ ਮੇਲੇ ਦੌਰਾਨ ਮੁਟਿਆਰਾਂ ਨੇ ਬੋਲੀਆਂ ਪਾ ਕੇ ਗਿੱਧੇ ਦਾ ਖੂਬ ਰੰਗ ਬੰਨ੍ਹਿਆ। ਇਸ ਵਿਸਾਖੀ ਮੇਲੇ ਦੀਆਂ ਕੁਝ ਤਸਵੀਰਾਂ।*







# 'ਮਾਟੀ ਕੇ ਲਾਲ' ਦੀ ਮਿੱਟੀ

## ਬਦਲਵੇਂ ਪ੍ਰਬੰਧ ਲਈ ਸੁੱਚੀ ਸੱਦ

ਕਲਾ ਪਰਿਕਰਮਾ

*ਦਸਤਾਵੇਜ਼ੀ ਫਿਲਮਸਾਜ਼ ਸੰਜੇ ਕਾਕ ਨੇ ਆਪਣੀਆਂ ਫ਼ਿਲਮਾਂ ਵਿਚ ਸਦਾ ਹੀ ਮਿੱਟੀ ਨਾਲ ਜੁੜੇ ਲੋਕਾਂ ਦੀ ਗੱਲ ਕੀਤੀ ਹੈ। ਉਸ ਦੀ ਨਵੀਂ ਫਿਲਮ 'ਮਾਟੀ ਕੇ ਲਾਲ' ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਦਿਖਾਈ ਗਈ। ਪੱਤਰਕਾਰ ਸੰਜਮਪ੍ਰੀਤ ਸਿੰਘ ਨੇ ਇਸ ਫਿਲਮ ਬਾਰੇ 'ਪੰਜਾਬ ਟਾਈਮਜ਼' ਪਾਠਕਾਂ ਨਾਲ ਗੱਲਾਂ ਕੀਤੀਆਂ ਹਨ। ਇਸ ਤੋਂ ਪਹਿਲਾਂ ਸੰਜੇ ਨੇ ਕਸ਼ਮੀਰ ਬਾਰੇ ਫਿਲਮ 'ਜਸ਼ਨ-ਏ-ਆਜ਼ਾਦੀ ਬਣਾਈ ਸੀ। ਬਹੁਤ ਸਾਰੇ ਕਾਰਨਾਂ ਕਰ ਕੇ ਇਸ ਫਿਲਮ ਦੀ ਬੜੀ ਚਰਚਾ ਹੋਈ। 'ਮਾਟੀ ਕੇ ਲਾਲ' ਦੀ ਵੀ ਹੁਣ ਇੰਨੀ ਹੀ ਚਰਚਾ ਹੋ ਰਹੀ ਹੈ। ਸੰਜੇ ਨੇ ਇਸ ਫਿਲਮ ਰਾਹੀਂ ਭਾਰਤ ਦੇ ਵਿਕਾਸ ਢਾਂਚੇ ਉਤੇ ਤਿੱਖੇ ਸਵਾਲ ਕੀਤੇ ਹਨ। -ਸੰਪਾਦਕ*



*ਸੰਜੇ ਕਾਕ ਦੀ ਦਸਤਾਵੇਜ਼ੀ ਫ਼ਿਲਮ 'ਮਾਟੀ ਕੇ ਲਾਲ' ਦੀ ਝਲਕ।*

ਮੁੱਖਧਾਰਾ ਦੇ ਮੀਡੀਆ, ਕਲਾ ਅਤੇ ਕਲਚਰ ਦੇ ਆਪਣੇ ਕਿੱਸੇ ਅਤੇ ਆਪਣੀਆਂ ਕਹਾਣੀਆਂ ਹਨ। ਜਿਹੜੇ ਲੋਕ ਹਾਸ਼ੀਏ ਉਤੇ ਧੱਕ ਦਿੱਤੇ ਗਏ, ਉਨ੍ਹਾਂ ਦਾ ਵੀ ਕੋਈ ਕਿੱਸਾ ਹੈ! ਅਜਿਹੇ ਬੰਦੇ ਹੈਨ ਜਿਹੜੇ ਡਟ ਕੇ ਧਿਰ ਬਣਦੇ ਹਨ ਅਤੇ ਇਸ ਕਿੱਸੇ ਨੂੰ ਅਗਾਂਹ ਤੋਰਦੇ ਹਨ। ਦਸਤਾਵੇਜ਼ੀ ਫਿਲਮਸਾਜ਼ ਸੰਜੇ ਕਾਕ ਆਪਣੇ ਦਾਈਏ ਬਾਰੇ ਐਨ ਸਪਸ਼ਟ ਹੈ। ਮੁੱਖਧਾਰਾ ਦੇ ਧੁੰਦਲਾਪਣ ਤੋਂ ਉਹ ਵਾਕਿਫ ਹੈ ਜਿਹੜੀ ਅੰਨ੍ਹੇ ਸ਼ੀਸ਼ੇ ਵਾਂਗ ਸਦਾ ਟੀਰ ਮਾਰਦੀ ਹੈ। ਇਸ ਲਈ ਉਸ ਦਾ ਇਕ-ਇਕ ਸ਼ਬਦ ਅਤੇ ਫਿਲਮਾਂ ਵਿਚ ਪਰੋਇਆ ਇਕ-ਇਕ ਪਲ ਇਸ ਮੁੱਖਧਾਰਾ ਦੇ ਬਰਾਬਰ ਬਦਲ ਦੇ ਰੂਪ ਵਿਚ ਸਾਹਮਣੇ ਆਣ ਖਲੋਂਦਾ ਹੈ। ਸੰਜੇ ਅਸਲ ਵਿਚ ਬਦਲ ਦਾ ਹੀ ਸ਼ਾਹ-ਸਵਾਰ ਹੈ ਅਤੇ ਉਹ ਇਸ ਬਦਲ ਨੂੰ ਹੋਰ ਮਜ਼ਬੂਤ ਅਤੇ ਪੈਰਾਂ ਸਿਰ ਕਰਨ ਲਈ ਦਿਨ-ਰਾਤ ਇਕ ਕਰਦਾ ਹੈ, ਮਿੱਤਰਾਂ-ਸੱਜਣਾਂ ਨਾਲ ਬਹਿਸਾਂ ਵਿਚ ਹਿੱਸਾ ਲੈਂਦਾ ਹੈ, ਉਨ੍ਹਾਂ ਲੋਕਾਂ ਕੋਲ ਜਾਂਦਾ ਹੈ ਜਿਨ੍ਹਾਂ ਦੀ ਗੱਲ ਕਰਨੀ ਹੈ ਅਤੇ ਸਭ ਤੋਂ ਵੱਡੀ ਗੱਲ, ਉਨ੍ਹਾਂ ਦੀਆਂ ਉਹ ਗੱਲਾਂ ਸੁਣਦਾ ਹੈ ਜਿਸ ਨੂੰ ਮੁੱਖਧਾਰਾ ਦਾ ਮੀਡੀਆ ਕਦੀ ਨਹੀਂ ਸੁਣਦਾ। ਉਹਨੇ ਇਹ ਗੱਲਾਂ ਫਿਰ ਅਗਾਂਹ ਜੁ ਸੁਣਾਉਣੀਆਂ ਹੁੰਦੀਆਂ ਹਨ!

ਆਪਣੀ ਤਾਜ਼ੀ ਫਿਲਮ 'ਮਾਟੀ ਕੇ ਲਾਲ' (ਰੲਦ ਅਨਟ ਦਰੲਅਮ) ਵਿਚ ਉਹ ਇਹੀ ਗੱਲਾਂ ਸੁਣਾਉਂਦਾ ਹੈ। ਇਸ ਫਿਲਮ ਵਿਚ ਉਸ ਨੇ ਉਹੀ ਗੱਲਾਂ ਸੁਣਾਈਆਂ ਹਨ ਜਿਹੜੀਆਂ ਜਾਣ-ਬੁੱਝ ਕੇ ਪਾਸੇ ਕਰ ਦਿੱਤੀਆਂ ਜਾਂਦੀ ਹਨ; ਜਾਂ ਫਿਰ ਜੇ ਇਹ ਗੱਲਾਂ ਕੀਤੀਆਂ ਜਾਂਦੀਆਂ ਹਨ ਤਾਂ ਬਹੁਤ ਵਿਗਾੜ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਹੜੇ ਬੰਦੇ ਜ਼ਿੰਦਗੀ ਵਿਚ ਨਾਇਕਾਂ ਦੀ ਭੂਮਿਕਾ ਨਿਭਾਅ ਰਹੇ ਹਨ, ਉਨ੍ਹਾਂ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸੰਜੇ ਸਿੱਧਾ ਹੀ ਆਖਦਾ ਹੈ- ਮੇਰੀ ਇਹ ਫਿਲਮ ਰੋਹ, ਰੋਸ ਅਤੇ ਟਾਕਰੇ ਵਾਲੀ ਸਿਆਸਤ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਹ ਉਸ ਇਨਕਲਾਬੀ ਰੂਹ ਦੀ ਬਾਤ ਸੁਣਾਉਂਦੀ ਹੈ ਜਿਹੜੀ ਬਸਤਰ ਵਿਚ ਚੱਲ ਰਹੇ ਸੰਘਰਸ਼ ਨੂੰ ਪਾਸ਼ ਦੀ ਸ਼ਾਇਰੀ ਵਿਚ ਜੂਝ ਰਹੇ ਬੰਦੇ ਨੂੰ ਜੋੜਦੀ ਹੈ। ਸੰਜੇ ਆਪਣੀ ਇਸ ਕਿਰਤ ਰਾਹੀਂ ਬੜੇ ਜ਼ੋਰ ਨਾਲ ਇਹ ਜਚਾਉਂਦਾ ਹੈ ਕਿ ਕੁਝ ਲੋਕਾਂ ਵੱਲੋਂ ਜਿਨ੍ਹਾਂ ਲੋਕਾਂ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਦੱਸਿਆ ਜਾ ਰਿਹਾ ਹੈ,




ਉਹ ਅਸਲ ਵਿਚ ਆਸਾਂ ਨਾਲ ਜੁੜੇ ਹੋਏ ਲੋਕ ਹਨ, ਤਬਾਹੀ ਮਚਾਉਣ ਵਾਲੇ ਨਹੀਂ ਜਿਸ ਤਰ੍ਹਾਂ ਆਮ ਹੀ ਪ੍ਰਚਾਰ ਕੀਤਾ ਜਾਂਦਾ ਹੈ। ਇਹ ਲੋਕ ਨਵੀਂ ਦੁਨੀਆਂ ਸਿਰਜਣ ਲਈ ਅਹੁਲ ਰਹੇ ਹਨ।

ਹੁਣ ਸਵਾਲ ਇਹ ਹੈ ਕਿ ਮੁੱਖਧਾਰਾ ਮੀਡੀਆ ਇਨ੍ਹਾਂ ਲੋਕਾਂ ਦੀਆਂ ਇਹ ਇਹ ਕਹਾਣੀਆਂ ਹੋਰ ਲੋਕਾਂ ਨੂੰ ਕਿਉਂ ਨਹੀਂ ਦੱਸਦਾ? ਸੰਜੇ ਕਾਕ ਇਸ ਬਾਰੇ ਆਪਣਾ ਬੜਾ ਵੱਖਰਾ ਵਿਚਾਰ ਹੈ। ਉਹ ਤੁਰੰਤ ਇਸ ਮੁਖਧਾਰਾ ਮੀਡੀਆ ਨੂੰ ਘੱਟ-ਗਿਣਤੀ ਕਰਾਰ ਦਿੰਦਾ ਹੈ; ਮਤਲਬ ਬਹੁਤ ਘੱਟ ਲੋਕਾਂ ਦੇ ਕਬਜ਼ੇ ਵਾਲਾ ਮੀਡੀਆ! ਪਰ ਉਹ ਜਾਣਦਾ ਹੈ ਕਿ ਇਨ੍ਹਾਂ ਘੱਟ ਲੋਕਾਂ ਲੋਕ ਤਾਕਤ ਬੜੀ ਹੈ। ਆਪਣੀ ਤਾਕਤ ਅਤੇ ਪੈਸੇ ਦੇ ਜ਼ੋਰ ਇਹ ਲੋਕ ਆਪਣੀ ਮਰਜ਼ੀ ਦਾ ਪ੍ਰਚਾਰ ਕਰਦੇ ਹਨ। ਜਿਹੜੇ ਉਨ੍ਹਾਂ ਦੇ ਢਾਂਚੇ ਵਿਚ ਫਿੱਟ ਨਹੀਂ ਬੈਠਦੇ, ਉਨ੍ਹਾਂ ਨੂੰ ਪਿਛਾਂਹ ਧੱਕ ਦਿੱਤਾ ਜਾਂਦਾ ਹੈ। ਬਸਤਰ ਵਿਚ ਲੜ ਰਹੇ ਲੋਕ ਵੀ ਵਿਕਾਸ ਦੇ ਹੁਣ ਵਾਲੇ ਨੂੰ ਸਵਾਲ ਕਰਦੇ ਹਨ, ਇਸੇ ਲਈ ਉਨ੍ਹਾਂ ਨੂੰ ਮੁੱਖਧਾਰਾ ਮੀਡੀਆ ਵਿਚ ਥਾਂ ਨਹੀਂ ਮਿਲਦੀ। ਇਸ ਦੇ ਬਾਵਜੂਦ ਆਪਣੀ ਧੁਨ ਦੇ ਪੱਕੇ ਇਹ ਲੋਕ ਜੇ ਸੁਰੱਖਿਆ ਲਈ ਵੱਡਾ ਖਤਰਾ ਮੰਨੇ ਜਾ ਰਹੇ ਤਾਂ ਇਨ੍ਹਾਂ ਦੀ ਕਾਬਲੀਅਤ ਉਤੇ ਰਸਕ ਆਉਂਦਾ ਹੈ ਜਿਨ੍ਹਾਂ ਨੇ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਆਂ ਦੀਆਂ ਬੁਨਿਆਦਾਂ ਹੀ ਆਪਣੇ ਸਵਾਲਾਂ ਦੀ ਝੜੀ ਨਾਲ ਪੋਲੀਆਂ ਕਰ ਛੱਡੀਆਂ ਹਨ।

***-ਸੰਜਮਪ੍ਰੀਤ ਸਿੰਘ***
***ਫੋਨ:91-98720-21979***

## ਲਗਾਤਾਰਤਾ: ਗਦਰੀ, ਭਗਤ ਸਿੰਘ ਅਤੇ ਪਾਸ਼



*ਸੰਜੇ ਕਾਕ ਨੇ ਫਿਲਮ 'ਮਾਟੀ ਕੇ ਲਾਲ' ਵਿਚ ਇਨਕਲਾਬ ਦੀ ਉਹ ਰੂਹ ਫੜਨ ਦਾ ਯਤਨ ਕੀਤਾ ਹੈ ਜਿਹੜੀ ਗਦਰੀਆਂ, ਭਗਤ ਸਿੰਘ ਤੇ ਉਨ੍ਹਾਂ ਸਾਥੀਆਂ ਅਤੇ ਹੁਣ ਮਾਓਵਾਦੀਆਂ ਦੀ ਲੜਾਈ ਨਾਲ ਐਨ ਇਕ-ਮਿਕ ਹੈ। ਉਹ ਦਰਸ਼ਕ ਦਾ ਸਾਰਾ ਧਿਆਨ ਇਸ ਨੁਕਤੇ ਉਤੇ ਕੇਂਦਰਤ ਕਰਦਾ ਹੈ ਕਿ ਲੋਕ ਅੰਦੋਲਨਾਂ ਦਾ ਆਪਸ ਵਿਚ ਗਹਿਰਾ ਨਾਤਾ ਹੁੰਦਾ ਹੈ। ਇਸ ਫਿਲਮ ਵਿਚ ਪਾਸ਼ ਦੀ ਸ਼ਾਇਰੀ ਪ੍ਰਚੰਡ ਰੂਪ ਵਿਚ ਪੇਸ਼ ਹੋਈ ਹੈ। ਉਹ ਆਖਦਾ ਹੈ: ਪੰਜਾਬ ਵਿਚ ਮਾਓਵਾਦੀ/ਨਕਸਲਵਾਦੀ ਲਹਿਰ ਦੀ ਇਕ ਪ੍ਰਾਪਤੀ ਸਾਹਿਤ, ਕਲਾ ਅਤੇ ਸਭਿਆਚਾਰ ਦੇ ਖੇਤਰ ਵਿਚ ਪੈਂਠ ਬਣਾਉਣਾ ਹੈ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 25 ਮਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-65



*ਲੰਘਿਆ ਨੀਂਵੀਂ ਹੋ ਕੇ ਤੂੰ ਵੀ, ਫੋਟੋ ਲਈਏ ਖਿਚਾ,*
*ਨਵੀਂਆਂ ਪਾ ਪੁਸ਼ਾਕਾਂ ਆਪਾਂ, ਯਾਦਾਂ ਲਈਏ ਬਣਾ।*
*ਦੋ ਲਾਲਟੈਣਾਂ ਕੀਤਾ ਸੱਚੀਂ ਚਾਨਣ ਦੂਣ ਸਵਾਇਆ।*
*ਵੇਖਣ ਨੂੰ ਇਹ ਝੁੱਗੀ ਪਰ ਹੈ ਵਿਰਸੇ ਦਾ ਸਰਮਾਇਆ।*

## ਕੈਪਸ਼ਨ ਮੁਕਾਬਲਾ-63



ਪੱਤਾ ਪੱਤਾ ਕੱਟਿਆ ਡਾਲੀ ਨਾਲੋਂ
ਹਰ ਟਾਹਲੀ ਕੱਟੀ ਅੰਗ ਨਾਲੋਂ।
ਜੇ ਅਸੀਂ ਨਾ ਬਚੇ ਧਰਤੀ ਉਤੇ,
ਤਬਾਹੀ ਹੋਣੀ ਵੱਧ ਜੰਗ ਨਾਲੋਂ।
ਸਾਡੇ ਬਾਝੋਂ ਐ ਖੁਦਗਰਜ਼ੋ,
ਟੁੱਟ ਜਾਓਗੇ ਫਿਰ ਤੰਦ ਨਾਲੋਂ।
ਸਾਂਭੋ ਸਾਨੂੰ ਜੇ ਬਚਣਾ ਚਾਹੁੰਦੇ
ਪ੍ਰਦੂਸ਼ਣ ਦੇ ਜ਼ਹਿਰੀ ਡੰਗ ਨਾਲੋਂ।

***-ਪਰਸ਼ੋਤਮ ਸਿੰਘ ਯੂਬਾ ਸਿਟੀ।***

---

ਮੈਂ ਸਾਥ ਨਿਭਾਇਆ ਜਨਮਾਂ ਤੋਂ,
ਪਰ ਬੰਦਾ ਕਦਰ ਨਾ ਪਾਵੇ।
ਮੈਂ ਤਾਂ ਦੇਵਾਂ ਸਾਹ ਏਸ ਨੂੰ,
ਇਹ ਮੇਰੇ ਸਾਹ ਮੁਕਾਵੇ।
ਰੁੰਡ-ਮਰੁੰਡ ਜਿਹਾ ਕਰਕੇ ਮੈਨੂੰ,
ਫੋਕੀਆਂ ਮੱਲ੍ਹਮਾਂ ਲਾਵੇ।

***-ਜਗਮੀਤ ਸਿੰਘ ਪੰਧੇਰ***

---

ਪੰਛੀ-ਪਸ਼ੂ ਸਭ ਮਾਣਦੇ ਸੀ
ਕਦੇ ਮੇਰੀ ਗੋਦੀ ਦਾ ਸੁੱਖ।
ਪਰ ਖੁਦਗਰਜ਼ੀ ਦੀ ਭੇਟ ਚਾੜ੍ਹ'ਤਾ
ਮੈਨੂੰ ਇਸ ਮਨੁੱਖ।

ਕੱਟ ਕੱਟ ਮੈਨੂੰ ਰੋਡਾ ਕੀਤਾ
ਬਾਲਣ ਲਈ ਮੇਰਾ ਸਰੀਰ।
ਅੱਜ ਮੈਂ ਕੁਦਰਤ ਦੇ ਵਿਹੜੇ
ਬਣਿਆ ਫਿਰਾਂ ਫਕੀਰ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਕਿਸੇ ਕਵੀ ਦੀ ਹੈ ਹੂਕ
ਕਿ ਰੁੱਖਾਂ ਨੂੰ ਨਾ ਕੱਟਿਓ
ਤੇ ਧੀਆਂ ਨੂੰ ਨਾ ਮਾਰਿਓ।
ਰੁੱਖਾਂ ਨਾਲ ਹੈ ਜੀਵਨ
ਤੇ ਧੀਆਂ ਨਾਲ ਸੰਸਾਰ,
ਗੱਲ ਇਹ ਵਿਚਾਰਿਓ।

***-ਬਲਜਿੰਦਰ ਸਿੰਘ ਖਾਲਸਾ***

## ਕੈਪਸ਼ਨ ਮੁਕਾਬਲਾ-62



ਮਹਿੰਗੇ ਭਾਅ ਦੀਆਂ ਵੇਚ ਜਮੀਨਾਂ
ਬਣ ਕਾਕੇ ਐਸ਼ ਉਡਾਵਣ।
ਨੋਟਾਂ ਦੇ ਨਾਲ ਭਰ ਕੇ ਜੇਬ੍ਹਾਂ
ਝੱਟ ਮੋਗੇ ਨੂੰ ਜਾਵਣ।
ਲਿਖਾ ਕੇ ਤਰ੍ਹਾਂ ਤਰ੍ਹਾਂ ਦੀਆਂ ਸਤਰਾਂ
ਜੀਪਾਂ ਤਿਆਰ ਕਰਾਵਣ।
ਬਰਬਾਦੀ ਦੇ ਲੱਛਣ ਸਾਰੇ
ਹਾਲੇ ਸਮਝ ਨਾ ਆਵਣ।

***-ਜਗਮੀਤ ਸਿੰਘ ਪੰਧੇਰ***

# ਨਿਊਜ਼ੀਲੈਂਡ ਵਿਚ ਮਿਲੀ ਗੁਰੂ ਗੋਬਿੰਦ ਸਿੰਘ ਦੀ ਕਿਰਪਾਨ

**ਆਕਲੈਂਡ:** ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇਕ ਪੁਰਾਤਨ ਕਿਰਪਾਨ ਨਿਊਜ਼ੀਲੈਂਡ ਦੇ ਓਟਾਗੋ ਅਜਾਇਬ ਘਰ ਵਿਚ ਹੋਣ ਦਾ ਪਤਾ ਲੱਗਾ ਹੈ। ਤਕਰੀਬਨ ਸਾਢੇ ਤਿੰਨ ਫ਼ੁੱਟ ਲੰਬੀ ਵੱਖ-ਵੱਖ ਕੀਮਤੀ ਧਾਤਾਂ ਦੀ ਬਣੀ ਕਿਰਪਾਨ ਕਦੇ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਵਿਚ ਹੁੰਦੀ ਸੀ। ਦਸਮ ਪਾਤਸ਼ਾਹ ਦੀ ਕਿਰਪਾਨ ਲੱਭਣ ਤੋਂ ਬਾਅਦ ਨਿਊਜ਼ੀਲੈਂਡ ਦੇ ਮਿਊਜ਼ੀਅਮ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਹੋਰ ਵੀ ਸ਼ਸਤਰ ਤੇ ਵਸਤਾਂ ਮਿਲਣ ਦੀ ਸੰਭਾਵਨਾ ਹੈ।

ਕੁਝ ਸਮਾਂ ਪਹਿਲਾਂ ਨਿਊਜ਼ੀਲੈਂਡ ਦੇ ਸਿੱਖ ਆਗੂਆਂ ਨੂੰ ਓਟਾਗੋ ਅਜਾਇਬ ਘਰ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਸ਼ਸਤਰਾਂ ਦੇ ਹੋਣ ਬਾਰੇ ਜਾਣਕਾਰੀ ਮਿਲੀ ਸੀ। ਆਕਲੈਂਡ ਤੋਂ 1400 ਕਿਲੋਮੀਟਰ ਦੂਰ ਨਿਊਜ਼ੀਲੈਂਡ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਕ੍ਰਾਈਸਚਰਚ ਲਾਗੇ ਪੈਂਦੇ ਪੁਰਾਤਨ ਓਟਾਗੋ ਮਿਊਜ਼ੀਅਮ ਵਿਚ ਸੁਪਰੀਮ ਸਿੱਖ ਸੁਸਾਇਟੀ ਦੇ ਆਗੂ ਇਨ੍ਹਾਂ ਸ਼ਸਤਰਾਂ ਦਾ ਪਤਾ ਲਾਉਣ ਲਈ ਪੁੱਜੇ। ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਕਿਰਪਾਨ ਨਾਲ ਕੁਝ ਪੁਰਾਤਨ ਦਸਤਾਵੇਜ਼ ਵੀ ਨੱਥੀ ਹਨ ਜਿਨ੍ਹਾਂ ਤੋਂ ਉਸ ਦੀ ਪ੍ਰਮਾਣਿਕਤਾ ਦਾ ਪਤਾ ਲਗਦਾ ਹੈ।

ਪਵਿੱਤਰ ਸ਼ਸਤਰ ਦੇ ਦਰਸ਼ਨ ਕਰਕੇ ਆਏ ਸਿੱਖਾਂ ਦਾ ਕਹਿਣਾ ਹੈ ਕਿ ਇਸ ਕਿਰਪਾਨ ਨੂੰ ਭਾਰਤ ਤੋਂ ਅੰਗਰੇਜ਼ 1911 ਵਿਚ ਇੰਗਲੈਂਡ ਦੇ



*ਨਿਊਜ਼ੀਲੈਂਡ ਦੇ ਓਟਾਗੋ ਅਜਾਇਬ ਘਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਕਿਰਪਾਨ।*

ਵਿਕਟੋਰੀਆ ਐਲਬਟ ਅਜਾਇਬ ਘਰ ਵਿਚ ਲੈ ਕੇ ਗਏ ਸਨ ਜਿਥੋਂ 1920 ਵਿਚ ਕਿਰਪਾਨ ਨਿਊਜ਼ੀਲੈਂਡ ਦੇ ਓਟਾਗੋ ਅਜਾਇਬ ਘਰ ਵਿਚ ਭੇਜ ਦਿੱਤੀ ਗਈ ਕਿਉਂਕਿ ਉਸ ਵੇਲੇ ਨਿਊਜ਼ੀਲੈਂਡ ਵੀ ਸਿੱਧੇ ਤੌਰ 'ਤੇ ਬਰਤਾਨੀਆ ਸਾਮਰਾਜ ਅਧੀਨ ਸੀ। ਸਮਝਿਆ ਜਾਂਦਾ ਹੈ ਕਿ ਦਸਮ ਪਾਤਸ਼ਾਹ ਨਾਲ ਸਬੰਧਤ ਕਿਰਪਾਨ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਵਿਚ ਸੀ ਜਿਸ ਨੂੰ ਖਾਲਸਾ ਰਾਜ ਦੇ ਪਤਨ ਤੋਂ ਬਾਅਦ ਅੰਗਰੇਜ਼ਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਕਿਰਪਾਨ ਦੇ ਨਾਲ 'ਨੈਸ਼ਨਲ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਦਿੱਲੀ' ਦੇ ਮੁਖੀ ਡਾ. ਮਹਿੰਦਰ ਸਿੰਘ ਦੀ ਉਸ ਵੇਲੇ ਦੀ ਚਿੱਠੀ ਨੱਥੀ ਹੈ ਜਿਸ ਵਿਚ ਉਨ੍ਹਾਂ ਨੇ ਪ੍ਰਮਾਣਿਤ ਕੀਤਾ ਹੈ ਕਿ ਇਹ ਸ਼ਸਤਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹੈ। ਇਸ ਕਿਰਪਾਨ ਵਿਚ ਲੋਹਾ, ਪਿੱਤਲ, ਬਰਾਸ, ਗਰੇਡ ਬੈਲਟ ਤੇ ਹੋਰ ਕਈ ਦੁਰਲੱਭ ਧਾਤਾਂ ਨਾਲ ਮੀਨਾਕਾਰੀ ਕੀਤੀ ਹੋਈ ਹੈ। ਇਸ ਦੀ ਅਗਲੀ ਮੁੱਠ ਸ਼ੇਰ ਦੇ ਮੂੰਹ ਵਾਲੀ ਹੈ।

ਮਿਊਜ਼ੀਅਮ ਵਿਚਲੇ ਰਿਕਾਰਡ ਮੁਤਾਬਕ ਵਿਕਟੋਰੀਆ ਐਲਬਟ ਮਿਊਜ਼ੀਅਮ ਤੋਂ ਇਹ ਕਿਰਪਾਨ ਓਟਾਗੋ ਦੇ ਮਿਊਜ਼ੀਅਮ ਵਿਚ ਪ੍ਰਦਰਸ਼ਨ ਲਈ ਅਸਥਾਈ ਰੂਪ ਵਿਚ ਭੇਜੀ ਗਈ ਸੀ, ਕਿਉਂਕਿ ਰਿਕਾਰਡ ਵਿਚ 'ਲਾਂਗ ਲੋਨ' ਸ਼ਬਦ ਲਿਖਿਆ ਹੋਇਆ ਹੈ ਜਿਸ ਤੋਂ ਲੱਗਦਾ ਹੈ ਕਿ ਸ਼ਾਇਦ ਇਹ ਕਿਰਪਾਨ ਕਿਸੇ ਲੰਬੇ ਕਰਜ਼ੇ ਦੇ ਰੂਪ ਵਿਚ ਨਿਊਜ਼ੀਲੈਂਡ ਦੇ ਮਿਊਜ਼ੀਅਮ ਵਿਚ ਭੇਜੀ ਗਈ ਸੀ। ਇਸ ਕਿਰਪਾਨ ਦੇ ਮੁਕੰਮਲ ਇਤਿਹਾਸਕ ਦਸਤਾਵੇਜ਼ ਇੰਗਲੈਂਡ ਵਿਚ ਹੋਣ ਦੀ ਸੰਭਾਵਨਾ ਹੈ। ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਨੇ ਪਵਿੱਤਰ ਕਿਰਪਾਨ ਨੂੰ ਆਕਲੈਂਡ ਲਿਜਾਣ ਲਈ ਮਿਊਜ਼ੀਅਮ ਤੇ ਸਰਕਾਰ ਨੂੰ ਲਿਖਤੀ ਅਰਜ਼ੀ ਦਿੱਤੀ ਹੈ ਤਾਂ ਜੋ ਸਿੱਖ ਸੰਗਤਾਂ ਨੂੰ ਇਸ ਦੇ ਦਰਸ਼ਨ ਕਰਵਾਏ ਜਾ ਸਕਣ।

## ਓਂਟਾਰੀਓ ਦੇ ਪੰਜਾਬੀ ਮੰਤਰੀ ਹਰਿੰਦਰ ਤੱਖਰ ਵੱਲੋਂ ਅਸਤੀਫਾ

**ਟੋਰਾਂਟੋ:** ਓਂਟਾਰੀਓ ਸੂਬਾਈ ਸਰਕਾਰ ਵਿਚ ਇਕੋ-ਇਕ ਪੰਜਾਬੀ ਮੰਤਰੀ ਹਰਿੰਦਰ ਤੱਖਰ ਨੇ ਮੁੱਖ ਮੰਤਰੀ ਕੈਥਲੀਨ ਵਿੰਨ ਨੂੰ ਆਪਣੀ ਸਿਹਤ ਠੀਕ ਨਾ ਹੋਣ ਦਾ ਕਾਰਨ ਦੱਸ ਕੇ ਅਸਤੀਫਾ ਸੌਂਪ ਦਿੱਤਾ ਹੈ। ਉਹ ਬੇਸ਼ੱਕ ਮੰਤਰੀ ਮੰਡਲ ਵਿਚੋਂ ਹਟ ਗਏ ਹਨ ਪਰ ਆਪਣੇ ਹਲਕੇ ਮਿਸੀਸਾਗਾ-ਐਰਿਨਡੇਲ ਦੇ ਨੁਮਾਇੰਦੇ ਬਣੇ ਰਹਿਣਗੇ। ਮੁੱਖ ਮੰਤਰੀ ਨੇ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕਰਦਿਆਂ ਉਨ੍ਹਾਂ ਦੀ ਸਿਹਤਯਾਬੀ ਲਈ ਦੁਆ ਕੀਤੀ।

ਅਜੇ ਪਿਛਲੇ ਦਿਨੀਂ ਸ੍ਰੀ ਤੱਖਰ ਦੀ ਮਾਤਾ ਦਾ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੇ ਸਰਕਾਰੀ ਸੇਵਾਵਾਂ ਮਹਿਕਮੇ ਦੀ ਦੇਖਭਾਲ ਹੁਣ ਜੌਹਨ ਮਿਲੋਏ ਕਰਨਗੇ ਜਦਕਿ ਮੈਨੇਜਮੈਂਟ ਬੋਰਡ ਆਫ ਕੈਬਨਿਟ ਦੇ ਚੇਅਰ ਦੀ ਨਿਗਰਾਨੀ ਹੁਣ ਵਿੱਤ ਮੰਤਰੀ ਚਾਰਲਸ ਸੂਸਾ ਕਰਨਗੇ। ਜ਼ਿਕਰਯੋਗ ਹੈ ਕਿ ਸ੍ਰੀ ਤੱਖਰ 2003 ਵਿਚ ਪਹਿਲੀ ਵਾਰ ਚੋਣ ਜਿੱਤ ਕੇ ਅਸੈਂਬਲੀ ਵਿਚ ਗਏ ਤੇ ਉਸ ਵੇਲੇ ਮੁੱਖ ਮੰਤਰੀ ਡਾਲਟਨ ਮਗਿੰਟੀ ਦੀ ਕੈਬਨਿਟ ਵਿਚ ਮੰਤਰੀ ਬਣਾਏ ਗਏ ਸਨ। ਉਹ ਇਸੇ ਸਾਲ ਸੂਬਾਈ ਲਿਬਰਲ ਪਾਰਟੀ ਦੇ ਲੀਡਰ ਦੀ ਦੌੜ ਵਿਚ ਚੌਥੀ ਥਾਂ 'ਤੇ ਰਹੇ ਪਰ ਨਵੀਂ ਲੀਡਰ ਤੇ ਮੁੱਖ ਮੰਤਰੀ ਕੈਥਲੀਨ ਵਿੰਨ ਨੇ ਉਨ੍ਹਾਂ ਨੂੰ ਕੈਬਨਿਟ ਵਿਚ ਵਾਪਸ ਉਹੀ ਅਹੁਦਾ ਸੰਭਾਲਿਆ ਸੀ।

# ਅਮਰੀਕਾ ਵਿਚਲੇ ਮਨੁੱਖੀ ਹੱਕਾਂ ਦੇ ਕੇਸ ਹੀ ਵਿਚਾਰੇਗਾ ਮਿੱਤਰ ਮੰਡਲ: ਬੇਰਾ

**ਵਾਸ਼ਿੰਗਟਨ:** ਅਮਰੀਕੀ ਸੰਸਦ ਦੇ ਪ੍ਰਤੀਨਿਧੀ ਸਦਨ ਵਿਚ ਇਕੋ-ਇਕ ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਐਮੀ ਬੇਰਾ ਨੇ ਕਿਹਾ ਹੈ ਕਿ ਨਵਾਂ ਬਣਿਆ ਅਮਰੀਕੀ ਕਾਂਗਰਸ ਸਿੱਖ ਮਿੱਤਰ ਮੰਡਲ ਸਿਰਫ ਅਮਰੀਕੀ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨੂੰ ਹੀ ਵਿਚਾਰੇਗਾ। ਹਾਲੇ ਕੁਝ ਦਿਨ ਪਹਿਲਾਂ ਹੀ ਸ੍ਰੀ ਬੇਰਾ ਇਸ ਮੰਡਲ ਵਿਚ ਸ਼ਾਮਲ ਹੋਏ ਹਨ। ਭਾਰਤ ਸਰਕਾਰ ਨੇ ਇਸ ਮੰਡਲ ਬਾਰੇ ਕੁਝ ਸ਼ੰਕੇ ਪ੍ਰਗਟਾਏ ਸਨ ਕਿ ਉਨ੍ਹਾਂ ਨੂੰ ਖਾਲਿਸਤਾਨੀ ਪੱਖੀ ਲੋਕਾਂ ਦੀ ਹਮਾਇਤ ਹੈ।

ਸ੍ਰੀ ਬੇਰਾ ਨੇ ਕਿਹਾ ਕਿ ਉਹ ਇਸ ਮੰਡਲ ਦਾ ਹਿੱਸਾ ਬਣ ਕੇ ਖੁਸ਼ੀ ਮਹਿਸੂਸ ਕਰ ਕਰ ਰਹੇ ਹਨ। ਉਹ ਸਾਫ ਕਰਦੇ ਹਨ ਕਿ ਇਹ ਮੰਡਲ ਸਿਰਫ ਤੇ ਸਿਰਫ ਅਮਰੀਕੀ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਨੂੰ ਵਿਚਾਰੇਗਾ। ਇਸ ਮੰਡਲ ਵਿਚ ਸੰਸਦ ਦੇ 30 ਮੈਂਬਰ ਹਨ। ਇਸ ਮੰਡਲ ਦਾ ਐਲਾਨ ਇਸ ਦੀ ਕੋ-ਚੇਅਰਮੈਨ ਜੂਡੀ ਚੂ ਨੇ 24 ਅਪਰੈਲ ਨੂੰ ਕੀਤਾ ਸੀ। ਸ੍ਰੀ ਬੇਰਾ ਨੇ ਕਿਹਾ ਕਿ ਉਨ੍ਹਾਂ ਦੇ ਮਨ ਨੇ ਓਕ ਕਰੀਕ ਦਾ ਦੁਖਾਂਤ ਹਾਲੇ ਭੁਲਾਇਆ ਨਹੀਂ। 2011 ਵਿਚ ਉਸ ਦੇ ਭਾਈਚਾਰੇ ਦੇ ਦੋ ਵਿਅਕਤੀਆਂ ਦਾ ਨਸਲੀ ਨਫਰਤ ਕਾਰਨ ਕਤਲ ਕਰ ਦਿੱਤਾ ਗਿਆ ਸੀ। ਅਮਰੀਕੀ ਸਿੱਖਾਂ ਖਿਲਾਫ ਹਿੰਸਾ ਤੇ ਪੱਖਪਾਤ ਬੜਾ ਅਹਿਮ ਮਨੁੱਖੀ ਅਧਿਕਾਰ ਮਸਲਾ ਹੈ। ਉਨ੍ਹਾਂ ਦਾ ਮੰਡਲ ਵੀ ਇਸੇ ਲਈ ਕੰਮ ਕਰੇਗਾ।

ਦੂਜੇ ਪਾਸੇ ਭਾਰਤੀ ਸਫਾਰਤਖਾਨੇ ਨੇ ਕਿਹਾ ਹੈ ਕਿ ਉਹ ਅਮਰੀਕਾ ਵਿਚ ਸਿੱਖਾਂ ਖਿਲਾਫ ਨਸਲੀ ਹਮਲਿਆਂ ਤੋਂ ਵਾਕਫ ਹੈ ਤੇ ਉਹ ਇਸ ਮਾਮਲੇ 'ਤੇ ਨਵੇਂ ਕਾਂਗਰਸ ਸੰਘ ਨਾਲ ਰਲ ਕੇ ਕੰਮ ਕਰਨ ਦਾ ਇਛੁੱਕ ਹੈ। ਮਿੱਤਰ ਮੰਡਲ ਨੂੰ ਉਨ੍ਹਾਂ ਜਥੇਬੰਦੀਆਂ ਤੇ ਵਿਅਕਤੀਆਂ ਵੱਲੋਂ ਹਮਾਇਤ ਦਿੱਤੀ ਜਾ ਰਹੀ ਹੈ ਜੋ ਬੀਤੇ ਸਮੇਂ ਵਿਚ ਖਾਲਿਸਤਾਨੀ ਲਹਿਰ ਦਾ ਖੁੱਲ੍ਹ ਕੇ ਸਮਰਥਨ ਕਰਦੇ ਰਹੇ ਹਨ। ਸ੍ਰੀ ਬੇਰਾ ਮੁਤਾਬਕ ਉਨ੍ਹਾਂ ਨਾਗਰਿਕਾਂ ਦੇ ਅਧਿਕਾਰਾਂ ਦੇ ਮੁੱਦਿਆਂ 'ਤੇ ਕੰਮ ਕਰਨ ਲਈ ਇਸ ਨਵੇਂ ਮਿੱਤਰ ਮੰਡਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਹਾਲਾਂਕਿ ਕੁਝ ਭਾਰਤੀ ਅਮਰੀਕੀ ਜਥੇਬੰਦੀਆਂ ਤੇ ਭਾਰਤੀ ਸਫਾਰਤਖਾਨੇ ਨੇ ਵੀ ਇਸ 'ਤੇ ਚਿੰਤਾ ਜ਼ਾਹਰ ਕੀਤੀ ਸੀ ਕਿਉਂਕਿ ਇਸ ਦੇ ਕੁਝ ਹਮਾਇਤੀ ਖਾਲਿਸਤਾਨ ਪੱਖੀ ਹਨ।

# ਪ੍ਰੋ. ਭੁੱਲਰ ਮਾਮਲੇ 'ਤੇ ਭਾਰਤ ਜਰਮਨੀ ਨਾਲ ਖਫਾ

**ਨਵੀਂ ਦਿੱਲੀ:** ਜਰਮਨੀ ਵੱਲੋਂ ਦਿੱਲੀ ਬੰਬ ਧਮਾਕੇ ਬਾਰੇ ਕੇਸ ਵਿਚ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਲਈ ਕੀਤੀ ਅਪੀਲ ਪਿੱਛੋਂ ਭਾਰਤ ਨੇ ਸਾਫ ਕੀਤਾ ਹੈ ਕਿ ਜਰਮਨੀ ਦਾ ਇਸ ਮਾਮਲਾ ਨਾਲ ਕੋਈ ਸਬੰਧ ਨਹੀਂ। ਜ਼ਿਕਰਯੋਗ ਹੈ ਕਿ ਅਜਿਹੀਆਂ ਰਿਪੋਰਟਾਂ ਹਨ ਕਿ ਜਰਮਨੀ ਦੇ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ ਨੇ ਭਾਰਤੀ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ ਨੂੰ ਚਿੱਠੀਆਂ ਲਿਖ ਕੇ ਪ੍ਰੋ. ਭੁੱਲਰ ਲਈ ਰਹਿਮ ਦੀ ਅਪੀਲ ਕੀਤੀ ਹੈ।



ਸੂਤਰਾਂ ਮੁਤਾਬਕ ਜਰਮਨੀ ਪਹਿਲਾਂ ਵੀ ਪ੍ਰੋ. ਭੁੱਲਰ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿਚ ਬਦਲੇ ਜਾਣ ਦੀ ਕੋਸ਼ਿਸ਼ ਕਰ ਚੁੱਕਾ ਹੈ। ਇਸ ਤੋਂ ਪਹਿਲਾਂ ਜਰਮਨੀ ਦੇ ਭਾਰਤ ਵਿਚ ਰਾਜਦੂਤ ਮਾਈਕਲ ਸਟੀਨਰ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਕਿਸੇ ਨੂੰ ਵੀ ਸਜ਼ਾ-ਏ-ਮੌਤ ਦਿੱਤੇ ਜਾਣ ਦੇ ਖਿਲਾਫ ਹੈ ਪਰ ਉਹ ਇਨ੍ਹਾਂ ਸਵਾਲਾਂ ਨੂੰ ਟਾਲ ਗਏ ਕਿ ਕੀ ਜਰਮਨੀ ਨੇ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਪ੍ਰੋ. ਭੁੱਲਰ ਲਈ ਰਹਿਮ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਰਮਨੀ ਦਾ ਅਸੂਲੀ ਸਟੈਂਡ ਹੈ ਕਿ ਉਹ ਸਜ਼ਾ-ਏ-ਮੌਤ ਖਿਲਾਫ਼ ਹੈ ਕਿਉਂਕਿ ਇਸ ਨਾਲ ਇਨਸਾਫ਼ ਦਾ ਕੋਈ ਮਕਸਦ ਪੂਰਾ ਨਹੀਂ ਹੁੰਦਾ।

ਜ਼ਿਕਰਯੋਗ ਹੈ ਕਿ ਜਰਮਨੀ ਦੇ ਫੈਡਰਲ ਰਾਸ਼ਟਰਪਤੀ ਨੇ ਭਾਰਤ ਸਰਕਾਰ ਨੂੰ ਪੱਤਰ ਲਿਖੇ ਕੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਵਾਉਣ ਦੀ ਅਪੀਲ ਕੀਤੀ ਸੀ। ਬੀਤੇ ਦਿਨੀਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਤੇ ਪ੍ਰੋ. ਭੁੱਲਰ ਦੀ ਪਤਨੀ ਵੱਲੋਂ ਜਰਮਨੀ ਸਫ਼ਾਰਤਖਾਨੇ ਵਿਚ ਮੰਗ ਪੱਤਰ ਸੌਂਪਿਆ ਗਿਆ ਸੀ ਤੇ ਜਰਮਨ ਸਫ਼ਾਰਤਖਾਨੇ ਵੱਲੋਂ ਦਿੱਤੇ ਗਏ ਸੱਦੇ ਦੇ ਮੱਦੇਨਜ਼ਰ ਦਿੱਲੀ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ, ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਜਰਮਨ ਦੇ ਸਫ਼ਾਰਤਖਾਨੇ ਪੁੱਜ ਕੇ ਡਾ. ਲੂਕਸ ਨਾਲ ਮੁਲਾਕਾਤ ਕੀਤੀ।

ਇਸ ਮੁਲਾਕਾਤ ਤੋਂ ਬਾਅਦ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਵਾਉਣ ਬਾਰੇ ਜਰਮਨੀ ਦੇ ਫੈਡਰਲ ਰਾਸ਼ਟਰਪਤੀ ਨੇ ਭਾਰਤ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ 11 ਅਪਰੈਲ ਨੂੰ ਬਰਲਿਨ ਵਿਚ ਮੁਲਾਕਾਤ ਦੌਰਾਨ ਉਪਰੋਕਤ ਮੁੱਦੇ 'ਤੇ ਕੀਤੀ ਗਈ ਗੱਲਬਾਤ ਤੇ ਯੂਰਪੀ ਯੂਨੀਅਨ ਵਿਚ ਫਾਂਸੀ ਦੀ ਸਜ਼ਾ ਨਾ ਹੋਣ ਦਾ ਹਵਾਲਾ ਵੀ ਦਿੱਤਾ ਗਿਆ। ਇਸ ਤੋਂ ਇਲਾਵਾ ਜਰਮਨ ਦੇ ਵਿਦੇਸ਼ ਮੰਤਰੀ ਨੇ ਵੀ ਭਾਰਤ ਦੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਅਪੀਲ ਕੀਤੀ।

## ਫਰੈਂਕਫਰਟ ਹਵਾਈ ਅੱਡੇ 'ਤੇ ਸਿੱਖ ਨਾਲ ਦੁਰਵਿਹਾਰ

**ਚੰਡੀਗੜ੍ਹ:** ਭਾਰਤੀ ਮੂਲ ਦੇ ਇਕ ਜਰਮਨ ਨਾਗਰਿਕ ਨਾਲ ਫਰੈਂਕਫਰਟ ਕੌਮਾਂਤਰੀ ਹਵਾਈ ਅੱਡੇ 'ਤੇ ਸੁਰੱਖਿਆ ਅਮਲੇ ਵੱਲੋਂ ਦੁਰਵਿਹਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਥੇ ਉਸ ਦੀ ਦਸਤਾਰ ਨੂੰ ਹੱਥ ਲਾ-ਲਾ ਕੇ ਪਰਖਿਆ ਗਿਆ। ਗੁਰਦੀਪ ਸਿੰਘ ਰੰਧਾਵਾ ਨਾਲ ਇਹ ਘਟਨਾ ਤਿੰਨ ਮਈ ਨੂੰ ਭਾਰਤ ਦੇ ਕਾਰੋਬਾਰੀ ਦੌਰੇ ਦੌਰਾਨ ਵਾਪਰੀ।

ਉਨ੍ਹਾਂ ਦੋਸ਼ ਲਾਇਆ ਕਿ ਇਹ ਘਟਨਾ ਯਾਤਰੀਆਂ ਦੀ ਸਕਰੀਨਿੰਗ ਤੇ ਤਲਾਸ਼ੀ ਬਾਰੇ ਨੇਮਾਂ ਵਿਚ ਯੂਰਪੀ ਯੂਨੀਅਨ ਵੱਲੋਂ ਕੀਤੀਆਂ ਸੋਧਾਂ ਤੋਂ 10 ਹਫਤਿਆਂ ਮਗਰੋਂ ਹੀ ਵਾਪਰੀ ਹੈ। ਇਨ੍ਹਾਂ ਸੋਧਾਂ ਮੁਤਾਬਕ ਸਿਰਫ ਧਮਾਕਾਖੇਜ਼ ਸਮੱਗਰੀ ਦਾ ਪਤਾ ਲਾਉਣ ਨੂੰ ਛੱਡ ਕੇ ਬਾਕੀ ਦੀ ਸਕਰੀਨਿੰਗ ਹੱਥ ਨਾਲ ਵਰਤੇ ਜਾ ਸਕਦੇ ਮੈਟਲ ਡਿਟੈਕਟਰ ਨਾਲ ਕੀਤੀ ਜਾਣੀ ਚਾਹੀਦੀ ਹੈ। ਰੰਧਾਵਾ ਨੇ ਇਸ ਵਧੀਕੀ ਦੀ ਏਅਰਪੋਰਟ ਦੇ ਪੁਲਿਸ ਸਟੇਸ਼ਨ 'ਤੇ ਸ਼ਿਕਾਇਤ ਦਰਜ ਕਰਾਈ। ਇਹ ਸ਼ਿਕਾਇਤ ਸਬੰਧਤ ਵਿਭਾਗ ਨੂੰ ਭੇਜ ਦਿੱਤੀ ਗਈ ਹੈ।

# ਅਮਰੀਕਾ ਵਿਚ ਸਿੱਖ ਭਾਈਚਾਰੇ ਦੀ ਸੁਰੱਖਿਆ 'ਤੇ ਜ਼ੋਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਅਮਰੀਕਾ ਦੇ ਗੁਰਦੁਆਰਾ ਸਾਹਿਬ ਵਿਚ 82 ਸਾਲਾ ਪਿਆਰਾ ਸਿੰਘ 'ਤੇ ਹੋਏ ਹਮਲੇ ਦੀ ਸਖ਼ਤ ਨਿਖੇਧੀ ਕਰਦਿਆਂ ਅਮਰੀਕੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਥੇ ਵਸਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਜਥੇ. ਅਵਤਾਰ ਸਿੰਘ ਨੇ ਕਿਹਾ ਕਿ ਦੁਨੀਆਂ ਦੇ ਸਭ ਤੋਂ ਵੱਡੇ ਦੇਸ਼ ਵਿਚ ਇਸ ਤੋਂ ਪਹਿਲਾਂ ਵੀ ਕਈ ਵਾਰ ਨਸਲੀ ਭੇਦਭਾਵ ਤਹਿਤ ਸਿੱਖ ਭਾਈਚਾਰੇ ਉਪਰ ਹਮਲੇ ਹੋ ਚੁੱਕੇ ਹਨ ਜੋ ਗੰਭੀਰ ਚਿੰਤਾ ਦਾ ਵਿਸ਼ਾ ਹਨ।

ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਦੇ ਲੋਕਾਂ ਨੇ ਸਖ਼ਤ ਮਿਹਨਤ ਕਰਕੇ ਜਿਥੇ ਆਪਣੇ ਚੰਗੇ ਕਾਰੋਬਾਰ ਸਥਾਪਤ ਕੀਤੇ ਹਨ ਉਥੇ ਅਮਰੀਕਾ ਦੀ ਤਰੱਕੀ ਵਿਚ ਵੀ ਹਰ ਪੱਖੋਂ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਨਫਰਤ ਫੈਲਾਉਣ ਵਾਲੇ ਲੋਕਾਂ ਦਾ ਕੋਈ ਧਰਮ ਨਹੀਂ ਹੁੰਦਾ। ਅਜਿਹੇ ਲੋਕਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਗੁਰਦੁਆਰੇ ਦੇ ਬਾਹਰ ਲੰਘੇ ਦਿਨ ਇਕ ਬਜ਼ੁਰਗ ਸਿੱਖ 'ਤੇ ਲੋਹੇ ਦੀ ਰਾਡ ਨਾਲ ਹਮਲਾ ਕਰ ਦਿੱਤਾ ਗਿਆ ਸੀ। ਪੁਲਿਸ ਨੇ ਹਮਲਾ ਕਰਨ ਦੇ ਦੋਸ਼ ਹੇਠ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਘਟਨਾ ਕੈਲੇਫੋਰਨੀਆ ਦੇ ਮੱਧ ਵਿਚ ਸਥਿਤ ਫਰੈਸਨੋ ਦੇ



ਗੁਰਦੁਆਰੇ ਦੇ ਬਾਹਰ ਵਾਪਰੀ ਸੀ। ਮੁਲਜ਼ਮ ਦੀ ਪਛਾਣ ਗਿਲਬਰਟ ਗਾਰਸੀਆ ਵਜੋਂ ਹੋਈ ਹੈ। ਫਰੈਸਨੋ ਦੇ ਪੁਲਿਸ ਮੁਖੀ ਜੈਰੀ ਡਾਇਰ ਮੁਤਾਬਕ ਐਤਵਾਰ ਨੂੰ ਗੁਰਦੁਆਰੇ ਵਿਚ ਸਿੱਖ ਭਾਈਚਾਰੇ ਦਾ ਇਕੱਠ ਹੋਇਆ ਸੀ ਜਿਥੇ ਪਿਆਰਾ ਸਿੰਘ (82) ਰੋਜ਼ਾਨਾ ਸੇਵਾ ਨਿਭਾਉਂਦਾ ਆ ਰਿਹਾ ਸੀ। ਜਦੋਂ ਉਹ ਗੁਰਦੁਆਰੇ ਤੋਂ ਬਾਹਰ ਆਇਆ ਤਾਂ ਮੁਲਜ਼ਮ ਨੇ ਅਚਾਨਕ ਉਸ 'ਤੇ ਹਮਲਾ ਕਰ ਦਿੱਤਾ। ਉਸ ਨੇ ਬੁਰੀ ਤਰ੍ਹਾਂ ਬਜ਼ੁਰਗ ਦੀ ਕੁੱਟਮਾਰ ਕੀਤੀ ਜਿਸ ਕਾਰਨ ਉਸ ਦੀਆਂ ਹੱਡੀਆਂ ਤੇ ਕੁਝ ਪਸਲੀਆਂ ਟੁੱਟ ਗਈਆਂ।

ਘਟਨਾ ਪਿੱਛੋਂ ਐਫਬੀਆਈ, ਨਿਆਂ ਵਿਭਾਗ, ਪੁਲਿਸ ਤੇ ਕੁਝ ਹੋਰ ਵਿਭਾਗਾਂ ਦੇ ਅਧਿਕਾਰੀਆਂ ਦੀ ਟੀਮ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ ਤੇ ਭਰੋਸਾ ਦਿਵਾਇਆ ਕਿ ਭਵਿੱਖ ਵਿਚ ਅਜਿਹੀ ਕੋਈ ਘਟਨਾ ਵਾਪਰਨ ਤੋਂ ਰੋਕਣ ਲਈ ਲੋੜੀਂਦੇ ਸਾਰੇ ਕਦਮ ਚੁੱਕੇ ਜਾਣਗੇ। ਫਰੈਸਨੋ ਗੁਰਦੁਆਰੇ ਦੇ ਪ੍ਰਧਾਨ ਗੁਰਦੇਵ ਸਿੰਘ ਮੁਹਾਰ ਨੇ ਇਸ ਹਮਲੇ ਨੂੰ ਫਿਰਕੂ ਨਫ਼ਰਤ ਦਾ ਨਤੀਜਾ ਦੱਸਿਆ ਹੈ। ਜ਼ਿਕਰਯੋਗ ਹੈ ਕਿ ਇਹ ਇਲਾਕਾ ਕੈਲੇਫੋਰਨੀਆ ਦੀ ਵਾਦੀ ਦੇ ਮੱਧ ਵਿਚ ਸਥਿਤ ਹੈ ਤੇ ਇਥੇ ਪੰਜਾਬੀਆਂ ਦੀ ਕਾਫੀ ਵਸੋਂ ਹੈ। ਇਸੇ ਦੌਰਾਨ ਅਮਰੀਕੀ ਕਾਂਗਰਸ ਦੇ ਸਿੱਖ ਮਿੱਤਰ ਮੰਡਲ ਨੇ ਆਪਣੀ ਪਹਿਲੀ ਜਨਤਕ ਕਾਰਵਾਈ ਦੌਰਾਨ ਪਿਆਰਾ ਸਿੰਘ ਉਤੇ ਹੋਏ ਨਸਲੀ ਹਮਲੇ ਦੀ ਨਿਖੇਧੀ ਕੀਤੀ ਹੈ। ਮੰਡਲ ਦੇ ਕੋ-ਚੇਅਰਪਰਸਨਾਂ ਜੂਡੀ ਚੂ ਤੇ ਡੇਵਿਡ ਵਾਲਾਦਾਓ ਨੇ ਕਿਹਾ ਹੈ ਕਿ ਅਜਿਹੀਆਂ ਘਟਨਾਵਾਂ ਕਾਰਨ ਐਫਬੀਆਈ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਅਮਰੀਕਾ ਵਿਚ ਸਿੱਖਾਂ ਖ਼ਿਲਾਫ਼ ਨਫ਼ਰਤੀ ਜੁਰਮਾਂ ਦੀ ਨਿਗਰਾਨੀ ਸ਼ੁਰੂ ਕਰੇ। ਬੀਬੀ ਚੂ ਨੇ ਆਪਣੇ ਬਿਆਨ ਵਿਚ ਕਿਹਾ ਹੈ, ਜਦੋਂ ਉਨ੍ਹਾਂ ਨੂੰ ਪਿਆਰਾ ਸਿੰਘ ਉਤੇ ਹਮਲੇ ਦਾ ਪਤਾ ਲੱਗਾ ਤਾਂ ਦਿਲ ਹੀ ਟੁੱਟ ਗਿਆ। ਬੀਬੀ ਚੂ ਨੇ ਕਿਹਾ ਕਿ ਸਾਨੂੰ ਹਰ ਹਾਲ ਸਿੱਖਾਂ ਉਤੇ ਹੋ ਰਹੇ ਇਹ ਹਮਲੇ ਰੋਕਣ ਲਈ ਕਦਮ ਚੁੱਕਣੇ ਪੈਣਗੇ ਤੇ ਐਫਬੀਆਈ ਨੂੰ ਇਨ੍ਹਾਂ ਸਿੱਖ ਵਿਰੋਧੀ ਨਫਰਤੀ ਹਮਲਿਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

# ਲੋਕਗੀਤੀ ਸਾਹਿਤਕਤਾ ਦੀ ਮਹਿਕਦੀ ਕਲੀ

ਸੁਰਤ ਤੇ ਸੰਗੀਤ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868

*ਅਜੋਕੀ ਲੱਚਰ ਗਾਇਕੀ ਨੇ ਪੰਜਾਬੀ ਸੰਗੀਤ ਖੇਤਰ ਨੂੰ ਗੰਧਲਾ ਕਰ ਛੱਡਿਆ ਹੈ ਪਰ ਪੰਜਾਬੀ ਗਾਇਕੀ ਦਾ ਇਕ ਸੁਨਹਿਰਾ ਇਤਿਹਾਸ ਰਿਹਾ ਹੈ। ਇਸ ਇਤਿਹਾਸ ਦੇ ਕੁਝ ਪੰਨੇ ਪੰਜਾਬੀ ਦੇ ਉਘੇ ਲੇਖਕ ਗੁਰਬਚਨ ਸਿੰਘ ਭੁੱਲਰ ਨੇ ਫਰੋਲੇ ਹਨ। ਪੇਸ਼ ਹੈ ਇਸ ਲੇਖ-ਲੜੀ ਦਾ ਅਗਲਾ ਲੇਖ। -ਸੰਪਾਦਕ*

ਢਾਡੀਆਂ ਤੇ ਗਮੰਤਰੀਆਂ ਵਾਸਤੇ ਗਾਉਣ ਨੂੰ ਤਾਂ ਕੋਈ ਛੰਦ ਵੀ ਓਪਰਾ ਨਹੀਂ ਸੀ, ਪਰ ਉਨ੍ਹਾਂ ਦੇ ਮਨਭਾਉਂਦੇ ਛੰਦ ਵਾਰ ਅਤੇ ਕਲੀ ਸਨ। ਸਾਡੀ ਪੀੜ੍ਹੀ ਤੇ ਸਾਥੋਂ ਅਗਲੀਆਂ-ਪਿਛਲੀਆਂ ਕਈ ਪੀੜ੍ਹੀਆਂ ਵਾਰਾਂ ਦੇ ਜਜ਼ਬਾਤੀ ਜਾਂ ਜੋਸ਼ੀਲੇ ਵਾਰ ਸਹਿੰਦਿਆਂ ਤੇ ਕਲੀਆਂ ਦੀ ਨਸ਼ੀਲੀ ਮਹਿਕ ਮਾਣਦਿਆਂ ਹੀ ਵੱਡੀਆਂ ਹੋਈਆਂ। ਸਿੱਖ ਇਤਿਹਾਸ ਸੰਘਰਸ਼ਾਂ, ਜੰਗਾਂ-ਯੁੱਧਾਂ ਤੇ ਕੁਰਬਾਨੀਆਂ ਦੀ ਲੰਮੀ ਲੜੀ ਹੋਣ ਸਦਕਾ ਧਰਮ ਤੇ ਇਤਿਹਾਸ ਦੇ ਢਾਡੀਆਂ ਦੀ ਮੁੱਖ ਟੇਕ ਬੀਰ ਰਸ ਸੀ ਜੀਹਦੇ ਪ੍ਰਗਟਾਵੇ ਵਾਸਤੇ ਸਭ ਤੋਂ ਢੁੱਕਵਾਂ ਛੰਦ ਵਾਰ ਸੀ। ਇਸੇ ਕਰਕੇ ਢਾਡੀ ਆਮ ਕਰਕੇ ਬੀਰ ਰਸੀ ਵਾਰਾਂ ਗਾਉਂਦੇ। ਪ੍ਰੇਮ ਪ੍ਰਸੰਗ ਗਾਉਣ ਲਈ ਗਮੰਤਰੀਆਂ ਦੀ ਮਨਭਾਉਂਦੀ ਟੇਕ ਕਲੀ ਸੀ। ਕਲੀ ਮਾਲਵੇ ਵਿਚ ਉਗਮੀ-ਵਿਗਸੀ। ਇਹਨੇ ਗਮੰਤਰੀਆਂ ਨੂੰ ਅਜਿਹਾ ਮੋਹਿਆ ਕਿ ਜੇ ਭਗਤੀ ਰਸ ਜਾਂ ਬੀਰ ਰਸ ਵੀ ਗਾਉਣਾ ਹੁੰਦਾ, ਕਲੀ ਹੀ ਉਨ੍ਹਾਂ ਦਾ ਸਹਿਜ ਵਸੀਲਾ ਬਣਦੀ।

ਇਹ ਗੱਲ ਤਵਿਆਂ, ਕੈਸਿਟਾਂ ਅਤੇ ਆਧੁਨਿਕ ਮੰਚਾਂ ਤੋਂ ਕਲੀਆਂ ਸੁਣ ਸੁਣ ਵੱਡੀਆਂ ਹੋਈਆਂ ਮਗਰੋਂ ਦੀਆਂ ਪੀੜ੍ਹੀਆਂ ਦੇ ਗਿਆਨ ਵਿਚ ਜ਼ਰੂਰ ਵਾਧਾ ਕਰੇਗੀ ਕਿ ਮੈਂ ਆਪਣੇ ਬਚਪਨ ਵਿਚ ਲਗਭਗ ਹਰ ਹਲਵਾਹ ਕਲੀਆਂ ਗਾਉਂਦਾ ਸੁਣਿਆ ਹੈ। ਹਲ ਵਾਹੁਣਾ ਬਹੁਤ ਇਕਰਸ, ਸਗੋਂ ਨੀਰਸ ਕੰਮ ਹੁੰਦਾ ਸੀ। ਕੋਹਲੂ ਦੇ ਬਲਦ ਵਾਂਗ ਸਾਰਾ ਦਿਨ ਪਹਿਲੇ ਓਰੇ ਦੇ ਅੰਦਰਵਾਰ ਨਾਲ ਨਾਲ ਆਪੇ ਤੁਰਨਾ-ਮੁੜਨਾ ਸਿੱਖੇ ਹੋਏ ਅਨੁਭਵੀ ਬਲਦਾਂ ਵਾਲੇ ਹਲ ਦੀ ਹਥੀਲੀ ਫੜ ਕੇ ਗੇੜੇ ਕਢਦੇ ਰਹੋ! ਬਹੁਤੇ ਕਿਸਾਨ ਆਪਣੀ ਆਪਣੀ ਭੋਇੰ ਵਿਚ ਹਲ ਵਾਹੁੰਦੇ ਵੀ ਇਕੱਲੇ ਇਕੱਲੇ ਹੀ ਸਨ। ਉਹ ਆਪਣੀ ਇਸ ਇਕੱਲ, ਇਕਰਸਤਾ ਤੇ ਸਗੋਂ ਨੀਰਸਤਾ ਵਿਚ ਉਚੀ ਹੇਕ ਨਾਲ ਕਲੀਆਂ ਗਾ ਕੇ, ਜਿਸ ਨੂੰ ਕਲੀ ਲਾਉਣਾ ਕਿਹਾ ਜਾਂਦਾ ਸੀ, ਰਸ-ਰੌਣਕ ਭਰਦੇ ਸਨ।

ਜਿਵੇਂ ਇਹ ਸੰਭਵ ਨਹੀਂ ਸੀ ਕਿ ਤ੍ਰਿੰਜਣ ਵਿਚ ਜੁੜੀਆਂ ਕੁੜੀਆਂ-ਚਿੜੀਆਂ ਗੀਤ ਨਾ ਗਾਉਣ ਤੇ ਅੰਮ੍ਰਿਤ ਵੇਲੇ ਦੁੱਧ ਰਿੜਕਦੀਆਂ ਮਾਈਆਂ "ਮਿੱਠੀ ਲਗਦੀ ਗੁਰੂ ਜੀ ਤੇਰੀ ਬਾਣੀ, ਵੇਲੇ ਅੰਮ੍ਰਿਤ ਦੇ" ਜਾਂ "ਤੇਰੇ ਸਾਰਿਆਂ ਦੁੱਖਾਂ ਦਾ ਦਾਰੂ, ਭਜ ਲੈ ਤੂੰ ਰਾਮ ਨੀ ਜਿੰਦੇ" ਨਾ ਗਾਉਣ, ਇਹ ਵੀ ਸੰਭਵ ਨਹੀਂ ਸੀ ਕਿ ਕੋਈ ਕਿਸਾਨ ਹਲ ਵਾਹ ਰਿਹਾ ਹੋਵੇ ਤੇ ਕਲੀ ਉਹਦੇ ਧੁਰ ਅੰਦਰੋਂ ਸੁਤੇਸਿਧ, ਆਪਮੁਹਾਰੇ ਨਾ ਵਗ ਤੁਰੇ। ਹਲ ਦੀ ਹਥੀਲੀ ਫੜਦਿਆਂ ਹੀ ਰਾਂਝੇ ਜੱਟ ਦਾ ਭਰਾ ਹੋਣ ਦਾ ਉਹਦਾ ਮਾਣ ਜਾਗ ਪੈਂਦਾ ਤੇ ਚੇਤੇ ਵਿਚ ਆਪਣੀ ਹੀਰ ਦੀ ਤਸਵੀਰ ਉਘੜ ਪੈਂਦੀ। ਉਹ ਸੁਤੇਸਿਧ ਹੀ ਬੋਲ ਉਠਦਾ,

ਮੈਂ ਪੁੱਤ ਜੱਟ ਦਾ ਲਾਡੀਂ ਪਾਲਿਆ ਮਾਪਿਆਂ ਨੇ,
ਡੰਗਰ ਤੇਰੇ ਚਾਰੇ ਹੀਰੇ ਪਾਲੀ ਮੈਂ ਅਖਵਾਇਆ।
ਇਸ਼ਕ ਨਿਭਾਉਣਾ ਕੰਮ ਤਾਂ ਸਿਦਕਾਂ ਵਾਲਿਆਂ ਦਾ,
ਬੋਲ ਸਿਆਣਿਆਂ ਦਾ ਨੀ ਸਮਝ ਨਾ ਤੈਨੂੰ ਆਇਆ।
ਘਰ ਜਾ ਕੇ ਬਣ ਬੈਠੀਂ ਨੀ ਤੂੰ ਮਾਪਿਆਂ ਦੀ,
ਬੇਲੇ ਦੇ ਵਿਚ ਮੇਰੀ ਕਹਿ ਕੇ ਝੂਠਾ ਲਾਰਾ ਲਾਇਆ।

ਇਹ ਕਲੀਆਂ ਇਸਤਰੀਆਂ ਦੇ ਗੀਤਾਂ ਵਾਂਗ ਪੀੜ੍ਹੀ-ਦਰ-ਪੀੜ੍ਹੀ ਵਧੇਰੇ ਕਾਵਿਕ ਹੁੰਦੀਆਂ ਰਹਿੰਦੀਆਂ ਸਨ। ਨਿਰਸੰਦੇਹ ਗਮੰਤਰੀਆਂ ਨੇ ਉਮਰਾਂ ਲੰਮੀ ਘਾਲਣਾ ਨਾਲ ਇਸੇ ਕਿਸਾਨੀ ਪਰੰਪਰਾ ਨੂੰ ਨੇਮਬੱਧ ਤੇ ਵਿਕਸਿਤ ਕੀਤਾ।

ਕਵੀਸ਼ਰੀ ਅਤੇ ਗੌਣ ਦਾ ਲੋਕ-ਮਨ ਉਤੇ ਪ੍ਰਭਾਵ ਏਨਾ ਤਕੜਾ ਸੀ ਕਿ ਪਿੰਡਾਂ ਵਿਚ ਅਜਿਹੇ ਬੰਦੇ ਕੋਈ ਦੁਰਲੱਭ ਨਹੀਂ ਸਨ ਜੋ ਕਲੀਆਂ ਜੋੜਨ ਦਾ ਜਾਂ ਕਿਸੇ ਸਥਾਨਕ ਪ੍ਰੇਮ ਕਹਾਣੀ ਜਾਂ ਸੂਰਬੀਰਤਾ ਦੀ ਘਟਨਾ ਨੂੰ ਲੈ ਕੇ ਛੰਦ ਜਾਂ ਕਿੱਸਾ ਲਿਖਣ ਦਾ ਜਤਨ ਕਰਦੇ। ਅਜਿਹੇ ਲੋਕ ਅਕਸਰ ਅੱਖਰ-ਗਿਆਨ ਤੋਂ ਲਗਭਗ ਕੋਰੇ ਹੀ ਹੁੰਦੇ ਤੇ ਆਪਣੀ ਰਚਨਾ ਜ਼ਬਾਨੀ ਹੀ ਚੇਤੇ ਕਰ ਲੈਂਦੇ। ਅਨਪੜ੍ਹ ਹੁੰਦਿਆਂ ਰਚਨਾ, ਤੇ ਉਹ ਵੀ ਜ਼ਬਾਨੀ, ਕਰਨਾ ਅਤੇ ਫੇਰ ਉਹਨੂੰ ਚਿੱਤ ਹੀ ਚਿੱਤ ਦੁਹਰਾ ਕੇ ਕੰਠ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਹਦੇ ਲਈ ਨਰੋਆ ਚੇਤਾ ਤੇ ਲੰਮਾ ਅਭਿਆਸ ਤਾਂ ਜ਼ਰੂਰੀ ਸਨ ਹੀ, ਅਸਲ ਸਿਫ਼ਤ ਬਰੀਕ ਨੀਝ-ਸੂਝ ਹੁੰਦੀ ਸੀ। ਪਰੰਪਰਾ ਅਜਿਹੇ ਲੋਕਾਂ ਨੂੰ ਓਮੀ ਆਖਦੀ ਹੈ ਜਿਨ੍ਹਾਂ ਨੂੰ ਪ੍ਰਚਲਿਤ ਅਰਥਾਂ ਅਨੁਸਾਰ ਅਨਪੜ੍ਹ ਹੋਣ ਕਾਰਨ ਦੁਜਿਆਂ ਦਾ ਸੰਜੋਇਆ ਗਿਆਨ ਸੰਗਤ ਜਾਂ ਲਿਖਤ ਰਾਹੀਂ ਪ੍ਰਾਪਤ ਨਾ ਹੋਇਆ ਹੋਵੇ ਜਾਂ ਪ੍ਰਾਪਤ ਕਰਨ ਦਾ ਮੌਕਾ ਨਾ ਮਿਲਿਆ ਹੋਵੇ। ਉਹ ਓਮ ਵਾਂਗ ਸੂਝ-ਸੋਝੀ ਦੇ ਮਨੁੱਖ ਜਾਤੀ ਦੇ ਸਾਂਝੇ ਮੂਲ ਵਿਰਸੇ ਦੇ ਅਤੇ ਆਪਣੇ ਅਨੁਭਵ ਦੇ ਆਧਾਰ ਉਤੇ ਹੀ ਗਿਆਨਵਾਨ ਬਣੇ ਹੁੰਦੇ ਹਨ। ਬਾਬਾ ਨਾਨਕ ਕਹਿੰਦੇ ਹਨ, ਕਿਸੇ ਪੜ੍ਹੇ-ਲਿਖੇ ਦੇ ਗੁਨਾਹਗਾਰ ਹੋਣ ਕਾਰਨ ਓਮੀ ਸਾਧ ਨੂੰ ਇਹ ਸੋਚ ਕੇ ਹੀ ਨਹੀਂ ਛੁਟਿਆਉਣਾ ਚਾਹੀਦਾ ਕਿ ਇਸ ਅਨਪੜ੍ਹ ਤੋਂ ਕੀ ਆਸ! ਇਉਂ ਹੀ ਉਸਤਾਦ ਤੋਂ ਕਲੀ ਜਾਂ ਛੰਦ ਸਿੱਖ ਕੇ ਅਨਪੜ੍ਹ ਚੇਲੇ ਦਾ ਉਹਨੂੰ ਮੁੜ ਮੁੜ ਦੁਹਰਾਉਣਾ ਕੋਈ ਘੱਟ ਮੁਸ਼ਕਤ ਨਹੀਂ ਸੀ। ਕੁਦਰਤੀ ਹੀ ਅਜਿਹੀ ਬਹੁਤ ਸਾਰੀ ਰਚਨਾ ਜੰਗਲ ਵਿਚ ਖਿੜੇ ਫੁੱਲਾਂ ਦੇ ਕੁਛ ਦਿਨਾਂ ਮਗਰੋਂ ਝੜ ਜਾਣ ਵਾਂਗ ਰਚਨਾਕਾਰਾਂ ਦੇ ਨਾਲ ਹੀ ਮਰ-ਮੁੱਕ ਵੀ ਜਾਂਦੀ। ਜੇ ਕੁਛ ਬਚਦਾ, ਰਚਨਾਕਾਰ ਦੇ ਚੇਲੇ ਹੋਣ ਦੀ ਸੂਰਤ ਵਿਚ ਉਨ੍ਹਾਂ ਦੇ ਚੇਤੇ ਵਿਚ ਹੀ ਬਚਦਾ।

ਜੇ ਕੋਈ ਅਜਿਹਾ ਰਚਨਾਕਾਰ ਵਿੰਗੇ-ਟੇਢੇ ਅੱਖਰਾਂ ਵਿਚ ਆਪਣੀ ਰਚਨਾ ਕਾਗਜ਼ ਉਤੇ ਉਤਾਰ ਵੀ ਲੈਂਦਾ, ਉਹਦੇ ਮਗਰੋਂ ਉਹ ਅਕਸਰ ਹੀ ਔਲਾਦ ਦੀ ਬੇਕਦਰੀ ਜਾਂ ਅਗਿਆਨ ਦਾ ਸ਼ਿਕਾਰ ਹੋ ਜਾਂਦੀ। ਕਈਆਂ ਦੀ ਔਲਾਦ ਦੀ ਲਾਪਰਵਾਹੀ ਕਾਰਨ ਉਨ੍ਹਾਂ ਕਾਗਜ਼ਾਂ ਨੂੰ ਸਮੇਂ, ਸਿੱਲ੍ਹ ਤੇ ਸਿਉਂਕ ਦਾ ਖਾਜਾ ਬਣਨ ਦਿੰਦੀ। ਕੁਛ ਔਲਾਦਾਂ ਉਨ੍ਹਾਂ ਲਿਖਤਾਂ ਨੂੰ ਵਡਮੁੱਲੀਆਂ ਸਮਝ ਕੇ ਹਵਾ ਨਹੀਂ ਸਨ ਲੁਆਉਂਦੀਆਂ ਤੇ ਕਿਸੇ ਓਪਰੇ ਦੀ ਨਜ਼ਰ ਨਹੀਂ ਸਨ ਪੈਣ ਦਿੰਦੀਆਂ। ਸਾਡੇ ਇਲਾਕੇ ਦੇ ਇਕ ਪ੍ਰਸਿੱਧ ਸੁਰਗਵਾਸੀ ਕਵੀਸ਼ਰ ਦੇ ਪੋਤੇ-ਪੜੋਤੇ ਉਹਦੇ ਨਾਂ ਵਾਲੀ ਸਾਹਿਤ ਸਭਾ ਦੇ ਕਦਰਦਾਨ ਲੇਖਕਾਂ ਨੂੰ ਵੀ ਉਹਦੀਆਂ ਅਣਛਪੀਆਂ ਰਚਨਾਵਾਂ ਇਸ ਕਰਕੇ ਛਾਪਣ ਵਾਸਤੇ ਨਹੀਂ ਦਿੰਦੇ ਕਿ ਉਹ ਉਨ੍ਹਾਂ ਤੋਂ ਮੋਟੀ ਰਕਮ ਕਮਾ ਲੈਣਗੇ। ਉਨ੍ਹਾਂ ਨੂੰ ਇਹ ਦਲੀਲ ਪੋਹਦੀ ਨਹੀਂ ਕਿ ਅਜੋਕੇ ਮਾਹੌਲ ਵਿਚ ਇਨ੍ਹਾਂ ਨੂੰ ਛਪਵਾਉਣ ਲਈ ਤਾਂ ਸਗੋਂ ਸਭਾ ਨੂੰ ਆਪ ਖਰਚ ਕਰਨਾ ਪਵੇਗਾ। ਨਾ ਹੀ ਉਹ ਇਹ ਲਿਖਤਾਂ ਕਿਸੇ ਯੂਨੀਵਰਸਿਟੀ ਜਾਂ ਵਿਭਾਗ ਨੂੰ ਦੇਣੀਆਂ ਜਾਂ ਆਪ ਛਾਪਣੀਆਂ ਮੰਨਦੇ ਹਨ।

ਇਕ ਵਾਰ ਰਾਮ ਸਰੂਪ ਅਣਖੀ ਨੇ ਬੜੀ ਦਿਲਚਸਪ ਗੱਲ ਸੁਣਾਈ। ਇਕ ਕਵੀਸ਼ਰ ਨਾਲ ਸੁਭਾਵਿਕ ਹੀ ਉਹਦੀ ਮੇਲ-ਮੁਲਾਕਾਤ ਤੇ ਵਿਚਾਰ-ਚਰਚਾ ਹੁੰਦੀ ਰਹਿੰਦੀ। ਉਮਰ ਭੋਗ ਕੇ ਉਹਦੇ ਗੁਜ਼ਰ ਜਾਣ ਮਗਰੋਂ ਅਣਖੀ ਦੇ ਮਨ ਵਿਚ ਆਇਆ ਕਿ ਉਹਦੀਆਂ ਅਣਛਪੀਆਂ ਰਚਨਾਵਾਂ ਕਿਤੇ ਨਸ਼ਟ ਹੀ ਨਾ ਹੋ ਜਾਣ! ਉਨ੍ਹਾਂ ਨੂੰ ਛਪਵਾਉਣ ਦੇ ਇਰਾਦੇ ਨਾਲ ਅਣਖੀ ਨੇ ਉਹਦੇ ਮੁੰਡੇ ਨਾਲ ਗੱਲ ਕੀਤੀ। ਅੱਗੋਂ ਜਵਾਬ ਮਿਲਿਆ, "ਅਸੀਂ ਸਭ ਸਮਝਦੇ ਹਾਂ ਤੇਰੀਆਂ ਹੁਸ਼ਿਆਰੀਆਂ। ਇਹ ਜਿਹੜੀਆਂ ਕਤਾਬਾਂ ਤੂੰ ਆਖਦੇ ਨਾਂ ਛਪਾਈ ਫਿਰਦਾ ਐਂ, ਸਭ ਸਾਡੇ ਬੁੜ੍ਹੇ ਤੋਂ ਮਿੱਠੀਆਂ ਮਾਰ ਮਾਰ ਲੁੱਟੀ ਬਿੱਦਿਆ ਨਾਲ ਲਿਖੀਆਂ ਨੇ। ਪਰ ਅਸੀਂ ਸਾਡੇ ਬੁੜ੍ਹੇ ਵਰਗੇ ਕਮਲੇ ਨ੍ਹੀਂ। ਅਸੀਂ ਨ੍ਹੀਂ ਆਉਂਦੇ ਹੁਣ ਤੇਰੇ ਕਾਬੂ!"

ਪਿਛਲੀ ਸਦੀ ਦੇ ਸੱਠਵਿਆਂ ਵਿਚ ਜਦੋਂ ਮੈਂ ਗੁਰੂ ਕਾਸ਼ੀ ਕਾਲਜ ਵਿਚ ਪੜ੍ਹਾਉਂਦਾ ਸੀ, ਭਾਈ ਜੀ ਲਾਲ ਸਿੰਘ ਦਮਦਮਾ ਸਾਹਿਬ ਤਖ਼ਤ ਦੇ ਮਹੰਤ ਹੁੰਦੇ ਸਨ। ਸਿਆਣੇ ਤੇ ਭਲੇ ਬੰਦੇ ਸਨ। ਜਨਮੋਂ ਉਹ ਮੇਰੇ ਸਹੁਰੇ ਪਿੰਡ ਫੂਲ ਦੇ ਹੋਣ ਕਰਕੇ ਸਾਡੇ ਨਾਲ ਖਾਸੀ ਅਪਣੱਤ ਰਖਦੇ। ਉਹ ਇਕ ਵਾਰ ਕਿਸੇ ਦੁਨਿਆਵੀ ਕੰਮ ਕਿਸੇ ਪਿੰਡ ਗਏ। ਬੱਸ ਕੁਛ ਗੱਲਬਾਤ ਕਰ ਕੇ ਵਾਪਸ ਆ ਜਾਣਾ ਸੀ, ਇਸ ਕਰਕੇ ਸਮਾਂ ਬਿਤਾਉਣ ਲਈ ਕੁਛ ਪੜ੍ਹਨ ਨੂੰ ਵੀ ਲੈ ਕੇ ਨਾ ਗਏ। ਅੱਗੇ ਲੋੜੀਂਦਾ ਬੰਦਾ ਕਿਤੋਂ ਪਿਛਲੇ ਪਹਿਰ ਮੁੜਨਾ ਸੀ। ਫ਼ੋਨ ਤਾਂ ਹੁੰਦੇ ਨਹੀਂ ਸਨ ਕਿ ਇਹ ਉਹਨੂੰ ਆਉਣ ਦੀ ਜਾਣਕਾਰੀ ਪਹਿਲਾਂ ਦੇ ਦਿੰਦੇ। ਦੁੱਧ-ਲੱਸੀ ਛਕਾ ਕੇ ਬੀਬੀ ਨੇ ਮੰਜਾ ਡਾਹ ਦਿੱਤਾ। ਸਮਾਂ ਗੁਜ਼ਰਨ ਵਿਚ ਨਾ ਆਵੇ। ਪੁੱਛਿਆ, ਕੋਈ ਪੋਥੀ, ਕੋਈ ਗਰੰਥ, ਕੁਛ ਪੜ੍ਹਨ ਨੂੰ ਹੋਵੇ? ਬੀਬੀ ਬੋਲੀ, "ਭਾਈ ਪੜਛੱਤੀ ਉਤੇ ਸਾਡੇ ਬਾਬੇ ਦੀਆਂ ਕਤਾਬਾਂ ਦੀ ਇਕ ਪੁਰਾਣੀ ਸੰਦੂਖੜੀ ਪਈ ਐ। ਦਸਦੇ ਐ, ਸਾਡੇ ਟੱਬਰ ਵਿਚ ਬੱਸ ਇਕ ਉਹੀ ਗੁਰਮੁਖੀ ਪੜ੍ਹਿਆ ਸੀ। ਮਗਰੋਂ ਸਾਡੇ ਹੋਰ ਕਿਸੇ ਨੇ ਤਾਂ ੳ ਅ ਦਾ ਮੂੰਹ ਦੇਖਿਆ ਨਹੀਂ। ਬਿਚਾਰਾ ਮੇਰੇ ਵਿਆਹੀ ਆਉਣ ਤੋਂ ਪਹਿਲਾਂ ਚੱਲ ਗਿਆ ਸੀ। ਅਸੀਂ ਤਾਂ ਉਹ ਸੰਦੂਖੜੀ ਕਦੇ ਖੋਲ੍ਹੀ ਵੀ ਨਹੀਂ।"

ਮਹੰਤ ਜੀ ਨੇ ਸੰਦੂਖੜੀ ਖੋਲ੍ਹੀ ਤਾਂ ਵਿਚ ਪਿਆ ਤਾਂ ਖ਼ਜ਼ਾਨਾ ਸੀ, ਪਰ ਉਲੀ ਲੱਗੇ ਕਾਗਜ਼ਾਂ ਅਤੇ ਬੰਦ ਹਵਾ ਦੀ ਅਜਿਹੀ ਹਵਾੜ੍ਹ ਆਈ ਕਿ ਉਨ੍ਹਾਂ ਨੂੰ ਨੱਕ-ਮੂੰਹ ਉਤੇ ਪਰਨਾ ਲਪੇਟਣਾ ਪਿਆ। ਹਿੰਮਤ ਕਰ ਕੇ ਗਰੰਥ, ਚਿੱਠੇ, ਹੱਥ-ਲਿਖਤਾਂ, ਸਭ ਕੁਛ ਵਿਹੜੇ ਵਿਚ ਮੰਜਿਆਂ ਉਤੇ ਧੁੱਪੇ ਸਿੱਟ ਕੇ ਵਾਰ ਵਾਰ ਉਲਟਿਆ-ਪਲਟਿਆ। ਘਰ ਦਾ ਬੰਦਾ ਆਏ ਤੋਂ ਕੰਮ ਦੀ ਗੱਲ ਕੀਤੀ ਤੇ ਝਿਜਕਦਿਆਂ ਝਿਜਕਦਿਆਂ ਪੁੱਛਿਆ, ਮੈਂ ਇਨ੍ਹਾਂ ਵਿਚੋਂ ਕੁਛ ਪੋਥੀਆਂ ਲੈ ਜਾਵਾਂ? ਉਹ ਬੋਲੇ, "ਨੇਕੀ ਤੇ ਪੁੱਛ ਪੁੱਛ! ਕੁਛ ਕਿਉਂ, ਸਾਰੀਆਂ ਹੀ ਲੈ ਜਾਓ! ਸਾਡੇ ਤਾਂ ਇਹ ਜੀ ਕਿਸੇ ਕੰਮ ਨਹੀਂ। ਨਾ ਸਮਝ ਆਉਂਦੀ ਐ, ਇਨ੍ਹਾਂ ਦਾ ਕੀ ਕਰੀਏ। ਵੱਡੇ ਬਾਬੇ ਦੀ ਨਿਸ਼ਾਨੀ, ਨਾ ਫੂਕਣ ਨੂੰ ਜੀਅ ਕਰਦੈ। ਸ਼ਾਬਾਸ਼ੇ ਥੋਡੇ, ਲੈ ਜਾਓ, ਕਿਸੇ ਲੇਖੇ ਲੱਗਣਗੀਆਂ।" ਮਹੰਤ ਜੀ ਗੱਠੜ ਬੰਨ੍ਹ ਕੇ ਬਸ ਦੀ ਛੱਤ ਉਤੇ ਰੱਖ ਕੇ ਲੈ ਆਏ!

ਤਾਂ ਵੀ ਇਸ ਵਿਕਾਸ-ਵਿਨਾਸ ਵਿਚੋਂ ਜੋ ਕੁਛ ਬਚਦਾ ਰਿਹਾ, ਉਹ ਪੇਂਡੂ ਸਭਿਆਚਾਰ ਦੇ ਖ਼ਜ਼ਾਨੇ ਵਿਚ ਸ਼ਾਮਲ ਹੁੰਦਾ ਰਿਹਾ। ਬੁਟਾਹਰੀ ਵਾਲੇ ਹਜ਼ੂਰਾ ਸਿੰਘ ਨੇ 996 ਕਲੀਆਂ ਵਿਚ ਹੀਰ ਲਿਖੀ। ਉਹ ਕੋਰਾ ਅਨਪੜ੍ਹ, ਓਮੀ ਸੀ ਤੇ ਡੰਗਰ-ਪਸੂ ਚਾਰਦਾ ਹੁੰਦਾ ਸੀ, ਪਰ ਕਲੀਆਂ ਵਧੀਆ ਰਚਦਾ ਸੀ। ਉਹਨੂੰ ਬੋਲੀ ਵਰਤਣ ਤੇ ਕਵਿਤਾ ਰਚਣ ਦੀ ਖਾਸੀ ਜਾਚ ਸੀ। ਰਾਂਝੇ ਦੇ ਜੋਗ ਮੰਗਣ ਦੇ ਜਵਾਬ ਵਿਚ ਗੁਰੂ ਗੋਰਖਨਾਥ ਆਖਦਾ ਹੈ,

ਸਿਖਿਆ ਗੋਰਖ ਦੀ
ਕੰਨ ਲਾ ਕੇ ਸੁਣ ਲੈ ਬਾਲਕਿਆ,
ਜੋ ਕੁਛ ਸਾਡੇ ਸਤਿਗੁਰ ਨੇ ਸਮਝਾਣੀ।
ਚੋਰੀ ਯਾਰੀ ਠੱਗੀ ਮਿਹਣਾ ਕਰਨ ਫ਼ਕੀਰਾਂ ਨੂੰ,
ਨਿੰਦਿਆ ਚੁਗਲੀ ਕਰਨੀ ਸੁਣਨੀ ਮੌਤ ਨਿਸ਼ਾਨੀ।
ਝੂਠ ਬੋਲਣਾ ਨਾਲੇ ਸੰਗ ਕੁਸੰਗੀ ਬੈਠਣਾ,
ਦੇਣਦਾਰੀ ਏਥੇ ਓਥੇ ਦੋਹੀਂ ਉਇ ਜਹਾਨੀਂ।
ਤਮਾ ਤਿਆਗੀ ਸੁਰਤੀ ਸੋਧਣ ਕਰਮ ਫ਼ਕੀਰਾਂ ਦਾ,
ਹਰਦਮ ਅਲਖ ਪੁਰਖ ਵਿਚ
ਸਿਮਰਨ ਉਮਰ ਵਿਹਾਣੀ।
ਕਾਮ ਕਰੋਧ ਤੇ ਮਗ਼ਰੂਰੀ ਚਿੱਤ ਰੱਖੀਏ ਨਾ,
ਥੋੜ੍ਹਾ ਪੜ੍ਹ ਕੇ ਨਾ ਐਡਾ ਬਣੀਏ ਬ੍ਰਹਮ ਗਿਆਨੀ।
ਨਿਗਾਹ ਉਚੇਰੀ ਕਰ ਕੇ ਕਿਸੇ ਬੰਨੀਂ ਨ੍ਹੀਂ ਝਾਕਣਾ,
ਭਿਖਿਆ ਚਲਦੀ ਮਿਲ ਜੇ ਬਹੁਤੀ ਕਰ ਕੇ ਖਾਣੀ।
ਕਿਸੇ ਰੰਨ ਨਾਲ ਫਸ ਕੇ
ਦਾਗ ਨਾ ਲਾ ਲਈਂ ਭੇਖ ਨੂੰ,
ਵੱਡੀ ਛੋਟੀ ਨੂੰ ਮਾਂ ਭੈਣ ਬਰੋਬਰ ਜਾਣੀਂ।
ਐਨੀਂ ਸਿਖਿਆ ਮੇਰੀ ਸੁਣ ਲੈ ਗੋਰਖਨਾਥ ਦੀ,
ਭਗਵੀਂ ਲੀਰ ਬਖ਼ਸ਼ੀ ਭੇਖ ਦੀ ਨਿਸ਼ਾਨੀ!
ਸਤਿਆ ਤਾਰ ਜੂ!

ਹਜ਼ੂਰਾ ਸਿੰਘ ਦੇ ਜਿਉਂਦੇ-ਜੀਅ ਤਾਂ ਉਹਦੀ ਹੀਰ ਚਿੱਠੇ ਦੇ ਰੂਪ ਵਿਚ ਪ੍ਰਕਾਸ਼ਿਤ ਨਾ ਹੋਈ, ਸ਼ਾਇਦ ਹੁਣ ਕਿਸੇ ਨੇ ਛਪਵਾ ਦਿੱਤੀ ਹੈ। ਉਹਨੂੰ ਜ਼ਬਾਨੋ-ਜ਼ਬਾਨੀ ਸਿੱਖ ਕੇ ਅੱਗੇ ਦੀ ਅੱਗੇ ਅਨੇਕ ਗਮੰਤਰੀਆਂ ਨੇ ਗਾਇਆ। ਦੁੱਧ-ਪੁੱਤ ਵੇਚਣ ਨੂੰ ਮਾੜਾ ਸਮਝਣ ਵਾਲੇ ਉਨ੍ਹਾਂ ਸਮਿਆਂ ਵਿਚ ਕੋਈ ਕਵੀਸ਼ਰ-ਗਮੰਤਰੀ ਰਚਨਾ ਵੀ ਨਹੀਂ ਸੀ ਵੇਚਦਾ ਪਰ, ਦਸਦੇ ਹਨ, ਜੇ ਕੋਈ ਉਹਤੋਂ ਕਲੀ ਮੰਗਦਾ, ਉਹ ਪੈਸੇ ਲੈਂਦਾ ਤੇ ਚੇਤੇ ਵਿਚੋਂ ਬੋਲ ਕੇ ਕਲੀ ਲਿਖਾ ਦਿੰਦਾ।

# ਪੂਲ ਕੰਜਰੀ

ਜਤਿੰਦਰ ਸਿੰਘ ਔਲਖ
e-mail: poetaulakh@gmail.com

ਪੂਲ ਕੰਜਰੀ ਇਕ ਇਤਿਹਾਸਕ ਕਸਬਾ ਹੈ। ਇਕ ਸੜਕ ਅੰਮ੍ਰਿਤਸਰ ਤੋਂ ਪੂਲ ਕੰਜਰੀ ਅਤੇ ਠੱਟਾ, ਭਸੀਣ (ਹੁਣ ਪਾਕਿਸਤਾਨ) ਤੋਂ ਹੁੰਦੀ ਸਿੱਧੀ ਲਾਹੌਰ ਪਹੁੰਚਦੀ ਸੀ। ਦੂਜੀ ਕਾਹਨੂੰਵਾਨ, ਗੁਰਦਾਸਪੁਰ ਤੋਂ ਨਿਕਲ ਅਜਨਾਲਾ, ਟਪਿਆਲਾ, ਓਡਰ ਤੋਂ ਹੁੰਦੀ ਸਿੱਧੀ ਪੂਲ ਕੰਜਰੀ ਪਹੁੰਚਦੀ ਅਤੇ ਚੌਰਸਤਾ ਬਣਾਉਂਦੀ ਰਾਜਾਤਾਲ ਕੋਲ ਸ਼ੇਰਸ਼ਾਹ ਸੂਰੀ ਮਾਰਗ 'ਤੇ ਚੜ੍ਹ ਜਾਂਦੀ। ਪਰ ਇਨ੍ਹਾਂ ਸੜਕਾਂ ਦੀ ਹੋਂਦ ਹੁਣ ਮਿਟ ਚੁੱਕੀ ਹੈ।

ਮਹਾਰਾਜਾ ਰਣਜੀਤ ਸਿੰਘ ਜਦੋਂ ਲਾਹੌਰ ਤੋਂ ਅੰਮ੍ਰਿਤਸਰ ਜਾਇਆ ਕਰਦਾ ਸੀ ਤਾਂ ਇਸ ਜਗ੍ਹਾ ਵਿਸ਼ਰਾਮ ਲਈ ਰੁਕਿਆ ਕਰਦਾ ਸੀ। ਇਥੋਂ ਇਕ ਛੋਟੀ ਨਹਿਰ ਨਿਕਲਦੀ ਸੀ ਜੋ ਲਾਹੌਰ ਦੇ ਸ਼ਾਲਾਮਾਰ ਬਾਗ ਦੀ ਸਿੰਜਾਈ ਲਈ ਵਰਤੀ ਜਾਂਦੀ ਸੀ। ਇਸ ਸੂਏ 'ਤੇ ਪੁਲ ਬਚਿਆ ਹੈ ਜਿਸ ਨੂੰ ਪੂਲ ਕੰਜਰੀ ਕਹਿੰਦੇ ਹਨ ਜਾਂ ਨਹਿਰ ਦੀ ਨਿਸ਼ਾਨੀ ਮੌਜੂਦ ਹੈ ਜੋ ਹੁਣ ਖਾਲੇ ਦਾ ਰੂਪ ਧਾਰਨ ਕਰ ਚੁੱਕੀ ਹੈ। ਇਥੇ ਅਜੇ ਵੀ ਮਹਾਰਾਜਾ ਦੀ ਬਾਰਾਂਦਰੀ ਮੌਜੂਦ ਹੈ। ਉਜੜ ਚੁਕੇ ਕਸਬੇ ਦੀਆਂ ਯਾਦਾਂ ਸੰਭਾਲੀ ਬੈਠੇ ਲੋਕ ਦੱਸਦੇ ਹਨ ਕਿ ਗਰਮੀਆਂ ਦੇ ਦਿਨਾਂ ਵਿਚ ਉਹ ਇਸ ਇਮਾਰਤ ਵਿਚ ਖੇਡਿਆ ਕਰਦੇ ਸਨ। ਅਤਿ ਦੀ ਗਰਮੀ ਵਿਚ ਇਸ ਇਮਾਰਤ ਅੰਦਰ ਜਦੋਂ ਅਸੀਂ ਗਏ ਤਾਂ ਸੀਤਲ ਪੌਣਾਂ ਦਾ ਅਹਿਸਾਸ ਹੋ ਰਿਹਾ ਸੀ। ਖ਼ੂਬਸੂਰਤ ਚਿਤਰਕਾਰੀ ਵੀ ਇਮਾਰਤ 'ਚ ਮੌਜੂਦ ਸੀ। ਸ਼ਹਿਰ ਦੇ ਖੰਡਰਾਂ 'ਚ ਇਕ ਤਲਾਬ ਮੌਜੂਦ ਹੈ ਜਿਸ ਦੇ ਇਕ ਪਾਸੇ ਪੌਣਾ ਹੈ ਜਿਥੇ ਰਾਣੀਆਂ ਇਸ਼ਨਾਨ ਕਰਦੀਆਂ ਸਨ। ਦੂਜੇ ਪਾਸੇ ਰਥ ਜੋਤੇ ਘੋੜਿਆਂ ਦੇ ਪਾਣੀ ਪੀਣ ਲਈ ਢਲਾਨ ਜਿਹੀ ਵੀ ਹੈ।

ਇਸ ਜਗ੍ਹਾ ਮਹਾਰਾਜਾ ਰਣਜੀਤ ਸਿੰਘ ਮੱਖਣਪੁਰ ਦੀ ਕੰਜਰੀ ਮੋਰਾਂ ਦਾ ਮੁਜਰਾ ਦੇਖਿਆ ਕਰਦਾ ਸੀ। ਕੁਝ ਲੋਕ ਮੋਰਾਂ ਨੂੰ ਜੰਮੂ ਇਲਾਕੇ ਦੀ ਦੱਸਦੇ ਹਨ ਜੋ ਬਾਅਦ ਵਿਚ ਅਜਨਾਲੇ ਅਤੇ



ਮੋਰਾਂ

ਮੱਖਣਪੁਰ ਰਹੀ।

ਇਲਾਕੇ ਦੇ ਲੋਕ ਦੱਸਦੇ ਹਨ ਕਿ ਮੋਰਾਂ ਕੰਜਰੀ ਦਾ ਸ਼ਾਲਾਮਾਰ ਨਹਿਰ ਲੰਘਣ ਵੇਲੇ ਕਸੂਰੀ ਜੁੱਤੀ ਦਾ ਇਕ ਪੈਰ ਲੱਥ ਕੇ ਡਿੱਗ ਪਿਆ ਜਿਸ 'ਤੇ ਸੋਨੇ ਦਾ ਤਿੱਲਾ ਲੱਗਾ ਹੋਇਆ ਸੀ। ਮਹਾਰਾਜੇ ਨੇ ਮੋਰਾਂ ਦੇ ਕਹਿਣ 'ਤੇ ਨਹਿਰ 'ਤੇ ਪੁਲ ਬਣਾ ਦਿੱਤਾ। ਮੇਰੇ ਇਕ ਮਿੱਤਰ ਨੇ ਦਿਲਚਸਪ ਗੱਲ ਦੱਸੀ ਕਿ ਮੋਰਾਂ ਦੀ ਜੁੱਤੀ ਪਾਣੀ ਵਿਚ ਭਿੱਜ ਕੇ ਗਿੱਲੀ ਹੋ ਗਈ ਸੀ ਜੋ ਭਿੱਜ ਜਾਣ ਕਾਰਨ ਤੰਗ ਹੋ ਗਈ ਜਿਸ ਕਾਰਨ ਮੋਰਾਂ ਦੇਰ ਨਾਲ ਪਹੁੰਚੀ। ਜਦੋਂ ਮਹਾਰਾਜੇ ਨੇ ਦੇਰ ਨਾਲ ਆਉਣ ਦਾ ਕਾਰਨ ਪੁੱਛਿਆ ਤਾਂ ਮੋਰਾਂ ਜੋ ਕਲਾ ਦੀ ਬੜੀ ਮਾਹਿਰ ਸੀ, ਨੇ ਗੀਤ ਜੋੜ ਲਿਆ, 'ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਇ ਰੱਬਾ ਵੇ ਸਾਨੂੰ ਤੁਰਨਾ ਪਿਆ' ਜੋ ਪਿੱਛੋਂ ਲੋਕ ਗੀਤ ਦੇ ਰੂਪ ਵਿਚ ਪ੍ਰਸਿੱਧ ਹੋ ਗਿਆ।

ਮਹਾਰਾਜੇ ਨੇ ਹੁਕਮ ਦਿੱਤਾ ਕਿ ਲਾਹੌਰ ਦੇ ਸ਼ਾਲਾਮਾਰ ਬਾਗ ਨੂੰ ਸਿੰਜਣ ਵਾਲੀ ਇਸ ਨਹਿਰ 'ਤੇ ਪੁਲ ਬਣਾਇਆ ਜਾਵੇ ਜੋ ਪੂਲ ਕੰਜਰੀ ਦੇ ਨਾਮ ਨਾਲ ਮਸ਼ਹੂਰ ਹੋ ਗਿਆ। ਜਿੱਥੇ ਮਹਾਰਾਜੇ ਦਾ ਆਉਣਾ-ਜਾਣਾ ਹੋਵੇ ਉਥੇ ਲੋਕਾਂ ਦਾ ਆਉਣਾ-ਜਾਣਾ ਬਣਿਆ ਰਹਿੰਦਾ। ਅਮੀਰ-ਵਜ਼ੀਰ ਤੇ ਸਰਦਾਰ ਆਏ ਰਹਿੰਦੇ। ਬਾਣੀਆਂ ਨੇ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਦੁਕਾਨਾਂ ਪਾ ਲਈਆਂ ਅਤੇ ਇੰਜ ਇਕ ਭਰਵਾਂ ਬਜ਼ਾਰ ਬਣ ਗਿਆ। ਭਾਰਤ-ਪਾਕਿਸਤਾਨ ਵੰਡ ਸਮੇਂ ਇਹ ਪਿੰਡ ਇਕ ਘੁੱਗ ਵੱਸਦਾ ਸ਼ਹਿਰ ਸੀ। ਪਿੰਡ ਦੇ ਲੋਕ ਬਾਣੀਏ ਕਿਸਮ ਦੇ ਹੋਣ ਕਾਰਨ ਵੰਡ ਸਮੇਂ ਇਹ ਪਿੰਡ ਖਾਲੀ ਕਰ ਗਏ। ਪਿੰਡ ਭਸੀਣ ਤੇ ਠੱਟਾ ਦੇ ਮੁਸਲਮਾਨਾਂ ਨੇ ਇਸ ਕਸਬੇ ਨੂੰ ਰੱਜ ਕੇ ਲੁੱਟਿਆ ਤੇ ਅੱਗ ਦੇ ਸਪੁਰਦ ਕਰ ਦਿੱਤਾ। ਮੁਸਲਮਾਨ ਇਥੋਂ ਦੀਆਂ ਇਸਤਰੀਆਂ ਵੀ ਚੁੱਕ ਕੇ ਨਾਲ ਲੈ ਗਏ। ਇਥੋਂ ਦੇ ਜੱਦੀ ਵਾਸੀ ਲੋਕ ਮੁੜ ਪਿੰਡ ਨਾ ਆਏ ਤੇ ਵੱਡੇ ਸ਼ਹਿਰਾਂ ਵੱਲ ਪਰਵਾਸ ਕਰ ਗਏ। ਹੁਣ ਉਹ ਲੋਕ ਦਿੱਲੀ ਵਰਗੇ ਵੱਡੇ ਸ਼ਹਿਰਾਂ ਤੋਂ ਆ ਕੇ ਹਰ ਸਾਲ ਮੇਲਾ ਕਰਵਾਉਂਦੇ ਹਨ ਤੇ ਇਕੱਠੇ ਹੁੰਦੇ ਹਨ। 1971 ਦੀ ਭਾਰਤ-ਪਾਕਿ ਜੰਗ ਸਮੇਂ ਪਾਕਿਸਤਾਨ ਦੀਆਂ ਪੰਜਾਬ 43 ਤੇ ਪੰਜਾਬ 15 ਕੰਪਨੀਆਂ ਨੇ ਇੱਥੇ ਹੱਲਾ ਬੋਲ ਕੇ ਕਬਜ਼ਾ ਕਰ ਲਿਆ। 4 ਦਸੰਬਰ 1971 ਨੂੰ ਭਾਰਤੀ ਸੈਨਾ ਨੂੰ ਦੁਪਹਿਰ ਤਿੰਨ ਵਜੇ ਪਿੱਛੇ ਹਟਣਾ ਪਿਆ। 17 ਦਸੰਬਰ 1971 ਸ਼ਾਮੀ 7:30 ਵਜੇ ਭਾਰਤੀ ਸੈਨਾ ਫਿਰ ਭਾਰੂ ਹੋ ਗਈ। ਭਾਰਤੀ ਸਿੱਖ ਰੈਜੀਮੈਂਟ ਦੀਆਂ ਦੋ ਕੰਪਨੀਆਂ ਨੇ ਜੁਆਬੀ ਹਮਲੇ ਵਿਚ 18 ਦਸੰਬਰ ਨੂੰ ਵਾਪਸ ਕਬਜ਼ਾ ਲੈ ਲਿਆ।



ਪੂਲ ਕੰਜਰੀ ਦੇ ਖੰਡਰ

ਇਸ ਹਮਲੇ ਵਿਚ ਸ਼ੰਗਾਰਾ ਸਿੰਘ ਪਿੰਡ ਚੋਹਲਾ ਸਹਿਬ ਨੇ ਬੜੀ ਵੀਰਤਾ ਦਿਖਾਈ। ਉਹ ਲੇਟ ਕੇ ਅੱਗੇ ਵਧਿਆ ਤੇ ਦੁਸ਼ਮਣ ਦੀ ਚਲਦੀ ਮਸ਼ੀਨਗਨ ਕਬਜ਼ੇ ਵਿਚ ਲੈ ਲਈ। ਇਹ ਆਪਣੀ ਕਿਸਮ ਦੀ ਸੂਰਬੀਰਤਾ ਦੀ ਵਿਲੱਖਣ ਮਿਸਾਲ ਹੈ। ਇਥੇ 13 ਭਾਰਤੀ ਜਵਾਨ ਸ਼ਹੀਦ ਹੋਏ ਜਿਨ੍ਹਾਂ ਨੂੰ ਵੀਰ ਚੱਕਰ ਅਤੇ ਮਹਾਂਵੀਰ ਚੱਕਰ ਨਾਲ ਨਿਵਾਜਿਆ ਗਿਆ। 13 ਪਾਕਿਸਤਾਨੀ ਫੌਜੀ ਜਿੰਦਾ ਗ੍ਰਿਫਤਾਰ ਕੀਤੇ ਗਏ।

## ਕਾਵਿ ਉਡਾਰੀ

### ਮੁੜ ਪਰਤ ਨਾਂ ਆਵਾਂ...

ਜੀ ਤਾਂ ਕਰਦਾ ਏ,
ਤੇਜ਼-ਧਾਰ ਸਮਸ਼ੀਰ ਹੋ ਜਾਵਾਂ।
ਹੋਵਾਂ ਗੁਰੂ ਜੀ ਦੇ ਹੱਥ,
ਜਾ ਕੇ ਲਿਸ਼ਕਾਂ ਮੈਦਾਨ ਵਿਚ,
ਜ਼ਾਲਮਾਂ ਨੂੰ ਚੀਰ ਜਾਵਾਂ,
ਜੀ ਤਾਂ ਕਰਦਾ ਏ,
ਮੁੜ ਪਰਤ ਨਾ ਆਵਾਂ।

ਜੀ ਤਾਂ ਕਰਦਾ ਏ,
ਜਾ ਅੰਬਰ ਨੂੰ ਛੋਹ ਪਾਵਾਂ ,
ਬਿਜ ਦੇ ਜ਼ੋਰ ਵਰਸਾਂ,
ਜ਼ੋਰੋ-ਜ਼ੋਰ ਵਰਸਦੇ ਜਾਵਾਂ,
ਵਗ ਪਵਾਂ ਹੋ ਠੰਡੀਆਂ ਹਵਾਵਾਂ,
ਤਪਦੇ ਥਲ ਨਿਹੁ ਦੇ ਨੂੰ,
ਪਲਾਂ 'ਚ ਸੀਤ ਕਰ ਜਾਵਾਂ,
ਜੀ ਤਾਂ ਕਰਦਾ ਏ,
ਮੁੜ ਪਰਤ ਨਾ ਆਵਾਂ।

ਜੀ ਤਾਂ ਕਰਦਾ ਏ,
ਤੁਰਦੇ-ਤੁਰਦੇ ਦੂਰ ਜਾਵਾਂ,
ਹੋਵਣ ਲੰਮ-ਸਲੰਮੀਆਂ ਰਾਹਵਾਂ,
ਭਾਵੇਂ ਅਜ਼ਬ-ਅਨੋਖੀਆਂ ਥਾਂਵਾਂ,
ਹੋਵਣ ਜਿਸ ਦੇ ਆਸੇ-ਪਾਸੇ,
ਸਭ ਖਾਈਆਂ ਹੀ ਖਾਈਆਂ,
ਐਪਰ ਬੇ-ਖੌਫ ਤੁਰਨਾ ਚਾਹਵਾਂ,
ਜੀ ਤਾਂ ਕਰਦਾ ਏ,
ਮੁੜ ਪਰਤ ਨਾ ਆਵਾਂ।

-ਬੇਅੰਤ ਕੌਰ
ਫੋਨ: 91-99887-94880

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਖੁਦਮੁਖਤਿਆਰੀ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਨੂੰ ਖਾਲਸਾ ਕਾਲਜ ਮਾਹਿਲਪੁਰ ਨੇ ਆਪਣੀ ਅਕਾਦਮਕ ਕੌਂਸਲ ਤੇ ਪੰਜਾਬੀ ਬੋਰਡ ਆਫ ਸਟੱਡੀਜ਼ ਦੇ ਸਬਜੈਕਟ ਮੈਟਰ ਸਪੈਸ਼ਲਿਸਟ ਦੀ ਪੇਸ਼ਕਸ਼ ਕੀਤੀ ਹੈ। ਮੈਂ ਇੰਡੀਅਨ ਇੰਸਟੀਚਿਊਟ ਆਫ ਪਬਲਿਕ ਕੋਆਪਰੇਸ਼ਨ, ਨਵੀਂ ਦਿੱਲੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਅਜਿਹੀ ਜ਼ਿੰਮੇਵਾਰੀ ਨਿਭਾ ਚੁੱਕਾ ਹਾਂ। ਕਾਲਜ ਪੱਧਰ ਦੀ ਵੱਖਰੀ ਅਕਾਦਮਿਕ ਕੌਂਸਲ ਵਾਲੀ ਗੱਲ ਕਾਲਜਾਂ ਨੂੰ ਦਿੱਤੀ ਜਾ ਰਹੀ ਖੁਦਮੁਖਤਿਆਰੀ ਨਾਲ ਸਬੰਧ ਰਖਦੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਡੇਢ ਦਹਾਕਾ ਪਹਿਲਾਂ ਅਜਿਹੀ ਖੁਦਮੁਖਤਿਆਰੀ ਦੇਣੀ ਸ਼ੁਰੂ ਕੀਤੀ ਸੀ। ਦੱਖਣੀ ਭਾਰਤ ਦੇ ਬਹੁਤ ਸਾਰੇ ਕਾਲਜ ਇਹ ਰੁਤਬਾ ਪ੍ਰਾਪਤ ਕਰ ਚੁੱਕੇ ਹਨ। ਜ਼ਰੂਰੀ ਸ਼ਰਤਾਂ ਪੂਰੀਆਂ ਕਰਨ ਵਾਲਾ ਕਾਲਜ ਹੀ ਇਸ ਦੇ ਯੋਗ ਹੁੰਦਾ ਹੈ। ਸਾਰੇ ਪੰਜਾਬ ਵਿਚੋਂ ਇਹ ਰੁਤਬਾ ਪ੍ਰਾਪਤ ਕਰਨ ਵਾਲਾ ਮਾਹਿਲਪੁਰ ਦਾ ਕਾਲਜ ਦੂਜਾ ਕਾਲਜ ਹੈ। ਇਸ ਤੋਂ ਪਹਿਲਾਂ ਕੇਵਲ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਨੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਸਨ।

ਮੈਂ ਇਸ ਕਾਲਜ ਦਾ ਗਰੈਜੂਏਟ ਹਾਂ। 1953 ਵਿਚ ਏਥੋਂ ਬੀ.ਏ. ਪਾਸ ਕੀਤੀ ਸੀ। ਇਸ ਕਾਲਜ ਦਾ ਪ੍ਰਥਮ ਪ੍ਰਿੰਸੀਪਲ ਹਰਭਜਨ ਸਿੰਘ ਸੀ। ਉਸ ਦੇ ਅਣਥਕ ਯਤਨਾਂ ਦੇ ਸਦਕਾ ਹੀ ਇਹ ਕਾਲਜ 1946 ਵਿਚ ਸਥਾਪਤ ਹੋਇਆ ਸੀ। ਸਾਡੀ ਪੜ੍ਹਾਈ ਦੇ ਦਿਨਾਂ ਵਿਚ ਉਹ ਪੰਜਾਬ ਵਿਧਾਨ ਸਭਾ ਦਾ ਮੈਂਬਰ ਵੀ ਸੀ ਤੇ ਉਸ ਦੇ ਅੱਧੇ ਬੋਲ ਉਤੇ ਸਾਡੀ ਕਨਵੋਕੇਸ਼ਨ ਸਮੇਂ ਪ੍ਰਤਾਪ ਸਿੰਘ ਕੈਰੋਂ ਆਇਆ ਸੀ। ਮੈਂ ਬੀ.ਏ. ਦੀ ਡਿਗਰੀ ਕੈਰੋਂ ਦੇ ਹੱਥੋਂ ਲਈ ਹੋਈ ਹੈ। ਮੈਂ ਇਸ ਨੂੰ ਜੰਮਣ ਸਮੇਂ ਦੀ ਗੁੜ੍ਹਤੀ ਵਾਂਗ ਚਮਕਾਉਂਦਾ ਆਇਆ ਹਾਂ। ਸਾਹਿਤ ਜਗਤ ਵਿਚ ਨਾਂ-ਥਾਂ ਬਣਨ ਤੋਂ ਪਿੱਛੋਂ ਮੈਂ ਰੇਡੀਓ, ਟੀ ਵੀ ਆਦਿ ਉਤੇ ਜਿੰਨੀਆਂ ਵੀ ਇੰਟਰਵਿਊਆਂ ਦਿੱਤੀਆਂ ਹਨ ਆਪਣੀ ਵਿੱਦਿਆ ਦਾ ਸਥਾਨ ਦੱਸਦੇ ਸਮੇਂ ਆਪਣੇ ਕਾਲਜ ਨੂੰ ਮਾਹਿਲਪੁਰ ਯੂਨੀਵਰਸਿਟੀ ਕਹਿੰਦਾ ਆ ਰਿਹਾ ਹਾਂ।



*ਲੇਖਕ ਦੇ ਮਾਹਿਲਪੁਰ ਕਾਲਜ ਦਾ ਵਿਦਿਆਰਥੀ ਹੁੰਦਿਆਂ ਵੇਲੇ ਦੀ ਇਕ ਪੁਰਾਣੀ ਤਸਵੀਰ*

ਹੁਣ ਖੁਦਮੁਖਤਿਆਰ ਹੋਣ ਸਦਕਾ ਇਹ ਕਾਲਜ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਦੇ ਪਾਠਕ੍ਰਮ ਖੁਦ ਨਿਰਧਾਰਤ ਕਰੇਗਾ, ਪਰਚੇ ਪਾਵੇਗਾ, ਨੰਬਰ ਲਾ ਕੇ ਆਪਣੇ ਵਿਦਿਆਰਥੀਆਂ ਨੂੰ ਪੰਜਾਬ ਯੂਨੀਵਰਸਿਟੀ ਦੀ ਮੋਹਰ ਵਾਲੀ ਡਿਗਰੀ ਪ੍ਰਾਪਤ ਕਰਨ ਦੇ ਯੋਗ ਬਣਾ ਸਕੇਗਾ। ਏਥੋਂ ਤੱਕ ਕਿ ਐਮ. ਏ. ਪੱਧਰ ਦਾ ਕੋਈ ਨਵਾਂ ਕੋਰਸ ਸ਼ੁਰੂ ਕਰਨ ਲਈ ਕਿਸੇ ਬਾਹਰੀ ਜਾਂ ਉਚੇਰੀ ਸੰਸਥਾ ਦਾ ਮੁਹਤਾਜ ਨਹੀਂ ਹੋਵੇਗਾ। ਸਾਰੇ ਦੇ ਸਾਰੇ ਅਮਲ ਕਾਲਜ ਨੇ ਆਪੂੰ ਤੈਅ ਕਰਨੇ ਹਨ।

ਹੁਣ ਜਦੋਂ ਕਿ ਇਹ ਕਾਲਜ ਯੂਨੀਵਰਸਿਟੀ ਬਣਨ ਦੇ ਰਾਹ ਤੁਰ ਪਿਆ ਹੈ ਤਾਂ ਮੈਨੂੰ ਹੁਣ ਤੱਕ ਦੀਆਂ ਆਪਣੀਆਂ ਫੜ੍ਹਾਂ ਦਾ ਆਧਾਰ ਦੱਸਣ ਦੀ ਝਿਜਕ ਨਹੀਂ। ਇਸ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਏਥੋਂ ਦੇ ਖਿਡਾਰੀਆਂ ਦੀ ਫੁਟਬਾਲ ਵਿਚ ਸਰਦਾਰੀ ਨੇ ਦਵਾਈ ਹੈ। ਏਥੋਂ ਦੇ ਦੋ ਖਿਡਾਰੀ ਜਰਨੈਲ ਸਿੰਘ ਤੇ ਗੁਰਦੇਵ ਸਿੰਘ ਗਿੱਲ ਅਰਜੁਨਾ ਐਵਾਰਡੀ ਹਨ। ਇਹ ਸਨਮਾਨ ਪ੍ਰਾਪਤ ਕਰਨ ਵਾਲਾ ਪੂਰੇ ਪੰਜਾਬ ਵਿਚ ਇਕ ਹੀ ਹੋਰ ਵਿਦਿਆਰਥੀ ਹੈ ਜਿਹੜਾ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਦਾ ਪੜ੍ਹਿਆ ਹੋਇਆ ਸੀ। ਪ੍ਰਿੰਸੀਪਲ ਹਰਭਜਨ ਸਿੰਘ ਨੂੰ ਖੇਡਾਂ ਨਾਲ ਪਿਆਰ ਸੀ ਤੇ ਉਹ ਫੁੱਟਬਾਲ ਦੇ ਖਿਡਾਰੀਆਂ ਨੂੰ ਆਪਣੇ ਬੱਚਿਆਂ ਵਾਂਗ ਪਾਲਦਾ ਤੇ ਤਿਆਰ ਕਰਦਾ ਸੀ। ਇਸ ਤੋਂ ਪਹਿਲਾਂ ਮਾਹਿਲਪੁਰ ਵਾਲੇ ਸਕੂਲ ਦਾ ਹੈਡਮਾਸਟਰ ਹੁੰਦਿਆਂ ਉਸ ਨੇ ਸਕੂਲ ਦੀ ਰੱਸਾ-ਕਸ਼ੀ ਟੀਮ ਅਜਿਹੀ ਬਣਾ ਛੱਡੀ ਸੀ ਕਿ ਸ਼ੁਰੂ ਦੀ ਅਜਮਾਇਸ਼ ਪਿੱਛੋਂ ਮਾਹਿਲਪੁਰ ਵਾਲੇ ਕਈ ਵਾਰੀ ਇੱਕ ਹੱਥ ਛੱਡ ਕੇ ਇਕੱਲੇ ਹੱਥ ਨਾਲ ਹੀ ਰੱਸਾ ਖਿੱਚ ਕੇ ਵਿਰੋਧੀ ਟੀਮ ਨੂੰ ਧੂਹ ਲਿਜਾਂਦੇ।

ਖੇਡਾਂ ਤੋਂ ਬਿਨਾ ਇਸ ਕਾਲਜ ਦੇ ਇੱਕ ਵਿਦਿਆਰਥੀ ਮਹਿੰਗਾ ਸਿੰਘ ਉਦਾਸ ਨੇ ਐਫ ਏ ਵਿਚ ਇਨੇ ਨੰਬਰ ਪ੍ਰਾਪਤ ਕੀਤੇ ਸਨ ਕਿ ਕਈ ਸਾਲ ਉਸ ਦਾ ਰਿਕਾਰਡ ਤੋੜਨ ਵਾਲਾ ਕੋਈ ਨਹੀਂ ਸੀ ਜੰਮਿਆ। ਇਕ ਹੋਰ ਵਿਦਿਆਰਥੀ ਯਸ਼ਦੀਪ ਸਿੰਘ ਬੈਂਸ ਨੇ ਅਮਰੀਕਾ ਦੀ ਮੈਂਫਿਸ ਯੂਨੀਵਰਸਿਟੀ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਲਗਣ ਉਪਰੰਤ ਦੁਨੀਆਂ ਭਰ ਵਿਚ ਸ਼ੇਕਸਪੀਅਰ ਉਤੇ ਮਾਸਟਰੀ ਦੀ ਧਾਂਕ ਜਮਾਈ ਹੈ। ਸਕੂਲ ਤੇ ਕਾਲਜ ਪੱਧਰ ਦੀਆਂ ਵਿਦਿਆ ਪ੍ਰਣਾਲੀਆਂ ਦੇ ਡਾਇਰੈਕਟਰ ਤਾਂ ਏਥੋਂ ਦੇ ਪੜ੍ਹੇ ਹੋਏ ਉਜਾਗਰ ਸਿੰਘ ਬੰਗਾ, ਸੋਹਣ ਲਾਲ ਤੇ ਗੁਰਦੇਵ ਸਿੰਘ ਸੈਣੀ ਵੀ ਬਣ ਚੁੱਕੇ ਹਨ। ਏਥੋਂ ਦੇ ਅਧਿਆਪਕਾਂ ਵਿਚੋਂ ਸੁਜਾਨ ਸਿੰਘ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ ਦੀ ਪਦਵੀ ਤੱਕ ਪਹੁੰਚਿਆ ਤੇ ਦੋ ਹੋਰ ਅਧਿਆਪਕ ਗੁਰਦੀਪ ਸਿੰਘ ਰੰਧਾਵਾ ਤੇ ਸੁਰਜੀਤ ਸਿੰਘ ਬੱਲ ਕ੍ਰਮਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ ਚਾਂਸਲਰ ਬਣੇ। ਇੱਕ ਅਧਿਆਪਕ ਡਾ. ਸੁਰਜੀਤ ਹਾਂਸ ਨੇ ਸਮੁੱਚੇ ਸ਼ੇਕਸਪੀਅਰ ਦਾ ਇੱਕ ਇੱਕ ਸ਼ਬਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਉਲਥਾ ਕੇ ਨਾਂ ਬਣਾਇਆ ਹੈ।

ਮੇਰੇ ਲਈ ਤਾਂ ਇਹ ਜਾਣਕਾਰੀ ਵੀ ਨਵੀਂ ਹੈ ਕਿ ਇਸ ਕੈਂਪਸ ਵਿਚ ਹੁਣ ਸਵਿਮਿੰਗ ਪੂਲ, ਜਿਮਨੇਜ਼ੀਅਮ, ਇਨਡੋਰ ਤੇ ਆਊਟਡੋਰ ਖੇਡ ਮੈਦਾਨਾਂ ਤੋਂ ਬਿਨਾਂ ਯੋਗਾ, ਕਰਾਟੇ ਤੇ ਸਕੇਟਿੰਗ ਦੀ ਵਿਸ਼ੇਸ਼ ਸਿੱਖਲਾਈ ਦੀ ਸਹੂਲਤ ਹੈ ਤੇ ਏਥੋਂ ਦੇ ਉਸਤਾਦ ਧੁਰ ਦੱਖਣ ਦੇ ਕੇਰਲ ਆਦਿ ਰਾਜਾਂ ਤੋਂ ਆ ਕੇ ਸਾਡੇ ਇਲਾਕੇ ਦੇ ਵਿਦਿਆਰਥੀਆਂ ਨੂੰ ਵਿਦਿਆ ਦਿੰਦੇ ਹਨ। ਪਿਛਲੇ ਦਿਨਾਂ ਵਿਚ ਕਾਲਜ ਵਲੋਂ ਇਸ ਦੀ ਸਥਾਪਨਾ ਤੋਂ ਪਿੱਛੋਂ ਪਹਿਲੀ ਵਾਰ ਕਰਵਾਏ ਪੁਰਾਣੇ ਵਿਦਿਆਰਥੀਆਂ ਦੇ ਸਮਾਗਮ ਵਿਚ ਮੈਨੂੰ ਆਪਣੇ ਚਿਰੀਂ ਵਿਛੁਨੇ ਹਮਜਮਾਤੀ ਹੰਸ ਰਾਜ ਸਵੈਨ ਨੂੰ ਮਿਲਣ ਦਾ ਮੌਕਾ ਮਿਲਿਆ। ਉਹ ਹਰਿਆਣਾ ਦੀ ਪੁਲਿਸ ਦਾ ਡਾਇਰੈਕਟਰ ਜਨਰਲ ਰਹਿ ਚੁੱਕਾ ਹੈ। ਕਮਾਲ ਦੀ ਗੱਲ ਇਹ ਕਿ ਉਹਦੇ ਕੋਲ ਸਾਡੇ ਵੇਲਿਆਂ ਦੀ ਕਨਵੋਕੇਸ਼ਨ ਵਾਲੀ 6 ਮਾਰਚ 1954 ਦੀ ਉਹ ਫੋਟੋ ਵੀ ਸੰਭਾਲ ਕੇ ਰੱਖੀ ਪਈ ਹੈ ਜਿਸ ਵਿਚ ਪ੍ਰਤਾਪ ਸਿੰਘ ਕੈਰੋਂ ਦੇ ਖੱਬੇ ਸੱਜੇ ਹਰਭਜਨ ਸਿੰਘ ਤੇ ਸੁਜਾਨ ਸਿੰਘ ਬੈਠੇ ਹਨ ਤੇ ਖੜੇ ਅਧਿਆਪਕਾਂ ਵਿਚ ਸਜਿਉਂ ਪਹਿਲਾ ਸੁਰਜੀਤ ਸਿੰਘ ਬੱਲ। ਸਭ ਤੋਂ ਉਤਲੀ ਕਤਾਰ ਵਿਚ ਖੱਬੇ ਹੱਥੋਂ ਤੀਜਾ ਸਵੈਨ ਹੈ ਤੇ ਸਭ ਤੋਂ ਸੱਜੇ ਮੈਂ।

ਖੁਦਮੁਖਤਿਆਰੀ ਸਿਆਣੀ ਵਿਉਂਤਬੰਦੀ ਕੀਤੇ ਬਿਨ ਨਹੀਂ ਮਿਲਦੀ। ਸ਼ਰਤਾਂ ਹੀ ਬੜੀਆਂ ਸਖ਼ਤ ਹਨ। ਇਸ ਕਾਲਜ ਨੂੰ ਸਭ ਸ਼ਰਤਾਂ ਉਤੇ ਪੂਰਾ ਉਤਾਰਨ ਵਾਲਾ ਵਰਤਮਾਨ ਪ੍ਰਿੰਸੀਪਲ ਡਾਕਟਰ ਐਸ. ਐਸ. ਰੰਧਾਵਾ ਹੈ। ਹੁਣ ਮੈਨੂੰ ਜਾਪਦਾ ਹੈ ਕਿ ਇਸ ਕਾਲਜ ਦੇ ਯੂਨੀਵਰਸਿਟੀ ਬਣਨ ਵਾਲਾ ਮੇਰਾ ਸੁਪਨਾ ਸਾਕਾਰ ਹੋਣ ਵਿਚ ਬਹੁਤੀ ਦੇਰੀ ਨਹੀਂ। ਹੋ ਸਕਦਾ ਹੈ ਮੇਰੇ ਜੀਉਂਦੇ ਜੀਅ ਹੀ ਬਣ ਜਾਵੇ। ਜੇ ਨਹੀਂ ਤਾਂ ਡੀਮਡ ਯੂਨੀਵਰਸਿਟੀ ਦੀ ਪਦਵੀ ਤਾਂ ਕਿਧਰੇ ਨਹੀਂ ਜਾਂਦੀ। ਆਉਣ ਵਾਲੇ ਛੇ ਸਾਲ ਅਜ਼ਮਾਇਸ਼ੀ ਹਨ।

**ਅੰਤਿਕਾ:** (ਮੁਹੰਮਦ ਇਕਬਾਲ)

ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈਂ,
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ।
ਕਨਾਅਤ ਨਾ ਕਰ ਆਲਿਮ ਏ ਰੰਗ-ਓ-ਬੂ ਪਰ
ਚਮਨ ਔਰ ਭੀ ਆਸ਼ੀਆਂ ਔਰ ਭੀ ਹੈਂ।
ਤੂ ਸ਼ਾਹੀਂ ਹੈ ਪਰਵਾਜ਼ ਹੈ ਕਾਮ ਤੇਰਾ
ਤੇਰੇ ਸਾਮਨੇ ਆਸਮਾਂ ਔਰ ਭੀ ਹੈਂ।
ਗਏ ਦਿਨ ਕਿ ਤਨਹਾ ਥਾ ਮੈਂ ਅੰਜੁਮਨ ਮੇਂ
ਯਹਾਂ ਅਬ ਮੇਰੇ ਰਾਜ਼ਦਾਂ ਔਰ ਭੀ ਹੈਂ।




# Global Multi Services

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

### ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

**ਇਸ ਮਹੀਨੇ ਸਪੈਸ਼ਲ ਆਫਰ**

**8 Drive Tire for $2300+Tax**

**80,000 Miles Warranty**



***Repair Shop***

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
**ਫੋਨ: 209-547-9210**
**ਫੈਕਸ: 209-547-9211**

**Dispatch**

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
**ਫੋਨ: 209-547-9210**
**ਫੈਕਸ: 209-547-9211**

***Registration Services***

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।
**ਫੋਨ: 209-982-9996**
**ਫੈਕਸ: 209-982-9997**

**Allignment, Axle, Speceial Offer $179**
*(Exp: March 31, 2013)*

**ਅਸੀਂ ਹੁਣ ਟਰੱਕ ਤੇ ਟਰੇਲਰ ਦੀ ਅਲਾਈਨਮੈਂਟ ਵੀ ਕਰਦੇ ਹਾਂ**

**ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop**




**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ**
**Stockton ਵਿਚ Highway 4 ਦੇ ਬਿਲਕੁਲ ਨਜ਼ਦੀਕ**
**1950 E. Miner Ave., Stockton, CA 95205**

**ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ**

**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**



# ਤਾਰਾ ਸਾਗਰ ਦੀ 'ਰੇਤ ਮਹਿਲ': ਕਾਵਿ ਜਗਤ ਦੀ ਵਿਲੱਖਣ ਪੈੜ

**ਪੁਸਤਕ ਪੜਚੋਲ**

**ਐਸ. ਅਸ਼ੋਕ ਭੌਰਾ**

'ਰੇਤ ਮਹਿਲ' ਤਾਰਾ ਸਿੰਘ ਸਾਗਰ ਦੀ ਪਲੇਠੀ ਕਾਵਿ ਪੁਸਤਕ ਹੈ। ਉਸ ਦੇ ਕਹਿਣ ਅਨੁਸਾਰ ਇਹ ਪੁਸਤਕ ਉਹਨੇ ਇਕ ਦਹਾਕੇ ਤੋਂ ਵੱਧ ਸਮੇਂ ਵਿਚ ਲਿਖੀ ਹੈ। ਕਵੀ ਦਰਬਾਰਾਂ ਜਾਂ ਅਦਬੀ ਮਹਿਫ਼ਲਾਂ ਵਿਚ ਤਾਰਾ ਸਾਗਰ ਨੂੰ ਜੇਬ ਜਾਂ ਬਟੂਏ 'ਚੋਂ ਕਾਗਜ਼ ਦਾ ਟੁੱਕੜਾ ਕੱਢ ਕੇ ਗ਼ਜ਼ਲ ਜਾਂ ਗੀਤ ਸੁਣਾਉਂਦੇ ਤਾਂ ਅਸੀਂ ਅਕਸਰ ਦੇਖਿਆ ਹੈ ਪਰ ਚੁਪ-ਚੁਪੀਤੇ 'ਰੇਤ ਮਹਿਲ' ਨਾਲ ਪੰਜਾਬੀ



ਤਾਰਾ ਸਾਗਰ

ਦੇ ਅਦਬੀ ਖੇਤਰ ਵਿਚ ਖੜਾਕਾ ਹੀ ਨਹੀਂ ਹੋਇਆ, ਸ਼ਬਦਾਂ ਦਾ ਛਣਕਾਟਾ ਵੀ ਪਿਆ ਹੈ। ਕਹਿ ਸਕਦੇ ਹਾਂ ਕਿ ਸਾਗਰ ਸਮਰੱਥ ਸ਼ਾਇਰ ਬਣ ਕੇ ਸਾਹਮਣੇ ਆ ਰਿਹਾ ਹੈ। ਇਹ ਤਾਂ ਨਹੀਂ ਕਹਿ ਸਕਦੇ ਕਿ ਤਾਰਾ ਸਿੰਘ ਸਾਗਰ 'ਰੇਤ ਮਹਿਲ' ਨਾਲ ਸਾਰੇ ਸਮਰੱਥ ਸ਼ਾਇਰਾਂ ਨੂੰ ਲਾਂਭੇ ਕਰ ਗਿਆ ਹੈ, ਪਰ ਇਹ ਜ਼ਰੂਰ ਕਹਿ ਸਕਦੇ ਹਾਂ ਕਿ ਤੇਲੀ-ਕਾਂਡੀ ਪੁਰਾਣੀ ਵੀ ਹੋਵੇ, ਮਟੀਰੀਅਲ ਸਾਰੇ ਦਾ ਸਾਰਾ ਨਵਾਂ ਹੈ। 'ਰੇਤ ਮਹਿਲ' ਦੇ ਹਵਾਲੇ ਨਾਲ ਇਹ ਗੱਲ ਕਹੀ ਜਾ ਸਕਦੀ ਹੈ ਕਿ ਉਸ ਨੇ ਖੁੱਲ੍ਹੀ ਕਵਿਤਾ ਵਿਰੁਧ ਵਿਚਾਰਧਾਰਾ ਨੂੰ ਚੁੱਪ ਰਹਿਣ ਦਾ ਸੰਕੇਤ ਜ਼ਰੂਰ ਦਿੱਤਾ ਹੈ।

ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਪ੍ਰਕਾਸ਼ਿਤ ਇਸ ਪੁਸਤਕ ਦੇ ਇਕ ਸੌ ਚਾਰ ਪੰਨੇ ਹਨ ਤੇ ਇਹ ਇਕਵੰਜਾ ਨਜ਼ਮਾਂ, ਗ਼ਜ਼ਲਾਂ ਤੇ ਗੀਤਾਂ ਦਾ ਸੰਗ੍ਰਹਿ ਹੈ। ਵਿਸ਼ਾ-ਵਸਤੂ ਸਿਰਫ਼ ਆਮ ਕਵੀਆਂ ਵਾਂਗ ਪਿਆਰ ਦੇ ਨਿਹੋਰਿਆਂ ਦੁਆਲੇ ਹੀ ਨਹੀਂ ਘੁੰਮਦਾ, ਸਗੋਂ ਕਈ ਥਾਂ ਤਾਰਾ ਸਾਗਰ ਆਪਣੇ ਸੁਭਾਅ ਦੇ ਉਲਟ ਜੁਝਾਰਵਾਦੀ ਹੁੰਦਿਆਂ ਖੱਬੇ ਪੱਖੀ ਸੋਚ ਵੱਲ ਪੂਰੇ ਦਾ ਪੂਰਾ ਉਲਾਰਵਾਦੀ ਹੋ ਗਿਆ ਪ੍ਰਤੀਤ ਹੁੰਦਾ ਹੈ। ਹਵਾਲੇ ਵਜੋਂ:

ਧਰਤੀ ਦਾ ਫਟਿਆ ਸੀਨਾ
ਫਿਰ ਮਿਲ ਰਿਹਾ ਹੈ
ਢਹੇ ਝੁੱਗੀਆਂ, ਢਾਰੇ ਤੇ
ਮਕਾਨ ਫਿਰ ਉਸਰ ਰਹੇ ਨੇ।
ਗੁਆ ਚੁੱਕੇ ਜੀਆਂ ਨੂੰ ਭੁੱਲ ਕੇ
ਲੋਕ ਫਿਰ ਹੱਸਣ ਖੇਡਣ ਲੱਗੇ ਨੇ...।

ਕਵਿਤਾ ਨੂੰ ਇਸ ਵੰਨਗੀ ਮੁਜਬ ਵੇਖਿਆ ਜਾ ਸਕਦਾ ਹੈ। ਸਾਮਰਾਜਵਾਦ ਤੇ ਅਮਰੀਕੀ ਹਉਮੈ ਨਾਲ ਤਬਾਹ ਹੋਈ ਆਪਣੀ ਆਰਥਿਕਤਾ ਨੂੰ ਉਹ ਚੁੱਪ ਵਿਚ ਵਲੇਟ ਕੇ ਜਿਹੜੀ ਵੱਟੀ ਅਗਨਬਾਣ ਵਾਂਗ ਸਿੱਧੀ ਮਾਰਦਾ ਹੈ, ਉਹ ਤਾਰਾ ਸਾਗਰ ਅੰਦਰ ਉਸਲਵੱਟ ਲੈਂਦਾ ਕਾਮਰੇਡ ਵੀ ਝਲਕਦਾ ਹੈ:

ਜ਼ਖ਼ਮੀ ਨਾਗਰਿਕ
ਅਖੌਤੀ ਹਮਲਿਆਂ ਦੇ ਸ਼ਿਕਾਰ
ਤ੍ਰਾਹ ਤ੍ਰਾਹ ਕਰਦੀ ਖਲਕਤ
ਭੁਸਕਦੀ ਮਨੁੱਖਤਾ
ਹੱਥ ਫੈਲਾਉਂਦੀ
ਜੀਵਨ ਲਈ, ਉਸ ਅੱਗੇ
ਤੇ ਉਹ ਖਲਕਤ ਨੂੰ ਵੰਡਦਾ ਹੈ
ਅਫ਼ਗਾਨਿਸਤਾਨ, ਇਰਾਕ, ਇਰਾਨ ਵਰਗੇ
ਨਾਂਵਾਂ ਵਿਚ
ਤੇ ਧਰ ਦਿੰਦਾ ਹੈ
'ਅਮਨ' ਨਾਂ ਦਾ ਇਕ ਬੰਬ
ਜਲ ਰਹੇ ਹੱਥਾਂ ਵਿਚ।

'ਪਾਠਸ਼ਾਲਾ ਦੇ ਗੇਟ ਕੋਲ' ਨਾਮੀ ਕਵਿਤਾ ਵਿਚ ਤਾਰਾ ਸਾਗਰ ਆਪਣੇ ਚਿਹਰੇ ਦੇ ਸਰਲ ਹਾਵ-ਭਾਵਾਂ ਦੇ ਉਲਟ ਮਾਸੂਮ ਚਿਹਰਿਆਂ ਦੇ ਦੁੱਖ ਦਾ ਸੰਤਾਪ ਪੜ੍ਹਦਿਆਂ ਲਾਲ-ਪੀਲਾ ਵੀ ਹੁੰਦਾ ਜਾਪਦਾ ਹੈ:

ਅਫ਼ਗਾਨਿਸਤਾਨ ਦੀ ਇਕ ਨੁੱਕਰ ਵਿਚ
ਬੱਚੇ ਸਹਿਮ ਜਾਂਦੇ ਹਨ
ਪਾਠਸ਼ਾਲਾ ਦੇ ਗੇਟ ਕੋਲ ਆਉਂਦਿਆਂ
ਫੌਜ ਤਲਾਸ਼ੀ ਲੈਂਦੀ ਹੈ
ਦੁਧਿਆਲੇ ਮੂੰਹਾਂ ਵੱਲ
ਬਚਪਨ ਦੀ
ਤੇ ਇਹੀ ਸਹਿਮ
ਲੈ ਜਾਂਦਾ ਹੈ ਕੋਹਾਂ ਦੂਰ
ਅਸਲ ਗਿਆਨ ਤੋਂ
ਵਿਗਿਆਨ ਤੋਂ
ਤੇ ਆ ਜਾਂਦੇ ਹਨ ਬੰਬ ਵੀ
ਬੱਚਿਆਂ ਦੇ ਬਸਤਿਆਂ ਵਿਚ...।

ਸਾਗਰ ਅਮਰੀਕਾ ਵਿਚ ਰਹਿੰਦਿਆਂ ਵੀ ਸੱਚ ਤੇ ਸੱਚਾਈ ਦੀ ਪੌੜੀ ਚੜ੍ਹਦਿਆਂ ਅਮਰੀਕੀ ਹਾਕਮਾਂ ਦੀ ਹਉਮੈ ਵਿਚ ਚੁਸਤੀ ਨਾਲ ਕੂਹਣੀ ਮਾਰਦਾ ਲਗਦਾ ਹੈ:

ਭੀੜ ਪਈ 'ਤੇ ਕੋਈ ਨਾ ਪੁੱਜਿਆ
ਆਖਣ ਨੂੰ ਸਾਂਝਾ ਦੁੱਖ ਸੁੱਖ ਸੀ
ਫੌਜ ਚੜ੍ਹੀ ਸੀ ਖਾੜੀ 'ਤੇ ਤਦ
ਹਮਲਾਵਰ ਨੂੰ ਤੇਲ ਦੀ ਭੁੱਖ ਸੀ।

ਜ਼ਿੰਦਗੀ ਦੇ ਅਜ਼ੀਮ ਤਜਰਬਿਆਂ ਤੇ ਖਲਕਤ ਵਿਚ ਉਠਦਾ ਕਈ ਥਾਂ ਸੁਆਰਥਾਂ ਦਾ ਧੂੰਆਂ ਉਹ




ਆਪਣੀਆਂ ਨਜ਼ਰਾਂ 'ਤੇ ਭਾਰੂ ਪੈਂਦਾ ਮਹਿਸੂਸ ਵੀ ਕਰਦਾ ਹੈ। ਪਹਿਲਾਂ ਜੀਅ ਭਰ ਕੇ ਮਨ ਭਾਉਂਦਾ ਖਰੀਦ ਕੇ, ਬਾਅਦ ਵਿਚ ਕਰੈਡਿਟ ਪ੍ਰਣਾਲੀ ਨਾਲ ਅਦਾਇਗੀ ਨੂੰ ਅਸਲ ਵਿਚ ਅਰਥ ਸ਼ਾਸਤਰੀ ਜਾਣਦੇ ਹਨ ਕਿ ਪੈਸਾ ਕਮਾਉਣਾ ਹਮੇਸ਼ਾ ਚਲਾਕੀ ਦੀ ਖੇਡ ਰਿਹਾ ਹੈ। ਨਿੱਤ ਦਾ ਇਹ ਵਰਤਾਰਾ ਕੁਝ ਸਮੇਂ ਲਈ ਖਪਤਕਾਰ ਨੂੰ ਨਜ਼ਾਰਾ ਦਿੰਦਾ ਹੈ, ਪਰ ਅਗਲੀ ਸਵੇਰ ਕਿਸ਼ਤਾਂ ਮੋੜਨ ਦੇ ਚੱਕਰਵਿਊ ਵਿਚ ਉਲਝਾ ਲੈਂਦਾ ਹੈ; ਜਦੋਂ ਕਿ ਇਹੋ 'ਇਕਨਾਮਿਕਸ' ਪਹਿਲਾਂ ਕਮਾਓ ਤੇ ਫਿਰ ਖਰਚੋ ਦਾ ਸਿਧਾਂਤ ਸਿਖਾਉਂਦੀ ਹੈ। ਡਾਲਰਾਂ ਦੀ ਚਕਾਚੌਂਧ ਨੂੰ ਦਰਸਾਉਂਦਿਆਂ ਤਾਰਾ ਸਿੰਘ ਦੋ ਨੰਬਰ ਦਾ ਸਹਿਰੀ ਹੋ ਕੇ 'ਬੇਗਾਨੇ ਦੇਸ਼ ਵਿਚ' ਅੰਦਰਲਾ ਮਨੁੱਖ 'ਵਿਕਰਮ ਬੇਤਾਲ' ਵਾਂਗ ਬਾਹਰ ਕੱਢਦਾ ਹੈ:

ਬੇਗਾਨੇ ਦੇਸ਼ ਵਿਚ
ਮਿਲ ਗਿਆ ਹੈ
ਵਧੀਆ ਕੱਪੜਾ
ਵਧੀਆ ਜੁੱਤੀ।
ਵਧੀਆ ਵਿਲਾ
ਵਧੀਆ ਕਾਰਾਂ।
ਪਰ ਗੁਆ ਲਿਆ ਹੈ
ਚੈਨ, ਆਰਾਮ।
ਦੇਸ਼, ਧੀ-ਪੁੱਤ
ਮਾਂ-ਪਿਉ, ਭੈਣ-ਭਰਾ ਤੇ ਮੋਹ...।

ਪਰਦੇਸੀ ਹੋਣ ਦਾ ਮਿੱਠਾ ਲਗਦਾ ਅਨੁਭਵ ਅਸਲ ਵਿਚ ਕੌੜਾ ਹੀ ਕੌੜਾ ਹੈ। ਸ਼ਹੀਦ ਭਗਤ ਸਿੰਘ ਵਾਲੀ ਮਿੱਟੀ ਵਿਚ ਜੰਮਿਆ ਹੋਣ ਕਰ ਕੇ ਉਹ ਕਾਫ਼ੀ ਉਲਾਰਵਾਦੀ ਵੀ ਹੋ ਜਾਂਦਾ ਹੈ ਤੇ ਸ਼ਹੀਦ ਦੇ ਨਾਂ 'ਤੇ ਬਣੇ ਜ਼ਿਲ੍ਹੇ ਦੇ ਪਿੰਡ ਦੌਲਤਪੁਰ ਵਿਚ ਬੱਬਰਾਂ ਦੇ ਸੰਘਰਸ਼ ਦੀ ਪਾਣ ਚੜ੍ਹੀ ਹੋਣ ਕਾਰਨ ਉਹ ਆਪਣੇ ਮੁਲਕ ਵਿਚ ਸ਼ਹੀਦ ਭਗਤ ਸਿੰਘ ਦੀ ਫੋਟੋ ਕਰੰਸੀ ਨੋਟਾਂ 'ਤੇ ਲੱਗਣ ਦੀ ਮੰਗ ਨੂੰ ਨਕਾਰਦਾ ਜਾਂ ਦੁਰਕਾਰਦਾ ਨਹੀਂ, ਸਗੋਂ ਆਪਣੇ ਜਜ਼ਬਾਤੀ ਖਿਆਲਾਂ ਦੀ ਪੂਣੀ ਆਪਣੀ ਨਜ਼ਮ 'ਨੋਟਾਂ 'ਤੇ ਫੋਟੋ' ਵਿਚ ਹੋਰ ਤਰ੍ਹਾਂ ਕੱਤਦਾ ਹੈ:

ਮਲਾਲ ਨਹੀਂ ਹੈ
ਗਾਂਧੀ ਦੀ ਫੋਟੋ ਵੇਖ ਕੇ ਨੋਟਾਂ 'ਤੇ
ਹੋਵੇ ਮੈਨੂੰ ਕੀ
ਭਾਵੇਂ ਜੁਆਕਾਂ ਦੀਆਂ ਨਿੱਕਰਾਂ 'ਤੇ
ਕ੍ਰਿਕਟ ਦੇ ਬੱਲਿਆਂ 'ਤੇ
ਲੋਫ਼ਰਾਂ ਦੀਆਂ ਬੁਨੈਣਾਂ 'ਤੇ
ਸਿਗਰਟ, ਬੀੜੀ ਦਿਆਂ ਡੱਬਿਆਂ 'ਤੇ
ਟਿਸ਼ੂ ਪੇਪਰਾਂ 'ਤੇ
ਜਾਂ ਕਿਤੇ ਹੋਰ ਪਾਨ ਖਾਨਿਆਂ ਦੀਆਂ ਜੇਬਾਂ ਵਿਚ
ਪਰ ਭਗਤ ਸਿੰਹਾਂ ਤੇਰੀ ਫੋਟੋ
ਨੋਟਾਂ 'ਤੇ ਨਾ ਹੀ ਆਵੇ ਤਾਂ ਚੰਗਾ ਹੈ।
ਸਤਿਕਾਰ ਬਣਿਆ ਰਹੇ
ਤੂੰ ਤਾਂ ਸਾਡੇ ਦਿਲ 'ਚ ਵਸਦੈਂ...।

'ਧਰਮ' ਕਵਿਤਾ ਵਿਚ ਤਾਰਾ ਸਾਗਰ ਅਖੌਤੀ ਧਰਮ ਪ੍ਰਚਾਰਕਾਂ, ਡੇਰਾਵਾਦ ਅਤੇ ਧਰਮ ਕਾਰਨ ਸਿੱਖਿਆ ਦੇ ਉਲਟ ਫੈਲਦੀ ਸਮਾਜਕ ਨਾਬਰਾਬਰੀ ਦਾ ਝੋਰਾ ਧਰਮ ਦੀ ਡੋਰ ਅਧਰਮੀ ਲੋਕਾਂ ਦੇ ਹੱਥ ਹੋਣ ਹੀ ਫਿੱਟ ਲਾਹਣਤ ਪਾਉਣ ਵਿਚ ਸਫਲ ਹੈ ਤੇ ਧਰਮ-ਅਧਰਮ ਦੀ ਨਿੱਕੀ ਜਿਹੀ ਕਾਵਿ ਟੁਕੜੀ ਵਿਚ ਪੁੱਠੀ ਚਪੇੜ ਨਾਲ ਕੁਝ ਲੋਕਾਂ ਦਾ ਲਾਲ ਮੂੰਹ ਕਰਨ ਦਾ ਸਫ਼ਲ ਯਤਨ ਸ਼ਾਇਰ ਦੇ ਜੁਗਾੜ ਵਿਚ ਕਿਵੇਂ ਹੈ?

ਅਧਰਮ ਸੀ...
ਮਰੀ ਹੋਈ ਗਾਂ ਦਾ ਚਮੜਾ ਲਾਹੁਣਾ
ਮਰੀ ਹੋਈ ਗਾਂ ਦੇ ਹੱਡ ਵੇਚਣੇ
ਮਰੀ ਹੋਈ ਗਾਂ ਦੀ ਪੂਜਾ ਨਾ ਕਰਨਾ
ਧਰਮ ਸੀ...
ਚਮੜਾ ਲਾਹੁਣ ਵਾਲਿਆਂ ਦੀਆਂ
ਅੱਖਾਂ ਕੱਢ ਦੇਣਾ
ਹੱਡ ਵੇਚਣ ਵਾਲਿਆਂ ਦੇ ਹੱਡ ਤੋੜ ਦੇਣੇ
ਪੂਜਾ ਕਰਨ ਵਾਲਿਆਂ ਨੂੰ
ਲਾਸ਼ਾਂ ਵਿਚ ਬਦਲ ਦੇਣਾ...।

ਅਜਿਹੀ ਪਹੁੰਚ ਹੀ ਤਾਰਾ ਸਾਗਰ ਨੇ 'ਬੇਗਮਪੁਰਾ' ਕਵਿਤਾ ਵਿਚ ਉਚੇ ਨੀਵੇਂ ਖਿਆਲਾਂ ਵਿਚ ਖਿਲਰੀ ਤੇ ਉਖੜੀ ਸੋਚ ਨੂੰ ਲਾਹਣਤ ਪਾਉਣ ਵਿਚ ਅਪਨਾਈ ਹੈ।

ਕਹਿ ਸਕਦੇ ਹਾਂ ਕਿ ਤਾਰਾ ਸਾਗਰ ਉਮਰ ਦੇ ਕਿਸੇ ਵੀ ਪੜਾਅ 'ਤੇ ਹੋਵੇ, ਪਰ 'ਰੇਤ-ਮਹਿਲ' ਵਿਚਲੇ ਗੀਤਾਂ ਨਾਲ ਉਹ ਜੋਬਨ ਦੀ ਕਿੱਕਲੀ ਦਾ ਅਨੰਦ ਮਾਣਦਾ ਲਗਦਾ ਹੈ; ਜਿਵੇਂ:

ਕੋਈ ਕਹਿੰਦਾ ਹੀਰ ਸੋਹਣੀਏ
ਕੋਈ ਪਰੀਆਂ ਦੀ ਰਾਣੀ
ਹੁਸਨ ਤੇਰੇ 'ਤੇ ਸ਼ਰਤਾਂ ਲਾਉਂਦੇ
ਗੱਭਰੂ ਤੇਰੇ ਹਾਣੀ...।

ਦੋਗਾਣੇ ਵਿਚ ਰੁਮਾਂਸ ਉਹ ਵਿਗਿਆਨਕ ਢੰਗ ਨਾਲ ਭਰਨ ਦੀ ਕੋਸ਼ਿਸ਼ ਕਰਦਾ ਹੈ। 'ਚੰਨਾ ਭੁੱਲ ਜਾ ਤੂੰ ਚੰਨ 'ਤੇ ਪਲਾਟ ਨੂੰ, ਬੱਸ ਦਿਲ ਵਿਚ ਰੱਖੀਂ ਦੇ ਕੇ ਥਾਂ' ਦੇ ਮੁਤਾਲਬੇ ਵਿਚ ਗੱਭਰੂ ਦਾ ਤਰਲਾ ਤੇ ਪੇਸ਼ਕਸ਼ ਕਿਆ ਖੂਬ ਬਿਆਨਦਾ ਹੈ:

ਤੈਨੂੰ ਦੂਰ ਨਹੀਓਂ ਜਾਣ ਦੇਣਾ ਸੋਹਣੀਏ
ਸੁੱਚੇ ਸਾਹਾਂ ਵਿਚ ਲੈਣਾ ਹੈ ਵਸਾ,
ਅਸੀਂ ਚੰਨ 'ਤੇ ਪਲਾਟ ਹੈ ਖਰੀਦਿਆ
ਤੈਨੂੰ ਬੰਗਲਾ ਵੀ ਦਿਆਂਗੇ ਬਣਾ।

ਪੁਸਤਕ ਵਿਚਲੀਆਂ ਸਾਰੀਆਂ ਗ਼ਜ਼ਲਾਂ ਵਿਚ ਉਹ ਸ਼ਾਇਰ ਦੇ ਅਸਲ ਰੋਗ ਦੀ ਪਿਆਰ ਭਰੀ ਹੋਲੀ ਖੇਡਣ ਵਿਚ ਸਫ਼ਲ ਹੈ। ਨਿਸ਼ਚੇ ਹੀ 'ਰੇਤ ਮਹਿਲ' ਤਾਰਾ ਸਾਗਰ ਦੀ ਪੁਸਤਕ ਹੀ ਨਹੀਂ, ਸਗੋਂ ਕਵਿਤਾ ਦੇ ਸਾਰੇ ਅੰਗਾਂ ਨੂੰ ਰੂਪਮਾਨ ਕਰਦੀ ਹੈ ਤੇ ਇਹ ਉਨ੍ਹਾਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ ਜੋ ਨਾ ਸਿਰਫ਼ ਗੁਲਾਬ ਨੂੰ, ਸਗੋਂ ਬੂਟੇ ਨੂੰ ਵੀ ਅਗਰਬੱਤੀ ਕਰਦੇ ਹਨ।

# ਗੱਲ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਦੀ

ਪੰਜਾਬ ਟਾਈਮਜ਼ ਵਿਚ ਪਿਛਲੇ ਕੁਝ ਸਮੇਂ ਤੋਂ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਬਾਰੇ ਖ਼ਬਰਾਂ ਛਪ ਰਹੀਆਂ ਹਨ। ਹਾਲ ਹੀ ਵਿਚ ਦੋ ਖ਼ਬਰਾਂ ਉਪਰੋਥਲੀ ਛਪੀਆਂ। ਦੋਵੇਂ ਖ਼ਬਰਾਂ ਇਕ ਦੂਜੇ ਦੇ ਉਲਟ ਸਨ। ਸਪੱਸ਼ਟ ਹੈ ਕਿ ਦੋਵਾਂ ਧਿਰਾਂ 'ਚੋਂ ਇਕ ਧਿਰ ਝੂਠ ਬੋਲ ਰਹੀ ਹੈ ਜਾਂ ਕੋਈ ਵੀ ਧਿਰ ਪੂਰਾ ਸੱਚ ਨਹੀਂ ਬੋਲਦੀ। ਜੇਕਰ ਅਦਾਲਤੀ ਹੁਕਮਾਂ ਦੀ ਨਕਲ ਗੁਰਦੁਆਰੇ ਦੇ ਨੋਟਿਸ ਬੋਰਡ 'ਤੇ ਲਾ ਦਿੱਤੀ ਜਾਵੇ ਤਾਂ ਸਭ ਕੁਝ ਸਪੱਸ਼ਟ ਹੋ ਜਾਵੇਗਾ ਕਿ ਕੌਣ ਠੀਕ ਹੈ ਤੇ ਕੌਣ ਗਲਤ। ਮੈਂ ਇਸ ਗੁਰੂ ਘਰ ਨਾਲ ਲੰਬੇ ਸਮੇਂ ਤੋਂ ਜੁੜਿਆ ਹੋਇਆ ਹਾਂ। ਮੌਜੂਦਾ ਅਖੌਤੀ ਨੇਤਾਵਾਂ ਦੀਆਂ ਆਪਹੁਦਰੀਆਂ ਦੇਖ ਕੇ ਮੇਰੇ ਵਰਗੇ ਕਈ ਲੋਕ ਪਿੱਛੇ ਹੱਟ ਗਏ। ਪਰ ਦੁੱਖ ਹੁੰਦਾ ਹੈ ਜਦੋਂ ਗੁਰੂ ਘਰ ਬਾਰੇ ਕੋਈ ਅਣਸੁਖਾਵੀਂ ਖ਼ਬਰ ਪੜ੍ਹੀਦੀ ਹੈ।

ਸੱਚਾਈ ਇਹ ਹੈ ਕਿ ਗਲਤੀਆਂ ਦੋਵਾਂ ਪਾਸਿਓਂ ਹੋਈਆਂ, ਕਿਸੇ ਤੋਂ ਵੱਧ ਤੇ ਕਿਸੇ ਤੋਂ ਘੱਟ। ਸੱਚ ਇਹ ਹੈ ਕਿ ਇੱਕੋ ਮੱਛੀ ਸਾਰਾ ਤਲਾਅ ਗੰਦਾ ਕਰ ਦਿੰਦੀ ਹੈ, ਦੇ ਅਖਾਣ ਅਨੁਸਾਰ ਇੱਥੇ ਦਸ ਕੁ ਬੰਦਿਆਂ ਦਾ ਟੋਲਾ ਹੈ ਜੋ ਗੁਰੂ ਘਰ ਦੇ ਪ੍ਰਬੰਧਕਾਂ ਵਿਚ ਆਉਣ ਲਈ ਤੇ ਕਬਜ਼ਾ ਬਣਾਈ ਰੱਖਣ ਲਈ ਕਦੇ ਕਿਸੇ ਧੜੇ ਵਿਚ ਜਾ ਰਲਦਾ ਹੈ ਤੇ ਕਦੇ ਕਿਸੇ ਵਿਚ। ਕਦੇ ਲੜ ਕੇ ਇਹ ਦੋਵਾਂ ਪਾਸਿਆਂ 'ਚ ਰਲ ਜਾਂਦੇ ਹਨ। ਆਪਣੇ ਨਿਜੀ ਹਿਤਾਂ ਜਾਂ ਚੌਧਰ ਦੀ ਭੁੱਖ ਕਰਕੇ ਝੂਠੇ ਪ੍ਰਚਾਰ ਰਾਹੀਂ ਲੋਕਾਂ ਨੂੰ ਗੁੰਮਰਾਹ ਵੀ ਕਰਦੇ ਹਨ ਤੇ ਇਥੋਂ ਦੇ ਗੁਰੂ ਘਰਾਂ 'ਤੇ ਕਬਜ਼ਾ ਕਰਨ ਲਈ ਧੋਖੇ ਅਤੇ ਧਮਕਾਉਣ ਵਰਗੇ ਹੱਥਕੰਡੇ ਵੀ ਅਪਨਾਉਂਦੇ ਹਨ।

ਯੂਬਾ ਸਿਟੀ ਵਿਚ ਆਈ ਨਵੀਂ ਸੰਗਤ ਅਤੇ ਨਾ ਹੀ ਯੂਬਾ ਸਿਟੀ ਦੀ ਨਵੀਂ ਪੀੜੀ ਨੂੰ ਇਸ ਗੱਲ ਦਾ ਪਤਾ ਹੈ ਕਿ ਇਸ ਟੋਲੇ ਨੇ ਸਾਲ 1992-93 ਵਿਚ ਗੁਰਦੁਆਰਾ ਬੋਘ ਰੋਡ ਦੇ ਪ੍ਰਬੰਧ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਦੌਰਾਨ ਹਿੰਸਕ ਝਗੜਾ ਵੀ ਹੋਇਆ, ਅਦਾਲਤ ਵਿਚ ਕੇਸ ਵੀ ਚੱਲਿਆ ਪਰ ਉਥੋਂ ਦੇ ਪ੍ਰਬੰਧਕਾਂ ਨੇ ਸਿਆਸਤ ਨਾਲ ਇਨ੍ਹਾਂ ਨੂੰ ਖਦੇੜ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਉਸ ਝਗੜੇ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਕੁਝ ਬੰਦੇ ਅੱਜ ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧਕੀ ਧੜੇ ਵਿਚ ਸ਼ਾਮਲ ਹਨ। ਇਨ੍ਹਾਂ ਵਿਚੋਂ ਕੁਝ ਲੋਕ ਗੁਰੂ ਘਰਾਂ ਵਿਚ ਪ੍ਰੋਗਰਾਮ ਕਰਵਾ ਕੇ ਚੜ੍ਹਾਵਾ ਵੀ ਚੁੱਕ ਕੇ ਲੈ ਜਾਂਦੇ ਰਹੇ

## ਪਾਠਕਾਂ ਦੀ ਰਾਏ

ਹਨ। ਮੈਂ ਤਾਂ ਚਾਹੁੰਦਾ ਹਾਂ ਕਿ ਚੌਧਰ ਲਈ ਇਸ ਚੂਹੇ ਦੌੜ ਬਾਰੇ ਵਾਈਟ ਪੇਪਰ ਲਿਖਿਆ ਜਾਵੇ ਤਾਂ ਕਿ ਸੰਗਤ ਨੂੰ ਸੱਚ ਦਾ ਪਤਾ ਲਗ ਸਕੇ।

ਗੁਰਦੁਆਰਾ ਟਾਇਰਾ ਬਿਊਨਾ ਦੇ ਮੈਂਬਰਾਂ ਦੇ ਹੱਕ ਖੋਹਣੇ ਅਤੇ ਨਵੀਂ ਮੈਂਬਰਸ਼ਿਪ ਬੰਦ ਕਰਨਾ ਗੁਰੂ ਘਰ ਦੀ ਬਿਹਤਰੀ ਦੇ ਉਲਟ ਹੈ। ਪੈਸਾ ਬਚਾਉਣ ਦਾ ਬਹਾਨਾ ਲਾ ਕੇ ਚੋਣਾਂ ਨਾ ਕਰਵਾਉਣਾ ਡੈਮੋਕ੍ਰੇਸੀ ਦਾ ਗਲਾ ਘੁੱਟਣਾ ਹੈ। ਸੰਸਥਾ ਮੈਂਬਰਾਂ ਤੇ ਸੰਗਤ ਦੀ ਹੈ ਜੇਕਰ ਮੈਂਬਰ ਡਾਇਰੈਕਟਰਾਂ ਤੋਂ ਖ਼ੁਸ਼ ਨਹੀਂ ਤਾਂ ਉਨ੍ਹਾਂ ਨੂੰ ਨਵੇਂ ਡਾਇਰੈਕਟਰ ਚੁਣਨ ਦਾ ਹੱਕ ਹੈ। ਜੇਕਰ ਕਾਬਜ਼ ਧੜੇ ਨੇ ਵਧੀਆ ਕੰਮ ਕੀਤੇ ਹਨ ਤਾਂ ਲੋਕਾਂ ਤੋਂ ਫ਼ਤਵਾ ਲੈ ਲੈਣ। ਜੇਕਰ ਉਨ੍ਹਾਂ ਸੱਚ ਮੁੱਚ ਚੰਗੇ ਕੰਮ ਕੀਤੇ ਹਨ ਤਾਂ ਲੋਕ ਉਨ੍ਹਾਂ ਨੂੰ ਮੁੜ ਚੁਣ ਲੈਣਗੇ ਨਹੀਂ ਤਾਂ ਨਵਿਆਂ ਨੂੰ ਮੌਕਾ ਦੇ ਦੇਣਗੇ। ਮੈਂ ਦੋਵਾਂ ਧਿਰਾਂ ਨੂੰ ਹੀ ਕਹਾਂਗਾ ਕਿ ਹਉਮੈ ਤੇ ਨਿੱਜੀ ਮੁਫ਼ਾਦ ਕਾਰਨ ਸੰਗਤ ਦਾ ਪੈਸਾ ਬਰਬਾਦ ਨਾ ਕਰੋ। ਇਹ ਵੀ ਦੁੱਖ ਦੀ ਗੱਲ ਹੈ ਕਿ ਲੋਕ ਆਪਣੀਆਂ ਬਿਜਨੈਸ ਤੇ ਪਰਿਵਾਰਕ ਕਿੜਾਂ ਵੀ ਗੁਰਦੁਆਰੇ ਦੀ ਆੜ 'ਚ ਕੱਢ ਰਹੇ ਹਨ। ਮੇਰੀ ਬੇਨਤੀ ਹੈ ਕਿ ਇਨ੍ਹਾਂ ਅਖੌਤੀ ਆਗੂਆਂ ਨੂੰ ਪੁੱਛਿਆ ਜਾਵੇ ਕਿ ਉਹ ਕੰਮ-ਕਾਰ ਕੀ ਕਰਦੇ ਹਨ? ਸਾਹਮਣੇ ਦਿਸਦੇ ਵਿੱਤੀ ਸਾਧਨਾਂ ਦੇ ਮੁਕਾਬਲੇ ਉਹ ਸ਼ਾਨੋ-ਸ਼ੌਕਤ ਵਾਲੀਆਂ ਜ਼ਿੰਦਗੀਆਂ ਕਿਵੇਂ ਜੀਅ ਰਹੇ ਹਨ? ਬਾਬੇ ਨਾਨਕ ਨੇ ਭੂਮੀਏ ਦੀ ਸਰਾਂ ਵਿਚ ਜਾ ਕੇ ਇਹੋ ਸਵਾਲ ਕੀਤਾ ਸੀ ਕਿ ਭੂਮੀਆ ਸਰਾਂ ਲਈ ਪੈਸਾ ਕਿੱਥੋਂ ਆਉਂਦਾ ਹੈ?

ਕਾਨੂੰਨ ਝਗੜਾ ਮੁਕਾ ਸਕਦਾ ਹੈ ਪਰ ਪ੍ਰੇਮ ਤੇ ਇਤਫਾਕ ਨਹੀਂ ਪੈਦਾ ਕਰ ਸਕਦਾ। ਪਿਆਰ ਮੁਹੱਬਤ ਤੇ ਭਾਈਚਾਰਕ ਸਾਂਝ ਲਈ ਸੰਗਤ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਨਿਰਪੱਖ ਸਿਆਣੇ ਤੇ ਦੋਵਾਂ ਧਿਰਾਂ ਨੂੰ ਪ੍ਰਵਾਨ ਸੱਜਣਾਂ ਦੀ ਨਿਗਰਾਨੀ ਵਿਚ ਗੁਰਮਤਿ ਦੇ ਅਨੁਸਾਰ ਸੰਗਤ ਦੇ ਭਲੇ ਵਾਲਾ ਰਾਹ ਅਪਨਾਇਆ ਜਾਣਾ ਚਾਹੀਦਾ ਹੈ।

ਸੰਗਤ ਇਹ ਜਾਣਨ ਦਾ ਹੱਕ ਰੱਖਦੀ ਹੈ ਕਿ ਪ੍ਰਬੰਧਕਾਂ ਨੇ ਗੁਰੂ ਘਰ ਜਾਂ ਸਿੱਖੀ ਦੀ ਬਿਹਤਰੀ ਲਈ ਤਨੋਂ, ਮਨੋਂ, ਧਨੋਂ ਕਿਹੜੀ ਸੇਵਾ ਕੀਤੀ ਹੈ? ਮੇਰੀ ਸੰਗਤ ਨੂੰ ਵੀ ਬੇਨਤੀ ਹੈ ਕਿ ਉਹ ਪਤਾ ਕਰਨ ਕਿ ਪਿਛਲੀ ਸਦੀ ਤੋਂ ਲੈ ਕੇ ਹੁਣ ਤੱਕ ਯੂਬਾ ਸਿਟੀ ਵਿਚ ਕਿਸ ਨੇ ਲੋਕ ਸੇਵਾ ਕੀਤੀ ਹੈ ਤੇ ਕਿਸ ਨੇ ਲੋਕ ਸੇਵਾ ਦੇ ਨਾਂ 'ਤੇ ਠੱਗੀਆਂ ਮਾਰੀਆਂ ਹਨ। ਸੰਗਤ ਨੂੰ ਦੇਖਣਾ ਚਾਹੀਦਾ ਹੈ ਕਿ ਕਿਹੜੇ ਲੋਕ ਉਨ੍ਹਾਂ ਦੇ ਬੱਚਿਆਂ ਲਈ ਰੋਲ ਮਾਡਲ ਬਣ ਸਕਦੇ ਹਨ? ਪਤਾ ਲੱਗਾ ਹੈ ਕਿ ਮੌਜੂਦਾ ਪ੍ਰਬੰਧਕੀ ਬੋਰਡ ਦੇ ਪੁਰਾਣੇ ਵਕੀਲ ਨੇ ਕਿਹਾ ਸੀ ਕਿ ਇਕ ਦਿਨ ਉਨ੍ਹਾਂ ਨੂੰ ਪ੍ਰਬੰਧਕੀ ਪਕੜ ਛੱਡਣੀ ਪੈਣੀ ਹੈ ਪਰ ਪ੍ਰਬੰਧਕਾਂ ਨੇ ਉਹ ਵਕੀਲ ਵੀ ਬਦਲ ਦਿੱਤਾ। ਸੰਗਤ ਨੂੰ ਅਪੀਲ ਹੈ ਕਿ ਬੋਰਡ ਉਪਰ ਦਬਾਓ ਪਾਇਆ ਜਾਵੇ ਕਿ ਇਹ ਨਿਜੀ ਮੁਫਾਦ ਦੀ ਥਾਂ ਸੰਗਤ ਦੇ ਭਲੇ ਨੂੰ ਸੋਚਦਿਆਂ ਕੰਮ ਕਰੇ। ਮੇਰੀ ਵੀ ਰੱਬ ਅੱਗੇ ਇਹੋ ਅਰਦਾਸ ਹੈ।

*-ਹਰਨੇਕ ਸਿੰਘ, ਯੂਬਾ ਸਿਟੀ।*

## 'ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖ਼ਬਾਰ'

**ਸੰਪਾਦਕ ਜੀ,**

ਪੰਜਾਬ ਟਾਈਮਜ਼ ਦੇ 27 ਅਪਰੈਲ ਦੇ ਅੰਕ ਵਿਚ ਆਪ ਜੀ ਦਾ ਲਿਖਿਆ 'ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖ਼ਬਾਰ' ਪੜ੍ਹ ਕੇ ਮਨ ਨੂੰ ਠੇਸ ਲੱਗੀ ਕਿ ਕੁਝ ਗੁਰਦੁਆਰਾ ਪ੍ਰਬੰਧਕ ਇਸ਼ਤਿਹਾਰ ਛਪਵਾ ਕੇ ਆਪਸੀ ਧੜੇਬੰਦੀ ਕਰਕੇ ਅਖ਼ਬਾਰਾਂ ਨੂੰ ਪੈਸੇ ਨਹੀਂ ਦਿੰਦੇ। ਇਸ ਤੋਂ ਵੱਡਾ ਸਿੱਖ ਕੌਮ ਦਾ ਦੁਖਾਂਤ ਕੀ ਹੋ ਸਕਦਾ ਹੈ ਕਿ ਅਮਰੀਕਾ ਵਰਗੇ ਮੁਲਕਾਂ ਵਿਚ ਆ ਕੇ ਵੀ ਅਸੀਂ ਕਿਸੇ ਦਾ ਹੱਕ ਮਾਰਨਾ ਨਹੀਂ ਛੱਡਿਆ। ਜਦੋਂ ਅਸੀਂ ਆਪਣੇ ਕਿਰਦਾਰ ਵੱਲ ਹੀ ਝਾਤੀ ਨਹੀਂ ਮਾਰਦੇ ਤਾਂ ਅਸੀਂ ਗੁਰਦੁਆਰਾ ਪ੍ਰਬੰਧਕ ਬਣ ਕੇ ਕਿਸ ਕਿਸਮ ਦੀ ਸੇਵਾ ਕਰ ਰਹੇ ਹਾਂ ਅਤੇ ਗੁਰਮਤਿ ਦੇ ਕਿੰਨੇ ਕੁ ਪੈਰੋਕਾਰ ਹਾਂ? ਸਾਨੂੰ ਗੁਰੂ ਸਾਹਿਬ ਦਾ ਇਹ ਬਚਨ ਚੇਤੇ ਰੱਖਣਾ ਚਾਹੀਦਾ ਹੈ, "ਅਵਰਹਿ ਕਉ ਉਪਦੇਸਤੇ ਮੁਖਿ ਮੈ ਪਰਿ ਹੈ ਰੇਤਿ॥ ਰਾਸਿ ਬਿਰਾਨੀ ਰਾਖਤੇ ਖਾਇਆ ਘਰਿ ਕਾ ਖੇਤਿ॥"

ਜੇ ਗੁਰਦੁਆਰਾ ਪ੍ਰਬੰਧਕ ਪੰਜਾਬ ਟਾਈਮਜ਼ ਦੇ ਪੈਸੇ ਰੱਖ ਸਕਦੇ ਹਨ (ਜਿਸ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਖਰਾਬ ਸਿਹਤ ਦੇ ਬਾਵਜੂਦ ਇੰਨਾ ਸੋਹਣਾ ਅਖ਼ਬਾਰ ਕੱਢ ਰਹੇ ਹਨ) ਤਾਂ ਇਹ ਲੋਕ ਗੁਰਦੁਆਰਿਆਂ ਦੇ ਮੁਖੀ ਬਣ ਕੇ ਸੰਗਤ ਦੀ ਕਿਹੜੀ ਸੇਵਾ ਕਰ ਸਕਦੇ ਹਨ? ਬਾਕੀ ਅਖ਼ਬਾਰਾਂ ਵਾਲਿਆਂ ਨੂੰ ਵੀ ਬੇਨਤੀ ਹੈ ਕਿ ਜਦੋਂ ਸਿਰਫ਼ ਇਸ਼ਤਿਹਾਰਾਂ ਪਿਛੇ ਕਿਸੇ ਆਗੂ ਦਾ ਗੁਣਗਾਨ ਕਰਦੇ ਹਨ ਤਾਂ ਉਨ੍ਹਾਂ ਦੀ ਬੈਕਗਰਾਊਂਡ ਵੀ ਚੈਕ ਕਰ ਲਿਆ ਕਰਨ। ਉਨ੍ਹਾਂ ਨੂੰ ਗਧੇ ਨੂੰ ਘੋੜਾ ਅਤੇ ਚੋਰ ਨੂੰ ਸਾਧ, ਹੇਰਫੇਰੀ ਕਰਨ ਵਾਲੇ ਨੂੰ ਕੌਮ ਦਾ ਆਗੂ ਲਿਖਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਲੋਕਾਂ ਨੂੰ ਤਾਂ ਪਤਾ ਹੀ ਹੈ ਕਿ ਇਹ ਲੋਕ ਕੌਮ ਦੇ ਕਿੱਡੇ ਕੁ ਵੱਡੇ ਆਗੂ ਹਨ ਅਤੇ ਕਿੱਡੇ ਕੁ ਵੱਡੇ ਖੈਰਖਵਾਹ।

*-ਬਿੰਦਰ ਤੂਰ, ਟਰੇਸੀ, ਕੈਲੀਫੋਰਨੀਆ, ਫੋਨ: 510-325-4614*

---

ਆਪ ਜੀ ਦਾ ਲਿਖਿਆ ਲੇਖ 'ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖ਼ਬਾਰ' ਨਾ ਸਿਰਫ਼ ਸਾਡੀਆਂ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਦੀ ਹੀ ਪੋਲ ਖੋਲ੍ਹਦਾ ਹੈ ਸਗੋਂ ਅਮਰੀਕਾ ਵਿਚ ਛਪਦੇ ਪੰਜਾਬੀ ਅਖ਼ਬਾਰਾਂ ਦਾ ਹੀਜ਼-ਪਿਆਜ਼ ਵੀ ਨੰਗਾ ਕਰਦਾ ਹੈ ਕਿ ਕਿਵੇਂ ਗੈਰਪ੍ਰੋਫੈਸ਼ਨਲ ਲੋਕ ਇਸ ਖੇਤਰ ਵਿਚ ਆਣ ਵੜੇ ਹਨ। ਇਨ੍ਹਾਂ ਲੋਕਾਂ ਨੂੰ ਪੱਤਰਕਾਰੀ ਦਾ ਨਾ ਕੋਈ ਗਿਆਨ ਹੈ ਅਤੇ ਨਾ ਹੀ ਤਜਰਬਾ। ਇਹ ਲੋਕ ਤਾਂ ਸ਼ਾਇਦ ਸਿਰਫ਼ ਆਪਣਾ ਧੰਦਾ ਪਿਟਣ ਜਾਂ ਫਿਰ ਸਾਡੇ ਸਮਾਜ ਵਿਚਲੇ ਧੜਿਆਂ ਦੇ ਧੂਤੂ ਬਨਣ ਲਈ ਹੀ ਅਖ਼ਬਾਰ ਕੱਢਦੇ ਹਨ। ਇਨ੍ਹਾਂ ਲੋਕਾਂ ਕਰਕੇ ਹੀ ਚੰਗੇ ਅਖ਼ਬਾਰਾਂ ਲਈ ਵੀਹ ਤਰ੍ਹਾਂ ਦੀਆਂ ਮੁਸ਼ਕਲਾਂ ਖੜੀਆਂ ਹੋ ਗਈਆਂ ਹਨ। ਅਗੋਂ ਦੁਖਾਂਤ ਇਹ ਹੈ ਕਿ ਸਾਡੇ ਲੋਕਾਂ ਨੂੰ ਚੰਗੇ ਜਾਂ ਮਾੜੇ ਦੀ ਕੋਈ ਪਛਾਣ ਨਹੀਂ। ਉਨ੍ਹਾਂ ਲਈ ਗਧਾ-ਘੋੜਾ ਸਭ ਬਰਾਬਰ ਹਨ, ਉਨ੍ਹਾਂ ਨੂੰ ਤਾਂ ਸਿਰਫ਼ ਅਖ਼ਬਾਰ ਮੁਫ਼ਤ ਚਾਹੀਦਾ ਹੈ। ਉਂਜ ਭਾਵੇਂ ਪੀਰ-ਬਾਬਿਆਂ ਅਤੇ ਹੋਰ ਲੁਟੇਰਿਆਂ ਦੇ ਇਸ਼ਤਿਹਾਰ ਪੜ੍ਹ ਕੇ ਜਿੰਨੀ ਮਰਜੀ ਲੁਟਾਈ ਕਰਵਾ ਲੈਣ। ਜਿਥੋਂ ਤਕ ਗੁਰਦੁਆਰਾ ਪ੍ਰਬੰਧਕਾਂ ਦਾ ਸਵਾਲ ਹੈ, ਉਨ੍ਹਾਂ ਵਿਚੋਂ ਕਰੀਬ 90% ਆਪਣੀ ਚੌਧਰ ਦੀ ਭੁੱਖ ਪੂਰੀ ਕਰਨ ਲਈ ਆਉਂਦੇ ਹਨ। ਕਹਿਣ ਨੂੰ ਲੱਖ ਕਹੀ ਜਾਣ ਕਿ ਉਹ ਗੁਰੂਘਰ ਦੀ ਸੇਵਾ ਕਰਦੇ ਹਨ। ਉਨ੍ਹਾਂ ਨੂੰ ਅਖ਼ਬਾਰਾਂ ਦੇ ਚੰਗੇ-ਮਾੜੇ ਹੋਣ ਦੀ ਕੋਈ ਪ੍ਰਵਾਹ ਨਹੀਂ, ਬਸ ਅਖ਼ਬਾਰ ਉਨ੍ਹਾਂ ਦੀ ਗੱਲ ਮੰਨਦਾ ਰਹੇ। ਉਨ੍ਹਾਂ ਲਈ ਇਨਾ ਹੀ ਬਹੁਤ ਹੈ। ਰੱਬ ਹੀ ਰਾਖਾ ਹੈ।

*-ਕੁਲਦੀਪ ਸਿੰਘ, ਨਿਊ ਯਾਰਕ*

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਨਾ ਮਿਸ ਕਾਲ ਮਾਰੀਂ ਮਿੱਤਰਾ, ਬੇਬੇ ਸਿੱਖ ਗਈ ਮੋਬਾਇਲ ਆਨ ਕਰਨਾ...

*ਵਗਦੇ ਪਾਣੀਆਂ ਦਾ ਨਾਂ ਹੀ ਦਰਿਆ ਹੁੰਦਾ ਹੈ, ਨਹੀਂ ਤਾਂ ਇਹੋ ਪਾਣੀ ਛੱਪੜ ਅਖਵਾਉਣ ਲੱਗ ਪੈਂਦਾ ਹੈ। ਕਈ ਲੋਕ ਗੜਵੀਆਂ ਤਾਂ ਗੰਗਾ ਜਲ ਦੀਆਂ ਭਰ ਕੇ ਲਿਆਏ ਸਨ ਪਰ ਮਨ 'ਚ ਧੋਖੇ ਕਰ ਕੇ ਦੋਵੇਂ ਵਸਤਾਂ ਗੰਦੇ ਨਾਲੇ ਵਿਚ ਹੀ ਰੋੜ੍ਹ ਆਏ। ਕਈ ਲੋਕ ਸੁਨੱਖੇ ਵੀ ਸਨ, ਸੋਹਣੇ ਵੀ ਸਨ; ਇਹ ਕਰਤੂਤਾਂ ਕਰ ਕੇ ਲਾਹਣਤ ਤਾਂ ਸਿਰ ਪੁਆ ਲੈਂਦੇ, ਤਾਂ ਵੀ ਕੋਈ ਗੱਲ ਨਹੀਂ ਸੀ; ਪਰ ਫਿੱਟ-ਲਾਹਣਤ ਨਾਲ ਪੱਲਾ ਭਰਾ ਕੇ ਘਰ ਨੂੰ ਪਰਤ ਆਏ। ਕਮਲ ਦਾ ਫੁੱਲ ਚਿੱਕੜ 'ਚ ਉਗ ਤਾਂ ਪੈਂਦੈ, ਪਰ ਖਿੜਨ ਵੇਲੇ ਆਖਰੀ ਦਮ ਤੱਕ ਇਸ ਕੋਸ਼ਿਸ਼ ਵਿਚ ਲੱਗਾ ਰਹਿੰਦੈ ਕਿ ਧੌਣ ਧੜ ਤੋਂ ਹੇਠਾਂ ਨਾ ਆਵੇ! ਕਈਆਂ ਨੇ ਸਿਰ 'ਤੇ ਤਾਂ ਕੂੜੇ ਦਾ ਟੋਕਰਾ ਚੁੱਕਿਆ ਹੁੰਦੈ, ਪਰ ਗਰਦਨ ਇੰਨੀ ਅਕੜਾਈ ਹੁੰਦੀ ਐ ਕਿ ਕਿਸੇ ਪਾਸੇ ਵੱਲ ਵੀ ਝੋਲ ਨਹੀਂ ਮਾਰਦੀ। ਲਿਬੜੇ ਲੀੜਿਆਂ 'ਤੇ ਅਤਰ ਫੁਲੇਲ ਛਿੜਕਣ ਵਾਲੇ ਵੀ ਸਮਝੀ ਜਾਂਦੇ ਨੇ-'ਭਲਾ ਸਾਥੋਂ ਵੱਡਾ ਕੋਈ ਸਿਆਣਾ ਹੋ ਸਕਦੈ?' ਹੰਸ ਅਤੇ ਕਾਂ ਦਾ ਝਗੜਾ ਰੱਬ ਦਾ ਕੋਈ ਬੰਦਾ ਬੜੇ ਗਹੁ ਨਾਲ ਸੁਣ ਰਿਹਾ ਸੀ। ਹੰਸ ਬੜੀ ਮਿਠਾਸ ਨਾਲ ਆਖ ਰਿਹਾ ਸੀ, 'ਢੇਰ ਫਰੋਲਣ ਵਾਲਿਆਂ ਨੂੰ ਕੀ ਪਤੈ ਕਿ ਮੋਤੀ ਕਿਹੜੇ ਅਨਾਰਕਲੀ ਬਾਜ਼ਾਰ 'ਚੋਂ ਮਿਲਦੇ ਹਨ?' ਕਾਂ ਬੁੜ੍ਹਕ ਰਿਹਾ ਸੀ-'ਢਕਿਆ ਰਹਿ, ਵੱਡਾ ਮੋਤੀ ਖਾਣਾ! ਪਹਿਲਾਂ ਲੀਡਰਾਂ ਦੇ ਢਿੱਡ ਦਾ ਐਕਸਰੇ ਜਾਂ ਅਲਟਰਾਸਾਊਂਡ ਕਰਾ ਕੇ ਲਿਆ। ਅਸੀਂ ਤਾਂ ਐਵੇਂ ਖਾਨਦਾਨੀ ਹੀ ਬਦਨਾਮ ਕਰ ਰਹੇ ਹਾਂ।' ਸ਼ਰੀਫ ਬੰਦੇ ਸੋਚਦੇ ਨੇ ਕਿ ਸ਼ਾਇਦ ਢੋਲਕੀਆਂ ਸਿਰਫ਼ ਸ਼ਗਨਾਂ ਦੇ ਗੀਤ ਗਾਉਣ ਲਈ ਹੀ ਵੱਜਦੀਆਂ ਹਨ। ਜਿਨ੍ਹਾਂ ਨੂੰ ਇਹ ਪਤੈ ਕਿ ਇਹ ਲੋਕਾਂ ਨੂੰ ਲੁੱਟਣ ਲਈ ਕੁੱਟੀਆਂ ਜਾ ਰਹੀਆਂ ਹਨ, ਉਹ ਚਿਮਟੇ ਵਜਾਉਣ ਨੂੰ ਤਰਜੀਹ ਦੇਣ ਲੱਗੇ ਹਨ। ਜੇ ਪੀਂਘ ਪਿੱਪਲਾਂ ਤੋਂ ਲੱਥ ਗਈ ਹੈ ਤਾਂ ਇਹ ਪਿੱਪਲਾਂ ਦਾ ਕਸੂਰ ਨਹੀਂ। ਜਾਣਨ ਵਾਲੇ ਜਾਣਦੇ ਹਨ ਕਿ ਇਹ ਚਾਵਾਂ ਦੀ ਸੰਘੀ ਘੁੱਟਣ ਕਾਰਨ ਲੱਥੀ ਹੈ। ਜਿਹੜੀਆਂ ਮਾਵਾਂ ਹੁਣ ਧੀਆਂ ਨੂੰ ਵਿਆਹ ਤੋਂ ਪਹਿਲਾਂ ਪਿਆਰ ਦੀ ਮੁਹਾਰਨੀ ਪੜ੍ਹਨ ਤੋਂ ਵਰਜਿਤ ਨਹੀਂ ਕਰਦੀਆਂ, ਸਮਝ ਲੈਣਾ ਚਾਹੀਦਾ ਹੈ ਕਿ ਇਹ ਕੰਤ ਦਾ ਘੁੱਗੂ ਵਜਾ ਰਹੀਆਂ ਹਨ। ਇਨ੍ਹਾਂ ਦੀ ਬੀਨ 'ਤੇ ਕਈਆਂ ਦੇ ਮੇਲ੍ਹਣ ਦੀਆਂ ਅਫ਼ਵਾਹਾਂ ਸਹੀ ਹਨ। ਚਲੋ, ਮੂੰਹ 'ਚੋਂ ਨੱਕ ਤਾਂ ਚਲਾ ਜਾਏ, ਕੋਈ ਗੱਲ ਨਹੀਂ; ਆਕਸੀਜਨ ਅੰਦਰ ਜਾਣ ਤੋਂ ਰੁਕ ਗਈ ਤਾਂ ਸਾਹ ਉਖੜ ਜਾਵੇਗਾ। ਬੁਨੈਣ, ਕਮੀਜ਼ ਦੇ ਹੇਠਾਂ ਪਾਉਣੀ ਹੀ ਚੰਗੀ ਸਮਝੀ ਗਈ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਇਸ ਨੂੰ ਬਾਕੀ ਲੀੜਿਆਂ ਦੇ ਉਪਰ ਦੀ ਪਾਉਣ ਦਾ ਅਸਫ਼ਲ ਯਤਨ ਹੋ ਰਿਹਾ ਹੈ। ਇਹ ਕਿਹੜੇ ਕਲਯੁਗੀ ਇਤਿਹਾਸ ਦੇ ਵਰਕੇ ਫੋਲਣ ਲੱਗਾਂ, ਇਹ ਪੜ੍ਹ ਕੇ ਹੁਸਨ ਦੇ ਸ਼ੁਦਾਈਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਕਲ ਵਿਹੂਣੇ ਰੰਗ ਪਿੱਛੇ ਪਾਗਲ ਹੋਣਾ ਅਤਿ ਨੁਕਸਾਨਦੇਹ ਹੋ ਸਕਦਾ ਹੈ; ਜਿਵੇਂ ਇਹ ਹੁਣੇ ਹੀ ਹੋ ਕੇ ਹਟਿਆ ਹੈ।*

ਬੰਦੇ ਦੀ ਜਦੋਂ ਮੱਤ ਮਾਰ ਹੁੰਦੀ ਐ ਤਾਂ ਸਿਆਣਪ ਗੋਡਿਆਂ 'ਚ ਮੂੰਹ ਦੇ ਕੇ ਰੋਣ ਲੱਗ ਪੈਂਦੀ ਹੈ। ਕਈ ਵਾਰ ਮਨੁੱਖ ਜ਼ਿੰਦਗੀ ਦੇ ਕਈ ਪੜਾਅ ਲੰਘ ਜਾਂਦਾ ਹੈ, ਮੁਸ਼ਕਿਲਾਂ ਵੀ ਰੋਣ ਹਾਕਾ ਕਰਦੀਆਂ ਹਨ, ਪਰ ਗਲਤੀ ਫਿਰ ਵੀ ਇਕ ਨਹੀਂ ਹੁੰਦੀ। ਜਦੋਂ ਭਰ ਸਰਦੀ ਵਿਚ ਪੱਖਾ ਝੱਲਿਆ ਜਾਣ ਲੱਗ ਪਵੇ ਤਾਂ ਚੰਗਾ ਭਲਾ ਵੀ ਸੋਚਦੈ ਕਿ ਆਹ ਕੀ ਹੋਣ ਲੱਗਾ ਹੈ? ਵਿਗਿਆਨ ਨੇ ਦੱਸਿਆ ਹੈ ਕਿ ਜਾਦੂਗਰਾਂ ਦੀ ਖੇਡ, ਚਲਾਕੀ ਦੀ ਹੀ ਖੇਡ ਹੈ; ਪਰ ਮੂਰਖ ਬਣਨ ਅਤੇ ਬਣਾਉਣ ਦਾ ਵਰਤਾਰਾ ਵਿਗਿਆਨਕ ਯੁੱਗ ਵਿਚ ਵੀ ਮੁੱਕਿਆ ਨਹੀਂ ਹੈ।

**ਸ਼ਤਰੰਜ** ਦਾ ਇਕ ਚਲਾਕ ਵਪਾਰੀ ਪਹਾੜੀ ਲਾਗੇ ਵਸੇ ਉਸ ਪਿੰਡ ਵਿਚ ਚਲੇ ਗਿਆ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਮਿਹਨਤੀ ਅਤੇ ਸਿਆਣੇ ਲੋਕਾਂ ਦਾ ਪਿੰਡ ਹੈ। ਇਨ੍ਹਾਂ ਸ਼ਰੀਫ਼ ਲੋਕਾਂ ਦੀ ਮੱਤ ਮਾਰਨ ਦੀ ਚਲਾਕੀ ਨਾਲ ਉਸ ਨੇ ਉਥੇ ਆਪਣੇ ਨੌਕਰ ਨਾਲ ਡੇਰਾ ਲਾ ਲਿਆ। ਸਾਰੇ ਪਿੰਡ ਵਿਚ ਮੁਨਿਆਦੀ ਕਰਵਾ ਦਿੱਤੀ ਕਿ ਉਹ ਚਾਲੀ ਰੁਪਏ ਵਿਚ ਇਕ ਬਾਂਦਰ ਖਰੀਦੇਗਾ। ਬਾਂਦਰਾਂ ਲਈ ਇਕ ਤਰ੍ਹਾਂ ਨਾਲ ਔਖੀ ਘੜੀ ਆ ਗਈ। ਪਿੰਡ ਦੇ ਬੰਦੇ ਤੀਵੀਆਂ ਸਭ ਪਹਾੜੀ 'ਤੇ ਜਾ ਚੜ੍ਹੇ। ਦੁਪਹਿਰ ਤੱਕ ਪਿੰਡ ਦੇ ਹਰ ਜੀਅ ਨੇ ਇਕ-ਇਕ ਬਾਂਦਰ ਫੜ ਲਿਆਂਦਾ। ਚਾਲੀ-ਚਾਲੀ ਰੁਪਏ ਵੱਟ ਕੇ ਪਿੰਡ ਵਾਲੇ ਤਾਂ ਬਾਘੀਆਂ ਪਾਉਣ। ਦੁਪਹਿਰ ਨੂੰ ਇਸ ਚਲਾਕ ਵਪਾਰੀ ਨੇ ਇਕ ਹੋਰ ਲਾਲਚ ਦੇ ਦਿੱਤਾ ਕਿ ਹੁਣ ਜਿਹੜਾ ਵੀ ਬੰਦਾ ਬਾਂਦਰ ਫੜ ਕੇ ਲਿਆਵੇਗਾ, ਉਸ ਤੋਂ ਮੈਂ ਬਾਂਦਰ ਅੱਸੀਆਂ ਦਾ ਖਰੀਦਾਂਗਾ। ਸਾਰਾ ਪਿੰਡ ਜਿਵੇਂ ਕਿਸੇ ਕਾਮੇ ਦਾ ਓਵਰ ਟਾਈਮ ਲੱਗ ਗਿਆ ਹੋਵੇ, ਫਿਰ ਪਹਾੜੀ 'ਤੇ ਛਾਲਾਂ ਮਾਰਦਾ ਜਾ ਚੜ੍ਹਿਆ। ਜਿਹੜੇ ਦੋ-ਚਾਰ ਬਾਂਦਰ ਘੁਰਨਿਆਂ ਵਿਚ ਲੁਕੇ ਹੋਏ ਸਨ, ਉਹ ਵੀ ਖਿੱਚ-ਧੂਹ ਕੇ ਕੱਢ ਲਿਆਂਦੇ। ਉਹ ਅੱਸੀਆਂ ਨੂੰ ਮੋਟੇ ਭਾਅ ਵਿਕ ਗਏ।

ਹਨ੍ਹੇਰਾ ਹੋ ਗਿਆ ਤਾਂ ਵਪਾਰੀ ਜਾਣ ਲੱਗਾ ਪਿੰਡ ਵਾਲਿਆਂ ਨੂੰ ਕਹਿਣ ਲੱਗਾ-'ਇਹ ਬਾਂਦਰ ਤਾਂ ਸਸਤੇ ਭਾਅ ਖਰੀਦੇ ਸਨ, ਮੇਰੇ ਨਾਲ ਦੇ ਸਾਥੀ ਨੇ। ਮੈਂ ਖਰੀਦਾਂਗਾ ਸਵੇਰ ਨੂੰ ਸੌ ਰੁਪਏ ਦਾ ਇਕ ਬਾਂਦਰ। ਹੁਣ ਤੁਹਾਡੀ ਹਿੰਮਤ ਐ ਕਿ ਤੁਸੀਂ ਕਿੰਨੇ ਕੁ ਬਾਂਦਰ ਫੜ ਕੇ ਲਿਆਉਂਦੇ ਹੋ। ਮੈਂ ਲੇਟ ਵੀ ਹੋ ਗਿਆ ਹਾਂ। ਇਹ ਮੇਰਾ ਸਾਥੀ ਸਵੇਰ ਤੱਕ ਇੱਥੇ ਹੀ ਰੁਕੇਗਾ।' ਪਿੰਡ ਵਾਲਿਆਂ ਨੂੰ ਤਾਂ ਨੀਂਦ ਨਾ ਆਵੇ। ਸਾਰੀ ਰਾਤ ਵਿਚਾਰੇ ਆਪਣਾ ਟੱਬਰ-ਟੀਹਰ, ਨੂੰਹਾਂ-ਧੀਆਂ, ਜੁਆਕ-ਜੱਲਾ ਚੁੱਕ ਬਾਂਦਰ ਲੱਭਦੇ ਰਹੇ, ਪਰ ਬਾਂਦਰ ਮੁੱਕ ਗਏ। ਅੱਧੀ ਰਾਤ ਨੂੰ ਵਪਾਰੀ ਦੇ ਸਾਥੀ ਕੋਲ ਆ ਕੇ ਕਹਿਣ ਲੱਗੇ-'ਭਲਿਆ ਮਾਣਸਾ, ਅਸੀਂ ਤਾਂ ਵੇਲਾਂ-ਬੂਟੇ ਵੀ ਝੰਬ ਸੁੱਟੇ, ਦਰਖ਼ਤ ਕੋਈ ਨ੍ਹੀਂ ਛੱਡਿਆ, ਕੋਈ ਘੁਰਨਾ ਨ੍ਹੀਂ ਛੱਡਿਆ। ਹੁਣ ਚਾਰ ਪੈਸੇ ਬਣਨੇ ਸਨ ਤਾਂ ਸਾਲੇ ਬਾਂਦਰ ਮੁੱਕ ਗਏ। ਏਡੀ ਮਾੜੀ ਕਿਸਮਤ ਸਾਡੀ!' ਸਾਰਾ ਪਿੰਡ ਮੱਥਾ ਭੰਨਦਾ ਉਦਾਸ ਜਿਹਾ ਹੋ ਗਿਆ।

ਛੋਟਾ ਵਪਾਰੀ ਕਹਿਣ ਲੱਗਾ-'ਇੰਨੇ ਓਦਰ ਕਿਉਂ ਗਏ ਹੋ। ਵਪਾਰ 'ਚ ਸਭ ਆਪੋ-ਆਪਣਾ ਵੇਖਦੇ ਆ। ਭਰਾ-ਭਰਾ ਨ੍ਹੀਂ ਪਛਾਣਦਾ। ਠੀਕ ਹੈ, ਅਸੀਂ 'ਕੱਠੇ ਬਾਂਦਰ ਖਰੀਦਣ ਆਏ ਸੀ, ਮੇਰੇ 'ਚ ਸੌ ਦਾ ਬਾਂਦਰ ਖਰੀਦਣ ਦੀ ਹਿੰਮਤ ਨਹੀਂ ਹੈਗੀ। ਉਹੀ ਵੱਡਾ ਵਪਾਰੀ ਇੰਨੇ ਮਹਿੰਗੇ ਖਰੀਦ ਸਕਦੈ। ਸੁਝਾਅ ਤੁਹਾਨੂੰ ਮੈਂ ਦੇ ਦਿੰਨਾਂ। ਚੰਗਾ ਲੱਗੇ ਤਾਂ ਠੀਕ ਐ, ਨਹੀਂ ਤਾਂ ਥੋਡੀ ਮਰਜ਼ੀ।'

ਪਿੰਡ ਆਲੇ ਉਤਾਵਲੇ ਹੋ ਗਏ ਪਈ-'ਛੇਤੀ ਦੱਸ ਜੁਆਨਾ।'

ਕਈ ਤਾਂ ਆਖਣ-'ਸੁੱਖ ਨਾਲ ਐਤਕਾਂ ਅਸੀਂ ਧੀ ਵਿਆਹ ਲਵਾਂਗੇ ਇਨ੍ਹਾਂ ਚਾਰ ਛਿੱਲੜਾਂ ਨਾਲ।'

ਛੋਟੇ ਵਪਾਰੀ ਨੇ ਚਲਾਕੀ ਦੀ ਕੁੰਡੀ ਸੁੱਟ'ਤੀ।। ਆਂਹਦਾ-'ਦੇਖੋ, ਤੁਹਾਡੇ ਕੋਲੋਂ ਬਹੁਤੇ ਬਾਂਦਰ ਮੈਂ 40 ਰੁਪਏ ਦੇ ਹਿਸਾਬ ਖਰੀਦੇ ਆ, ਤੇ ਥੋੜ੍ਹੇ ਜਿਹੇ ਅੱਸੀਆਂ ਦੇ ਭਾਅ ਨਾਲ। ਤੁਸੀਂ ਮੈਥੋਂ 60 ਰੁਪਏ ਦਾ ਇਕ ਬਾਂਦਰ ਖਰੀਦ ਲਵੋ, ਸਵੇਰ ਨੂੰ ਵੱਡੇ ਵਪਾਰੀ ਨੂੰ ਸੌ ਦਾ ਵੇਚ ਦਿਉ।'

ਗੱਲ ਪਿੰਡ ਵਾਲਿਆਂ ਦੇ ਮਨ ਨੂੰ ਲੱਗ ਗਈ। ਕਿਸੇ ਨੇ ਦੋ, ਕਿਸੇ ਨੇ ਚਾਰ; ਸੱਠਾਂ ਦੇ ਹਿਸਾਬ ਖਰੀਦ ਲਏ ਸਾਰੇ ਬਾਂਦਰ, ਇਸ ਆਸ ਨਾਲ ਕਿ ਸਵੇਰੇ ਸੌ ਰੁਪਏ ਨੂੰ ਵੇਚਾਂਗੇ। ਛੋਟਾ ਵਪਾਰੀ ਉਨ੍ਹਾਂ ਦਾ ਮਾਲ ਉਨ੍ਹਾਂ ਨੂੰ ਵੇਚ ਕੇ ਤੜਕੇ ਨਿਕਲ ਗਿਆ।

ਸਾਰਾ ਪਿੰਡ ਉਸ ਸਵੇਰ ਦੀ ਉਡੀਕ ਵਿਚ ਬੁੱਢਾ ਹੋ ਗਿਆ ਕਿ ਕਦੋਂ ਵੱਡਾ ਵਪਾਰੀ ਆ ਕੇ ਉਨ੍ਹਾਂ ਤੋਂ ਸੌ ਦਾ ਬਾਂਦਰ ਖਰੀਦੇਗਾ!

ਤੇ ਉਹ ਦੋਵੇਂ ਹਰਨਾਂ ਦੇ ਸਿੰਗੀ ਚੜ੍ਹੇ ਹਾਲੇ ਤੀਕਰ ਨਹੀਂ ਪਰਤੇ। ਐਂ ਲੱਗਦਾ ਸੀ ਕਿ ਬਾਂਦਰਾਂ ਦੇ ਵਪਾਰ ਵਿਚ ਬੰਦੇ ਵੀ ਬਾਂਦਰ ਬਣ ਗਏ ਸਨ।

ਪਰ ਆਹ ਦੇਖਿਓ! ਵਿਗਿਆਨ ਦੀ ਮਾਰ ਹੇਠ ਆ ਕੇ ਹੁਸਨ ਜਦੋਂ ਇਸ਼ਕ ਦੇ ਚਰਨਾਂ ਵਿਚ ਡਿੱਗਿਆ ਤਾਂ ਪਰਲੋ ਆ ਜਾਂਦੀ, ਤਾਂ ਸ਼ਾਇਦ ਕਿਤੇ ਸੂਈ-ਧਾਗਾ ਸੰਭਾਲਿਆ ਵੀ ਜਾਂਦਾ; ਪਰ ਆਹ ਜਿਹੜਾ ਭੁਚਾਲ ਆਇਐ, ਇਹਦੇ ਨਾਲ ਐਂ ਲੱਗਾ ਕਿ ਜ਼ਮੀਂ-ਅਸਮਾਨ ਗਲਵੱਕੜੀ ਹੋ ਗਏ ਹੋਣ।

ਸੰਨ 1971 ਦੀ ਜੰਗ ਵਿਚ ਜਦੋਂ ਪ੍ਰੀਤਮ ਸਿੰਘ ਦੀ ਸ਼ਹੀਦੀ ਹੋਈ, ਉਦੋਂ ਚਰਨੋ ਮਸਾਂ ਛੇ-ਸੱਤ ਵਰ੍ਹਿਆਂ ਦੀ ਹੋਵੇਗੀ। ਮਾਂ ਕਰਤਾਰ ਕੌਰ ਨੇ ਉਹਨੂੰ ਹੋਰ ਵੀ ਘੁੱਟ ਕੇ ਸੀਨੇ ਲਾ ਲਿਆ ਸੀ ਕਿ ਹੁਣ ਇਹੀ ਮੇਰਾ ਪੁੱਤ ਤੇ ਇਹੋ ਮੇਰੀ ਧੀ ਹੈ। ਇਹ ਧੀ ਸੀ ਚਰਨਜੀਤ ਕੌਰ, ਪਰ ਕਹਿੰਦਾ ਹਰ ਕੋਈ ਚਰਨੋ ਹੀ ਸੀ। ਸਾਰਾ ਪਿੰਡ ਇਸ ਕੁੜੀ ਨੂੰ ਇਸ ਕਰ ਕੇ ਵੀ ਜਾਣਨ ਲੱਗ ਪਿਆ ਸੀ ਕਿ ਚਰਨੋ ਦੀਆਂ ਸਿਰਫ ਅੱਖਾਂ ਹੀ ਬਿੱਲੀਆਂ ਨਹੀਂ ਸਨ, ਰੰਗ ਵੀ ਗੋਰਾ ਸੀ ਤੇ ਨੈਣ-ਨਕਸ਼ ਵੀ ਰੱਜ ਕੇ ਸੋਹਣੇ ਸਨ। ਬੱਸ, ਰੱਬ ਨੇ ਉਹਨੂੰ ਜਨਮ ਦੇਣ ਲੱਗਿਆਂ ਉਹਦੇ ਪੈਰਾਂ 'ਚ ਨੁਕਸ ਪਾ ਦਿੱਤਾ ਹੋਊ, ਪਰ ਚਰਨੋ ਹੁਸਨ ਦੇ ਮੁਕਾਬਲੇ ਵਿਚ ਲਗਭਗ ਸੋਲਾਂ ਕਲਾਂ ਸੰਪੂਰਨ ਸੀ। ਚਰਨੋ ਦਾ ਨਾ ਕੋਈ ਚਾਚਾ ਤਾਇਆ ਜਾਂ ਭੂਆ ਫੁੱਫੜ ਸੀ ਤੇ ਨਾ ਹੀ ਨਾਨਕਿਆਂ ਵੱਲੋਂ ਕੋਈ ਮਾਸੜ ਮਾਸੀ। ਜੋ ਵੀ ਸੀ, ਤਾਂ ਇਕ ਦਾਦੀ। ਉਹ ਵੀ ਵਿਧਵਾ। ਤੇ ਫੌਜੀ ਪੁੱਤ ਪ੍ਰੀਤਮ ਸਿੰਘ ਦੀ ਮੌਤ ਨੇ ਉਹਨੂੰ ਕੁੱਬੀ ਕਰ ਦਿੱਤਾ ਸੀ। ਬਦਕਿਸਮਤੀ ਇਹ ਕਿ ਚੰਦ ਤਾਂ ਚੜ੍ਹਿਆ ਸੀ ਪਰ ਬੱਦਲਾਂ ਨੇ ਘੇਰੀ ਰੱਖਿਆ ਤੇ ਘਰ ਦੇ ਹਾਲਾਤ ਕਾਰਨ ਚਰਨੋ ਪੜ੍ਹ ਨਾ ਸਕੀ।

ਕਰਤਾਰ ਕੌਰ ਨੇ ਆਪਣੀ ਇੰਨੀ ਸੁਨੱਖੀ ਧੀ ਨੂੰ ਵੀਹਵੇਂ ਸਾਲ ਵਿਚ ਹੀ ਵਿਆਹ ਦਿੱਤਾ ਅਤੇ ਨਾ ਚਾਹੁੰਦਿਆਂ ਵੀ ਇਕ ਫੌਜੀ ਦੇ ਲੜ ਲਾ'ਤਾ। ਮੁੰਡਾ ਸੁਨੱਖਾ ਸੀ। ਬਾਪ ਸਿਰ 'ਤੇ ਨਹੀਂ ਸੀ। ਮਾਂ ਨੇ ਰੀਝਾਂ ਨਾਲ ਪਾਲਿਆ ਸੀ। ਕਰਤਾਰ ਕੌਰ ਨੇ ਸੋਚਿਆ-'ਚਲੋ ਇਕੱਲਾ ਪੁੱਤ ਐ। ਧੀ ਸੁਖੀ ਵਸੂ। ਮੇਰੇ ਕੋਲ ਦੋ ਕਿੱਲੇ ਜ਼ਮੀਨ ਐ, ਉਹ ਵੀ ਧੀ ਨੂੰ ਦੇ ਦਿਆਂਗੀ। ਨਾਲੇ ਹਰਨੇਕ ਸੁਨੱਖਾ ਵੀ ਇਹਦੇ ਵਰਗੈ। ਜੋੜ ਠੀਕ ਰਹੇਗਾ।' ਤੀਜੇ ਸਾਲ ਜਦੋਂ ਚਰਨੋ ਮਾਂ ਬਣੀ ਤਾਂ ਕੰਨਿਆ ਨੇ ਜਨਮ ਲਿਆ। ਸਿਆਣੇ ਕਹਿੰਦੇ ਨੇ-'ਖਰਬੂਜਿਆਂ ਦੀ ਵੇਲ ਨੂੰ ਕਰੇਲੇ ਲੱਗ ਈ ਨ੍ਹੀਂ ਸਕਦੇ।' ਧੀ ਚਰਨੋ ਤੋਂ ਵੀ ਦੋ ਪੈਰ ਅੱਗੇ। ਤਿੱਖਾ ਨੱਕ। ਨਿੱਕਾ ਜਿਹਾ ਮੂੰਹ, ਜਿਵੇਂ ਪਰੀਆਂ ਦੇ ਘਰੇ ਗਲਤੀ ਨਾਲ ਬੱਚਾ ਜੰਮ ਪਿਆ ਹੋਵੇ। ਜੰਮੂ 'ਚ ਅਖਨੂਰ ਵਾਲੇ ਬਾਰਡਰ 'ਤੇ ਲੱਗੇ ਹਰਨੇਕ ਨੂੰ ਛੁੱਟੀ ਨਾ ਮਿਲੀ। ਬਥੇਰੀਆਂ ਘਰੋਂ 'ਮਾਂ ਬਿਮਾਰ ਹੈ', ਦੀਆਂ ਤਾਰਾਂ ਘੱਲੀਆਂ, ਪਰ ਸਾਹਿਬ ਟੱਸ ਤੋਂ ਮੱਸ ਨਾ ਹੋਇਆ। ਧੀ ਦਾ ਮੂੰਹ ਵੇਖਣਾ ਫਿਰ ਹਰਨੇਕ ਨੂੰ ਪੱਕਾ ਈ ਨਸੀਬ ਨਾ ਹੋਇਆ ਜਦੋਂ ਖ਼ਬਰ ਇਹ ਆ ਗਈ ਕਿ ਪਾਕਿਸਤਾਨੀ ਫੌਜੀਆਂ ਨੇ ਦੋ ਭਾਰਤੀ ਫੌਜੀਆਂ ਨੂੰ ਅਗਵਾ ਕਰਨ ਮਗਰੋਂ ਕਤਲ ਕਰ ਕੇ ਲਾਸ਼ਾਂ ਭਾਰਤ ਵਾਲੇ ਪਾਸੇ ਸੁੱਟ ਦਿੱਤੀਆਂ ਹਨ।

ਜਿਵੇਂ ਕੋਈ ਜ਼ੋਰਾਵਰ ਬਿਨਾਂ ਵਜ੍ਹਾ ਕਿਸੇ ਹਮਾਤੜ ਦੇ ਕਦੇ ਵੱਖੀ 'ਚ ਤੇ ਕਦੇ ਢਿੱਡ 'ਚ ਮਾਰਨ ਲੱਗ ਪਿਆ ਹੋਵੇ, ਇੱਦਾਂ ਉਪਰ ਵਾਲਾ ਇਸ ਪਰਿਵਾਰ 'ਤੇ ਕਰੋਪ ਹੋ ਗਿਆ। ਤੇਈਵੇਂ ਸਾਲ 'ਚ ਕਰਤਾਰ ਕੌਰ ਦੀ ਧੀ ਵਿਧਵਾ ਹੋ ਗਈ ਸੀ। ਫਿਰ ਭਾਣਾ ਈ ਨਹੀਂ ਮੰਨ ਲਿਆ ਗਿਆ, ਸਗੋਂ ਚਰਨੋ ਨੇ ਸਾਫ਼ ਕਹਿ ਦਿੱਤਾ ਸੀ ਕਿ ਉਹ ਆਪਣੀ ਧੀ ਰਾਣੋ, ਜਿਸ ਦਾ ਨਾਂ ਰਣਜੀਤ ਕੌਰ ਰੱਖਿਆ ਸੀ, ਦੇ ਸਿਰ 'ਤੇ ਜ਼ਿੰਦਗੀ ਗੁਜ਼ਾਰ ਲਵੇਗੀ, ਹੋਰ ਵਿਆਹ ਨਹੀਂ ਕਰਵਾਏਗੀ। ਇੰਨਾ ਹੁਸਨ ਤੇ ਇੰਨੀ ਛੋਟੀ ਉਮਰ! ਹੈ ਤਾਂ ਔਖਾ ਸੀ। ਸ਼ਰੀਕੇ ਭਾਈਚਾਰੇ ਨੂੰ ਲੱਗਦਾ ਸੀ ਕਿ ਚਰਨੋ ਦਾ ਸਿਰੜ ਲਿਫ਼ ਨਹੀਂ ਸਕਦਾ।

ਹਰਨੇਕ ਦਾ ਫੌਜੀ ਸਨਮਾਨਾਂ ਨਾਲ ਸਸਕਾਰ ਹੋਇਆ। ਚਾਰ ਪੈਸੇ ਵੀ ਮਿਲ ਗਏ ਤੇ ਪੈਨਸ਼ਨ ਲੱਗ ਗਈ। ਬਿਨਾਂ ਸਟੀਅਰਿੰਗ ਤੋਂ ਗੱਡੀ ਚਲਾਉਣੀ ਔਖੀ ਤਾਂ ਸੀ, ਪਰ ਚਰਨੋ ਪੂਰੇ ਦਮ ਨਾਲ ਇਸ ਨੂੰ ਖਿੱਚਣ ਲੱਗੀ। ਹੋਇਆ ਇਹ ਵੀ ਕਿ ਧੀ ਦੇ ਵਿਧਵਾ ਹੋਣ ਦਾ ਗ਼ਮ ਕਰਤਾਰ ਕੌਰ ਦੇ ਸੁਆਸਾਂ ਦੀ ਪੂੰਜੀ ਨਿਗਲ ਗਿਆ ਤੇ ਸਾਲ ਦਾ ਹੋਰ ਵਕਫ਼ਾ ਪਿਆ ਤਾਂ ਹਰਨੇਕ ਦੀ ਮਾਂ ਵੀ ਅੱਖਾਂ ਮੀਚ ਗਈ।

ਇਧਰ ਰਾਣੋ ਕੌੜੀ ਵੇਲ ਵਾਂਗ ਜੁਆਨ ਤਾਂ ਹੋਈ ਜਾਂਦੀ ਸੀ, ਪਰ ਹੁਸਨ ਪੱਖੋਂ ਚਰਨੋ ਵੀ ਕਿਸੇ ਤਰ੍ਹਾਂ ਫਿੱਕੀ ਨਹੀਂ ਪੈ ਰਹੀ ਸੀ। ਉਂਜ ਉਸ ਨੇ ਆਪਣੀ ਧੀ ਨੂੰ ਅਨਪੜ੍ਹ ਰੱਖਣ ਦੀ ਸੋਚ ਨੂੰ ਲਾਬੂੰ ਲਾ ਸੁੱਟਿਆ ਸੀ। ਰਾਣੋ ਦਾ ਸਕੂਲ ਤੋਂ ਕਾਲਜ ਦਾ ਸਫ਼ਰ ਅਰੰਭ ਹੋ ਗਿਆ ਸੀ। ਜਿਵੇਂ ਚਕੋਰ ਚੰਨ ਨੂੰ ਕਲਾਵੇ 'ਚ ਲੈ ਕੇ ਕਹਿ ਰਹੀ ਹੋਵੇ-'ਕਿਸੇ ਹੋਰ ਦਾ ਨਾ ਹੋ ਜਾਵੀਂ।' ਇਉਂ ਚਰਨੋ ਧੀ ਨੂੰ ਮੱਥਾ ਚੁੰਮ-ਚੁੰਮ ਕੇ ਆਖਦੀ-'ਵੇਖ ਲੈ, ਚਾਦਰ ਈ ਚਿੱਟੀ ਨਹੀਂ ਸੀ, ਸੀਗੀ ਵੀ ਰੇਸ਼ਮੀ। ਹਨ੍ਹੇਰੀਆਂ ਝੱਖੜਾਂ 'ਚ ਵੀ ਦਾਗ ਨਹੀਂ ਪੈਣ ਦਿੱਤਾ।' ਰਾਣੋ ਕਦੇ ਕਾਲਜ ਤੋਂ ਲੇਟ ਹੋ ਜਾਂਦੀ ਤਾਂ ਮਾਂ ਵੀਹੀ 'ਚ ਬੈਠੀ ਰਹਿੰਦੀ। ਫਿਕਰਾਂ ਦੀਆਂ ਮੁੱਕੀਆਂ ਢਿੱਡ 'ਚ ਹੂਰਿਆਂ ਵਾਂਗ ਮਾਰਦੀ।

ਵਿਗਿਆਨ ਯੁੱਗ ਦੀ ਤਰੱਕੀ ਵਿਚ ਫਿਰ ਮਾਵਾਂ-ਧੀਆਂ ਅੱਗੜ-ਪਿੱਛੜ ਪੌੜੀ ਚੜ੍ਹ ਗਈਆਂ। ਪਹਿਲਾਂ ਰਾਣੋ ਨੇ ਮੋਬਾਇਲ ਲਿਆ ਤੇ ਫਿਰ ਨਾਂਹ-ਨੁੱਕਰ ਕਰਦੀ ਮਾਂ ਨੂੰ ਲੈ ਦਿੱਤਾ। ਕੋਰੀ ਅਨਪੜ੍ਹ ਚਰਨੋ ਨੂੰ ਕੁਝ ਪਤਾ ਨਹੀਂ ਸੀ, ਪਰ ਮਹੀਨੇ ਕੁ 'ਚ ਇਕ-ਦੋ ਨੁਕਤੇ ਸਮਝਾ ਦਿੱਤੇ ਤੇ ਹੌਲੀ-ਹੌਲੀ ਚਰਨੋ ਫੋਨ ਸੁਣਨ ਜੋਗੀ ਹੋ ਗਈ। ਨੰਬਰ ਵੀ ਡਾਇਲ ਕਰਨਾ ਆ ਗਿਆ ਤੇ ਮਿਸ ਕਾਲਾਂ ਵੀ ਪੜ੍ਹਨੀਆਂ ਸਿੱਖ ਲਈਆਂ। ਰਾਣੋ ਨੇ ਅਨਪੜ੍ਹ ਮਾਂ ਨੂੰ ਨਵੇਂ ਯੁੱਗ ਦੇ ਥੋੜ੍ਹਾ ਜਿਹਾ ਹਾਣ ਦੀ ਬਣਾ ਦਿੱਤਾ ਸੀ। ਰਾਣੋ ਕਿਤੇ ਆਥਣੇ ਲੇਟ ਹੋ ਜਾਂਦੀ ਤਾਂ ਚਰਨੋ ਝੱਟ ਦੇਣੀ ਘੰਟੀਆਂ ਮਾਰਨ ਲੱਗ ਪੈਂਦੀ।

ਬੀ.ਏ. ਕਰਨ ਪਿਛੋਂ ਰਾਣੋ ਨੂੰ ਉਹਦੇ ਕਾਲਜ ਦੇ ਇਕ ਪ੍ਰੋਫੈਸਰ ਨੇ ਆਪਣੇ ਇਕ ਵਿਦਿਆਰਥੀ ਰਹੇ ਗੁਰਜੀਤ ਸਿੰਘ ਦੀ ਇਲੈਕਟ੍ਰਾਨਿਕਸ ਕੰਪਨੀ 'ਚ ਨੌਕਰੀ ਦਿਵਾ ਦਿੱਤੀ।

ਦਿਨ ਮਹੀਨੇ ਲੰਘੇ ਤਾਂ ਗੁਰਜੀਤ ਤੇ ਰਾਣੋ ਵਿਚਕਾਰ ਨੇੜਤਾ ਵਧ ਗਈ, ਪਰ ਇਸ ਨੇੜਤਾ ਵਿਚ ਗੰਧਲਾਪਣ ਕੁਝ ਵੀ ਨਹੀਂ ਸੀ। ਹਾਲਾਤ ਸਤਿਕਾਰ ਵਿਚ ਇਹ ਬਣੇ ਕਿ ਰਾਣੋ ਇਸ ਕੰਪਨੀ ਵਿਚ ਵਫ਼ਾਦਾਰ ਬਣ ਗਈ। ਕੰਪਨੀ ਵਿਚ ਕਾਮੇ ਤਾਂ ਭਾਵੇਂ ਪੰਜ-ਸੱਤ ਕੁ ਹੀ ਸਨ ਪਰ ਗੁਰਜੀਤ ਦੀ ਗ਼ੈਰ-ਹਾਜ਼ਰੀ ਵਿਚ ਉਹ ਇਕ ਤਰ੍ਹਾਂ ਨਾਲ ਬੌਸ ਹੀ ਹੁੰਦੀ। ਗੁਰਜੀਤ ਰਾਣੋ ਤੋਂ ਕਰੀਬ ਦਸ-ਗਿਆਰਾਂ ਸਾਲ ਵੱਡਾ ਹੋਵੇਗਾ। ਸਾਂਝ ਫਿਰ ਗ੍ਰਹਿਸਥ ਵੱਲ ਸਿਗਨਲ ਦੇਣ ਲੱਗ ਪਈ। ਚਾਹਤ ਦੀਆਂ ਚਿਣਗਾਂ ਫੁੱਟਣ ਲੱਗੀਆਂ, ਪਰ ਅੰਦਰੋਂ ਅੰਦਰ। ਬਾਹਰੋਂ ਦੋਵੇਂ ਇਕ-ਦੂਜੇ ਨੂੰ ਮਹਿਸੂਸ ਨਾ ਹੋਣ ਦਿੰਦੇ।

ਗੁਰਜੀਤ ਇਕ ਦਿਨ ਅਚਨਚੇਤ ਰਾਣੋ ਦੇ ਘਰ ਐਤਵਾਰ ਵਾਲੇ ਦਿਨ ਆਇਆ, ਪਰ ਉਹ ਘਰ ਨਹੀਂ ਸੀ। ਪਿੰਡੋਂ ਬਾਹਰ ਕਿਸੇ ਧਾਰਮਿਕ ਸਥਾਨ 'ਤੇ ਗਈ ਹੋਈ ਸੀ। ਮੋਬਾਇਲ ਬੰਦ ਆ ਰਿਹਾ ਸੀ। ਚਰਨੋ ਨੇ ਚਾਹ ਦਾ ਘੁੱਟ ਪਿਆਇਆ ਤੇ ਉਹ ਚਲਾ ਗਿਆ। ਅਗਲੇ ਦਿਨ ਗੁਰਜੀਤ ਨੇ ਰਾਣੋ ਨੂੰ ਹੈਰਾਨੀ ਨਾਲ ਪੁੱਛਿਆ-'ਤੁਸੀਂ ਜੌੜੀਆਂ ਭੈਣਾਂ ਹੋ। ਕੱਲ੍ਹ ਜਦੋਂ ਮੈਂ ਘਰ ਗਿਆ ਤਾਂ ਉਹ ਲੜਕੀ ਤੈਥੋਂ ਵੀ ਉਪਰ ਦੀ ਲੱਗੀ। ਇੰਨੀ ਸੁਨੱਖੀ? ਤੌਬਾ!'

ਤੇ ਰਾਣੋ ਖਿੜ-ਖਿੜਾ ਕੇ ਹੱਸ ਪਈ-'ਉਹ ਮੇਰੀ ਭੈਣ ਨਹੀਂ, ਮਾਂ ਏ।'

'ਸੱਚ?' ਤੇ ਦੋਵੇਂ ਜਣੇ ਘੁੱਟ ਕੇ ਗਲਵੱਕੜੀ ਹੋ ਗਏ।

ਮੁਹੱਬਤ ਬੂਹਿਓਂ ਬਾਹਰ ਆ ਗਈ। ਨਜ਼ਰਾਂ ਮਿਲ ਗਈਆਂ ਤੇ ਜ਼ਿੰਦਗੀ ਦੀ ਜਮ੍ਹਾਂ-ਘਟਾਉ ਇਕ ਪਲ ਵਿਚ ਹੋ ਗਈ। ਪਿਆਰ ਫਿਰ ਲੁਕ-ਛਿਪ ਕੇ ਅੰਦਰੋਂ ਅੰਦਰ ਢੋਲ ਵਜਾਉਣ ਲੱਗ ਪਿਆ।

ਪੇਕਿਆਂ ਵਾਲੀ ਜ਼ਮੀਨ 'ਚੋਂ ਕੁਝ ਨਾ ਬਚਦਾ ਵੇਖ ਕੇ ਚਰਨੋ ਨੇ ਵੇਚਣ ਦਾ ਵਿਚਾਰ ਬਣਾ ਲਿਆ। ਧੀ ਨਾਲ ਸਲਾਹ ਹੋਈ। ਫਰਦਾਂ, ਰਜਿਸਟਰੀਆਂ ਕਢਾਈਆਂ। ਰਾਣੋ ਨੇ ਕਿਹਾ-'ਮਾਂ ਘਬਰਾ ਨਾ। ਗੁਰਜੀਤ ਤੇਰੇ ਨਾਲ ਚਲਾ ਜਾਵੇਗਾ।'

'ਆਪਣਾ ਕੰਮ ਛੱਡ ਕੇ?'

'ਕੰਮ ਮੈਂ ਆਪੇ ਸੰਭਾਲ ਲਵਾਂਗੀ।'

ਰਾਣੋ ਦੇ ਨਾਨਕੇ ਪਿੰਡ, ਫਿਰ ਕੋਰਟ-ਕਚਹਿਰੀ। ਗੁਰਜੀਤ ਚਰਨੋ ਨੂੰ ਮੋਟਰ ਸਾਈਕਲ 'ਤੇ ਬਿਠਾ ਕੇ ਲਿਆਂਦਾ ਰਿਹਾ।...ਤੇ ਤਾਣੀ ਪੁੱਠੀ ਪੈ ਗਈ। ਇਕੋ ਸਟੇਸ਼ਨ ਤੋਂ ਗੁਰਜੀਤ ਦੂਜੀ ਟ੍ਰੇਨ ਚੜ੍ਹ ਗਿਆ। ਇਸ਼ਕ ਰਾਣੋ ਦੀ ਮਾਂ ਨਾਲ ਹੋ ਗਿਆ। ਉਹ ਪਿਆਰ 'ਚ ਦੋਵੇਂ ਦੀਦੇ ਗੁਆ ਬੈਠਾ, ਅੰਨ੍ਹਾ ਹੋ ਗਿਆ। ਮਾਂ ਤੇ ਧੀ 'ਚ ਫ਼ਰਕ ਸਮਝਣ ਤੋਂ ਉਕ ਗਿਆ। ਇਸ ਗੱਲ ਦੀ ਸਮਝ ਨਹੀਂ ਪੈ ਰਹੀ ਸੀ ਕਿ ਆਖ਼ਿਰ ਚਰਨੋ ਨੂੰ ਹੋ ਕੀ ਗਿਆ? ਸ਼ੇਰ ਘਾਹ ਖਾਣ ਲਈ ਮਜਬੂਰ ਕਿਉਂ ਹੋ ਗਿਆ?

ਹੁਣ ਰਾਣੋ ਨਾਲ ਗੁਰਜੀਤ ਦੀ ਪਹਿਲਾਂ ਜਿਹੀ ਦਿਲਚਸਪੀ ਨਹੀਂ ਸੀ ਰਹੀ, ਪਰ ਉਹ ਸਮਝਦੀ ਸੀ ਕਿ ਸ਼ਾਇਦ ਕਾਰੋਬਾਰੀ ਤਣਾਓ ਕਾਰਨ ਹੋ ਰਿਹਾ ਹੈ।

'ਮੈਂ ਮਾਂ ਨਾਲ ਗੱਲ ਕਰਾਂ?' ਇਕ ਦਿਨ ਰਾਣੋ ਨੇ ਗੁਰਜੀਤ ਨੂੰ ਪੁੱਛ ਲਿਆ।

'ਗਾਨਾ ਈ ਬੰਨ੍ਹਣੈ, ਕਾਹਲੀ ਕਾਹਦੀ ਐ। ਮਾਂ ਨੂੰ ਤਾਂ ਮੈਂ ਮਨਾ ਲਿਐ, ਬਾਪੂ ਨੂੰ ਹਾਲੇ ਕਹਿਣ ਦਾ ਹੀਆ ਨਹੀਂ ਸੀ ਪੈ ਰਿਹਾ।'

ਕਬੂਤਰੀ ਕਾਂ ਦੀ ਚਾਲ ਤੋਂ ਕੋਰੀ ਸੀ। ਉਹ ਨਹੀਂ ਜਾਣਦੀ ਸੀ ਕਿ ਗਾਰਡ ਸਿਰਫ਼ ਵਿਸਲਾਂ ਵਜਾਉਂਦੈ, ਗੱਡੀ ਸਟੇਸ਼ਨ ਤੋਂ ਲੰਘ ਚੁੱਕੀ ਐ। ਗੁਰਜੀਤ ਦੀ ਮੰਗਣੀ ਹੋ ਚੁੱਕੀ ਸੀ।

ਇਕ ਦਿਨ ਲੰਚ ਵੇਲੇ ਰਾਣੋ ਨੇ ਲਾਡ 'ਚ ਗੁਰਜੀਤ ਦੇ ਹੱਥ ਦੀ ਪੂਣੀ ਘੁੱਟੀ ਤਾਂ ਫੋਨ ਦੀ ਘੰਟੀ ਵੱਜ ਗਈ।

'ਇਹ ਫੋਨ ਤਾਂ ਆਉਂਦੇ ਰਹਿਣੇ ਨੇ। ਮੇਰੀ ਕਾਲ ਵੱਲ ਵੀ ਧਿਆਨ ਦਿਉ ਸਰਦਾਰ ਜੀ।'

ਇਹ ਮਿਸ ਕਾਲ ਸੀ।

'ਨਹੀਂ ਰਾਣੋ, ਬਹੁਤ ਜ਼ਰੂਰੀ ਮੀਟਿੰਗ ਐ, ਪਰ ਮੈਂ ਜਲਦੀ ਆ ਜਾਵਾਂਗਾ।' ਟਾਈ-ਕੋਟ ਸੁਆਰਦਿਆਂ ਗੁਰਜੀਤ ਨਿਕਲ ਗਿਆ।

ਫੋਨ ਉਹਦਾ ਦਫ਼ਤਰ ਵਿਚ ਹੀ ਰਹਿ ਗਿਆ ਸੀ। ਰਾਣੋ ਲੈ ਕੇ ਬਾਹਰ ਤੱਕ ਗਈ, ਪਰ ਗੁਰਜੀਤ ਨਿਕਲ ਚੁੱਕਾ ਸੀ।

ਏਡੀ ਕਿਹੜੀ ਮੀਟਿੰਗ ਹੋਵੇਗੀ? ਦੋ ਮਿੰਟਾਂ 'ਚ ਦਫ਼ਤਰੋਂ ਬਾਹਰ।

ਰਾਣੋ ਨੇ ਕਾਲ ਚੈਕ ਕੀਤੀ ਤਾਂ ਉਹਦੀ ਮਾਂ ਚਰਨੋ ਦੀ ਮਿਸ ਕਾਲ ਸੀ। ਰਾਣੋ ਖੁਸ਼ ਹੋ ਗਈ ਕਿ ਮਾਂ ਨੇ ਅੱਜ ਰਿਸ਼ਤੇ ਲਈ ਬੁਲਾਇਆ ਹੋਵੇਗਾ। ਸੋਚਾਂ ਵਿਚ ਹੀ ਰਾਣੋ ਮੋਪਿਡ ਚੁੱਕ ਕੇ ਘਰ ਨੂੰ ਤੁਰ ਪਈ ਕਿ ਮਾਂ ਨੂੰ ਕਹਾਂਗੀ, ਮੈਨੂੰ ਸਭ ਪਤੈ...ਮੈਥੋਂ ਕਿਉਂ ਲੁਕਾਉਂਦੇ ਫਿਰਦੇ ਹੋ।

ਮੋਪਿਡ ਘਰੋਂ ਦੂਰ ਹੀ ਖੜ੍ਹੀ ਕਰ ਦਿੱਤੀ। ਗੁਰਜੀਤ ਦਾ ਬੁਲਿਟ ਘਰ ਦੇ ਦਰਵਾਜ਼ੇ ਅੱਗੇ ਖੜ੍ਹਾ ਸੀ। ਬਿਨਾਂ ਖੜਾਕ ਕੀਤਿਆਂ ਜਦੋਂ ਰਾਣੋ ਚੁਬਾਰੇ ਦੀਆਂ ਪੌੜੀਆਂ ਚੜ੍ਹ ਕੇ ਉਪਰ ਗਈ। ਉਹਨੇ ਬਿੜਕ ਲਈ ਕਿ ਵੇਖਾਂ ਕੀ ਗੱਲਾਂ ਕਰਦੇ ਨੇ ਮੇਰੇ ਰਿਸ਼ਤੇ ਬਾਰੇ; ਪਰ ਅੰਦਰੋਂ ਆਵਾਜ਼ਾਂ ਇਤਰਾਜ਼ਯੋਗ ਆ ਰਹੀਆਂ ਸਨ। ਝੀਤ ਥਾਣੀਂ ਜਦੋਂ ਰਾਣੋ ਨੇ ਮਲਕੜੇ ਜਿਹੇ ਅੰਦਰ ਝਾਤੀ ਮਾਰੀ ਤਾਂ ਮਾਂ ਤੇ ਗੁਰਜੀਤ ਨੂੰ ਇਕ ਦੂਜੇ ਦੀਆਂ ਬਾਹਾਂ ਵਿਚ ਵੇਖ ਕੇ ਅੰਦਰ ਤੱਕ ਕੰਬ ਗਈ।

ਇਹ ਸੰਵਾਦ ਸੁਣ ਕੇ ਉਹ ਹੋਰ ਵੀ ਅੱਗ ਦੀ ਨਾਲ ਹੋ ਗਈ ਜਦੋਂ ਗੁਰਜੀਤ ਨੇ ਪੁੱਛਿਆ-'ਰਾਣੋ ਦਾ ਕੀ ਬਣੇਗਾ?'

'ਉਹਨੂੰ ਮੈਂ ਆਪੇ ਕਿਤੇ ਹੋਰ ਵਿਆਹ ਦਿਆਂਗੀ। ਬੱਸ ਤੂੰ ਮੇਰੇ ਸਾਹਾਂ ਦਾ ਸੁਦਾਗਰ ਹੁਣ ਬਣਿਆ ਰਹੀਂ।'

ਪਾਗਲ ਹੋਈ ਰਾਣੋ ਦਫ਼ਤਰ ਆ ਗਈ। ਸੋਚਦੀ ਰਹੀ, ਲੰਕਾ ਤਾਂ ਉਜੜ ਗਈ ਹੈ, ਹੁਣ ਕੀ ਕਰਾਂ? ਗੁਰਜੀਤ ਵੀ ਉਦੋਂ ਤੱਕ ਵਾਪਿਸ ਆ ਗਿਆ।

'ਮੀਟਿੰਗ ਖ਼ਤਮ ਹੋ ਗਈ?'

'ਬਹੁਤ ਜ਼ਰੂਰੀ ਸੀ ਮਾਰਕੀਟਿੰਗ ਬਾਰੇ।'

'ਫੋਨ ਤੁਸੀਂ ਇਥੇ ਈ ਭੁੱਲ ਗਏ ਸੀ।'

'ਬੱਸ ਕਾਹਲੀ ਵਿਚ।' ਤੇ ਗੁਰਜੀਤ ਨੇ ਜਿਵੇਂ ਕੰਸ, ਯੁਧਿਸ਼ਟਰ ਬਣ ਰਿਹਾ ਹੋਵੇ, ਰਾਣੋ ਨੂੰ ਬਾਹਾਂ ਵਿਚ ਲਪੇਟਣ ਦੀ ਕੋਸ਼ਿਸ਼ ਕੀਤੀ।

'ਤੇਰੇ ਅੰਦਰਲੇ ਕੋਹੜ ਬਾਰੇ ਮੈਂ ਜਾਣ ਗਈ ਹਾਂ।' ਤੇ ਰਾਣੋ ਦਫ਼ਤਰੋਂ ਨਿਕਲ ਗਈ। ਸਿੱਧੀ ਉਹ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਈ। ਲੀੜੇ ਸੁਆਰਦੀ ਤੇ ਵਾਲ ਵਾਹੁੰਦੀ ਮਾਂ ਦੀਆਂ ਜ਼ੁਲਫਾਂ ਉਹਨੂੰ ਡਮੇਟਣੀਆਂ ਲੱਗੀਆਂ।

ਚੰਡੀ ਬਣੀ ਰਾਣੋ ਨੇ ਵਾਲਾਂ ਦਾ ਰੁੱਗ ਭਰ ਕੇ ਮਾਂ ਨੂੰ ਪੁੱਛਿਆ-'ਬਾਪ ਦੀ ਅਣਖ ਰੋਲ'ਤੀ?' ਤੇ ਪਟਾਕ ਦੇਣੀ ਸਿਰ ਕੰਧ ਵਿਚ ਮਾਰਿਆ। ਗੁੱਸਾ ਹੋਰ ਬੇਕਾਬੂ ਹੋ ਗਿਆ ਤੇ ਫੌਲਾਦੀ ਹੱਥ ਮਾਂ ਦੀਆਂ ਰਗਾਂ ਨੂੰ ਲਿਪਟ ਗਏ...ਉਦੋਂ ਤੱਕ ਜਦੋਂ ਤੱਕ ਸਾਹ ਨਿਕਲ ਨਾ ਗਿਆ।

ਉਨ੍ਹੀਂ ਪੈਰੀਂ ਵਾਪਿਸ ਪਰਤੀ ਰਾਣੋ ਨੇ ਤਿੱਖਾ ਦਾਤ ਗੁਰਜੀਤ ਦੇ ਐਨ ਸਿਰ 'ਚ ਟਿਕਾ'ਤਾ ਜਿੱਥੋਂ ਵਾਲਾਂ ਦਾ ਚੀਰ ਨਿਕਲਿਆ ਹੋਇਆ ਸੀ।

ਦਫ਼ਤਰ 'ਚ ਹਫ਼ੜਾ-ਦਫੜੀ ਤੇ ਖੂਨੋ-ਖੂਨ ਸੀ। ਵਪਾਰੀ ਨੇ ਇਸ਼ਕ ਦੀਆਂ ਦੋ ਮੰਡੀਆਂ 'ਚ ਇਕੋ ਵੇਲੇ ਬੋਲੀ ਦੇ ਕੇ ਸਭ ਕੁਝ ਲੁੱਟ ਲਿਆ ਸੀ।

ਲੋਹੜੇ ਦਾ ਹੁਸਨ ਜਦੋਂ ਸੀਖਾਂ ਪਿੱਛੇ ਧੁਆਂਖਿਆ ਲੋਕਾਂ ਨੇ ਵੇਖਿਆ, ਫਿਰ ਪਤਾ ਲੱਗਾ ਸੀ ਕਿ ਸਾਧ ਕੁੱਟਿਆ ਕਿਉਂ ਗਿਆ ਸੀ!

# ਪੂਤਾ ਮਾਤਾ ਕੀ ਆਸੀਸ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸ਼ਬਦ ਰਾਗੁ ਗੂਜਰੀ ਵਿਚ ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਜੀ ਦਾ ਹੈ। ਇਸ ਸ਼ਬਦ ਵਿਚ ਮਾਂ ਵੱਲੋਂ ਆਪਣੇ ਪੁੱਤਰ ਨੂੰ ਅਸੀਸ ਦਿੱਤੀ ਗਈ ਹੈ ਕਿ ਉਸ ਨੂੰ ਅਕਾਲ ਪੁਰਖ ਹਮੇਸ਼ਾ ਯਾਦ ਰਹੇ, ਕਦੇ ਅੱਖ ਝਮਕਣ ਜਿੰਨੇ ਸਮੇਂ ਲਈ ਵੀ ਨਾ ਵਿਸਰੇ ਅਤੇ ਪੁੱਤਰ ਹਮੇਸ਼ਾ ਪਰਮਾਤਮਾ ਦਾ ਨਾਮ ਸਿਮਰਨ ਕਰਦਾ ਰਹੇ। ਉਹ ਉਸ ਪਰਮਾਤਮਾ ਦਾ ਨਾਮ ਸਦੀਵੀ ਸਿਮਰਦਾ ਰਹੇ ਜਿਸ ਦਾ ਸਿਮਰਨ ਕਰਨ ਨਾਲ ਹਰ ਤਰ੍ਹਾਂ ਦੇ ਪਾਪ ਖ਼ਤਮ ਹੋ ਜਾਂਦੇ ਹਨ, ਸਿਮਰਨ ਕਰਨ ਵਾਲੇ ਦੇ ਵਡੇਰੇ ਪਿੱਤਰਾਂ ਦਾ ਵੀ ਇਸ ਸੰਸਾਰ ਸਮੁੰਦਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ। ਉਸ ਪਰਮਾਤਮਾ ਦਾ ਨਾਮ ਉਹ ਸਦਾ ਜਪਦਾ ਰਹੇ, ਜਿਸ ਦੇ ਬੇਅੰਤ ਗੁਣ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਪੁੱਤਰ ਨੂੰ ਅਸੀਸ ਦਿੱਤੀ ਹੈ ਕਿ ਅਕਾਲ ਪੁਰਖ ਦੀ ਮਿਹਰ ਸਦਾ ਉਸ ਤੇ ਬਣੀ ਰਹੇ ਅਤੇ ਗੁਰੂ ਨਾਲ ਪਿਆਰ ਬਣਿਆ ਰਹੇ। ਜਿਸ ਤਰ੍ਹਾਂ ਕੱਪੜਾ ਮਨੁੱਖ ਦੀ ਇੱਜ਼ਤ ਢੱਕ ਲੈਂਦਾ ਹੈ, ਇਸੇ ਤਰ੍ਹਾਂ ਪਰਮਾਤਮਾ ਇੱਜ਼ਤ ਬਣਾਈ ਰੱਖੇ ਅਤੇ ਅਕਾਲ ਪੁਰਖ ਦੀ ਸਿਫਤਿ-ਸਾਲਾਹ ਉਸ ਦੀ ਆਤਮਕ ਖੁਰਾਕ ਬਣੀ ਰਹੇ।

ਅੱਗੇ ਕਿਹਾ ਹੈ ਕਿ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਰੂਪੀ ਅੰਮ੍ਰਿਤ ਉਹ ਸਦਾ ਪੀਂਦਾ ਰਹੇ ਜਿਸ ਨਾਲ ਉਹ ਆਤਮਕ ਜੀਵਨ ਦੀਆਂ ਬੁਲੰਦੀਆਂ ਨੂੰ ਛੂਹ ਲਵੇ। ਪਰਮਾਤਮਾ ਦਾ ਸਿਮਰਨ ਇੱਕ ਅਜਿਹੀ ਦਾਤ ਹੈ ਜਿਸ ਨਾਲ ਸਦੀਵੀ ਅਨੰਦ ਬਣਿਆ ਰਹਿੰਦਾ ਹੈ, ਆਤਮਕ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਕਦੇ ਵੀ ਚਿੰਤਾ ਨਹੀਂ ਵਿਆਪਦੀ। ਇਹ ਮਨ ਭੌਰੇ ਦੀ ਤਰ੍ਹਾਂ ਅਕਾਲ-ਪੁਰਖ ਦੇ ਚਰਨ-ਕੰਵਲਾਂ ਵੱਲ ਭਾਉਂਦਾ ਰਹੇ। ਪਰਮਾਤਮਾ ਦਾ ਸੇਵਕ ਉਨ੍ਹਾਂ ਚਰਨ-ਕੰਵਲਾਂ ਨਾਲ ਇਸ ਤਰ੍ਹਾਂ ਜੁੜਿਆ ਰਹਿੰਦਾ ਹੈ ਜਿਵੇਂ ਪਪੀਹਾ ਵਰਖਾ ਦੀ ਬੂੰਦ ਪੀ ਕੇ ਖਿੜਦਾ ਹੈ। (ਪੰਨਾ 496)। ਇਸ ਸ਼ਬਦ ਦਾ ਜ਼ਿਕਰ ਕਰਨਾ ਇਥੇ ਸਹੀ ਜਾਪਦਾ ਹੈ ਕਿਉਂਕਿ ਅੱਗੇ ਮਾਤਾ ਗੁਜਰੀ ਜੀ ਦੀ ਸਿੱਖ ਧਰਮ ਅਤੇ ਇਤਿਹਾਸ ਨੂੰ ਦੇਣ ਬਾਰੇ ਗੱਲ ਕੀਤੀ ਜਾਣੀ ਹੈ, ਜਿਨ੍ਹਾਂ ਨੇ ਅਜਿਹੀ ਹੀ ਅਸੀਸ ਆਪਣੇ ਸਪੁੱਤਰ ਗੁਰੂ ਗੋਬਿੰਦ ਸਿੰਘ ਅਤੇ ਲਾਡਲੇ ਪੋਤਰਿਆਂ ਨੂੰ ਦਿੱਤੀ।

**ਮਾਤਾ ਗੁਜਰੀ:** ਮਾਤਾ ਗੁਜਰੀ ਦਾ ਜਨਮ ਭਾਈ ਲਾਲ ਚੰਦ ਅਤੇ ਬਿਸ਼ਨ ਕੌਰ ਦੇ ਘਰ ਕਰਤਾਰਪੁਰ (ਹੁਣ ਜ਼ਿਲ੍ਹਾ ਕਪੂਰਥਲਾ) ਵਿਚ ਹੋਇਆ। ਭਾਈ ਲਾਲ ਚੰਦ ਦਾ ਜੱਦੀ ਪਿੰਡ ਲਖਨੌਰ, ਜ਼ਿਲ੍ਹਾ ਅੰਬਾਲਾ ਸੀ। ਮਾਤਾ ਗੁਜਰੀ ਦਾ ਵਿਆਹ ਛੇਵੀਂ ਨਾਨਕ ਜੋਤਿ ਦੇ ਪੁੱਤਰ ਤੇਗ ਬਹਾਦਰ ਨਾਲ 4 ਫਰਵਰੀ 1633 ਈਸਵੀ ਨੂੰ ਹੋਇਆ। ਵਿਆਹ ਤੋਂ ਪਿੱਛੋਂ ਭਾਈ ਲਾਲ ਚੰਦ ਦਾ ਪਰਿਵਾਰ ਅੰਮ੍ਰਿਤਸਰ ਚਲਾ ਗਿਆ। 1635 ਈ. ਵਿਚ ਮਾਤਾ ਗੁਜਰੀ ਨੇ ਅੰਮ੍ਰਿਤਸਰ ਛੱਡ ਦਿੱਤਾ ਅਤੇ ਗੁਰੂ ਪਰਿਵਾਰ ਨਾਲ ਰਹਿਣ ਲਈ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਵਸਾਏ ਕੀਰਤਪੁਰ ਆ ਗਈ। 1644 ਈ. ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਆਪਣੇ ਪਤੀ ਅਤੇ ਮਾਤਾ ਨਾਨਕੀ ਨਾਲ ਬਾਬਾ ਬਕਾਲਾ ਆ ਗਏ, ਜਿਥੇ ਅਮਨ-ਭਰਪੂਰ ਜੀਵਨ ਬਤੀਤ ਹੋ ਰਿਹਾ ਸੀ ਅਤੇ ਤੇਗ ਬਹਾਦਰ ਬਹੁਤਾ ਸਮਾਂ ਅਕਾਲ ਪੁਰਖ ਦੀ ਭਗਤੀ ਕਰਦਿਆਂ ਲੰਘਾਉਂਦੇ। ਜਦੋਂ 1644 ਈ. ਵਿਚ ਗੁਰੂ ਤੇਗ ਬਹਾਦਰ ਨੂੰ ਗੁਰਗੱਦੀ ਸੌਂਪੀ ਗਈ ਤਾਂ ਉਹ ਮਾਤਾ ਗੁਜਰੀ ਨਾਲ ਅੰਮ੍ਰਿਤਸਰ ਆ ਗਏ ਅਤੇ ਉਥੋਂ ਕੀਰਤਪੁਰ ਪਹੁੰਚੇ। 1665 ਈ. ਵਿਚ ਗੁਰੂ ਤੇਗ ਬਹਾਦਰ ਸਾਹਿਬ ਨੇ ਮਾਖੋਵਾਲ ਦੇ ਨੇੜੇ ਨਵਾਂ ਨਗਰ ਆਪਣੀ ਮਾਤਾ ਦੇ ਨਾਮ ਤੇ 'ਚੱਕ ਨਾਨਕੀ' ਵਸਾਇਆ ਜਿਸ ਦੀ ਨੀਂਹ ਬਾਬਾ ਗੁਰਦਿੱਤਾ ਜੀ ਨੇ ਪੁੱਟੀ ਅਤੇ ਗੁਰੂ ਪਰਿਵਾਰ ਇਸ ਨਵੇਂ ਨਗਰ ਵਿਚ ਰਹਿਣ ਲੱਗ ਪਏ। ਪਿੱਛੋਂ ਇਸ ਦਾ ਨਾਮ 'ਅਨੰਦਪੁਰ' ਪਿਆ।

ਕੁੱਝ ਹੀ ਸਮੇਂ ਬਾਅਦ ਗੁਰੂ ਤੇਗ ਬਹਾਦਰ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਨਾਲ ਲੰਬੇ ਸਫ਼ਰ 'ਤੇ ਨਿਕਲ ਪਏ ਅਤੇ ਦੋਵਾਂ ਨੂੰ ਪਟਨਾ ਛੱਡ ਕੇ ਆਪ ਬੰਗਾਲ ਅਤੇ ਅਸਾਮ ਵੱਲ ਚਲੇ ਗਏ। ਪਟਨਾ ਵਿਚ ਮਾਤਾ ਗੁਜਰੀ ਨੇ 22 ਦਸੰਬਰ 1666 ਨੂੰ ਬਾਲਕ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਨੂੰ ਜਨਮ ਦਿੱਤਾ। ਮਾਤਾ ਗੁਜਰੀ ਨੇ ਇਕੱਲਿਆਂ ਗੋਬਿੰਦ ਰਾਇ ਦੀ ਹਰ ਤਰ੍ਹਾਂ ਦੀ ਸਿੱਖਿਆ-ਦੀਖਿਆ (ਪੜ੍ਹਨ-ਲਿਖਣ ਅਤੇ ਸ਼ਸਤਰ ਵਿੱਦਿਆ) ਦਾ ਪ੍ਰਬੰਧ ਕੀਤਾ। ਗੁਰੂ ਤੇਗ ਬਹਾਦਰ 1670 ਈ. ਵਿਚ ਵਾਪਸ ਪਟਨਾ ਆਏ ਅਤੇ ਕੁੱਝ ਦੇਰ ਰਹਿ ਕੇ ਦਿੱਲੀ ਆ ਗਏ ਅਤੇ ਪਰਿਵਾਰ ਨੂੰ ਲਖਨੌਰ ਆਉਣ ਲਈ ਕਹਿ ਦਿੱਤਾ। ਮਾਤਾ ਗੁਜਰੀ ਬਿਰਧ ਮਾਤਾ ਨਾਨਕੀ ਅਤੇ ਬਾਲਕ ਗੋਬਿੰਦ ਰਾਇ ਨਾਲ 13 ਦਸੰਬਰ 1670 ਨੂੰ ਆਪਣੇ ਭਰਾ ਮਿਹਰ ਚੰਦ ਕੋਲ ਲਖਨੌਰ ਪਹੁੰਚੇ ਅਤੇ ਗੁਰੂ ਤੇਗ ਬਹਾਦਰ ਦੇ ਆਉਣ ਤੱਕ ਠਹਿਰੇ। ਲਖਨੌਰ ਦੇ ਬਾਹਰ ਹੁਣ ਵੀ ਖੂਹ ਹੈ, ਜਿਸ ਨੂੰ 'ਮਾਤਾ ਦਾ ਖੂਹ' ਜਾਂ 'ਮਾਤਾ ਗੁਜਰੀ ਦਾ ਖੂਹ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। 11 ਜੁਲਾਈ 1675 ਦਾ ਦਿਨ ਚੱਕ ਨਾਨਕੀ ਵਿਚ ਬਹੁਤ ਹੀ ਮਹੱਤਵਪੂਰਨ ਦਿਨ ਸੀ ਜਦੋਂ ਗੁਰੂ ਤੇਗ ਬਹਾਦਰ ਸ਼ਹਾਦਤ ਦੇਣ ਲਈ ਦਿੱਲੀ ਰਵਾਨਾ ਹੋਏ ਅਤੇ ਗੁਰੂ ਗੋਬਿੰਦ ਸਿੰਘ ਬਹੁਤ ਹੀ ਛੋਟੀ ਉਮਰ ਦੇ ਸਨ।

ਚੱਕ ਨਾਨਕੀ ਦੇ ਪ੍ਰਬੰਧ ਦੀ ਸਾਰੀ ਜਿੰਮੇਵਾਰੀ ਮਾਤਾ ਗੁਜਰੀ ਦੇ ਮੋਢਿਆਂ 'ਤੇ ਆ ਪਈ ਅਤੇ ਉਨ੍ਹਾਂ ਦੀ ਮਦਦ ਛੋਟਾ ਭਰਾ ਕ੍ਰਿਪਾਲ ਚੰਦ ਕਰਦਾ। ਜਦੋਂ ਮੁਗਲ ਫੌਜਾਂ ਅਤੇ ਪਹਾੜੀ ਰਾਜਿਆਂ ਨਾਲ ਯੁੱਧ ਦੌਰਾਨ ਉਨ੍ਹਾਂ ਵੱਲੋਂ ਝੂਠੀਆਂ ਕਸਮਾਂ ਦੇਣ 'ਤੇ ਗੁਰੂ ਗੋਬਿੰਦ ਸਿੰਘ ਨੂੰ ਖਾਲਸੇ ਸਮੇਤ ਅਨੰਦਪੁਰ ਸਾਹਿਬ ਖਾਲੀ ਕਰਨਾ ਪਿਆ ਤਾਂ 5-6 ਦਸੰਬਰ 1705 ਦੀ ਕਾਲੀ-ਬੋਲੀ ਹਨੇਰੀ ਰਾਤ ਨੂੰ ਸਰਸਾ ਨਦੀ ਪਾਰ ਕਰਦਿਆਂ ਮਾਤਾ ਗੁਜਰੀ ਆਪਣੇ ਛੋਟੇ ਪੋਤਰਿਆਂ-ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨਾਲ, ਜੋ ਕਿ 9 ਅਤੇ 6 ਸਾਲ ਦੀ ਉਮਰ ਦੇ ਸਨ, ਬਾਕੀ ਪਰਿਵਾਰ ਤੋਂ ਵਿਛੜ ਗਏ। ਤਿੰਨਾਂ ਨੂੰ ਗੰਗੂ ਰਸੋਈਆ ਮੋਰਿੰਡੇ ਨੇੜੇ ਆਪਣੇ ਪਿੰਡ ਸਹੇੜੀ ਲੈ ਗਿਆ। ਉਥੇ ਵਿਸ਼ਵਾਸਘਾਤ ਕਰਦਿਆਂ ਧੋਖੇ ਨਾਲ ਉਸ ਨੇ ਉਨ੍ਹਾਂ ਨੂੰ ਸਥਾਨਕ ਪੁਲਿਸ ਨੂੰ ਫੜਾ ਦਿੱਤਾ, ਜਿੱਥੋਂ ਉਨ੍ਹਾਂ ਨੂੰ ਸਰਹਿੰਦ ਲਿਆ ਕੇ ਠੰਢੇ ਬੁਰਜ ਵਿਚ ਰੱਖਿਆ ਗਿਆ। ਮਾਤਾ ਗੁਜਰੀ ਨੇ ਆਪਣੇ ਪੋਤਰਿਆਂ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਬਜ਼ੁਰਗਾਂ ਦੀ ਬਹਾਦਰੀ ਅਤੇ ਸ਼ਹਾਦਤ ਦੀਆਂ ਸਾਖੀਆਂ ਸੁਣਾਉਂਦਿਆਂ ਕੀਤਾ ਸੀ। ਸਰਹਿੰਦ ਉਨ੍ਹਾਂ ਨੂੰ ਹਰ ਰੋਜ਼ ਸੂਬੇ ਦੀ ਕਚਹਿਰੀ ਵਿਚ ਜਾਣਾ ਪੈਂਦਾ ਸੀ ਜਿਥੇ ਉਹ ਬੱਚਿਆਂ ਨੂੰ ਇਸਲਾਮ ਕਬੂਲ ਕਰਾਉਣ ਲਈ ਤਰ੍ਹਾਂ ਤਰ੍ਹਾਂ ਦੇ ਲਾਲਚ ਅਤੇ ਡਰਾਵੇ ਦਿੰਦਾ ਸੀ। ਮਾਤਾ ਗੁਜਰੀ ਉਨ੍ਹਾਂ ਨੂੰ ਹੌਸਲੇ ਬਣਾਈ ਰੱਖਣ ਲਈ ਹੱਲਾ-ਸ਼ੇਰੀ ਦਿੰਦੇ ਰਹੇ ਅਤੇ ਵਿਰਸੇ ਦੀ ਯਾਦ ਦੁਆਉਂਦੇ ਰਹੇ।

ਜਦੋਂ ਸਾਹਿਬਜ਼ਾਦੇ ਕਿਸੇ ਤਰ੍ਹਾਂ ਵੀ ਨਹੀਂ ਝੁਕੇ ਅਤੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੂੰ 11 ਦਸੰਬਰ ਨੂੰ ਜਿਉਂਦੇ ਨੀਂਹਾਂ ਵਿਚ ਚਿਣਵਾ ਦਿੱਤਾ ਗਿਆ ਅਤੇ ਮਾਤਾ ਗੁਜਰੀ ਨੇ ਵੀ ਪ੍ਰਾਣ ਤਿਆਗ ਦਿੱਤੇ। ਗੁਰੂ ਨਾਨਕ ਸਾਹਿਬ ਨੇ ਇਸਤਰੀ ਨੂੰ ਪੁਰਸ਼ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਮੰਨਿਆ ਸੀ ਅਤੇ ਮਾਤਾ ਗੁਜਰੀ ਨੇ ਉਸ ਕਥਨ ਨੂੰ ਸੱਚ ਕਰ ਦਿਖਾਇਆ। ਮਾਤਾ ਗੁਜਰੀ ਨੇ ਆਪਣੇ ਪੋਤਰਿਆਂ ਦੀ ਪਾਲਣਾ ਰਾਹੀਂ ਇਹ ਸਾਬਤ ਕਰ ਦਿੱਤਾ ਅਤੇ ਉਹ ਮਾਤਾ ਦੀ ਸਿੱਖਿਆ ਕਾਰਨ ਆਪਣੇ ਧਰਮ ਵਿਚ ਪੱਕੇ ਰਹੇ ਅਤੇ ਆਪਣੇ ਬਜ਼ੁਰਗਾਂ ਦੀ ਸ਼ਹਾਦਤ ਦੀ ਪਰੰਪਰਾ ਨੂੰ ਕਾਇਮ ਰੱਖਿਆ। ਮਾਤਾ ਗੁਜਰੀ ਪਹਿਲੀ ਇਸਤਰੀ ਸਿੱਖ ਸ਼ਹੀਦ ਹੋਏ ਹਨ।

**ਮਾਤਾ ਸੁੰਦਰੀ:** ਗੁਰੂ ਗੋਬਿੰਦ ਸਿੰਘ ਦੀ ਪਤਨੀ, ਪੁੱਤਰੀ ਭਾਈ ਰਾਮ ਸਰਨ ਖੱਤਰੀ, ਬਿਜਵਾੜਾ (ਜ਼ਿਲ੍ਹਾ ਹੁਸ਼ਿਆਰਪੁਰ) ਨਿਵਾਸੀ ਦੀ ਸ਼ਾਦੀ ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਨਾਲ ਅਨੰਦਪੁਰ ਸਾਹਿਬ ਵਿਖੇ 4 ਅਪਰੈਲ 1684 ਈ. ਨੂੰ ਹੋਈ। ਉਨ੍ਹਾਂ 26 ਜਨਵਰੀ 1687 ਈ. ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪਾਉਂਟਾ ਸਾਹਿਬ ਵਿਖੇ ਜਨਮ ਦਿੱਤਾ। ਦਸੰਬਰ 1705 ਨੂੰ ਜਦੋਂ ਗੁਰੂ ਸਾਹਿਬ ਨੇ ਖਾਲਸੇ ਸਮੇਤ ਅਨੰਦਪੁਰ ਖਾਲੀ ਕੀਤਾ ਤਾਂ ਭਾਈ ਮਨੀ ਸਿੰਘ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਨੂੰ ਨਾਲ ਲੈ ਕੇ ਦਿੱਲੀ ਚਲੇ ਗਏ। 1706 ਵਿਚ ਉਹ ਤਲਵੰਡੀ ਸਾਬੋ ਵਿਚ ਗੁਰੂ ਗੋਬਿੰਦ ਸਿੰਘ ਨੂੰ ਆ ਕੇ ਮਿਲੇ ਅਤੇ ਇਥੇ ਆ ਕੇ ਹੀ ਉਨ੍ਹਾਂ ਨੂੰ ਮਾਤਾ ਗੁਜਰੀ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਿਆ। ਜਦੋਂ ਗੁਰੂ ਗੋਬਿੰਦ ਸਿੰਘ ਦੱਖਣ ਵੱਲ ਗਏ ਤਾਂ ਮਾਤਾ ਸੁੰਦਰੀ ਵਾਪਸ ਦਿੱਲੀ ਆ ਗਏ। ਦਿੱਲੀ ਮਾਤਾ ਸੁੰਦਰੀ ਨੇ ਇੱਕ ਲੜਕਾ ਗੋਦ ਲਿਆ। 1708 ਈ. ਵਿਚ ਗੁਰੂ ਗੋਬਿੰਦ ਸਿੰਘ ਦੇ ਨਾਂਦੇੜ (ਹਜ਼ੂਰ ਸਾਹਿਬ) ਵਿਚ ਜੋਤੀ ਜੋਤਿ ਸਮਾਉਣ ਪਿੱਛੋਂ ਸਿੱਖ ਨੇਤਾਵਾਂ ਨੇ ਮਾਤਾ ਸੁੰਦਰੀ ਤੋਂ ਅਗਵਾਈ ਲੈਣੀ ਚਾਹੀ। ਮਾਤਾ ਜੀ ਨੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਦੇਖ-ਭਾਲ ਦੀ ਜਿੰਮੇਵਾਰੀ ਸੌਂਪੀ।

ਮਾਤਾ ਸੁੰਦਰੀ ਨੇ ਆਪਣੀ ਮੁਹਰਛਾਪ ਹੇਠ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ। ਖੋਜਕਾਰਾਂ ਅਨੁਸਾਰ ਹੁਕਮਨਾਮਿਆਂ ਦੇ ਮੁਤਾਬਿਕ ਤੋਂ 12 ਅਕਤੂਬਰ 1717 ਤੋਂ 10 ਅਗਸਤ 1730 ਦੀਆਂ ਤਾਰੀਖਾਂ ਮਿਲਦੀਆਂ ਹਨ। ਮਾਤਾ ਸੁੰਦਰੀ ਨੂੰ ਗੋਦ ਲਏ ਪੁੱਤਰ ਤੋਂ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ। ਬਹਾਦਰ ਸ਼ਾਹ ਉਸ ਨੂੰ ਗੁਰੂ ਗੋਬਿੰਦ ਸਿੰਘ ਦਾ ਜਾਂਨਸ਼ੀਨ ਮੰਨਦਾ ਸੀ ਅਤੇ 1710 ਵਿਚ ਉਸ ਨੂੰ ਦਰਬਾਰ ਵਿਚ ਬੁਲਾ ਕੇ ਸਤਿਕਾਰ ਕੀਤਾ ਜਿਸ ਨਾਲ ਉਹ ਹੰਕਾਰ ਗਿਆ। ਉਹ ਮਾਤਾ ਸੁੰਦਰੀ ਨਾਲ ਵੀ ਰੁੱਖਾ ਵਰਤਣ ਲੱਗਾ, ਜਿਸ 'ਤੇ ਮਾਤਾ ਜੀ ਨੇ ਉਸ ਨੂੰ ਬੇਦਖਲ ਕਰ ਦਿੱਤਾ ਅਤੇ ਮਥਰਾ ਚਲੇ ਗਏ। ਅਜੀਤ ਸਿੰਘ 'ਤੇ ਪਿੱਛੋਂ ਖੂਨ ਦਾ ਇਲਜ਼ਾਮ ਲੱਗ ਗਿਆ ਅਤੇ 18 ਜਨਵਰੀ ਨੂੰ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ। ਮਾਤਾ ਸੁੰਦਰੀ ਦਿੱਲੀ ਵਾਪਸ ਆ ਗਏ ਅਤੇ 1747 ਵਿਚ ਅਕਾਲ ਚਲਾਣਾ ਕਰ ਗਏ। ਮਾਤਾ ਸੁੰਦਰੀ ਪਹਿਲੀ ਸਿੱਖ ਇਸਤਰੀ ਹਨ ਜਿਨ੍ਹਾਂ ਨੇ ਸਿੱਖ-ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਇਸਤਰੀ ਨੂੰ ਪ੍ਰਬੰਧਕੀ ਕਾਰਜਾਂ ਵਿਚ ਹਿੱਸਾ ਲੈਣ ਦਾ ਅਤੇ ਉਨ੍ਹਾਂ ਨੂੰ ਸੰਭਾਲਣ ਦਾ ਪੂਰਨ ਅਧਿਕਾਰ ਹੈ।

**ਮਾਤਾ ਜੀਤੋ:** ਲਾਹੌਰ ਦੇ ਸੁਭੀਖੀ ਖੱਤਰੀ ਭਾਈ ਹਰਿਜਸ ਦੀ ਪੁੱਤਰੀ ਜੀਤੋ ਦੀ ਸ਼ਾਦੀ ਗੁਰੂ ਗੋਬਿੰਦ ਸਿੰਘ ਨਾਲ 1673 ਈ. ਵਿਚ ਹੋਈ। ਉਨ੍ਹਾਂ ਦੇ ਪਿਤਾ ਦੀ ਇੱਛਾ ਸੀ ਕਿ ਲਾੜਾ ਬਰਾਤ ਲੈ ਕੇ ਲਾਹੌਰ ਆਵੇ, ਪਰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਕਾਰਨ ਬਦਲੇ ਹੋਏ ਹਾਲਾਤ ਵਿਚ ਲਾਹੌਰ ਜਾਣਾ ਸੰਭਵ ਨਹੀਂ ਸੀ। ਇਸ ਲਈ ਅਨੰਦਪੁਰ ਤੋਂ 10 ਮੀਲ ਦੇ ਫਾਸਲੇ 'ਤੇ ਬਸੰਤਗੜ੍ਹ ਦੇ ਨੇੜੇ ਅਸਥਾਈ ਸਥਾਨ ਉਸਾਰਿਆ ਗਿਆ ਜਿਸ ਦਾ ਨਾਮ 'ਗੁਰੂ ਕਾ ਲਾਹੌਰ' ਰੱਖਿਆ ਗਿਆ ਅਤੇ ਇਥੇ ਗੁਰੂ ਜੀ ਨਾਲ ਜੀਤੋ ਜੀ ਦਾ ਵਿਆਹ ਰਚਾਇਆ ਗਿਆ। 30 ਮਾਰਚ 1699 ਦੀ ਵਿਸਾਖੀ ਨੂੰ ਦਸਮ ਗੁਰੂ ਨੇ ਅਨੰਦਪੁਰ ਵਿਚ ਖਾਲਸੇ ਦੀ ਸਾਜਨਾ ਕੀਤੀ। ਜਦੋਂ ਗੁਰੂ ਸਾਹਿਬ ਸਰਬ-ਲੋਹ ਦੇ ਬਾਟੇ ਵਿਚ ਖੰਡੇ ਨਾਲ ਅੰਮ੍ਰਿਤ ਤਿਆਰ ਕਰ ਰਹੇ ਸਨ ਤਾਂ ਮਾਤਾ ਜੀਤੋ ਨੇ ਪਤਾਸੇ ਲਿਆ ਕੇ ਬਾਟੇ ਵਿਚ ਪਾ ਦਿੱਤੇ। ਇਸ ਤਰ੍ਹਾਂ ਮਾਤਾ ਜੀ ਨੇ ਲੋਹੇ ਵਿਚ ਮਿਠਾਸ ਮਿਲਾ ਦਿੱਤੀ ਅਤੇ ਸਿੱਖ ਇਤਿਹਾਸ ਦੀ ਇਸ ਮਹਾਨ ਪਰੰਪਰਾ, ਜਿਸ ਨੇ ਮਨੁੱਖ ਦਾ ਕਾਇਆ-ਕਲਪ ਹੀ ਕਰ ਦਿੱਤਾ, ਵਿਚ ਹਿੱਸਾ ਪਾਇਆ। ਖਾਲਸੇ ਦੇ ਰੂਪ ਵਿਚ ਸੰਤ ਅਤੇ ਸਿਪਾਹੀ ਅਰਥਾਤ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੇ ਇੱਕ ਨਵੇਂ ਮਨੁੱਖ ਨੂੰ ਜਨਮ ਦਿੱਤਾ ਜਿਸ ਨੂੰ ਸਰਬਤ ਦੇ ਭਲੇ ਲਈ ਜੂਝਣਾ ਸਿਖਾਇਆ ਗਿਆ। ਇਹ ਕਿਸੇ ਕ੍ਰਿਸ਼ਮੇ ਨਾਲੋਂ ਘੱਟ ਨਹੀਂ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਸਿੱਖ ਇਸਤਰੀ ਵੱਡੀ ਤੋਂ ਵੱਡੀ ਕੌਮੀ ਪਰੰਪਰਾ ਵਿਚ ਸ਼ਮੂਲੀਅਤ ਕਰਨ ਦੀ ਅਧਿਕਾਰੀ ਵੀ ਹੈ ਅਤੇ ਯੋਗਤਾ ਵੀ ਰੱਖਦੀ ਹੈ।

ਮਾਤਾ ਜੀਤੋ ਦੇ ਤਿੰਨ ਪੁੱਤਰ ਹੋਏ-ਸਾਹਿਬਜ਼ਾਦਾ ਜੁਝਾਰ ਸਿੰਘ (14 ਮਾਰਚ 1691), ਸਾਹਿਬਜ਼ਾਦਾ ਜ਼ੋਰਾਵਰ ਸਿੰਘ (17 ਨਵੰਬਰ 1696), ਸਾਹਿਬਜ਼ਾਦਾ ਫਤਿਹ ਸਿੰਘ (25 ਫਰਵਰੀ 1699)। ਮਾਤਾ ਜੀਤੋ ਨੇ ਆਪਣੇ ਪੁੱਤਰਾਂ ਨੂੰ ਉਨ੍ਹਾਂ ਦੇ ਬਜ਼ੁਰਗਾਂ-ਗੁਰੂ ਅਰਜਨ ਦੇਵ, ਗੁਰੂ ਹਰਗੋਬਿੰਦ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀਆਂ ਅਤੇ ਬਹਾਦਰੀ ਦੇ ਪ੍ਰਸੰਗ ਸੁਣਾਉਂਦਿਆਂ ਪਾਲ-ਪੋਸ ਕੇ ਵੱਡਾ ਕੀਤਾ। ਮਾਤਾ ਜੀਤੋ ਨੇ ਉਨ੍ਹਾਂ ਨੂੰ ਸਿਖਾਇਆ ਕਿ ਸਿੱਖ ਕਦੇ ਵੀ ਧਰਮ ਨਹੀਂ ਹਾਰਦਾ ਅਤੇ ਯੁੱਧ ਦੇ ਮੈਦਾਨ ਨੂੰ ਛੱਡ ਕੇ ਭੱਜਦਾ ਨਹੀਂ। ਇਸ ਸਿੱਖਿਆ ਸਦਕਾ ਹੀ ਸਾਹਿਬਜ਼ਾਦਿਆਂ ਨੇ ਏਨੀ ਛੋਟੀ ਉਮਰ ਵਿਚ ਆਪਣੇ ਧਰਮ ਨੂੰ ਪੂਰੀ ਦ੍ਰਿੜਤਾ ਨਾਲ ਨਿਭਾਇਆ ਅਤੇ ਹੱਸਦੇ ਹੱਸਦੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਜਦੋਂ ਚਮਕੌਰ ਦੀ ਕੱਚੀ ਗੜ੍ਹੀ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਮੁਗਲਾਂ ਨਾਲ ਦੋ-ਦੋ ਹੱਥ ਕਰਦਿਆਂ ਸ਼ਹੀਦ ਹੋ ਗਏ ਤਾਂ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਗੁਰੂ ਪਿਤਾ ਤੋਂ ਜੰਗ ਦੇ ਮੈਦਾਨ ਵਿਚ ਜਾਣ ਦੀ ਆਗਿਆ ਲਈ ਅਤੇ ਦੁਸ਼ਮਣ ਦੇ ਆਹੂ ਲਾਹੁੰਦਿਆਂ ਸ਼ਹੀਦ ਹੋ ਗਏ। ਉਸ ਵੇਲੇ ਉਸ ਦੀ ਉਮਰ ਸਿਰਫ 15 ਸਾਲ ਸੀ। ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ 9 ਸਾਲ ਅਤੇ 6 ਸਾਲ ਦੀ ਉਮਰ ਵਿਚ ਸ਼ਹੀਦੀ ਪਾ ਗਏ ਜਦੋਂ ਸੂਬਾ ਸਰਹਿੰਦ ਵਜ਼ੀਰ ਖਾਨ ਨੇ ਇਸਲਾਮ ਕਬੂਲ ਨਾ ਕਰਨ 'ਤੇ ਉਨ੍ਹਾਂ ਨੂੰ ਜਿੰਦਾ ਨੀਂਹਾਂ ਵਿਚ ਚਿਣਵਾ ਦਿੱਤਾ। ਮਾਤਾ ਜੀਤੋ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪਹਿਲਾਂ 1700 ਈ. ਨੂੰ ਅਨੰਦਪੁਰ ਸਾਹਿਬ ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਅਗਮਪੁਰ ਦੇ ਨੇੜੇ ਲੋਹਗੜ੍ਹ ਕਿਲੇ ਪਾਸ ਕੀਤਾ ਗਿਆ, ਜਿੱਥੇ ਉਨ੍ਹਾਂ ਦਾ ਯਾਦ-ਚਿੰਨ੍ਹ ਉਸਾਰਿਆ ਗਿਆ ਹੈ।

**ਮਾਤਾ ਸਾਹਿਬ ਕੌਰ:** ਮਾਤਾ ਸਾਹਿਬ ਕੌਰ ਦਾ ਜਨਮ ਪੰਜਾਬ ਦੇ ਰੋਹਤਾਸ, ਹੁਣ ਦੇ ਜੇਹਲਮ (ਪਾਕਿਸਤਾਨ) ਵਿਚ ਸਿੱਖ ਪਰਿਵਾਰ ਭਾਈ ਰਾਮੂ ਬਾਸੀ ਅਤੇ ਮਾਤਾ ਜੱਸ ਦੇਵੀ ਦੇ ਘਰ ਹੋਇਆ, ਜਿਸ ਦਾ ਨਾਮ ਸਾਹਿਬ ਦੇਵਾਂ ਜਾਂ ਸਾਹਿਬ ਦੇਵੀ ਰੱਖਿਆ ਗਿਆ। ਉਤਰੀ ਪੰਜਾਬ ਤੋਂ ਸਿੱਖ ਸੰਗਤ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਜਾ ਰਹੀ ਸੀ। ਗੁਰੂ ਸਾਹਿਬ ਦੇ ਬਹੁਤ ਹੀ ਸ਼ਰਧਾਲੂ ਸਿੱਖ ਭਾਈ ਰਾਮੂ ਆਪਣੀ ਪੁੱਤਰੀ ਦਾ ਡੋਲਾ ਸਜਾ ਕੇ ਗੁਰੂ ਸਾਹਿਬ ਦੀ ਪਤਨੀ ਬਣਾਉਣ ਲਈ ਲੈ ਆਏ। ਗੁਰੂ ਸਾਹਿਬ ਨੇ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਪਹਿਲਾਂ ਹੀ ਚਾਰ ਬੱਚਿਆਂ ਦੇ ਪਿਤਾ ਸਨ। ਲੜਕੀ ਦੇ ਪਿਤਾ ਨੇ ਦੱਸਿਆ ਕਿ ਉਹ ਸਭ ਨੂੰ ਦੱਸ ਚੁੱਕੇ ਸਨ ਕਿ ਲੜਕੀ ਨੇ ਗੁਰੂ ਸਾਹਿਬ ਨਾਲ ਸ਼ਾਦੀ ਕਰਨ ਦਾ ਪ੍ਰਣ ਕੀਤਾ ਹੋਇਆ ਸੀ ਅਤੇ ਲੋਕਾਂ ਨੇ ਉਸ ਨੂੰ 'ਮਾਤਾ' ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਭਾਈ ਰਾਮੂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਜੇ ਉਨ੍ਹਾਂ ਨੇ ਨਾਂਹ ਕਰ ਦਿੱਤੀ ਤਾਂ ਉਸ ਦੀ ਬਦਨਾਮੀ ਹੋ ਜਾਵੇਗੀ ਅਤੇ ਕੋਈ ਉਸ ਨਾਲ ਸ਼ਾਦੀ ਨਹੀਂ ਕਰੇਗਾ, ਜਿਸ ਦਾ ਪਾਪ ਉਸ ਦੇ ਮਾਪਿਆਂ ਨੂੰ ਲੱਗੇਗਾ। ਦਇਆ ਦੇ ਪੁੰਜ ਗੁਰੂ ਸਾਹਿਬ ਪਸੀਜ ਗਏ। ਲੜਕੀ ਦੀ ਇੱਜ਼ਤ ਅਤੇ ਮਾਪਿਆਂ ਦੀ ਇੱਛਾ 'ਤੇ ਆਪਣੇ ਘਰ ਰੱਖਣਾ ਮੰਨ ਗਏ, ਜਿੱਥੇ ਉਹ ਉਨ੍ਹਾਂ ਦੀ ਰੱਖਿਆ ਵਿਚ ਰਹਿ ਸਕਦੀ ਸੀ ਅਤੇ ਸੇਵਾ ਕਰ ਸਕਦੀ ਸੀ ਬਸ਼ਰਤੇ ਕਿ ਉਹ ਦੁਨਿਆਵੀ ਰਿਸ਼ਤੇ ਨਾਲੋਂ ਆਤਮਕ ਰਿਸ਼ਤੇ ਨੂੰ ਮੰਨਣ ਲਈ ਤਿਆਰ ਹੋਵੇ। ਸਾਹਿਬ ਦੇਵਾਂ ਮੰਨ ਗਈ ਅਤੇ ਵਿਆਹ ਦੀ ਰਸਮ ਕੀਤੀ ਗਈ, ਉਸ ਨੇ ਮਾਤਾ ਗੁਜਰੀ ਦੇ ਨਿਵਾਸ 'ਤੇ ਰਹਿਣਾ ਸ਼ੁਰੂ ਕਰ ਦਿੱਤਾ। ਜਦੋਂ ਗੁਰੂ ਸਾਹਿਬ ਨੇ 1699 ਦੀ ਵੈਸਾਖੀ ਨੂੰ ਖਾਲਸੇ ਦੀ ਸਿਰਜਣਾ ਕੀਤੀ ਤਾਂ ਉਹ ਆਪ ਵੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਗਏ ਅਤੇ ਖਾਲਸੇ ਦੇ ਪਿਤਾ ਕਹਾਏ।

ਮਾਤਾ ਸਾਹਿਬ ਦੇਵਾਂ ਅੰਮ੍ਰਿਤ ਛੱਕ ਕੇ ਸਾਹਿਬ ਕੌਰ ਬਣ ਗਏ ਅਤੇ ਉਨ੍ਹਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਖਿਤਾਬ ਬਖਸ਼ਿਸ਼ ਕੀਤਾ ਗਿਆ। ਇਸ ਤਰ੍ਹਾਂ ਖਾਲਸੇ ਦੀ ਮਾਤਾ ਵਜੋਂ ਸਾਹਿਬ ਕੌਰ ਸਦਾ ਲਈ ਅਮਰ ਹੋ ਗਈ। ਜੋ ਵੀ ਸਿੱਖ ਅੰਮ੍ਰਿਤ ਪਾਨ ਕਰਦਾ ਹੈ ਉਹ ਅਨੰਦਪੁਰ ਦਾ ਵਾਸੀ, ਉਸ ਦਾ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਹੋ ਜਾਂਦੀ ਹੈ। ਮਾਤਾ ਸਾਹਿਬ ਕੌਰ ਹਮੇਸ਼ਾ ਗੁਰੂ ਦੀ ਸੇਵਾ ਕਰਦੇ ਭਾਵੇਂ ਉਹ ਯੁੱਧ ਵਿਚ ਵੀ ਹੁੰਦੇ। ਉਹ ਨਾਂਦੇੜ ਵੀ ਗੁਰੂ ਸਾਹਿਬ ਦੇ ਨਾਲ ਗਏ ਅਤੇ ਜਦੋਂ 1708 ਵਿਚ ਗੁਰੂ ਸਾਹਿਬ ਜੋਤੀ ਜੋਤਿ ਸਮਾ ਗਏ ਤਾਂ ਭਾਈ ਮਨੀ ਸਿੰਘ ਮਾਤਾ ਜੀ ਨੂੰ ਮਾਤਾ ਸੁੰਦਰੀ ਕੋਲ ਦਿੱਲੀ ਲੈ ਆਏ। ਉਨ੍ਹਾਂ ਵੱਲੋਂ ਜਾਰੀ ਕੀਤੇ ਅੱਠ ਫੁਰਮਾਨਾਂ ਨੇ ਖਾਲਸੇ ਨੂੰ ਨੁਹਾਰਿਆ। ਉਨ੍ਹਾਂ ਨੇ ਰਹਿੰਦੀ ਸਾਰੀ ਉਮਰ ਖਾਲਸੇ ਦੀ ਸੇਵਾ ਕੀਤੀ ਅਤੇ 66 ਸਾਲ ਦੀ ਉਮਰ ਵਿਚ ਦਿੱਲੀ ਵਿਚ ਅਕਾਲ ਚਲਾਣਾ ਕਰ ਗਏ ਜਿੱਥੇ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ।

(ਚਲਦਾ)

## ਗੁਰਬਾਣੀ ਗਿਆਨ

## ਦਿਲਹੁ ਮੁਹਬਤਿ ਜਿੰਨ ਸੇਈ ਸਚਿਆ

***ਆਸਾ ਸੇਖ ਫਰੀਦ ਜੀਉ ਕੀ ਬਾਣੀ***

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥
ਜਿਨ ਮਨਿ ਹੋਰੁ ਮੁਖਿ ਹੋਰੁ
ਸਿ ਕਾਂਢੇ ਕਚਿਆ॥੧॥
ਰਤੇ ਇਸਕ ਖੁਦਾਇ
ਰੰਗਿ ਦੀਦਾਰ ਕੇ॥
ਵਿਸਰਿਆ ਜਿਨ ਨਾਮੁ
ਤੇ ਭੁਇ ਭਾਰੁ ਥੀਏ॥੧॥ਰਹਾਉ॥
ਆਪਿ ਲੀਏ ਲੜਿ ਲਾਇ
ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ
ਆਏ ਸਫਲੁ ਸੇ॥੨॥
ਪਰਵਦਗਾਰ ਅਪਾਰ ਅਗਮ
ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥੧॥

ਬਾਬਾ ਸ਼ੇਖ ਫਰੀਦ ਇਸ ਸ਼ਬਦ ਰਾਹੀਂ ਜੀਵ ਨੂੰ ਸਿੱਖਿਆ ਦਿੰਦੇ ਹਨ ਕਿ ਜਿਹੜੇ ਜੀਵਾਂ ਦਾ ਪ੍ਰਭੂ ਨਾਲ ਦਿਲੋਂ ਪਿਆਰ ਹੈ, ਉਹ ਹੀ ਸੱਚੇ ਹਨ; ਖੁਦਾਇ, ਭਾਵ ਰੱਬ ਨਾਲ ਧੁਰ ਅੰਦਰੋਂ ਜੁੜੇ ਹੋਏ ਉਸ ਦੇ ਪਿਆਰੇ ਹਨ; ਪਰ ਜਿਨ੍ਹਾਂ ਦੇ ਅੰਦਰ ਕੁਝ ਹੋਰ ਹੈ ਤੇ ਮੂੰਹ ਵਿਚੋਂ ਕੁਝ ਹੋਰ ਬੋਲ ਰਹੇ ਹਨ, ਉਹ ਕੱਚੇ ਜੀਵ ਤਾਂ ਰੱਬ ਤੋਂ ਬਹੁਤ ਦੂਰ ਹਨ। ਰਤੇ ਇਸਕ ਖੁਦਾਇ, ਭਾਵ ਜਿਹੜੇ ਜੀਵ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਪਏ ਹਨ; ਪ੍ਰਭੂ ਦੇ ਦੀਦਾਰ ਦੇ ਰੰਗ ਵਿਚ ਮਤਵਾਲੇ ਹੋਏ ਪਏ ਹਨ; ਅਸਲ ਵਿਚ ਉਹ ਜੀਵ ਹੀ ਪ੍ਰਭੂ ਪ੍ਰੇਮ ਦੇ ਪੁਜਾਰੀ ਹਨ ਅਤੇ ਜਿਨ੍ਹਾਂ ਜੀਵਾਂ ਨੂੰ ਰੱਬ ਦਾ ਨਾਮ ਵਿਸਰਿਆ ਪਿਆ ਹੈ, ਉਹ ਜੀਵ ਤਾਂ ਭੁਇ ਭਾਰੁ ਥੀਏ, ਭਾਵ ਇਸ ਧਰਤੀ ਦੇ ਉਤੇ ਵਾਧੂ ਭਾਰ ਹਨ।

ਆਪਿ ਲੀਏ ਲੜਿ ਲਾਇ
ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ
ਆਏ ਸਫਲੁ ਸੇ॥੨॥

ਹੇ ਭਾਈ! ਉਹ ਜੀਵ ਜਿਨ੍ਹਾਂ ਉਤੇ ਉਸ ਮਾਲਕ ਨੇ ਆਪਣੀ ਕ੍ਰਿਪਾ ਕਰ ਰੱਖੀ ਹੈ, ਉਹੋ ਹੀ ਆਪਣੇ ਪ੍ਰਭੂ ਦੇ ਦਰਵੇਸ ਸੇ, ਭਾਵ ਉਹਦੇ ਦਰਵਾਜ਼ੇ ਅੱਗੇ ਫਕੀਰ ਬਣ ਕੇ ਬੈਠੇ ਹੋਏ ਹਨ; ਅਤੇ ਭਗਤ ਜਨ ਹੀ ਉਸ ਜਗਤ ਦੇ ਮਾਲਕ ਦੇ ਦਰ ਤੋਂ ਭਗਤੀ ਦੀ ਖ਼ੈਰ ਮੰਗਦੇ ਹਨ ਜਿਨ੍ਹਾਂ ਨੂੰ ਉਸ ਸਰਬ ਸ਼ਕਤੀਮਾਨ ਪ੍ਰਭੂ ਨੇ ਆਪਣੇ ਲੜ ਲਾਇਆ ਹੋਇਆ ਹੈ। ਹੇ ਭਾਈ! ਮਾਲਕ ਦੇ ਦਰ 'ਤੇ ਬੈਠੇ ਹੋਏ ਉਨ੍ਹਾਂ ਦਰਵੇਸ਼ ਪੁਰਸ਼ਾਂ ਨੂੰ ਜਨਮ ਦੇਣ ਵਾਲੀ ਮਾਂ ਭੀ ਧੰਨ ਹੈ ਅਤੇ ਐਸੇ ਪ੍ਰਭੂ ਦੇ ਸੇਵਕ ਜਨਾਂ ਦਾ ਸੰਸਾਰ ਵਿਚ ਆਉਣਾ ਭੀ ਸਫ਼ਲ ਹੈ।

ਪਰਵਦਗਾਰ ਅਪਾਰ ਅਗਮ
ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥

ਹੇ ਮੇਰੇ ਪਰਵਰਦਗਾਰ, ਭਾਵ ਜਗਤ ਦੇ ਪਾਲਣਹਾਰ ਪ੍ਰਭੂ ਜੀਉ! ਤੂੰ ਅਪਾਰ ਹੈਂ, ਤੇਰਾ ਕੋਈ ਪਾਰਾਵਾਰ ਨਾ ਪਾ ਸਕਿਆ ਹੈ; ਤੂੰ ਅਗਮ ਹੈਂ, ਭਾਵ ਸਭ ਦੀ ਪਹੁੰਚ ਤੋਂ ਪਰ੍ਹੇ ਹੈਂ। ਹੇ ਪ੍ਰਭੂ ਜੀਉ! ਤੂੰ ਬੇਅੰਤ ਹੈਂ; ਤੇਰਾ ਕੋਈ ਅੰਤ ਨਹੀਂ ਹੈ। ਜਿਨ੍ਹਾਂ ਤੇਰੇ ਪਿਆਰੇ ਭਗਤ ਜਨਾਂ ਨੇ ਤੇਰਾ ਇਹ ਭੇਤ ਪਾ ਲਿਆ ਹੈ ਕਿ ਤੂੰ ਤਾਂ ਸਦਾ ਹੀ ਅਟੱਲ ਰਹਿਣ ਵਾਲਾ ਹੈਂ, ਹੇ ਮੇਰੇ ਮਾਲਕ ਜੀਉ! ਮੈਂ ਤੇਰੇ ਉਨ੍ਹਾਂ ਸੇਵਕਾਂ ਦੇ ਪੈਰ ਚੁੰਮਦਾ ਹਾਂ।

ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥

ਹੇ ਖੁਦਾ! ਹੇ ਮੇਰੇ ਮਾਲਕ ਪ੍ਰਭੂ ਜੀਉ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਕਿਉਂਕਿ ਹੇ ਖੁਦਾ! ਤੂੰ ਬਖਸ਼ਣਹਾਰ ਹੈਂ ਅਤੇ ਜੋ ਜੀਵ ਤੇਰੀ ਸ਼ਰਨ ਵਿਚ ਆ ਜਾਂਦੇ ਹਨ, ਉਨ੍ਹਾਂ ਦਰ ਆਇਆਂ ਨੂੰ ਤੂੰ ਬਖ਼ਸ਼ ਦਿੰਦਾ ਹੈਂ, ਕਿਉਂਕਿ ਤੂੰ ਬਖ਼ਸ਼ਣਹਾਰ ਹੈਂ, ਬਖ਼ਸ਼ਿਸ਼ਾਂ ਦਾ ਮਾਲਕ ਹੈਂ। ਇਸ ਲਈ ਇਹ ਸ਼ੇਖ ਫਰੀਦ ਭੀ ਤੇਰੇ ਦਰ ਤੋਂ ਖ਼ੈਰ ਮੰਗਣ ਆਇਆ ਹੈ। ਹੇ ਖੁਦਾ! ਮਿਹਰ ਕਰ ਤੇ ਆਪਣੀ ਬੰਦਗੀ ਦੀ ਖ਼ੈਰ ਮੇਰੀ ਝੋਲੀ ਵਿਚ ਪਾ ਦੇ; ਮੈਨੂੰ ਆਪਣੇ ਚਰਨਾਂ ਨਾਲ ਜੋੜ ਲੈ।

ਆਉ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੱਸ ਕਰਾਵੇ ਵਕਤ ਦਾ ਗੇੜ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਹੰਝੂਆਂ ਨਾਲ ਭਰੀਆਂ ਅੱਖਾਂ ਉਸ ਦੇ ਦੁੱਖਾਂ ਦੀ ਗਵਾਹੀ ਭਰ ਰਹੀਆਂ ਸਨ। ਮੈਂ ਉਸ ਦੀ ਕਹਾਣੀ ਸੁਣਦਾ ਸੋਚ ਰਿਹਾ ਸੀ ਕਿ ਜਦੋਂ ਤੋਂ ਧਰਮ ਦੀ ਆੜ ਵਿਚ ਚੋਰਾਂ ਤੇ ਲੁਟੇਰਿਆਂ ਵਾਲੇ ਧੰਦੇ ਹੋਣ ਲੱਗ ਗਏ ਨੇ, ਉਦੋਂ ਤੋਂ ਲੋਕ ਜ਼ਿਆਦਾ ਲੁੱਟ ਹੋਣ ਲੱਗ ਗਏ ਹਨ। ਡੇਰਿਆਂ ਦੇ ਬਨੇਰਿਆਂ 'ਤੇ ਜਗਦੀਆਂ ਰੰਗ-ਬਰੰਗੀਆਂ ਲਾਈਟਾਂ ਨੇ ਕਈਆਂ ਘਰਾਂ 'ਚ ਹਨੇਰਾ ਕੀਤਾ ਹੈ। ਡੇਰੇ ਵਾਲਿਆਂ ਨੂੰ ਲੁੱਟਣ ਦਾ ਢੰਗ ਹੈ ਤੇ ਸਾਨੂੰ ਲੁਟਾਉਣ ਦਾ। ਕੁੱਤੀ ਚੋਰਾਂ ਨਾਲ ਜਦੋਂ ਰਲਦੀ ਹੈ, ਫਿਰ ਪਾੜ ਨਹੀਂ ਲੱਗਦਾ ਸਗੋਂ ਖੁੱਲ੍ਹੇ ਦਰਵਾਜ਼ੇ ਲੁੱਟ ਹੋਈਦਾ ਹੈ। ਬਾਈ ਕਰਮ ਸਿੰਘ ਨੇ ਆਪਣੇ ਦੁੱਖਾਂ ਦੀ ਗੱਠੜੀ ਖੋਲ੍ਹਦਿਆਂ ਦੱਸਿਆ:

ਮੈਂ ਮਾਪਿਆਂ ਦਾ ਇਕਲੌਤਾ ਪੁੱਤ ਤੇ ਦੋ ਭੈਣਾਂ ਦਾ ਭਰਾ ਹਾਂ। ਸਾਡੇ ਕੋਲ ਜ਼ਮੀਨ ਚੰਗੀ ਸੀ। ਪਿੰਡ ਵਿਚ ਚਾਰ ਭਾਈ ਪਿਉ-ਦਾਦੇ ਦੀ ਇੱਜ਼ਤ ਵੀ ਕਰਦੇ ਸਨ। ਮਾਂ-ਪਿਉ ਨੇ ਬੜੇ ਚਾਵਾਂ ਅਤੇ ਲਾਡਾਂ ਨਾਲ ਪਾਲਿਆ ਸੀ। ਬਚਪਨ ਤੋਂ ਲੈ ਕੇ ਹੁਣ ਤੱਕ ਕਿਸੇ ਚੀਜ਼ ਦੀ ਘਾਟ ਨਹੀਂ ਸੀ ਆਈ। ਬਚਪਨ ਤੋਂ ਜਵਾਨੀ ਆਈ। ਪੜ੍ਹ ਕੇ ਖੇਤੀਬਾੜੀ ਕਰਨ ਲੱਗ ਗਿਆ। ਮੇਰਾ ਪਿਉ ਨੌਕਰੀ ਨੂੰ ਗ਼ੁਲਾਮੀ ਸਮਝਦਾ ਸੀ। ਖੇਤੀਬਾੜੀ ਨੂੰ ਪਿਤਾ ਪੁਰਖਿਆਂ ਦੀ ਦਿੱਤੀ ਪੱਕੀ ਨੌਕਰੀ ਕਹਿੰਦਾ ਸੀ। ਪਿਉ ਦੇ ਹੱਥਾਂ ਵਿਚ ਚੰਗੇ ਕਿਸਾਨ ਦੇ ਗੁਣ ਸਨ। ਬਲਦਾਂ ਨਾਲ ਖੇਤੀ ਕਰ ਕੇ ਹੀ ਸਭ ਕੁਝ ਬਣਾਇਆ ਸੀ। ਪਿਉ ਨੂੰ ਮੇਰੇ ਗੱਭਰੂ ਹੋਣ ਦੀ ਬੇਸਬਰੀ ਨਾਲ ਉਡੀਕ ਸੀ। ਤਾਹੀਉਂ ਤਾਂ ਦੁੱਧ-ਘਿਉ ਆਪਣੇ ਹੱਥੀਂ ਖਵਾਉਂਦਾ ਸੀ। ਫਿਰ ਪਿਉ ਦੇ ਚਾਵਾਂ ਨੂੰ ਚਾਰ ਚੰਨ ਲੱਗ ਗਏ ਜਦੋਂ ਮੈਂ ਅਠਾਰਾਂ ਸਾਲਾਂ ਦਾ ਹੋ ਗਿਆ। ਪਿਉ ਨੇ ਨਕਦ ਫੋਰਡ ਟਰੈਕਟਰ ਲੈ ਕੇ ਦਿੱਤਾ। ਹਾੜ੍ਹੀ ਸਾਉਣੀ ਦੇ ਸਾਰੇ ਸੰਦ ਬਣਾ ਲਏ। ਦੋਵੇਂ ਵੱਡੀਆਂ ਭੈਣਾਂ ਦੇ ਚੰਗੇ ਘਰੀਂ ਵਿਆਹ ਕੀਤੇ। ਉਨ੍ਹਾਂ ਦੇ ਪਰਿਵਾਰ ਵੀ ਸਾਡੇ ਵਾਂਗ ਖੇਤੀਬਾੜੀ ਹੀ ਕਰਦੇ ਸੀ। ਭੈਣਾਂ ਤੋਂ ਮਗਰੋਂ ਮੇਰੀ ਵਾਰੀ ਆ ਗਈ। ਮੇਰੇ ਨਾਲੋਂ ਪਹਿਲਾਂ ਪਿਉ ਨੂੰ ਕਾਹਲ ਹੁੰਦੀ ਕਿ ਮੈਂ ਚੰਗੇ ਖਾਨਦਾਨ ਵਿਚ ਮੁੰਡਾ ਵਿਆਹੁਣਾ ਹੈ।

ਕਈ ਥਾਂਵਾਂ ਤੋਂ ਦੇਖਣ ਵਾਲੇ ਆਏ ਪਰ ਗੱਲ ਨਾ ਬਣੀ। ਕਈ ਥਾਂਵਾਂ 'ਤੇ ਅਸੀਂ ਕੁੜੀ ਦੇ ਖਾਨਦਾਨ ਕਰ ਕੇ ਰਿਸ਼ਤੇ ਛੱਡੇ। ਅਖੀਰ ਗੱਲ ਉਥੇ ਹੀ ਬਣ ਗਈ ਜਿੱਥੇ ਪਿਉ ਨਹੀਂ ਸੀ ਚਾਹੁੰਦਾ। ਕੁੜੀ ਵਾਲੇ ਕਿਸੇ ਡੇਰੇ ਦੇ ਪ੍ਰੇਮੀ ਸਨ ਤੇ ਸਾਡਾ ਪਰਿਵਾਰ ਗੁਰਦੁਆਰੇ ਤੋਂ ਬਿਨਾਂ ਕਿਤੇ ਵੀ ਸਿਰ ਨਹੀਂ ਝੁਕਾਉਂਦਾ ਸੀ। ਪਿਉ ਨੂੰ ਕੁੜੀ ਵਾਲਿਆਂ ਯਕੀਨ ਦਿਵਾਇਆ ਕਿ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਪਿਉ ਨੂੰ ਤਸੱਲੀ ਕਰਵਾ ਕੇ ਮੇਰੇ ਮੂੰਹ ਛੁਹਾਰਾ ਪਾ ਦਿੱਤਾ।

ਮੇਰਾ ਸਹੁਰਾ ਪਰਿਵਾਰ ਪੜ੍ਹਿਆ ਲਿਖਿਆ ਸੀ। ਮੇਰੀ ਪਤਨੀ ਕੁਲਬੀਰ ਅਤੇ ਇਹਦੇ ਦੋ ਵੱਡੇ ਭਰਾ ਹਨ। ਸਹੁਰਾ ਸਰਕਾਰੀ ਨੌਕਰੀ ਕਰਦਾ ਸੀ। ਕੁਲਬੀਰ ਦਾ ਵੱਡਾ ਭਰਾ ਸ਼ੀਤਲ ਡੇਰੇ ਹੀ ਰਹਿੰਦਾ ਸੀ। ਸ਼ੀਤਲ ਤੋਂ ਛੋਟਾ ਦਰਸ਼ਨ ਵੀ ਸਰਕਾਰੀ ਨੌਕਰੀ 'ਤੇ ਲੱਗਿਆ ਹੋਇਆ ਸੀ। ਮੇਰੇ ਵਿਆਹ ਦੀਆਂ ਰਸਮਾਂ ਤਾਂ ਅਸੀਂ ਪੂਰੀ ਗੁਰ-ਮਰਿਆਦਾ ਨਾਲ ਕਰਵਾਈਆਂ ਸਨ, ਪਰ ਵਿਆਹ ਤੋਂ ਬਾਅਦ ਪਤਾ ਲੱਗਿਆ ਕਿ ਸਹੁਰਾ ਪਰਿਵਾਰ ਤਾਂ ਡੇਰੇ ਤੋਂ ਬਿਨਾਂ ਸਾਹ ਵੀ ਨਹੀਂ ਲੈਂਦਾ। ਅਜੇ ਵਿਆਹ ਹੋਇਆਂ ਛੇ ਮਹੀਨੇ ਹੀ ਹੋਏ ਸੀ ਕਿ ਸ਼ੀਤਲ ਡੇਰੇ ਦੇ ਸਾਧ ਨਾਲ ਅਮਰੀਕਾ ਆ ਗਿਆ ਤੇ ਇਥੇ ਹੀ ਰਹਿ ਗਿਆ। ਕਈ ਸਾਲ ਧੱਕੇ ਖਾਂਦਾ ਹੋਇਆ ਸਿਟੀਜ਼ਨ ਹੋ ਗਿਆ। ਸ਼ੀਤਲ ਦਾ ਇੱਥੇ ਹੀ ਵਿਆਹ ਹੋ ਗਿਆ ਤੇ ਦਰਸ਼ਨ ਦਾ ਪਿੰਡ ਵਿਆਹ ਕਰ ਦਿੱਤਾ। ਫਿਰ ਸ਼ੀਤਲ ਨੇ ਸਾਡੇ ਕਾਗ਼ਜ਼ ਭਰ ਦਿੱਤੇ। ਪਿਉ ਮੇਰਾ ਕਹੇ ਹੁਣ ਸਾਡਾ ਘਰ ਪੱਟ ਹੋਊਗਾ। ਪਿਉ ਨੂੰ ਬਾਹਰਲੇ ਦੇਸ਼ਾਂ ਤੋਂ ਪਤਾ ਨਹੀਂ ਕਿਉਂ ਨਫ਼ਰਤ ਸੀ! ਮਾਂ ਕਹਿੰਦੀ, 'ਚੱਲ ਗੇੜਾ ਕੱਢ ਕੇ ਮੁੜ ਆਈਂ।' ਕਈ ਸਾਲਾਂ ਦੀ ਤਪੱਸਿਆ ਤੋਂ ਬਾਅਦ ਪਰਮਾਤਮਾ ਨੇ ਪਹਿਲਾਂ ਦੋ ਧੀਆਂ ਦਿੱਤੀਆਂ, ਫਿਰ ਪੁੱਤ ਝੋਲੀ ਪਾ ਦਿੱਤਾ। ਸਾਰਾ ਪਰਿਵਾਰ ਖੁਸ਼ ਹੋ ਗਿਆ। ਮੇਰੇ ਤਿੰਨੇ ਬੱਚੇ ਜਵਾਨੀ ਵੱਲ ਵਧ ਰਹੇ ਸਨ ਤਾਂ ਸਾਡੇ ਅਮਰੀਕਾ ਦੇ ਕਾਗ਼ਜ਼ ਨਿਕਲ ਆਏ। ਮੈਂ, ਕੁਲਬੀਰ ਤੇ ਬੱਚੇ ਖੁਸ਼ ਹੋ ਰਹੇ ਸੀ ਪਰ ਪਿਉ ਡਾਢਾ ਪ੍ਰੇਸ਼ਾਨ ਸੀ। ਉਹ ਮੈਨੂੰ ਤੇ ਅਮਰੀਕਾ ਨੂੰ ਘੋਟ-ਘੋਟ ਕੇ ਗਾਲਾਂ ਕੱਢਦਾ। ਫਿਰ ਉਸ ਨੇ ਮਨਜ਼ੂਰੀ ਦਿੱਤੀ ਕਿ ਮੈਂ ਅਮਰੀਕਾ ਜਾ ਕੇ ਛੇਤੀ ਵਾਪਸ ਆ ਜਾਵਾਂਗਾ। ਪਿਉ ਨੇ ਖੇਤੀਬਾੜੀ ਦਾ ਕੋਈ ਵੀ ਸੰਦ ਵੇਚਣ ਨਹੀਂ ਦਿੱਤਾ। ਮਾਂ ਨੇ ਤੋਰਨ ਲੱਗਿਆਂ ਛੇਤੀ ਮੁੜਨ ਦਾ ਵਾਅਦਾ ਯਾਦ ਕਰਵਾਇਆ। ਮਾਪਿਆਂ ਨੂੰ ਰੋਂਦੇ ਛੱਡ ਕੇ ਖੁਦ ਰੋਂਦਾ ਹੋਇਆ ਅਮਰੀਕਾ ਪਹੁੰਚ ਗਿਆ।

ਸ਼ੀਤਲ ਨੇ ਮਹੀਨਾ ਕੁ ਸਾਂਭਿਆ, ਫਿਰ ਸਾਡਾ ਰੈਣ ਬਸੇਰਾ ਵੱਖਰਾ ਕਰ ਦਿੱਤਾ। ਬੱਚੇ ਪੜ੍ਹਨ ਲੱਗ ਪਏ। ਮੈਨੂੰ ਕਿਸੇ ਸਟੋਰ 'ਤੇ ਕੰਮ ਸਿੱਖਣ ਲਾ ਦਿੱਤਾ। ਮੈਂ ਆਪਣੀ ਅਜੇ ਪਹਿਲੀ ਕਮਾਈ ਹੀ ਘਰ ਲਿਆਇਆ ਸੀ ਕਿ ਪਿੰਡੋਂ ਸੁਨੇਹਾ ਮਿਲਿਆ-ਮੇਰਾ ਪਿਉ ਸੁਰਗਵਾਸ ਹੋ ਗਿਆ ਹੈ। ਆਪਣੇ ਪਿੰਡ ਤੱਕ ਰੋਂਦਾ ਹੀ ਗਿਆ। ਪਿਉ ਬਰਫ਼ ਦੇ ਢੇਰ ਵਿਚ ਬੱਗੀ ਪੂਣੀ ਬਣਿਆ ਸਦਾ ਦੀ ਨੀਂਦ ਸੁੱਤਾ ਪਿਆ ਸੀ। ਪਿਉ ਦੀਆਂ ਗੱਲਾਂ ਯਾਦ ਕਰਦਾ ਮੈਂ ਵੀ ਬਹੁਤ ਪਛਤਾ ਰਿਹਾ ਸੀ। ਮੇਰੀ ਵੱਡੀ ਗਲਤੀ ਸੀ ਕਿ ਭਰਿਆ ਭਰਾਇਆ ਘਰ ਛੱਡ ਕੇ ਮੈਂ ਬੇਘਰ ਹੋ ਗਿਆ ਸੀ। ਪਿਉ ਦੇ ਭੋਗ ਤੋਂ ਬਾਅਦ ਮਾਂ ਨੇ ਬਹੁਤ ਕਿਹਾ ਕਿ ਪੁੱਤ ਤੂੰ ਨਾ ਜਾਹ। ਬੱਚਿਆਂ ਨੂੰ ਇਥੇ ਸੱਦ ਲੈ, ਆਪਣੇ ਕੋਲ ਬਥੇਰੀ ਜਾਇਦਾਦ ਹੈ। ਮਾਂ ਨੂੰ ਝੂਠੀ ਤਸੱਲੀ ਦਿੰਦਾ ਰਿਹਾ। ਖੇਤੀਬਾੜੀ ਦੇ ਸੰਦਾਂ ਨਾਲ ਹੀ ਬਾਪੂ ਦਾ ਖਰੀਦਿਆ ਫੋਰਡ ਵੇਚ ਦਿੱਤਾ। ਘਰ ਖਾਲੀ ਕਰ ਕੇ, ਜ਼ਮੀਨ ਮਾਮਲੇ 'ਤੇ ਦੇ ਕੇ ਰੋਂਦੀ ਮਾਂ ਨੂੰ ਛੱਡ ਕੇ ਮੈਂ ਫਿਰ ਨਵੇਂ ਬਣਾਏ ਆਲ੍ਹਣੇ ਵੱਲ ਪਰਵਾਜ਼ ਭਰ ਲਈ। ਪਿਉ ਦੀ ਪੁਰਾਣੀ ਫੋਟੋ ਕੰਧ ਨਾਲ ਲਾ ਕੇ, ਰੋਣ ਤੋਂ ਸਵਾਏ ਮੇਰੇ ਕੋਲ ਕੁਝ ਨਹੀਂ ਸੀ।

ਮਾਪਿਆਂ ਦਾ ਦੁੱਖ ਤਾਂ ਸਭ ਨੂੰ ਹੁੰਦਾ ਹੈ, ਪਰ ਮੇਰੇ ਕੋਲੋਂ ਪਿਉ ਦਾ ਦੁੱਖ ਝੱਲ ਨਹੀਂ ਹੁੰਦਾ ਸੀ। ਪਿੰਡ ਭੈਣਾਂ ਨੂੰ ਫੋਨ ਕਰ ਕੇ ਮਾਂ ਦਾ ਹਾਲ-ਚਾਲ ਪਤਾ ਕਰਦਾ ਰਹਿੰਦਾ। ਮਾਂ ਨਾਲ ਗੱਲ ਕਰਦਾ ਤਾਂ ਮਾਂ ਕਹਿ ਦਿੰਦੀ, "ਕਰਮਿਆ! ਪੁੱਤ ਆ ਜਾਹ, ਦੇਖੀਂ ਤੇਰੇ ਆਉਣ ਤੋਂ ਪਹਿਲਾਂ ਮੈਂ ਨਾ ਤੁਰ ਜਾਵਾਂ।" ਮੈਂ 'ਮਾਂ ਛੇਤੀ ਆਊਂਗਾ' ਕਹਿ ਛੱਡਦਾ। ਬੱਸ ਛੇਤੀ ਕਰਦਿਆਂ ਬਹੁਤ ਦੇਰ ਹੋ ਗਈ ਤੇ ਮਾਂ ਵੀ ਤੁਰ ਗਈ। ਫਿਰ ਪਿੰਡ ਗਿਆ। ਕਿਰਿਆ ਕਰਮ ਕਰ ਕੇ, ਘਰ ਦੀ ਚਾਬੀ ਭੈਣਾਂ ਹੱਥ ਫੜਾ, ਜਿਉਂਦੀ ਲਾਸ਼ ਬਣਿਆ ਵਾਪਿਸ ਆ ਗਿਆ। ਪਿਉ ਦੀ ਫੋਟੋ ਨਾਲ ਹੀ ਮਾਂ ਦੀ ਫੋਟੋ ਟੰਗ ਦਿੱਤੀ। ਉਨ੍ਹਾਂ ਦੀਆਂ ਯਾਦਾਂ ਨਾਲ ਗੱਲਾਂ ਕਰ ਕੇ ਮਨ ਹੌਲਾ ਕਰ ਲੈਂਦਾ। ਇਕ ਸਾਲ ਵਿਚ ਦੋਵੇਂ ਚਲੇ ਗਏ ਸਨ।

ਹੁਣ ਕੁਲਬੀਰ ਵੀ ਕੰਮ 'ਤੇ ਜਾਣ ਲੱਗੀ। ਬੱਚੇ ਵੀ ਪੜ੍ਹਾਈ ਦੇ ਨਾਲ-ਨਾਲ ਥੋੜ੍ਹਾ-ਬਹੁਤਾ ਕੰਮ ਕਰੀ ਜਾਂਦੇ। ਗੁਜ਼ਾਰਾ ਵਧੀਆ ਹੋ ਰਿਹਾ ਸੀ। ਤਿੰਨੇ ਬੱਚੇ ਮੇਰੇ ਕਹਿਣੇ ਵਿਚ ਸਨ, ਪਰ ਸ਼ੀਤਲ ਦਾ ਮੇਰੇ ਪਰਿਵਾਰ ਵਿਚ ਹਰ ਗੱਲ 'ਤੇ ਦਖਲ ਮੈਨੂੰ ਪਸੰਦ ਨਹੀਂ ਸੀ। ਮੈਨੂੰ ਇੰਜ ਲੱਗਦਾ ਜਿਵੇਂ ਉਸ ਨੇ ਮੈਨੂੰ ਅਮਰੀਕਾ ਸੱਦ ਕੇ ਕੰਡਿਆਂ ਨਾਲ ਭਰਿਆ ਖੇਸ ਮੇਰੇ ਉਤੇ ਦੇ ਦਿੱਤਾ ਹੋਵੇ। ਆਪਣੇ ਆਪ 'ਤੇ ਕਾਬੂ ਰੱਖਦਾ ਮੈਂ ਵਕਤ ਨੂੰ ਧੱਕਾ ਲਾਈ ਗਿਆ। ਸਾਰਾ ਪਰਿਵਾਰ ਸਿਟੀਜ਼ਨ ਹੋ ਗਿਆ। ਹੁਣ ਵੱਡੀ ਧੀ ਵਾਸਤੇ ਵਰ ਦੇਖਣ ਲੱਗੇ। ਸ਼ੀਤਲ ਨੇ ਆਪਣੇ ਸਾਧ ਨੂੰ ਦੱਸ ਦਿੱਤਾ ਕਿ ਅਸੀਂ ਆਪਣੀ ਭਾਣਜੀ ਵਿਆਹੁਣੀ ਹੈ। ਅੱਗਿਓਂ ਸਾਧ ਨੇ ਕਈ ਮੁੰਡਿਆਂ ਦੀ ਦੱਸ ਪਾਈ। ਮੈਂ ਬਹੁਤ ਜ਼ੋਰ ਲਾਇਆ ਕਿ ਸਾਧ ਦੀ ਦੱਸ ਵਾਲੇ ਥਾਂ ਰਿਸ਼ਤਾ ਨਹੀਂ ਕਰਨਾ, ਪਰ ਸ਼ੀਤਲ ਤੇ ਸਹੁਰਿਆਂ ਦੀ ਜ਼ਿਦ ਅੱਗੇ ਮੇਰੀ ਕੋਈ ਪੇਸ਼ ਨਾ ਗਈ। ਸਾਰੇ ਕਹਿੰਦੇ ਐਸ.ਐਸ.ਪੀ. ਡੇਰੇ ਦਾ ਪੁਰਾਣਾ ਸ਼ਰਧਾਲੂ ਹੈ ਤੇ ਉਸ ਦਾ ਲੜਕਾ ਪੜ੍ਹਿਆ-ਲਿਖਿਆ ਵੀ ਹੈ। ਨਸ਼ਿਆਂ ਤੋਂ ਰਹਿਤ ਰਿਸ਼ਤੇ ਨਹੀਂ ਮਿਲਦੇ। ਸਹੁਰਿਆਂ ਨੇ ਸਾਧ ਦੀ ਮਰਜ਼ੀ ਅਨੁਸਾਰ ਐਸ.ਐਸ.ਪੀ. ਦੇ ਮੁੰਡੇ ਨੂੰ ਮੇਰੀ ਵੱਡੀ ਧੀ ਦਾ ਰਿਸ਼ਤਾ ਕਰਵਾ ਦਿੱਤਾ। ਵਿਆਹ ਤੋਂ ਥੋੜ੍ਹੇ ਦਿਨਾਂ ਬਾਅਦ ਅਸੀਂ ਤਾਂ ਵਾਪਸ ਆ ਗਏ, ਧੀ ਉਥੇ ਹੀ ਰਹਿ ਗਈ। ਦੋ ਕੁ ਮਹੀਨਿਆਂ ਬਾਅਦ ਮੇਰੀ ਧੀ ਨੂੰ ਪਤਾ ਲੱਗਾ ਕਿ ਮੇਰੇ ਨਾਲ ਧੋਖਾ ਹੋ ਗਿਆ ਹੈ। ਜਵਾਈ ਪੱਕਾ ਸਮੈਕੀਆ ਨਿਕਲਿਆ। ਮੈਂ ਸ਼ੀਤਲ ਨੂੰ ਦੱਸਿਆ, ਪਰ ਉਸ ਨੇ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੱਤਾ। ਸਾਧ ਨੂੰ ਫੋਨ ਕੀਤੇ, ਉਹ ਕਹੇ, 'ਮੁੰਡੇ 'ਤੇ ਝੂਠੇ ਇਲਜ਼ਾਮ ਲਾਉਂਦੇ ਹੋ।' ਵਿਚਾਰੀ ਉਥੋਂ ਭੱਜ ਕੇ ਹੀ ਜਹਾਜ਼ ਚੜ੍ਹੀ।

ਫਿਰ ਅਸੀਂ ਜਵਾਈ ਦੇ ਪੇਪਰ ਕਿੱਥੇ ਅਪਲਾਈ ਕਰਨੇ ਸੀ। ਸ਼ੀਤਲ ਕਹੇ ਮੁੰਡੇ ਦੇ ਪੇਪਰ ਭਰੋ, ਮਹਾਂਪੁਰਸ਼ ਗੁੱਸੇ ਹੁੰਦੇ ਹਨ। ਐਸ.ਐਸ.ਪੀ. ਵੀ ਡਰਾਵੇ ਵਾਲੇ ਫੋਨ ਕਰਦਾ। ਧੀ ਮੇਰੀ ਨਾ ਵਿਆਹਿਆਂ 'ਚ, ਨਾ ਛੱਡਿਆਂ 'ਚ। ਰੋ-ਰੋ ਬੁਰਾ ਹਾਲ ਕਰ ਲੈਂਦੀ। ਫਿਰ ਧੀ ਨੂੰ ਲੈ ਕੇ ਇੰਡੀਆ ਗਿਆ ਤਲਾਕ ਲੈਣ ਲਈ। ਐਸ.ਐਸ.ਪੀ. ਕਹਿੰਦਾ ਮੇਰੇ ਤੀਹ ਲੱਖ ਰੁਪਏ ਵਾਪਸ ਕਰ। ਇਹ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਜਦੋਂ ਵਿਚਲੀ ਗੱਲ ਦਾ ਪਤਾ ਲੱਗਿਆ ਤਾਂ ਡੇਰੇ ਦਾ ਸਾਧ ਹੀ ਐਸ.ਐਸ.ਪੀ. ਤੋਂ ਰੁਪਏ ਲੈ ਕੇ ਹਜ਼ਮ ਕਰ ਗਿਆ। ਅਸੀਂ ਅਜੇ ਪਿੰਡ ਹੀ ਸੀ ਕਿ ਐਸ. ਐਸ. ਪੀ. ਦਾ ਮੁੰਡਾ, ਯਾਨਿ ਮੇਰਾ ਜਵਾਈ ਨਸ਼ੇ ਦੀ ਵਾਧ ਨਾਲ ਪੂਰਾ ਹੋ ਗਿਆ। ਸਾਧ ਨਾਲੋਂ ਚੰਗਾ ਨਿਕਲਦਾ ਐਸ.ਐਸ.ਪੀ. ਰਾਜ਼ੀਨਾਮਾ ਕਰ ਗਿਆ। ਅਸੀਂ ਆਪਣੀ ਜਾਨ ਬਚਾ ਕੇ ਵਾਪਸ ਆ ਗਏ।

ਥੋੜ੍ਹਾ ਸਮਾਂ ਲੰਘਿਆ। ਫਿਰ ਮੈਂ ਦੂਜੀ ਧੀ ਵਾਸਤੇ ਆਪ ਮੁੰਡਾ ਦੇਖਿਆ। ਸਾਡੇ ਵਰਗਾ ਹੀ ਪਰਿਵਾਰ ਸੀ। ਸ਼ੀਤਲ ਨੂੰ ਪਤਾ ਲੱਗਿਆ ਤਾਂ ਰੌਲਾ ਪਾਵੇ। ਮੈਂ ਉਸ ਦੀ ਇਕ ਨਹੀਂ ਸੁਣੀ। ਪਿੰਡ ਜਾ ਕੇ ਧੀ ਦਾ ਵਿਆਹ ਕਰ ਆਏ। ਸਾਡੇ ਆਉਣ ਤੋਂ ਬਾਅਦ ਸਾਧ ਨੇ ਮੇਰਾ ਜਵਾਈ ਪੁਲਿਸ ਨੂੰ ਚੁਕਾ ਦਿੱਤਾ। ਪੁਲਿਸ ਨੇ ਇਲਜ਼ਾਮ ਲਾਇਆ ਕਿ ਇਹ ਸਮੈਕ ਵੇਚਦਾ ਹੈ। ਮੈਂ ਫਿਰ ਪਿੰਡ ਗਿਆ। ਅਜਿਹੀ ਕੋਈ ਗੱਲ ਨਹੀਂ ਸੀ। ਸਾਧ ਦੀ ਸਰਕਾਰੇ-ਦਰਬਾਰੇ ਪੁੱਛ-ਗਿੱਛ ਹੋਣ ਕਰ ਕੇ ਉਸ ਨੇ ਆਪਣੀ ਜ਼ਿਦ ਪੁਗਾਈ ਸੀ। ਫਿਰ ਪੁਲਿਸ ਨੂੰ ਰਿਸ਼ਵਤ ਦੇ ਕੇ ਜਵਾਈ ਛੁਡਾਇਆ। ਜਵਾਈ ਨੂੰ ਵੀਜ਼ਾ ਲੁਆ ਕੇ ਨਾਲ ਹੀ ਲੈ ਕੇ ਆਏ। ਪਰਮਾਤਮਾ ਦਾ ਸ਼ੁਕਰ ਮਨਾਇਆ। ਸ਼ੀਤਲ ਲੋਕਾਂ ਕੋਲ ਕਹਿੰਦਾ ਹੈ, 'ਇਥੇ ਕਿਸੇ ਨੂੰ ਸੱਦ ਕੇ ਮਦਦ ਨਹੀਂ ਕਰਨੀ ਚਾਹੀਦੀ, ਸਾਰੇ ਬਦਲ ਜਾਂਦੇ ਹਨ', ਜਦਕਿ ਸ਼ੀਤਲ ਦੇ ਬੀਜੇ ਕੰਡੇ ਮੈਂ ਹੁਣ ਤੱਕ ਚੁਗ ਰਿਹਾ ਹਾਂ। ਪਿਉ ਦੀਆਂ ਕਹੀਆਂ ਗੱਲਾਂ ਮੁੜ-ਮੁੜ ਯਾਦ ਆਉਂਦੀਆਂ ਹਨ। ਸਾਧ ਹੁਣ ਵੀ ਅਮਰੀਕਾ ਫੇਰੀ 'ਤੇ ਆਉਂਦਾ ਹੈ। ਬੜਾ ਕੀਰਤਨ ਕਰਦਾ ਹੈ ਪਰ ਅੰਦਰੋਂ ਸੱਪ ਨਾਲੋਂ ਵੀ ਜ਼ਹਿਰੀਲਾ ਹੈ। ਲੋਕ ਪਤਾ ਨਹੀਂ ਕਿਉਂ ਲੰਮੇ ਪੈ ਕੇ ਮੱਥਾ ਟੇਕਦੇ ਹਨ? ਦੋ ਵਾਰ ਸਾਧ ਨੇ ਮੇਰੀ ਜ਼ਮੀਨ 'ਤੇ ਕਬਜ਼ਾ ਕਰਨਾ ਚਾਹਿਆ। ਪੁਲਿਸ ਨੇ ਰਿਸ਼ਵਤ ਲੈ ਕੇ ਹੀ ਰਾਜ਼ੀਨਾਮਾ ਕੀਤਾ। ਜੋ ਕੁਝ ਮੇਰੇ ਨਾਲ ਹੋ ਰਿਹਾ ਹੈ, ਜਾਂ ਕਰਵਾਇਆ ਜਾ ਰਿਹਾ, ਲੱਗਦਾ ਹੈ ਪਿਉ ਦੇ ਕਹਿਣ ਅਨੁਸਾਰ ਮੇਰਾ ਘਰ ਹੀ ਪੱਟ ਹੋਊਗਾ। ਮਾੜੇ ਸਮੇਂ 'ਚੋਂ ਲੰਘਦਿਆਂ ਆਈ ਅਕਲ ਲੋਕਾਂ ਨਾਲ ਸਾਂਝੀ ਕਰਦਾ ਕਹਿੰਦਾ ਹਾਂ ਕਿ ਸਾਧ ਦੇ ਡੇਰਿਆਂ ਤੇ ਸਾਊ ਚਿਹਰਿਆਂ ਤੋਂ ਬਚੋ। ਧੀ-ਪੁੱਤ ਵਿਆਹੁਣ ਤੋਂ ਪਹਿਲਾਂ ਉਚਿਆਂ ਘਰਾਂ ਵੱਲ ਨਹੀਂ, ਮਨ ਦੇ ਨੀਵਿਆਂ ਨਾਲ ਨਾਤੇ ਜੋੜੋ, ਇਸੇ ਵਿਚ ਹੀ ਭਲਾ ਹੈ।

ਬਾਈ ਕਰਮ ਸਿੰਘ ਦੀ ਕਹਾਣੀ ਸੁਣ ਕੇ ਮੈਂ ਵੀ ਹੰਝੂਆਂ ਨਾਲ ਹੁੰਗਾਰੇ ਭਰੇ।

# ਸਿੱਖੀ, ਬੰਦਾ ਸਿੰਘ ਬਹਾਦਰ ਤੇ ਇਤਿਹਾਸ

ਹਰਪਾਲ ਸਿੰਘ

ਆਜ਼ਾਦੀ ਅਤੇ ਬਰਾਬਰੀ ਲਈ ਲੜਨ ਮਰਨ ਦੀ ਤਾਂਘ ਮਨੁੱਖੀ ਸੁਭਾਅ ਵਿਚ ਹੁੰਦੀ ਹੈ। ਕੋਈ ਵੀ ਲਹਿਰ ਜਿਹੜੀ ਮਨੁੱਖ ਦੀ ਸੰਪੂਰਨ ਆਜ਼ਾਦੀ ਅਤੇ ਭਾਈਚਾਰਕ ਕਦਰਾਂ-ਕੀਮਤਾਂ ਦੀ ਗੱਲ ਕਰਦੀ ਹੈ, ਉਸ ਦਾ ਵੇਲੇ ਦੀ ਰਾਜਸੀ ਸ਼ਕਤੀ ਨਾਲ ਟਕਰਾਅ ਲਾਜ਼ਮੀ ਹੋ ਜਾਂਦਾ ਹੈ। ਰਾਜਸੀ ਸ਼ਕਤੀ ਤੋਂ ਬਿਨਾਂ ਕੌਮ ਦਾ ਕੋਈ ਮਾਣ ਸਤਿਕਾਰ ਨਹੀਂ ਹੁੰਦਾ ਅਤੇ ਨਾ ਹੀ ਕੋਈ ਪਛਾਣ ਹੁੰਦੀ ਹੈ। ਉਹ ਕੌਮ ਪਸ਼ੂ ਸਮਾਨ ਹੁੰਦੀ ਹੈ ਜੋ ਹਾਕਮਾਂ ਦੇ ਰਹਿਮੋ-ਕਰਮ 'ਤੇ ਪਲਦੀ ਹੈ। ਹੌਲੀ-ਹੌਲੀ ਸਮੇਂ ਨਾਲ ਅਜਿਹੀ ਕੌਮ ਆਪਣਾ ਵਜੂਦ ਗੁਆ ਬਹਿੰਦੀ ਹੈ। ਗਾਹੇ-ਬਗਾਹੇ ਸਮਾਜ 'ਚੋਂ ਕੋਈ ਮਹਾਨ ਇਨਕਲਾਬੀ ਸ਼ਖ਼ਸੀਅਤ ਉਠਦੀ ਹੈ ਜੋ ਆਪਣੇ ਮਿਸ਼ਨ ਦੀ ਪੂਰਤੀ ਲਈ ਸੰਘਰਸ਼ ਦੇ ਰਾਹ ਪੈ ਜਾਂਦੀ ਹੈ।

ਸਿੱਖ ਗੁਰੂਆਂ ਨੇ ਜੋ ਖਾਲਸੇ ਦੀ ਸਿਰਜਣਾ ਕੀਤੀ, ਉਸ ਦਾ ਮਨੋਰਥ ਜਨਤਕ ਇਨਕਲਾਬ ਲਿਆਉਣ ਲਈ ਰਾਜਨੀਤਕ ਸ਼ਕਤੀ ਹਾਸਲ ਕਰਨਾ ਸੀ ਤਾਂ ਜੋ ਸਮਾਜ ਦੇ ਦੱਬੇ-ਕੁਚਲੇ, ਨਿਰਾਸਰੇ ਤੇ ਲੁੱਟੇ-ਪੁੱਟੇ ਲੋਕ ਆਪਣੀ ਹੋਣੀ ਦਾ ਫੈਸਲਾ ਆਪ ਕਰ ਸਕਣ। ਸਿੱਖ ਸਵੈ-ਰਾਜ ਦੀ ਚਾਹਤ ਦਾ ਸਿਹਰਾ ਸੰਸਾਰ ਦੇ ਦੋ ਮਹਾਂਨਾਇਕਾਂ-ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਨੂੰ ਜਾਂਦਾ ਹੈ ਜਿਨ੍ਹਾਂ ਨੇ ਸਿੱਖ ਮਤ ਦੇ ਧਾਰਮਿਕ ਅਤੇ ਸਭਿਆਚਾਰਕ ਇਨਕਲਾਬ ਨੂੰ ਫੌਜੀ ਇਨਕਲਾਬ ਦੇ ਰਾਹੇ ਪਾ ਦਿੱਤਾ। ਫੌਜੀ ਲਹਿਰ ਦਾ ਨਿਸ਼ਾਨਾ ਸਿੱਖ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਕਰਨਾ ਸੀ। ਗੁਰੂਆਂ ਨੇ ਧਰਮ ਦੀ ਨੀਂਹ ਬਰਾਬਰੀ ਦੇ ਸਿਧਾਂਤ 'ਤੇ ਰੱਖੀ ਸੀ ਤੇ ਇਹ ਸਿਧਾਂਤ ਲਹਿਰ ਦੇ ਇਨਕਲਾਬੀ ਦੌਰ 'ਚ ਅਮਲੀ ਤੌਰ 'ਤੇ ਲਾਗੂ ਰਿਹਾ।

ਹਕੂਮਤ ਖ਼ਿਲਾਫ਼ ਸਿੱਖਾਂ ਦੀ ਖੁੱਲ੍ਹਮ-ਖੁੱਲ੍ਹੀ ਲੜਾਈ ਦਾ ਮੁੱਢ ਉਦੋਂ ਬੱਝਾ ਜਦੋਂ ਸਿੱਖਾਂ ਨੇ ਬਾਦਸ਼ਾਹ ਸ਼ਾਹ ਜਹਾਨ ਦਾ ਬਾਜ ਫੜ ਲਿਆ ਅਤੇ ਫਿਰ ਮੋੜਨ ਤੋਂ ਇਨਕਾਰ ਕਰ ਦਿੱਤਾ। 'ਗੁਰੂ ਬਿਲਾਸ' ਦੇ ਕਰਤਾ ਅਨੁਸਾਰ ਇਸ ਘਟਨਾ ਬਾਰੇ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ,

> ਤਿਨ ਕੋ ਬਾਜ ਨਹੀਂ ਮੈਂ ਦੇਨਾ॥
> ਤਾਜ ਬਾਜ ਤਿਨ ਤੇ ਸਭ ਲੇਨਾ॥
> ਏਸ ਰਾਜ ਮੈ ਤਿਨ ਕਾ ਲੇਹੋ॥
> ਗਰੀਬ ਅਨਾਥਿਨ ਕੋ ਸਭ ਦੇਹੋ॥

ਬਚਿੱਤਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਲਿਖਦੇ ਹਨ,

> ਯਾਹੀ ਬਾਜ ਧਰਾ ਹਮ ਜਨਮੇ॥
> ਸਮਝ ਲੇਹ ਸਾਧੂ ਸਭ ਮਨ ਮੇ॥
> ਧਰਮ ਚਲਾਵਤ ਸੰਤ ਉਭਾਰਿਨ॥
> ਦੁਸ਼ਟ ਸਭਨ ਕੋ ਮੂਲ ਉਪਾਰਿਨ॥

ਇਕ ਹੋਰ ਥਾਂ ਉਹ ਲਿਖਦੇ ਹਨ,

> ਹਮ ਇਹ ਕਾਜ ਜਗਤ ਮੋ ਆਏ॥
> ਧਰਮ ਹੇਤ ਗੁਰਦੇਵ ਪਠਾਏ॥
> ਜਹਾਂ ਤਹਾਂ ਤੁਮ ਧਰਮ ਬਿਥਾਰੋ॥
> ਦੁਸ਼ਟ ਦੋਖੀਜਨ ਪਕਰਿ ਪਛਾਰੋ॥

ਮੀਰੀ ਪੀਰੀ ਦੇ ਸੰਕਲਪ ਨੂੰ 'ਰਾਜ ਬਿਨਾਂ ਨਾ ਧਰਮ ਚਲੈ ਹੈ' ਨਾਲ ਇਕਮਿਕ ਕੀਤਾ। ਧਾਰਮਿਕ ਤੇ ਸਿਆਸੀ ਜਬਰ ਵਿਰੁਧ ਲੰਬੀ ਜੱਦੋਜਹਿਦ ਕੀਤੀ। ਗੁਰੂਆਂ ਦੁਆਰਾ 260 ਸਾਲਾਂ ਦੇ ਅਰਸੇ ਦੌਰਾਨ ਸਿਰਜੀ ਵਿਚਾਰਧਾਰਾ ਨੂੰ ਪਹਿਲੀ ਵਾਰ ਅਮਲੀ ਰੂਪ ਦੇਣ ਦਾ ਸਿਹਰਾ ਸਿਰਫ਼ ਉਸ ਮਹਾਨ ਨਾਇਕ ਨੂੰ ਜਾਂਦਾ ਹੈ ਜਿਸ ਨੂੰ ਇਤਿਹਾਸ ਵਿਚ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬੰਦਾ ਸਿੰਘ ਬਹਾਦਰ ਇਸ ਗੱਲ ਨੂੰ ਭਲੀਭਾਂਤ ਜਾਣਦਾ ਸੀ ਕਿ "ਨਿਰਵਾਣ ਜਾਂ ਮੋਕਸ਼ ਸਿਰਫ਼ ਵਿਚਾਰ ਹੀ ਹੈ। ਇਕ ਪਵਿੱਤਰ ਤਾਂਘ, ਇਕ ਇੱਛਾ ਅਤੇ ਇਸ ਦੀ ਕੋਈ ਠੋਸ ਹਕੀਕਤ ਨਹੀਂ ਹੈ। ਦੂਜੇ ਬੰਨੇ ਰਾਜ ਜਾਂ ਬਾਦਸ਼ਾਹਤ ਠੋਸ ਹਕੀਕਤ ਹੈ ਜਿਸ ਬਾਰੇ ਵਿਚਾਰਿਆ ਜਾ ਸਕਦਾ ਹੈ ਅਤੇ ਇਹ ਖਿੱਚ ਪਾਊ ਵੀ ਹੈ।" (ਐਮ. ਐਸ. ਚੰਦੇਲਾ)। ਰਾਜ ਸਥਾਪਤੀ ਦੇ ਬੰਦੇ ਦੇ ਵਾਅਦੇ ਨੇ ਸਿੱਖਾਂ ਦੀ ਸੋਝੀ ਅਤੇ ਰਵੱਈਏ ਵਿਚ ਹੈਰਾਨੀਜਨਕ ਤਬਦੀਲੀ ਲੈ ਆਂਦੀ। ਉਹ ਕਰਮਯੋਗੀ ਸੀ। ਉਸ ਨੇ ਜੋ ਚਿਤਰਿਆ, ਉਹ ਕਰ ਵਿਖਾਇਆ। "ਗੀਤਾ ਦੇ ਉਪਦੇਸ਼ 'ਤੇ ਪੂਰਾ ਉਤਰਦਾ ਜਿਉਂਦਾ ਜਾਗਦਾ ਮਨੁੱਖ ਇਸ ਧਰਤੀ 'ਤੇ ਪੈਦਾ ਹੋਇਆ ਹੈ ਤਾਂ ਉਹ ਕੇਵਲ ਬੰਦਾ ਬਹਾਦਰ ਹੀ ਹੈ।" (ਐਮ. ਐਸ. ਚੰਦੇਲਾ) ਸੁਖਦਿਆਲ ਸਿੰਘ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਵਿਚ ਲਿਖਦੇ ਹਨ, "ਬੰਦੇ ਬਹਾਦਰ ਦਾ ਸਿੱਖ ਇਤਿਹਾਸ ਵਿਚ ਉਹ ਸਥਾਨ ਹੈ ਜਿਹੜਾ ਯੂਨਾਨ ਦੇ ਇਤਿਹਾਸ ਵਿਚ ਸਿਕੰਦਰ ਦਾ; ਫਰਾਂਸ ਦੇ ਇਤਿਹਾਸ ਵਿਚ ਨੈਪੋਲੀਅਨ ਦਾ ਅਤੇ ਰੂਸ ਦੇ ਇਤਿਹਾਸ ਵਿਚ ਲੈਨਿਨ ਦਾ ਹੈ।" ਗੁਰੂ ਗੋਬਿੰਦ ਸਿੰਘ ਦੇ ਅਕਾਲ ਚਲਾਣੇ (1708) ਤੋਂ ਬਾਅਦ ਸਿੱਖ ਸੰਘਰਸ਼ ਦਾ ਦੂਜਾ ਦੌਰ ਸ਼ੁਰੂ ਹੁੰਦਾ ਹੈ ਜਿਸ ਦਾ ਪਹਿਲਾ ਮਹਾਨ ਨਾਇਕ ਬੰਦਾ ਸਿੰਘ ਬਹਾਦਰ ਸੀ।

ਪੋਰਸ ਤੋਂ ਬਾਅਦ ਬੰਦਾ ਸਿੰਘ ਬਹਾਦਰ ਹੀ ਪਹਿਲਾ ਅਜਿਹਾ ਨੇਤਾ ਸੀ ਜਿਸ ਨੇ ਪੰਜਾਬ ਨੂੰ ਸੁਤੰਤਰ ਮੁਲਕ ਦੇ ਤੌਰ 'ਤੇ ਸਥਾਪਤ ਕੀਤਾ। ਸਿੱਖਾਂ ਲਈ ਉਹ ਰਾਜ ਦਾ ਮਾਲਕ ਸੀ, ਰਾਜ ਸਥਾਪਤ ਕਰਨ ਵਾਲਾ ਝੰਡਾਬਰਦਾਰ ਸੀ ਅਤੇ ਇਸ ਗੱਲ ਦੀ ਉਤਮ ਮਿਸਾਲ ਸੀ ਕਿ ਰਾਜ ਭਾਗ ਸਥਾਪਤ ਕਰ ਲੈਣ ਬਾਅਦ ਵੀ ਬੰਦ-ਬੰਦ ਕਟਵਾ ਕੇ ਸ਼ਹਾਦਤ ਦਿੱਤੀ ਜਾ ਸਕਦੀ ਹੈ। ਬੰਦਾ ਬਹਾਦਰ ਦੇ ਜੀਵਨ ਸੰਘਰਸ਼ ਨੂੰ ਜਾਣਨ ਤੋਂ ਪਹਿਲਾਂ ਸਾਨੂੰ ਸਿੱਖ ਇਤਿਹਾਸ ਦੀ ਫੋਲਾ-ਫਾਲੀ ਕਰ ਲੈਣੀ ਚਾਹੀਦੀ ਹੈ ਤਾਂ ਜੋ ਇਹ ਭਲੀਭਾਂਤ ਸਮਝਿਆ ਜਾ ਸਕੇ ਕਿ ਸੱਚ ਕੀ ਸੀ ਅਤੇ ਸੱਚ ਕੀ ਹੈ?

ਸਿੱਖ ਇਤਿਹਾਸ ਬਾਰੇ ਲਿਖਤੀ ਸਮੱਗਰੀ ਬਹੁਤ ਘੱਟ ਮਿਲਦੀ ਹੈ। ਜੋ ਥੋੜ੍ਹਾ ਬਹੁਤ ਮਿਲਦਾ ਵੀ ਹੈ, ਉਹ ਇਤਨਾ ਗੰਧਲਾ ਹੈ ਕਿ ਸਿੱਖ ਇਤਿਹਾਸ ਚਿਤਰਨ ਲੱਗਿਆਂ ਸਿੱਖ ਇਤਿਹਾਸ ਨਾਲ ਪੂਰਾ ਇਨਸਾਫ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿਚ ਕੇਵਲ ਅਸਪਸ਼ਟ ਲੋਕ ਪਰੰਪਰਾਵਾਂ ਦੀ ਹੋਂਦ ਹੈ ਜਿਸ ਵਿਚ ਮਿਥਾਂ ਤੇ ਪੌਰਾਣਿਕ ਕਥਾਵਾਂ ਦੀ ਪੱਧਰ ਤੋਂ ਉਪਰ ਉਠ ਕੇ ਪ੍ਰਮਾਣਿਕ ਜਾਣਕਾਰੀ ਬਹੁਤ ਘੱਟ ਮਿਲਦੀ ਹੈ। ਸਾਡੇ ਵਿਦਵਾਨ, ਲਿਖਾਰੀ ਅਤੇ ਕਥਾਵਾਚਕ ਕਿੱਸੇ-ਕਹਾਣੀਆਂ ਅਤੇ ਇਤਿਹਾਸਕ ਘਟਨਾਵਾਂ ਵਿਚ ਅੰਤਰ ਨਹੀਂ ਕਰ ਸਕੇ। ਗ਼ੈਰ-ਪੰਜਾਬੀ ਅਤੇ ਕਈ ਪੰਜਾਬੀ ਇਤਿਹਾਸਕਾਰ ਤਾਂ ਇਹ ਖੁੱਲ੍ਹ ਵੀ ਲੈਣ ਲੱਗ ਪਏ ਹਨ ਕਿ ਸਿੱਖਾਂ ਦਾ ਆਪਣਾ ਕੋਈ ਇਤਿਹਾਸ ਹੀ ਨਹੀਂ ਹੈ। ਪੰਜਾਬੀਆਂ ਵਿਚ ਨਾ ਤਾਂ ਇਤਿਹਾਸਕ ਸੂਝ ਹੈ ਅਤੇ ਨਾ ਹੀ ਇਤਿਹਾਸ ਸਬੰਧੀ ਇਨ੍ਹਾਂ ਦੀ ਕੋਈ ਰੁਚੀ ਹੈ। ਸਿੱਖੀ ਦੀ ਆਪਣੇ ਇਤਿਹਾਸਕ ਬਿਰਤਾਂਤ ਦੀ ਸਿਰਜਣਾ ਉਤੇ ਪਕੜ ਨਹੀਂ। ਸਿੱਖ ਦੂਜੇ ਇਤਿਹਾਸਕਾਰਾਂ ਦੇ ਸਿਰਜੇ ਇਤਿਹਾਸ ਨੂੰ ਹੀ ਸੱਚ ਮੰਨ ਕੇ ਸਵੀਕਾਰ ਕਰਦੇ ਆਏ ਹਨ ਤੇ ਇਸ 'ਤੇ ਮਾਣ ਮਹਿਸੂਸ ਕਰਦੇ ਹਨ।" (ਪੰਨੂ)

ਇਤਿਹਾਸਕਾਰ ਦਾ ਸਬੰਧ ਅਤੀਤ, ਵਰਤਮਾਨ ਅਤੇ ਮਨੁੱਖੀ ਵਰਤਾਰੇ ਨਾਲ ਹੁੰਦਾ ਹੈ। ਉਹ ਨਾ ਤਾਂ ਅਤੀਤ ਤੋਂ ਛੁਟਕਾਰਾ ਪਾਉਂਦਾ ਹੈ ਅਤੇ ਨਾ ਹੀ ਅਤੀਤ ਨੂੰ ਸਭ ਕੁਝ ਮੰਨ ਕੇ ਇਤਿਹਾਸਕ ਸਿਰਜਣਾ ਕਰਦਾ ਹੈ। ਉਸ ਦਾ ਆਪਣਾ ਵਰਤਮਾਨ, ਵਿਚਾਰਧਾਰਾ ਅਤੇ ਖਾਸ ਕਿਸਮ ਦੀ ਮਨੋਬਿਰਤੀ ਹੁੰਦੀ ਹੈ। ਉਹ ਅਤੀਤ ਨੂੰ ਵਰਤਮਾਨ ਦੀ ਕਸੌਟੀ 'ਤੇ ਪਰਖ ਕੇ ਕਿਸੇ ਠੋਸ, ਨਿਰਪੱਖ ਅਤੇ ਨਿਆਂਇਕ ਨਤੀਜੇ 'ਤੇ ਪਹੁੰਚਣ ਦਾ ਯਤਨ ਕਰਦਾ ਹੈ। ਆਪਣੇ ਸਮੇਂ ਦੀ ਵਿਚਾਰਧਾਰਾ ਦਾ ਗੂੜ੍ਹਾ ਰੰਗ ਵੀ ਉਸ ਉਪਰ ਚੜ੍ਹਿਆ ਹੁੰਦਾ ਹੈ। ਇਤਿਹਾਸਕ ਸਿਰਜਣਾ ਕਰਨ ਸਮੇਂ ਉਹ ਯਥਾਰਥਵਾਦ ਦਾ ਪੱਲਾ ਵੀ ਨਹੀਂ ਛੱਡਦਾ।

ਆਧੁਨਿਕ ਯੁੱਗ ਵਿਚ ਸਿੱਖ ਇਤਿਹਾਸ ਨੂੰ ਵਿਗਿਆਨਕ ਢੰਗ ਨਾਲ ਸਮਝਣ ਅਤੇ ਲਿਖਣ ਦੀ ਲੋੜ ਹੈ। ਵਿਗਿਆਨਕ ਪੜਚੋਲ ਇਤਿਹਾਸ ਨੂੰ ਦਲੀਲਾਂ, ਨਿਆਂ, ਨਿਰਪੱਖ ਗਵਾਹੀਆਂ, ਨੁਕਤਾਚੀਨੀ ਆਦਿ ਦੀ ਕਸਵੱਟੀ 'ਤੇ ਪਰਖਦੀ ਹੈ। ਇਤਿਹਾਸ ਕੋਈ ਜਿੰਦਹੀਣ ਵਸਤੂ ਨਹੀਂ, ਇਹ ਸ਼ਕਤੀ ਦਾ ਪ੍ਰਤੀਕ ਹੈ ਜੋ ਨਿਰਬਲ ਅਤੇ ਮੁਰਦਾ ਕੌਮਾਂ ਲਈ ਸੰਜੀਵਨੀ ਦਾ ਕੰਮ ਕਰਦਾ ਹੈ। ਵਿਚਾਰਾਂ ਨੂੰ ਹਵਾ ਵਿਚ ਖਿਲਾਰ ਕੇ, ਹਨੇਰੇ ਵਿਚ ਗੁਆ ਕੇ ਤੁਸੀਂ ਸਿੱਖ ਇਤਿਹਾਸ ਦੀ ਨਿਰਪੱਖ ਸਿਰਜਣਾ ਨਹੀਂ ਕਰ ਸਕਦੇ। ਇਤਿਹਾਸ ਦੇ ਵਾ-ਵਰੋਲਿਆਂ ਵਿਚ ਬਿਖਰੀ ਸਿੱਖੀ ਨੂੰ ਮੁਕਤੀ ਤਦ ਹੀ ਮਿਲੇਗੀ ਜਦੋਂ ਨਵੇਂ ਵਿਚਾਰਾਂ ਦਾ ਸੂਰਜ ਤੁਹਾਨੂੰ ਇਤਿਹਾਸਕ ਸੱਚ ਦੀ ਖੋਜ ਅਰਪਣ ਕਰੇਗਾ। ਸਿੱਖ ਇਤਿਹਾਸ ਨੂੰ ਸਮਝਣ ਲਈ ਉਸ ਦੇ ਸਿਧਾਂਤਾਂ, ਅਕੀਦਿਆਂ, ਰਸਮਾਂ-ਰਿਵਾਜਾਂ, ਸਭਿਆਚਾਰ ਅਤੇ ਵਿਚਾਰਧਾਰਾ ਦਾ ਡੂੰਘਾ ਅਧਿਐਨ ਕਰਨਾ ਪਵੇਗਾ। ਇਹ ਸੱਚ ਦੀ ਖੋਜ ਹੈ। ਤੁਹਾਡੇ ਵਿਰਸੇ ਦੀ ਖੋਜ ਹੈ। ਫੈਸਲਾ ਤੁਸੀਂ ਕਰਨਾ ਹੈ, ਸੱਚ ਕੀ ਸੀ, ਸੱਚ ਕੀ ਹੈ ਅਤੇ "ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ" (ਗੁਰੂ ਗ੍ਰੰਥ ਸਾਹਿਬ, ਸਫਾ 918) ਦਾ ਸੰਕਲਪ ਕੀ ਹੈ?

ਸਮੁੱਚੇ ਮਾਨਵੀ ਇਤਿਹਾਸ ਵਿਚ ਸਿੱਖ ਲਹਿਰ ਨੇ ਅਨੋਖੀ, ਵੱਖਰੀ ਅਤੇ ਸਰਬਸਾਂਝੀ ਵਿਚਾਰਧਾਰਾ ਦੀ ਸਿਰਫ਼ ਸਿਰਜਣਾ ਹੀ ਨਹੀਂ ਕੀਤੀ, ਸਗੋਂ ਇਸ 'ਤੇ ਪਹਿਰਾ ਵੀ ਦਿੱਤਾ ਹੈ। ਸਿੱਖ ਆਦਰਸ਼ਾਂ ਨੇ ਹੀ ਸਿੱਖ ਇਤਿਹਾਸ ਦੀ ਰਚਨਾ ਕੀਤੀ। ਸਿੱਖ ਗੁਰੂਆਂ ਨੇ ਸਿੱਖੀ ਵਿਚਾਰਧਾਰਾ ਅਤੇ ਨਿਸ਼ਾਨੇ ਨਿਸ਼ਚਿਤ ਕੀਤੇ। ਲਗਭਗ 260 ਸਾਲਾਂ ਤੱਕ ਇਸ ਨੂੰ ਜਥੇਬੰਦ ਕੀਤਾ ਅਤੇ ਇਸ ਨੂੰ ਨਿਸ਼ਚਿਤ ਵਿਚਾਰਧਾਰਕ ਸੇਧ ਤੋਂ ਥਿੜਕਣ ਤੋਂ ਬਚਾਇਆ। ਲਹਿਰ ਨੂੰ ਨਿਰੰਤਰਤਾ ਦਿੱਤੀ ਅਤੇ ਅੰਤ ਵਿਚ ਇਸ ਨੂੰ ਐਸੇ ਰਾਹ ਪਾ ਦਿੱਤਾ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਵੀ ਇਹ ਆਪਣੇ ਆਪ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਚਲਦੀ ਰਹੀ। ਜੇ ਸਿੱਖ ਲਹਿਰ ਕੋਲ ਵੀ ਗੁਰੂਆਂ ਦੀ ਅਗਵਾਈ ਨਾ ਹੁੰਦੀ ਤਾਂ ਇਸ ਦਾ ਹਾਲ ਵੀ ਬਾਕੀ ਲਹਿਰਾਂ ਵਾਂਗ ਹੁੰਦਾ। ਬਾਕੀ ਆਦਰਸ਼ਵਾਦੀ ਲਹਿਰਾਂ ਵਾਂਗ ਇਹ ਵੀ ਵਿਚਾਰਾਂ ਦੇ ਵਾ-ਵਰੋਲਿਆਂ ਵਿਚ ਗੁੰਮ ਹੋ ਜਾਂਦੀ।

***(ਚਲਦਾ)***

# ਮੁੱਠੀ ਮੁੱਠੀ ਇਹ ਗੱਲ ਨਾ ਕਰੋ...

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਹੱਥ ਸਾਡੇ ਸਰੀਰ ਦਾ ਮੁਖ ਅੰਗ ਹੈ। ਸਾਡਾ ਸਮੁੱਚਾ ਵਰਤਾਰਾ ਹੱਥ ਨਾਲ ਜੁੜਿਆ ਹੋਣ ਕਾਰਨ ਇਸ ਸ਼ਬਦ ਨਾਲ ਸਬੰਧਤ ਸ਼ਬਦਾਂ ਦੀ ਸਮਾਜਕ ਜੀਵਨ ਵਿਚ ਬਹੁਤ ਵਰਤੋਂ ਹੁੰਦੀ ਹੈ। ਹੱਥ ਦੀਆਂ ਬਹੁਤ ਸਾਰੀਆਂ ਬਣਤਰਾਂ ਲਈ ਅਨੇਕਾਂ ਸ਼ਬਦ ਮਿਲਦੇ ਹਨ ਜਿਨ੍ਹਾਂ ਤੋਂ ਮਨੁਖੀ ਭਾਵਾਂ ਦਾ ਬੋਧ ਹੁੰਦਾ ਹੈ। ਪੰਜਾ, ਹੱਥਾ, ਬੁੱਕ, ਚੂਲੀ, ਚੱਪਾ, ਚੁਪੇੜ, ਮੁੱਕਾ, ਧਮੁੱਕ, ਘਸੁੰਨ, ਹੂਰਾ, ਓਕ ਆਦਿ ਕੁਝ ਗਿਣਵੇਂ ਸ਼ਬਦਾਂ ਦੀ ਮਿਸਾਲ ਲਈ ਜਾ ਸਕਦੀ ਹੈ। ਇਨ੍ਹਾਂ ਤੋਂ ਬਣੇ ਵਾਕੰਸ਼, ਮੁਹਾਵਰਿਆਂ, ਅਖਾਣਾਂ ਦਾ ਵੀ ਅੰਤ ਨਹੀਂ। ਹੱਥ ਦੀਆਂ ਉਂਗਲਾਂ ਨੂੰ ਜੇ ਅੰਦਰ ਵੱਲ ਮੋੜ ਕੇ ਘੁਟ ਲਿਆ ਜਾਵੇ ਤਾਂ ਇਸ ਤਰ੍ਹਾਂ ਬੰਦ ਹੱਥ ਨੂੰ ਮੁੱਠ ਜਾਂ ਮੁੱਠੀ ਕਿਹਾ ਜਾਂਦਾ ਹੈ। ਮੁੱਠੀ, ਮੁੱਠ ਦਾ ਇਸਤਰੀ ਲਿੰਗ ਵਾਚਕ ਸ਼ਬਦ ਨਹੀਂ ਹੈ, ਨਾ ਮੁੱਠੀ ਮੁੱਠ ਨਾਲੋਂ ਛੋਟੀ ਹੁੰਦੀ ਹੈ। ਅਸਲ ਵਿਚ ਦੋਵੇਂ ਰੁਪਾਂਤਰ ਹੀ ਇਸਤਰੀ ਲਿੰਗ ਵਾਚਕ ਹਨ, ਛੋਟੇ ਵੱਡੇ ਦਾ ਵੀ ਕੋਈ ਝਗੜਾ ਨਹੀਂ। ਇਸ ਲਈ ਦੋਵੇਂ ਸ਼ਬਦ ਅਕਸਰ ਹੀ ਇਕ ਦੂਜੇ ਦੇ ਬਦਲ ਵਜੋਂ ਵਰਤੇ ਜਾ ਸਕਦੇ ਹਨ। ਪਰ ਕੁਝ ਇਕ ਪ੍ਰਸੰਗਾਂ ਵਿਚ ਕੇਵਲ ਇਕ ਦੀ ਵਰਤੋਂ ਹੀ ਰੂੜ ਹੋ ਗਈ ਹੈ, ਖਾਸ ਤੌਰ 'ਤੇ ਮੁਹਾਵਰਈ ਬੋਲਾਂ ਵਿਚ। ਇਕੋ ਮੂਲ ਤੋਂ ਬਣਿਆ ਹੱਥੇ ਜਾਂ ਡੰਡਰੂ ਦੇ ਅਰਥਾਂ ਲਈ ਵਰਤਿਆ ਜਾਂਦਾ ਮੁੱਠਾ ਸ਼ਬਦ ਨਿਸਚੇ ਹੀ ਪੁਲਿੰਗਵਾਚੀ ਹੈ। ਦਰਵਾਜ਼ੇ, ਹਥੌੜੇ ਜਾਂ ਤਲਵਾਰ ਆਦਿ ਦਾ ਫੜਨ ਵਾਲਾ ਹਿੱਸਾ ਮੁੱਠਾ ਕਹਾਉਂਦਾ ਹੈ। ਧਿਆਨ ਦਿਉ, ਮੁੱਠਾ ਫੜਨ ਲਈ ਸਾਨੂੰ ਮੁੱਠ ਮੀਟਣੀ ਪੈਂਦੀ ਹੈ।

ਮੁੱਠ/ਮੁੱਠੀ ਸ਼ਬਦ ਸੰਸਕ੍ਰਿਤ ਦੇ 'ਮੁਸ਼ਟਿ' ਤੋਂ ਵਿਕਸਿਤ ਹੋਏ ਹਨ। ਸੰਸਕ੍ਰਿਤ 'ਸ਼ਟ' ਧੁਨੀ ਅਕਸਰ ਹੀ ਪੰਜਾਬੀ ਵਿਚ 'ਠ' ਹੋ ਜਾਂਦੀ ਹੈ। ਹੋਰ ਮਿਸਾਲਾਂ ਦੇਖੋ, ਸੰਸਕ੍ਰਿਤ 'ਵਿਸ਼ਟਾ' ਪੰਜਾਬੀ ਬਿੱਠ; ਸੰਸਕ੍ਰਿਤ 'ਤੁਸ਼ਟੀ' ਪੰਜਾਬੀ ਤੁੱਠਣਾ ਜਾਂ ਤਰੁੱਠਣਾ। ਸੰਸਕ੍ਰਿਤ ਸ਼ਬਦਾਂ ਦਾ ਆਖਰੀ ਸਵਰ 'ਿ' ਪੰਜਾਬੀ ਵਿਚ ਜਾਂ ਤਾਂ ਅਲੋਪ ਹੋ ਜਾਂਦਾ ਹੈ ਜਾਂ 'ੀ' ਵਿਚ ਬਦਲ ਜਾਂਦਾ ਹੈ। ਪਰ ਇਥੇ ਕੁਝ ਵਾਪਰ ਗਿਆ ਹੈ, ਇਸੇ ਲਈ ਮੁੱਠ ਤੇ ਮੁੱਠੀ ਦੋਵੇਂ ਭੇਦ ਉਭਰੇ।

ਮੋਨੀਅਰ ਵਿਲੀਅਮਜ਼ ਦੇ ਸੰਸਕ੍ਰਿਤ ਕੋਸ਼ ਵਿਚ 'ਮੁਸ਼ਟਿ' ਦਾ ਪਹਿਲਾ ਅਰਥ ਚੋਰੀ ਕਰਨਾ ਦੱਸਿਆ ਗਿਆ ਹੈ। ਦਿਲਚਸਪ ਗੱਲ ਹੈ ਕਿ ਇਸ ਸ਼ਬਦ ਦੇ ਮੁੱਠ ਵਾਲੇ ਅਰਥਾਂ ਦੀ ਵਿਆਖਿਆ ਕਰਦਿਆਂ ਉਸ ਨੇ ਸੰਭਾਵਨਾ ਜਤਾਈ ਹੈ ਕਿ ਚੋਰੀ ਕਰਨ ਲਈ ਚੀਜ਼ ਨੂੰ ਫੜਨ ਵਾਸਤੇ ਹੱਥ ਮੀਟਣੇ ਪੈਂਦੇ ਹਨ, ਇਸ ਲਈ ਇਸ ਦਾ ਇਹ ਅਰਥ ਬਣਿਆ। ਪੰਜਾਬੀ ਵਿਚ ਮੁੱਠਣਾ ਦੇ ਅਰਥ ਕਿਸੇ ਤੋਂ ਧੋਖੇ ਨਾਲ ਕੋਈ ਵਸਤ, ਖਾਸ ਤੌਰ 'ਤੇ ਰੁਪਿਆ ਪੈਸਾ ਹਥਿਆ ਲੈਣਾ, ਬਟੋਰਨਾ ਹੁੰਦਾ ਹੈ। ਪੰਜਾਬੀ ਵਿਚ ਇਸ ਮਨਸ਼ੇ ਲਈ 'ਮਾਠਣਾ' ਸ਼ਬਦ ਵੀ ਹੈ ਪਰ ਇਹ ਇਥੇ ਨਿਰੁਕਤੀ ਦੇ ਨਜ਼ਰੀਏ ਤੋਂ ਢੁਕਵਾਂ ਨਹੀਂ। 'ਮੁੱਠੇ ਜਾਣਾ' ਦਾ ਅਰਥ ਚੋਰੀ ਦਾ ਸ਼ਿਕਾਰ ਹੋਣਾ ਹੈ। ਇਸ ਵਾਕੰਸ਼ ਦੇ ਲਾਖਣਿਕ ਅਰਥ ਵੀ ਲੁੱਟੇ ਜਾਣਾ, ਠਗੇ ਜਾਣਾ, ਮੂਰਖ ਬਣਨਾ ਹੁੰਦਾ ਹੈ। ਹੀਰ ਨੂੰ ਜਦ ਰਾਂਝੇ ਦੇ ਜੋਗੀ ਹੋਣ ਦਾ ਪਤਾ ਲਗਦਾ ਹੈ ਤਾਂ ਉਹ ਆਪਣੇ ਆਪ ਨੂੰ ਲੁੱਟੀ ਪੁੱਟੀ ਮਹਿਸੂਸ ਕਰਦੀ ਹੈ:

ਮੁੱਠੀ ਮੁੱਠੀ ਇਹ ਗੱਲ ਨਾ ਕਰੋ ਭੈਣਾਂ,
ਮੈਂ ਸੁਣਦਿਆਂ ਈ ਮਰ ਗਈ ਜੇ ਨੀ।
ਤੁਸੀਂ ਇਹ ਜਦੋਂਕਨੀ ਗੱਲ ਟੋਰੀ,
ਖਲੀ ਤਲੀ ਹੀ ਮੈਂ ਲਹਿ ਗਈ ਜੇ ਨੀ।
ਗਏ ਟੁਟ ਸਤਰਾਣ ਤੇ ਅਕਲ ਡੁੱਬੀ,
ਮੈਂ ਤੇ ਧੁਖ ਕਲੇਜੜੇ ਪਈ ਜੇ ਨੀ।



ਕੀਕੂੰ ਕੰਨ ਪੜਾਇਕੇ ਜੀਂਵਦਾ ਹੈ,
ਗੱਲਾਂ ਸੁਣਦਿਆਂ ਹੀ ਜਿੰਦ ਗਈ ਜੇ ਨੀ।
ਰੋਵਾਂ ਜਦੋਂ ਸੁਣਿਆ ਉਸ ਦੇ ਦੁਖੜੇ ਨੂੰ,
ਮੁੱਠੀ ਮੀਟ ਕੇ ਮੈਂ ਬਹਿ ਗਈ ਜੇ ਨੀ।

ਧਿਆਨ ਦਿਉ ਉਪਰੋਕਤ ਵਿਚ 'ਮੁੱਠੀ ਮੀਟ ਕੇ ਬਹਿ ਜਾਣਾ' ਬਿੰਬ ਇਕ ਲਾਚਾਰ ਅਵਸਥਾ ਨੂੰ ਦਰਸਾਉਂਦਾ ਹੈ ਜੋ ਅਣਜਾਣੇ ਵਿਚ ਲੁੱਟੇ ਜਾਣ ਕਰਕੇ ਹੈ।

ਬੁਲ੍ਹੇ ਸ਼ਾਹ ਵੀ ਅਜੇਹੀ ਅਵਸਥਾ ਦਾ ਬਿਆਨ ਕਰਦਾ ਕਹਿੰਦਾ ਹੈ:

ਦਾਜ ਜਵਾਹਰ ਅਸਾਂ ਕੀ ਕਰਨਾ,
ਜਿਸ ਪ੍ਰੇਮ ਕਰਾਈ ਮੁੱਠੀ।
ਓਹੋ ਚੋਰ ਮੇਰਾ ਪਕੜ ਮੰਗਾਓ,
ਜਿਸ ਮੇਰੀ ਜਿੰਦ ਕੁੱਠੀ।
ਭੈਣਾਂ ਮੈਂ ਕੱਤਦੀ ਕੱਤਦੀ ਹੁੱਟੀ...।

ਇਥੇ ਸਪਸ਼ਟ ਹੀ ਪ੍ਰੇਮੀ ਨੂੰ ਚੋਰ ਕਿਹਾ ਗਿਆ ਹੈ 'ਜਿਸ ਪ੍ਰੇਮ ਕਰਾਈ ਮੁੱਠੀ।'

ਸ੍ਰੀ ਰਾਗ ਵਿਚ ਗੁਰੂ ਨਾਨਕ ਨੇ ਇਹ ਸ਼ਬਦ ਵਰਤਿਆ ਹੈ, 'ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।' ਅਰਥਾਤ ਜਿਹੜੀ ਅਭਾਗਣ ਜੀਵ-ਇਸਤਰੀ ਹੋਰ ਦੂਜੇ ਦੇ ਪਿਆਰ ਵਿਚ ਠੱਗੀ ਜਾਂਦੀ ਹੈ, ਉਸ ਦਾ ਜੀਵਨ ਲਾਹਣਤ ਭਰਿਆ ਹੈ। ਗੁਰੂ ਸਾਹਿਬ ਨੇ ਮੁੱਠ ਦਾ ਭੂਤਕਾਲੀ ਰੂਪ 'ਮੁਠਾ' ਸ਼ਬਦ ਵੀ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਹੈ, 'ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥' ਗੁਰੂ ਅਰਜਨ ਦੇਵ ਨੇ ਚੋਰੀ ਕਰਨ ਜਾਂ ਲੁੱਟਣ ਵਾਲੇ ਦੇ ਅਰਥਾਂ ਵਿਚ 'ਮੁਸਨਹਾਰ' ਸ਼ਬਦ ਦੀ ਵਰਤੋਂ ਕੀਤੀ ਹੈ, "ਮੁਸਨਹਾਰ ਪੰਚ ਬਟਵਾਰੇ।" ਇਥੇ ਪੰਜ ਇੰਦਰੀਆਂ ਵੱਲ ਇਸ਼ਾਰਾ ਹੈ।

'ਮੁੱਠੀ ਵਿਚ ਆਉਣਾ' ਦਾ ਮਤਲਬ ਵਾਜਬ ਜਾਂ ਗੈਰਵਾਜਬ ਢੰਗ ਨਾਲ ਕਬਜ਼ੇ ਵਿਚ ਆਉਣਾ ਹੈ ਪਰ ਮੁੱਠੀ ਇਕ ਲੰਬਾਈ ਦਾ ਨਾਪ ਵੀ ਹੈ। ਮਧਰੇ ਆਦਮੀ ਨੂੰ ਗਿਠ-ਮੁੱਠੀਆ ਆਖ ਦਿੱਤਾ ਜਾਂਦਾ ਹੈ। ਮੁੱਠ-ਭਰ ਜਾਂ ਮੁੱਠੀ-ਭਰ ਅਲਪ ਸੰਖਿਆ ਹੁੰਦੀ ਹੈ ਜਿਵੇਂ ਮੁੱਠੀ-ਭਰ ਲੋਕ। 'ਚੱਪਾ ਕੁ ਚੰਨ ਤੇ ਮੁੱਠ ਕੁ ਤਾਰੇ' -ਅੰਮ੍ਰਿਤਾ ਪ੍ਰੀਤਮ। 'ਹੱਡੀਆਂ ਦੀ ਮੁਠ' ਬਹੁਤ ਕਮਜ਼ੋਰ ਆਦਮੀ ਲਈ ਵਰਤਿਆ ਜਾਂਦਾ ਹੈ। ਦੂਜੇ ਪਾਸੇ ਮੁੱਠੀ ਵਿਚ ਕਿਉਂਕਿ ਪੰਜ ਉਂਗਲੀਆਂ ਇਕੱਠੀਆਂ ਹੋਈਆਂ ਹੁੰਦੀਆਂ ਹਨ, ਇਸ ਲਈ ਇਹ ਏਕਤਾ ਦਾ ਭਾਵ ਦਿੰਦਾ ਹੈ। 'ਇਕ-ਮੁੱਠ' ਸ਼ਬਦ ਵਿਚ ਇਹ ਭਾਵ ਝਲਕਦਾ ਹੈ। 'ਮੁੱਠਾਂ ਭਰ ਭਰ ਦੇਣਾ' ਇਕ ਤਰ੍ਹਾਂ ਖੁਲ੍ਹ ਕੇ ਦਾਨ ਕਰਨਾ ਹੈ। 'ਮੁੱਠੀ ਗਰਮ ਕਰਨਾ' ਵੱਢੀ ਦੇਣਾ ਹੈ। ਲੜਾਈ ਵਿਚ ਜਦੋਂ ਹੱਥੋਪਾਈ ਹੋ ਜਾਵੇ ਅਰਥਾਤ ਮੁੱਕੇਬਾਜ਼ੀ 'ਤੇ ਨੌਬਤ ਆ ਜਾਵੇ ਤਾਂ ਅਸੀਂ ਆਖਦੇ ਹਾਂ ਕਿ ਮੁਠਭੇੜ ਹੋ ਗਈ ਭਾਵੇਂ ਅੱਜ ਕਲ੍ਹ ਹਥਿਆਰਾਂ ਸਮੇਤ ਹਲਕੀ ਲੜਾਈ ਨੂੰ ਵੀ ਮੁਠਭੇੜ ਕਹਿ ਦਿੱਤਾ ਜਾਂਦਾ ਹੈ। 'ਮੁੱਠੀ ਚਾਪੀ ਕਰਨਾ' ਕਿਸੇ ਦੀ ਖੁਸ਼ਾਮਦ ਕਰਨਾ ਹੈ। ਕਿਸੇ ਦੀ ਮੁੱਠੀ ਵਿਚ ਹੋਣਾ ਕਿਸੇ ਦੇ ਵੱਸ ਹੋਣਾ ਹੁੰਦਾ ਹੈ। 'ਜਾਨ ਮੁੱਠੀ 'ਚ ਆਉਣਾ' ਦਾ ਭਾਵ ਹੈ ਮੌਤ ਦੇ ਬਿਲਕੁਲ ਨਜ਼ਦੀਕ ਮਹਿਸੂਸ ਕਰਨਾ। 'ਮੁੱਠੀ ਘੁਟਣਾ' ਦਾ ਅਰਥ ਕੰਜੂਸੀ ਕਰਨਾ ਹੁੰਦਾ ਹੈ। 'ਮੀਟੀ ਮੁੱਠ' ਦਾ ਅਰਥ ਲੁਕਿਆ ਭੇਦ, ਪਾਜ ਵੀ ਹੁੰਦਾ ਹੈ:

ਰੱਖੀਂ ਸ਼ਰਮ ਹਿਯਾ ਤੂੰ ਜੁਮਲਿਆਂ ਦੀ,
ਮੀਟੀ ਮੁੱਠ ਹੀ ਦੇਈਂ ਲੰਘਾ ਸਾਈਂ।
ਵਾਰਿਸ ਸ਼ਾਹ ਤਮਾਮੀਆਂ ਮੋਮਨਾਂ ਨੂੰ,
ਦੇਈਂ ਦੀਨ ਇਮਾਨ ਲਿਕਾ ਸਾਈਂ।

ਸ਼ਾਹ ਮੁਹੰਮਦ ਨੇ ਵੀ 'ਜੰਗਨਾਮਾ' ਵਿਚ ਇਹ ਮੁਹਾਵਰਾ ਵਰਤਿਆ ਹੈ:

ਮੁੱਠ ਮੀਟੀ ਸੀ ਦੇਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿਤਾ ਸਾਡਾ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਇਥੇ,
ਕਦੇ ਰਾਜ ਹੋਏ ਮੁਹਤਾਜ ਯਾਰੋ।

ਮੁੱਠ ਸ਼ਬਦ ਦੇ ਰੂਪ 'ਮੁਸਟਿ'/ਮੁਸਟ ਗੁਰਬਾਣੀ ਵਿਚ ਮਿਲਦੇ ਹਨ। ਕਬੀਰ ਨੇ ਦੋਵੇਂ ਰੂਪ ਮੁੱਠੀ ਦੇ ਅਰਥਾਂ ਵਿਚ ਵਰਤੇ ਹਨ:

ਮਰਕਟ ਮੁਸਟੀ ਅਨਾਜ ਕੀ
ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ
ਨਾਚਿਓ ਘਰ ਘਰ ਬਾਰਿ॥

ਅਰਥਾਤ ਹੇ ਕਮਲੇ ਮਨ ਬਾਂਦਰ ਨੇ ਹੱਥ ਪਸਾਰ ਕੇ ਦਾਣਿਆਂ ਦੀ ਮੁਠ ਭਰ ਲਈ ਹੈ।

ਜਿਉ ਕਪਿ ਕਰ ਮੁਸਟਿ ਚਨਨ ਕੀ
ਲੁਬਧਿ ਨ ਤਿਆਗੁ ਦਇਓ।

ਸਾਹਿਬ ਸਿੰਘ ਅਨੁਸਾਰ ਇਸ ਦੀ ਵਿਆਖਿਆ ਇਸ ਪ੍ਰਕਾਰ ਹੈ, "ਲੋਕ ਬਾਂਦਰਾਂ ਨੂੰ ਫੜਨ ਲਈ ਭੀੜੇ ਮੂੰਹ ਵਾਲਾ ਭਾਂਡਾ ਲੈ ਕੇ ਜ਼ਮੀਨ ਵਿਚ ਦੱਬ ਦਿੰਦੇ ਹਨ, ਉਸ ਵਿਚ ਭੁੱਜੇ ਹੋਏ ਛੋਲੇ ਪਾ ਕੇ ਮੂੰਹ ਨੰਗਾ ਰੱਖਦੇ ਹਨ। ਬਾਂਦਰ ਆਪਣਾ ਹੱਥ ਭਾਂਡੇ ਵਿਚ ਪਾ ਕੇ ਦਾਣਿਆਂ ਦੀ ਮੁੱਠ ਭਰ ਲੈਂਦਾ ਹੈ, ਪਰ ਭਰੀ ਹੋਈ ਮੁੱਠ ਭੀੜੇ ਮੂੰਹ ਵਿਚੋਂ ਨਿਕਲ ਨਹੀਂ ਸਕਦੀ, ਤੇ ਲੋਭ ਵਿਚ ਫਸਿਆ ਹੋਇਆ ਬਾਂਦਰ ਦਾਣੇ ਭੀ ਨਹੀਂ ਛੱਡਦਾ। ਇਸ ਤਰ੍ਹਾਂ ਉਥੇ ਹੀ ਫੜਿਆ ਜਾਂਦਾ ਹੈ। ਇਹੀ ਹਾਲ ਮਨੁੱਖ ਦਾ ਹੁੰਦਾ ਹੈ, ਸਹਿਜੇ ਸਹਿਜੇ ਮਾਇਆ ਵਿਚ ਮਨ ਫਸਾ ਕੇ ਆਖ਼ਰ ਹੋਰ ਹੋਰ ਮਾਇਆ ਦੀ ਖ਼ਾਤਰ ਧਿਰ ਧਿਰ ਦੀ ਖ਼ੁਸ਼ਾਮਦ ਕਰਦਾ ਹੈ ਤੇ ਉਸ ਨੂੰ ਸਹਿਮ ਪੈ ਗਿਆ ਕਿ ਕੈਦ ਵਿਚੋਂ ਕਿਵੇਂ ਨਿਕਲੇ। ਉਸ ਲਾਲਚ ਦੇ ਕਾਰਨ ਹੁਣ ਹਰੇਕ ਘਰ ਦੇ ਬੂਹੇ 'ਤੇ ਨੱਚਦਾ ਫਿਰਦਾ ਹੈ।"

ਸੰਸਕ੍ਰਿਤ ਮੁਸ਼ਟਿ ਦੇ ਟਾਕਰੇ ਤੇ ਹਿੰਦ-ਇਰਾਨੀ ਭਾਸ਼ਾਵਾਂ ਯਾਨਿ ਫਾਰਸੀ ਆਦ 'ਚ 'ਮੁਸ਼ਤ' ਸ਼ਬਦ ਮਿਲਦਾ ਹੈ। ਇੱਕ-ਮੁੱਠ ਦਾ ਸੁਜਾਤੀ 'ਯਕ-ਮੁਸ਼ਤ' ਪੰਜਾਬੀ ਵਿਚ ਵੀ ਕਦੇ ਕਦੇ ਪੜ੍ਹਨ ਸੁਣਨ ਨੂੰ ਮਿਲਦਾ ਹੈ। ਅਸਲ ਵਿਚ ਸੰਸਕ੍ਰਿਤ 'ਮੁਸ਼ਟਿ' ਸ਼ਬਦ ਦੇ ਪਿਛੇ 'ਮੁਸ਼' ਧਾਤੂ ਕਿਰਿਆਸ਼ੀਲ ਹੈ। 'ਮੁਸ਼' ਦਾ ਅਰਥ ਚੁਰਾਉਣਾ, ਲੁੱਟਣਾ, ਨਸ਼ਟ ਕਰਨਾ ਹੈ। ਦੇਖੋ ਪੰਜਾਬੀ 'ਮੁਸ ਮੁਸ ਰੋਣਾ' ਅਰਥਾਤ ਚੋਰੀ ਚੋਰੀ ਰੋਣਾ। ਉਪਰ ਵਰਣਿਤ ਗੁਰੂ ਅਰਜਨ ਦੇਵ ਵਲੋਂ ਵਰਤਿਆ 'ਮੁਸਨਹਾਰ' ਸ਼ਬਦ ਇਸੇ ਤੋਂ ਬਣਿਆ ਹੈ। ਪਰ ਮੁਸ਼ ਤੋਂ ਬਣੇ ਮੂਸ਼ ਸ਼ਬਦ ਦੇ ਅਰਥ ਚੋਰ ਤੋਂ ਇਲਾਵਾ ਚੂਹਾ ਵੀ ਹੈ। ਚੂਹੇ ਦੇ ਅਰਥਾਂ ਵਿਚ ਸੰਸਕ੍ਰਿਤ ਵਿਚ ਇਸ ਦੇ ਕਈ ਰੂਪ ਹਨ, ਜਿਵੇਂ- ਮੂਸ਼ਕ, ਮੂਸ਼ਿਕ, ਮੂਸ਼ਿਕਾ, ਮੂਸ਼ਮ ਆਦਿ। ਗਰੀਕ, ਲਾਤੀਨੀ, ਜਰਮਨ, ਰੂਸੀ ਤੇ ਹੋਰ ਕਈ ਭਾਰੋਪੀ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਫਾਰਸੀ ਵਿਚ ਚੂਹੇ ਲਈ 'ਮੂਸ਼' ਸ਼ਬਦ ਹੈ ਤੇ ਇਸ ਦਾ ਅਰਥ ਲੁੱਟੇ ਜਾਣਾ ਵੀ ਹੈ, ਜਿਵੇਂ 'ਮੂਸ਼ਦਰਾਰ ਅੰਬਾਨ ਦਾਸ਼ਤਾਨ।' ਅੰਗਰੇਜ਼ੀ ਸ਼ਬਦ ਮਾਊਸ ਵੀ ਇਨ੍ਹਾਂ ਦਾ ਸਬੰਧੀ ਹੈ। ਪਰ ਸਭ ਤੋਂ ਦਿਲਚਸਪ ਗੱਲ ਹੈ ਕਿ ਇਸ ਮੂਲ ਤੋਂ ਬਣੇ ਕੁਝ ਭਾਸ਼ਾਵਾਂ ਦੇ ਸ਼ਬਦਾਂ ਵਿਚ ਚੂਹੇ ਤੇ ਚੋਰੀ ਦੇ ਭਾਵ ਤਾਂ ਹਨ ਪਰ ਮੁੱਠੀ ਦੇ ਭਾਵ ਨਹੀਂ ਹਨ। ਅਸੀਂ ਸ਼ੁਰੂ ਵਿਚ ਮੋਨੀਅਰ ਵਿਲੀਅਮਜ਼ ਦੇ ਹਵਾਲੇ ਨਾਲ ਦੱਸਿਆ ਸੀ ਕਿ ਇਹ ਭਾਵ ਮੁੱਠੀ ਦੇ ਅਰਥਾਂ ਵਿਚ ਇਸ ਕਾਰਨ ਵਿਕਸਿਤ ਹੋਇਆ ਹੋਵੇਗਾ ਕਿ ਚੋਰੀ ਕਰਨ ਲਗਿਆਂ ਮਲਕੜੇ ਜਿਹੇ ਹੱਥ ਮੀਟੇ ਜਾਂਦੇ ਹਨ ਅਰਥਾਤ ਮੁੱਠੀ ਮੀਟੀ ਜਾਂਦੀ ਹੈ।

ਜੇਮਜ਼ ਪੀ. ਮੈਲੋਰੀ ਦੇ ਪ੍ਰਸਿਧ ਗ੍ਰੰਥ 'ਹਿੰਦ-ਯੂਰਪੀ ਸਭਿਆਚਾਰ ਦਾ ਇਨਸਾਈਕਲੋਪੀਡੀਆ' ਵਿਚ ਇਕ ਇਕ ਭਾਰੋਪੀ ਮੂਲ meus ਦੀ ਕਲਪਨਾ ਕੀਤੀ ਗਈ ਹੈ ਜਿਸ ਦਾ ਅਰਥ 'ਚੋਰੀ ਕਰਨਾ, ਚੁੱਕਣਾ' ਦੱਸਿਆ ਗਿਆ ਹੈ। ਚੋਰੀ ਅਤੇ ਚੂਹੇ ਦੇ ਸਾਂਝੇ ਭਾਵ ਪ੍ਰਗਟ ਕਰਦੇ ਉਸ ਨੇ ਕੁਝ ਹੋਰ ਭਾਸ਼ਾਵਾਂ ਦੇ ਸ਼ਬਦ ਵੀ ਦੱਸੇ ਹਨ। ਪਰ ਮੈਂ ਸੰਸਕ੍ਰਿਤ ਵਿਚ ਹੀ ਅਜਿਹੇ ਸ਼ਬਦ ਲਭੇ ਹਨ, ਜਿਵੇਂ 'ਆਖੁ' ਤੇ 'ਸਤੇਯਿਨ' ਜਿਨ੍ਹਾਂ ਦਾ ਅਰਥ ਚੂਹਾ ਵੀ ਹੈ ਤੇ ਚੋਰ ਵੀ। ਇਸ ਸੰਦਰਭ ਵਿਚ ਮੋਨੀਅਰ ਵਿਲੀਅਮਜ਼ ਦੀ ਵਿਆਖਿਆ ਪ੍ਰਤੀ ਸੰਦੇਹ ਉਤਪੰਨ ਹੁੰਦਾ ਹੈ। ਐਪਰ ਇਸ ਘੁੰਡੀ ਦੀ ਭਰਪੂਰ ਚਰਚਾ ਅਸੀਂ ਚੂਹੇ ਲਈ ਮੂਸ਼ ਸ਼ਬਦ ਵਾਲੇ ਲੇਖ ਵਿਚ ਕਰਾਂਗੇ।

## ਪਾਠਕਾਂ ਦਾ ਪੰਨਾ

# ਬੱਚੀਆਂ ਨੂੰ ਦੁਰਾਚਾਰੀਆਂ ਤੋਂ ਬਚਾਓ...

ਸਾਡਾ ਦੇਸ਼ ਹਿੰਦੁਸਤਾਨ ਬਹੁਤ ਤਰੱਕੀ ਕਰ ਰਿਹਾ ਹੈ। ਸਰਕਾਰ ਲੋਕ ਭਲਾਈ ਦੀਆਂ ਬਹੁਤ ਸਕੀਮਾਂ ਚਲਾ ਰਹੀ ਹੈ। ਇਹ ਜਾਣ ਕੇ ਮਨ ਨੂੰ ਖੁਸ਼ੀ ਵੀ ਹੁੰਦੀ ਹੈ, ਪਰ ਇਹ ਖੁਸ਼ੀ ਅਜੇ ਕਿਸੇ ਹੋਰ ਨਾਲ ਸਾਂਝੀ ਕਰਨੀ ਹੁੰਦੀ ਹੈ ਕਿ ਇਹ ਖਬਰਾਂ ਆ ਜਾਂਦੀਆਂ ਹਨ: ਸਕੂਲ ਜਾਂਦੀ ਲੜਕੀ ਚੁੱਕ ਲਈ...ਘਰਦਿਆਂ 'ਤੇ ਗੋਲੀ ਚਲਾ ਕੇ ਘਰੋਂ ਲੜਕੀ ਨੂੰ ਲੈ ਗਏ...ਹਸਪਤਾਲ ਵਿਚ ਮਾਨਸਿਕ ਤੌਰ 'ਤੇ ਰੋਗੀ ਲੜਕੀ ਨਾਲ ਹਸਪਤਾਲ ਦੇ ਕਰਮਚਾਰੀ ਨੇ ਬਲਾਤਕਾਰ ਕੀਤਾ...ਵਿਦਿਆਰਥਣ ਨਾਲ ਅਧਿਆਪਕ ਨੇ...ਬੱਸ ਵਿਚ ਸਫ਼ਰ ਕਰਦੀ ਲੜਕੀ ਨਾਲ ਬੱਸ ਡਰਾਇਵਰ ਤੇ ਉਸ ਦੇ ਗੁੰਡੇ ਸਾਥੀਆਂ ਨੇ ਰਾਖਸ਼ਾਂ ਵਾਲਾ ਵਿਹਾਰ ਕੀਤਾ...ਗੁੱਡੀਆਂ ਨਾਲ ਖੇਡਦੀ ਪੰਜ ਸਾਲ ਦੀ ਬੱਚੀ ਨੂੰ ਚੁੱਕ ਕੇ ਲੈ ਗਏ। ਕੋਈ ਅੰਤ ਨਹੀਂ ਹੈ ਇਨ੍ਹਾਂ ਖ਼ਬਰਾਂ ਦਾ ਅਤੇ ਇਨ੍ਹਾਂ ਦਰਿੰਦਿਆਂ ਦੀ ਦਰਿੰਦਗੀ ਦਾ!

ਪਹਿਲਾਂ ਲੋਕ ਕਹਿੰਦੇ ਹੁੰਦੇ ਸੀ ਕਿ ਹਨੇਰੇ-ਸਵੇਰੇ ਕਿਸੇ ਮੁਟਿਆਰ ਨੂੰ ਘਰੋਂ ਬਾਹਰ ਇਕੱਲਿਆਂ ਨਾ ਭੇਜੋ। ਹੁਣ ਤਾਂ ਲੜਕੀਆਂ ਪੜ੍ਹ-ਲਿਖ ਗਈਆਂ ਹਨ, ਨੌਕਰੀਆਂ ਕਰਦੀਆਂ ਹਨ, ਉਚੇ ਤੋਂ ਉਚੇ ਅਹੁਦਿਆਂ ਉਤੇ ਬੈਠੀਆਂ ਹਨ। ਫਿਰ ਵੀ ਇਹ ਕੁਝ ਵਾਪਰ ਰਿਹਾ ਹੈ! ਆਖਰ ਕਿਉਂ ਲੋਕਾਂ ਦੀ ਇਸ ਤਰ੍ਹਾਂ ਦੀ ਮਨੋਬਿਰਤੀ ਹੋ ਗਈ ਹੈ? ਕਿਉਂ ਜੋ ਸਜ਼ਾ ਇਨ੍ਹਾਂ ਗੁਨਾਹਾਂ ਦੀ ਹੋਣੀ ਚਾਹੀਦੀ ਹੈ, ਉਹ ਮਿਲ ਨਹੀਂ ਰਹੀ? ਨਿਆਂਪਾਲਿਕਾ ਜੇ ਦੋਸ਼ੀਆਂ ਨੂੰ ਤੁਰੰਤ ਸਜ਼ਾ ਦੇ ਦੇਵੇ, ਤਾਂ ਹੋਰ ਘਟਨਾਵਾਂ ਰੁਕ ਸਕਦੀਆਂ ਹਨ। ਹੁਣ ਤਾਂ ਅਪਰਾਧ ਕਰਨ ਵਾਲਿਆਂ ਦੇ ਦਿਲਾਂ ਵਿਚ ਕੋਈ ਡਰ ਹੀ ਨਹੀਂ। ਕੁੱਟ ਤੋਂ ਬਚਣ ਲਈ ਉਹ ਝੱਟ ਕਸੂਰ ਮੰਨ ਜਾਂਦੇ ਹਨ। ਸਜ਼ਾ ਮਿਲਦੀ ਹੈ ਜੇਲ੍ਹ, ਜਿਸ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਉਥੇ ਮੁਫ਼ਤ ਦੀ ਰੋਟੀ ਮਿਲਦੀ ਹੈ, ਦੇਖਣ ਲਈ ਟੀ.ਵੀ.। ਨਸ਼ੇ ਵੀ ਸਭ ਅੰਦਰ ਪਹੁੰਚ ਹੀ ਜਾਂਦੇ ਹਨ, ਸੈਲਫੋਨ ਵੀ ਮਿਲ ਜਾਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਹਫ਼ਤੇ ਦਸ ਦਿਨ ਦੇ ਅੰਦਰ-ਅੰਦਰ ਕੇਸ ਦਾ ਨਿਬੇੜਾ ਕਰ ਕੇ ਫਾਂਸੀ 'ਤੇ ਲਟਕਾ ਦਿੱਤਾ ਜਾਵੇ। ਨਾਲ ਹੀ ਲੋਕਾਂ ਨੂੰ ਦੱਸਿਆ ਜਾਵੇ ਕਿ ਇਸ ਬੰਦੇ ਨੂੰ ਇਸ ਗੁਨਾਹ ਦੀ ਸਜ਼ਾ ਦਿੱਤੀ ਗਈ ਹੈ।

ਕੁਝ ਦਿਨ ਪਹਿਲਾਂ ਖ਼ਬਰ ਸੀ ਕਿ ਇਕ ਰਿਕਸ਼ੇਵਾਲੇ ਦੀ ਪੰਦਰਾਂ ਵਰ੍ਹਿਆਂ ਦੀ ਨੌਵੀਂ ਵਿਚ ਪੜ੍ਹਦੀ ਲੜਕੀ ਨੂੰ ਘਰ ਆ ਕੇ ਗੁੰਡੇ ਚੁੱਕ ਕੇ ਲੈ ਗਏ। ਪੁਲਿਸ ਕੋਲ ਰਿਪੋਰਟ ਕੀਤੀ। ਪੁਲਿਸ ਨੇ ਲੜਕੀ ਤਾਂ ਕੀ ਲੱਭਣੀ ਸੀ, ਰਿਕਸ਼ੇਵਾਲੇ ਨੂੰ ਰੋਜ਼ ਬੁਲਾ ਕੇ ਚੌਕੀ ਵਿਚ ਬਿਠਾ ਲੈਂਦੀ। ਉਹ ਗਰੀਬ ਜਿਹੜਾ ਰੋਜ਼ ਕਮਾ ਕੇ ਆਪਣੇ ਪਰਿਵਾਰ ਪਾਲਦਾ ਸੀ, ਕਮਾਈ ਤੋਂ ਵੀ ਗਿਆ। ਛੋਟੇ ਦੋ ਬੱਚੇ, ਭੁੱਖ ਨਾਲ ਬੁਰਾ ਹਾਲ। ਆਪਣਾ ਵੀ ਦੋਹਾਂ ਦਾ ਭੁੱਖਾ ਢਿੱਡ। ਜਦ ਉਸ ਤੋਂ ਸਭ ਕੁਝ ਸਹਿ ਨਹੀਂ ਹੋਇਆ, ਪਤਾ ਨਹੀਂ ਕਿਵੇਂ ਤੇ ਕਿਥੋਂ ਸਲਫਾਸ ਦੀਆਂ ਗੋਲੀਆਂ ਲੈ ਆਇਆ ਤੇ ਪਾਣੀ ਦੀ ਬੋਤਲ ਵਿਚ ਘੋਲ ਲਈਆਂ। ਉਸ ਆਪਣੀ ਪਤਨੀ ਨੂੰ ਦੱਸ ਦਿੱਤਾ। ਉਨ੍ਹਾਂ ਦੋਹਾਂ ਨੇ ਆਪ ਜ਼ਹਿਰ ਪੀ ਕੇ ਦੋਹਾਂ ਬੱਚਿਆਂ ਨੂੰ ਵੀ ਪਿਆ ਦਿੱਤੀ। ਸਵਾਲ ਹੈ, ਇਸ ਆਤਮਾ ਹੱਤਿਆ ਦੇ ਕੇਸ ਵਿਚ ਰਿਕਸ਼ੇਵਾਲਾ ਗੁਨਾਹਗਾਰ ਹੈ ਜਾਂ ਉਹ ਗੁੰਡੇ ਜੋ ਉਸ ਦੀ ਬੇਟੀ ਨੂੰ ਘਰੋਂ ਚੁੱਕ ਕੇ ਲੈ ਗਏ? ਜਾਂ ਉਹ ਪੁਲਿਸ ਵਾਲੇ ਜੋ ਲੜਕੀ ਨੂੰ ਲੱਭਣ ਦੀ ਥਾਂ ਉਸ ਦੇ ਬਾਪ ਨੂੰ ਚੌਕੀ ਬਿਠਾ ਲੈਂਦੇ ਸਨ?

ਜਿਸ ਖੇਤ ਨੂੰ ਵਾੜ ਹੀ ਖਾਣ ਲੱਗ ਜਾਵੇ, ਉਸ ਦੀ ਰੱਖਿਆ ਕੌਣ ਕਰੇਗਾ? ਜੇ ਲੋਕ ਜਾਗਦੇ ਹਨ ਅਤੇ ਨੇਤਾਵਾਂ ਨੂੰ ਜਗਾਉਣ ਦਾ ਯਤਨ ਕਰਦੇ ਹਨ ਤਾਂ ਉਨ੍ਹਾਂ ਲੋਕਾਂ ਨੂੰ ਬੈਰੀਕੇਡ ਲਾ ਕੇ ਨੇਤਾਵਾਂ ਦੇ ਮਹਿਲਾਂ ਵੱਲ ਜਾਣ ਤੋਂ ਰੋਕ ਦਿੱਤਾ ਜਾਂਦਾ ਹੈ, ਕਿਉਂ? ਕਿਉਂਕਿ ਨੇਤਾ ਜਨਤਾ ਤੋਂ ਡਰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸਰਕਾਰ ਆਪਣੇ ਫਰਜ਼ ਪੂਰੇ ਨਹੀਂ ਕਰ ਰਹੀ।

ਇਹ ਕਿਹਾ ਜਾਂਦਾ ਹੈ ਕਿ ਜਦ ਧਰਤੀ ਉਤੇ ਜ਼ੁਲਮ ਬਹੁਤ ਵਧ ਜਾਂਦਾ ਹੈ ਤਾਂ ਉਸ ਨੂੰ ਰੋਕਣ ਲਈ ਕੋਈ ਸ਼ਕਤੀ ਜ਼ਰੂਰ ਜਨਮ ਲੈਂਦੀ ਹੈ। ਹੋ ਸਕਦਾ ਹੈ ਭਾਰਤ ਵਿਚ ਗੁਨਾਹਗਾਰਾਂ ਨੂੰ ਸਜ਼ਾ ਦੇਣ ਲਈ ਲੋਕ ਸ਼ਕਤੀ ਉਠੇ! ਜਨਤਾ ਦਾ ਰੋਹ ਰੱਬੀ ਕਹਿਰ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਥੰਮ੍ਹ 'ਚੋਂ ਨਿਕਲ ਕੇ ਰੱਬ ਨੇ ਹਰਨਾਖਸ਼ ਦਾ ਨਾਸ਼ ਕੀਤਾ ਸੀ। ਹੁਣ ਇਹ ਜਨਤਾ ਦੇ ਰੂਪੀ ਥੰਮ੍ਹ 'ਚੋਂ ਨਿਕਲੇਗਾ।

ਅੱਜ ਭਾਰਤ ਸਰਕਾਰ ਦੀ ਸਭ ਤੋਂ ਉਚੀ ਕੁਰਸੀ ਉਤੇ ਦਸਤਾਰ ਵਾਲਾ ਬੰਦਾ ਬੈਠਾ ਹੈ। ਮੈਂ ਉਸ ਦਸਤਾਰ ਦੇ ਦਾਤੇ ਦੀ ਦੱਸੀ ਹੋਈ ਸਿੱਖਿਆ ਇਸ ਵੀਰ ਨੂੰ ਯਾਦ ਕਰਵਾਉਣੀ ਚਾਹੁੰਦੀ ਹਾਂ ਕਿ ਔਰਤਾਂ ਦੀ ਸੁਰੱਖਿਆ ਉਸ ਦਾ ਫਰਜ਼ ਹੈ। ਹੁਣ ਜੋ ਕੁਝ ਹੋ ਰਿਹਾ ਹੈ, ਉਹ ਸਭ ਕੁਝ ਸਾਹਮਣੇ ਹੈ। ਅੱਖਾਂ ਬੰਦ ਕਰਨ ਨਾਲ ਬਲਾ ਨਹੀਂ ਟਲਦੀ। ਦ੍ਰਿੜਤਾ ਨਾਲ ਹੰਭਲਾ ਮਾਰੋ ਤੇ ਬੱਚੀਆਂ ਨੂੰ ਦੁਰਾਚਾਰੀਆਂ ਤੋਂ ਬਚਾ ਲਵੋ।

-ਕਿਰਪਾਲ ਕੌਰ
ਫੋਨ: 815-356-9535

---

## ਭਾਰਤ ਦੀ ਸਮੂਹਿਕ ਚੇਤਨਾ ਦਾ ਨਾਜ਼ੀਵਾਦੀ ਚਿਹਰਾ

'ਪੰਜਾਬ ਟਾਈਮਜ਼' ਦੇ 27 ਅਪਰੈਲ ਵਾਲੇ ਅੰਕ ਵਿਚ ਸ. ਮਝੈਲ ਸਿੰਘ ਸਰਾਂ ਨੇ ਭਾਰਤ ਦੀ ਸਮੂਹਿਕ ਚੇਤਨਾ ਬਾਰੇ ਲੇਖ ਲਿਖ ਕੇ ਜਿਸ ਤਰ੍ਹਾਂ ਭਾਰਤੀ ਨਾਜ਼ੀਵਾਦ ਦਾ ਚਿਹਰਾ ਬੇਨਕਾਬ ਕੀਤਾ ਹੈ, ਮੈਂ ਉਸ ਨੂੰ ਅਜਿਹਾ ਖੋਜ ਭਰਪੂਰ ਅਤੇ ਦਲੇਰਾਨਾ ਲੇਖ ਲਿਖਣ ਲਈ ਵਧਾਈ ਦਿੰਦਾ ਹਾਂ।

ਲੇਖ ਪੜ੍ਹ ਕੇ ਮਨ ਵਿਚ ਡਰ ਜਾਗਦਾ ਹੈ ਕਿ ਇਸ ਅਖੌਤੀ ਸਮੂਹਿਕ ਚੇਤਨਾ ਦਾ ਪਤਾ ਨਹੀਂ ਕਿਸ ਕਿਸ ਨੂੰ ਸ਼ਿਕਾਰ ਹੋਣਾ ਪਵੇ। ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਕਾਨੂੰਨ ਦਾ ਦਰਜਾ ਪ੍ਰਾਪਤ ਕਰ ਲੈਂਦੇ ਹਨ। ਭਾਰਤ ਦੀ ਸੁਪਰੀਮ ਕੋਰਟ ਨੇ ਭਾਰਤ ਦੀ ਸਮੂਹਿਕ ਚੇਤਨਾ ਦੇ ਆਧਾਰ 'ਤੇ ਫਾਂਸੀ ਦੀ ਸਜ਼ਾ ਦੇ ਕੇ ਦੇਸ਼ ਦੀ ਜੁਡੀਸ਼ਰੀ ਲਈ ਰਾਹ ਪੱਧਰਾ ਕਰ ਦਿੱਤਾ ਹੈ ਕਿ ਕਿਸੇ ਵੀ ਬੇਕਸੂਰ ਬੰਦੇ ਨੂੰ ਸਮੂਹਿਕ ਚੇਤਨਾ ਕਰਕੇ ਇਸ ਫੈਸਲੇ ਦੀ ਰੋਸ਼ਨੀ ਵਿਚ ਫਾਂਸੀ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਸਪੱਸ਼ਟ ਹੈ ਕਿ ਇਸ ਫੈਸਲੇ ਦੀ ਵਰਤੋਂ ਜ਼ਿਆਦਾਤਰ ਘੱਟ-ਗਿਣਤੀਆਂ ਦੇ ਖ਼ਿਲਾਫ਼ ਹੋਵੇਗੀ। ਭਾਰਤ ਦੇ ਬੌਧਿਕ ਵਰਗ ਨੂੰ ਖਾਸ ਕਰ ਘੱਟ-ਗਿਣਤੀਆਂ ਨੂੰ ਭਾਰਤ ਦੀ ਸਮੂਹਿਕ ਚੇਤਨਾ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਇਸ ਨੂੰ ਅਗਲੇ ਫੈਸਲਿਆਂ ਲਈ ਕਾਨੂੰਨ ਬਣਨ ਤੋਂ ਰੋਕਣਾ ਚਾਹੀਦਾ ਹੈ।

-ਇੰਦਰ ਸਿੰਘ ਖਾਮੋਸ਼
ਫੋਨ: 916-209-8536

---

## ਜਨਮੇਜਾ ਸਿੰਘ ਜੌਹਲ ਦੇ ਹਾਇਕੂ

ਸੁਪਨੇ ਵਿਚ
ਸੁਪਨਾ ਇੱਕ ਵੇਖਾਂ
ਕਿੱਧਰ ਜਾਵਾਂ।

ਜੰਮੇ ਹਾਇਕੂ
ਪਾਵੇ ਰੋਜ਼ ਪੁਆੜੇ
ਭਿੜੇ ਲੇਖਕ।

**ਪੰਜਾਬ ਦੀ ਵਿਦਿਆਰਥੀ ਲਹਿਰ ਬਾਰੇ ਵਿਦਿਆਰਥੀ ਆਗੂ ਬਿੱਕਰ ਕੰਮੇਆਣਾ ਦੇ ਦੋ ਕਿਸ਼ਤਾਂ ਵਿਚ ਛਪੇ ਲੇਖ ਤੋਂ ਬਾਅਦ ਗੁਰਦਿਆਲ ਸਿੰਘ ਬੱਲ ਨੇ ਉਸ ਉਬਾਲੇ ਮਾਰਦੇ ਦੌਰ ਦੀਆਂ ਕੁਝ ਵਿਲੱਖਣ ਗੱਲਾਂ 'ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ' ਨਾਂ ਦੀ ਇਸ ਲੇਖ ਲੜੀ ਵਿਚ ਛੋਹੀਆਂ। 1968 ਵਾਲਾ ਸਾਲ ਸੰਸਾਰ ਭਰ ਵਿਚ ਬੜਾ ਘਟਨਾਵਾਂ ਭਰਪੂਰ ਸਾਲ ਸੀ। ਹਰ ਪਾਸੇ ਨੌਜਵਾਨ ਉਤਲੀ ਹੇਠ ਕਰਨ ਲਈ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਹੋਕਰੇ ਮਾਰ ਰਹੇ ਸਨ। ਜਾਨ-ਪ੍ਰਾਨ ਰੱਖਣ ਵਾਲਾ ਕੋਈ ਵਿਰਲਾ-ਟਾਵਾਂ ਹੀ ਇਸ ਹਾਲਾਤ ਤੋਂ ਅਣਭਿੱਜ ਰਿਹਾ ਹੋਵੇਗਾ। ਉਦੋਂ ਭਾਰਤ ਵਿਚ ਚਾਰੂ ਮਜੂਮਦਾਰ ਅਤੇ ਉਨ੍ਹਾਂ ਦੇ ਸਾਥੀ ਨਕਸਲੀ ਲਹਿਰ ਦਾ ਮੁੱਢ ਬੰਨ੍ਹ ਰਹੇ ਸਨ। ਇਸ ਲੜੀ ਦੀ ਸੱਤਵੀਂ ਅਤੇ ਆਖਰੀ ਕਿਸ਼ਤ ਵਿਚ ਲੇਖਕ ਨੇ ਕਾਮਰੇਡ ਚਾਰੂ ਮਜੂਮਦਾਰ ਦੇ ਦੋ ਨੇੜਲੇ ਸਾਥੀਆਂ ਕਾਮਰੇਡ ਸਰੋਜ ਦੱਤਾ ਤੇ ਕਾਮਰੇਡ ਸੁਸ਼ੀਤਲ ਰਾਏ ਚੌਧਰੀ ਦੀ ਸਿਆਸਤ, ਸਿਆਣਪ ਅਤੇ ਉਨ੍ਹਾਂ ਦੇ ਇਨਕਲਾਬ ਵਿਚ ਨਿਹਚੇ ਬਾਰੇ ਗੱਲਾਂ ਕੀਤੀਆਂ ਹਨ। ਨਾਲ ਹੀ ਇਹ ਜ਼ਿਕਰ ਵੀ ਛੇੜਿਆ ਹੈ ਕਿ ਕਿਸ ਤਰ੍ਹਾਂ ਪੁਲਿਸ ਨੇ ਰਾਤੋ-ਰਾਤ ਨਕਸਲੀ ਨੌਜਵਾਨਾਂ ਨੂੰ ਫੜ-ਫੜ ਕੇ ਮਾਰ ਮੁਕਾਇਆ ਸੀ। -ਸੰਪਾਦਕ**

## ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ-7

# ਚਾਰੂ ਦੀ ਸੱਜੀ-ਖੱਬੀ ਬਾਂਹ ਸਰੋਜ ਦੱਤਾ ਤੇ ਸੁਸ਼ੀਤਲ ਰਾਏ ਚੌਧਰੀ

1968 ਵਿਚ ਚੱਲੀਆਂ ਵਿਆਪਕ ਵਿਦਿਆਰਥੀ ਹੜਤਾਲਾਂ ਦੀ ਗੱਲ ਕਰਦਿਆਂ ਪਿਛਲੀਆਂ ਕਿਸ਼ਤਾਂ ਵਿਚ ਇਸ ਵਰਤਾਰੇ ਨੂੰ ਉਨ੍ਹਾਂ ਸਮਿਆਂ ਦੀ ਵਿਸ਼ਵ ਵਿਆਪੀ ਵਿਦਰੋਹੀ ਸੁਰ ਨਾਲ ਜੋੜ ਕੇ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਿਛਲੀ ਕਿਸ਼ਤ ਵਿਚ ਭਾਰਤ ਵਿਚ ਨਕਸਲੀ ਅੰਦੋਲਨ ਦੇ ਸੂਤਰਧਾਰ ਕਾਮਰੇਡ ਚਾਰੂ ਮਜੂਮਦਾਰ ਬਾਰੇ ਗੱਲ ਕੀਤੀ ਗਈ ਸੀ। ਸਾਡੇ ਕੁਝ ਪਾਠਕਾਂ ਦੇ ਸਵਾਲ ਆਏ ਹਨ ਕਿ ਪੱਛਮੀ ਬੰਗਾਲ ਵਰਗੇ ਸਭ ਤੋਂ ਪੜ੍ਹੇ-ਲਿਖੇ ਸੂਬੇ ਵਿਚ ਕਾਮਰੇਡ ਚਾਰੂ ਇਕੱਲਾ ਹੀ ਨੌਜਵਾਨਾਂ ਨੂੰ ਹਿੰਸਕ ਅੰਦੋਲਨ ਲਈ ਪ੍ਰੇਰਨ ਵਿਚ ਕਾਮਯਾਬ ਕਿੰਜ ਹੋ ਗਿਆ।...ਤੇ ਜੇ ਉਹ ਇਕੱਲਾ ਨਹੀਂ, ਬਲਕਿ ਅਜਿਹੀ ਸੋਚ ਵਾਲੇ ਨੇਤਾਵਾਂ ਅਤੇ ਚਿੰਤਕਾਂ ਦੀ ਪੂਰੀ ਟੀਮ ਸੀ ਤਾਂ ਉਹ ਲੋਕ ਕੌਣ ਸਨ। ਇਸ ਕਿਸ਼ਤ ਵਿਚ ਕਾਮਰੇਡ ਸਰੋਜ ਦੱਤਾ, ਕਾਮਰੇਡ ਸੁਸ਼ੀਤਲ ਰਾਏ ਚੌਧਰੀ ਅਤੇ ਹੋਰ ਮੁੱਢਲੇ ਨਕਸਲੀ ਨੇਤਾਵਾਂ ਬਾਰੇ ਚਰਚਾ ਕੀਤੀ ਜਾ ਰਹੀ ਹੈ। ਸਰੋਜ

**ਗੁਰਦਿਆਲ ਸਿੰਘ ਬੱਲ**
**ਫੋਨ: 91-98150-85277**

ਦੱਤਾ ਤੇ ਸੁਸ਼ੀਤਲ ਰਾਏ ਚੌਧਰੀ ਚਾਰੂ ਮਜੂਮਦਾਰ ਦੇ ਕਾਮਰੇਡ ਗੁਰਭਾਈ ਤੋਂ ਬਾਅਦ ਨਕਸਲੀ ਅੰਦੋਲਨ ਦੀ ਰੂਹੇ-ਰਵਾਂ ਕਿਸੇ ਇਕ ਕਾਮਰੇਡ ਦੀ ਜਦੋਂ ਗੱਲ ਚਲੇਗੀ ਤਾਂ ਉਥੇ ਸਭ ਤੋਂ ਪਹਿਲਾ ਨਾਮ ਸਰੋਜ ਦੱਤਾ ਦਾ ਉਭਰ ਕੇ ਸਾਹਮਣੇ ਆਵੇਗਾ।

ਬੰਗਾਲ ਦੇ ਸਾਰੇ ਨਕਸਲੀ ਨੇਤਾਵਾਂ ਵਿਚੋਂ ਸਰੋਜ ਦੱਤਾ ਉਮਰ, ਅਧਿਐਨ ਅਤੇ ਤਜਰਬਾ-ਸਾਰੇ ਪੱਖਾਂ ਤੋਂ ਹੀ ਸਭ ਤੋਂ ਸੀਨੀਅਰ ਸਨ। ਉਹ ਮੌਜੂਦਾ ਬੰਗਲਾ ਦੇਸ਼ ਦੇ ਜੈਸਰੇ ਕਸਬੇ ਵਿਚ ਸਾਲ 1913 'ਚ ਜਨਮੇ ਅਤੇ ਉਥੋਂ ਹੀ ਉਨ੍ਹਾਂ ਨੇ ਪੋਸਟ ਗਰੈਜੂਏਟ ਪੱਧਰ ਤੱਕ ਸਿੱਖਿਆ ਹਾਸਲ ਕੀਤੀ। ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਬੰਗਾਲ ਦੇ 'ਅੰਮ੍ਰਿਤ ਬਜ਼ਾਰ ਪਤ੍ਰਿਕਾ' ਨਾਂ ਦੇ ਉਘੇ ਅਖਬਾਰ 'ਚ ਉਪ ਸੰਪਾਦਕ ਵਜੋਂ ਕੀਤੀ। ਲਿਖਣ-ਪੜ੍ਹਨ 'ਚ ਸ਼ੁਰੂ ਤੋਂ ਹੀ ਬਹੁਤ ਹੋਣਹਾਰ ਹੋਣ ਸਦਕਾ ਬੜੀ ਜਲਦੀ ਹੀ ਉਹ ਅਖਬਾਰ ਦੀ ਈਵਨਿੰਗ ਸ਼ਿਫਟ ਦੇ ਐਡੀਟਰ-ਇਨ-ਚੀਫ ਬਣ ਗਏ। ਸੁਤੰਤਰਤਾ ਤੋਂ ਤੁਰੰਤ ਬਾਅਦ ਦੇ ਸਾਲਾਂ 'ਚ ਭਾਰਤੀ ਕਮਿਊਨਿਸਟ ਲਹਿਰ ਦੇ ਰੰਧੀਵੇ ਦੌਰ ਦੌਰਾਨ ਸਰਗਰਮ ਸਿਆਸਤ ਨਾਲ ਜੁੜੇ ਹੋਣ ਕਾਰਨ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ। ਰੰਧੀਵੇ ਦੌਰ ਪਿੱਛੋਂ ਉਹ 'ਸਵੈਧੀਨਤਾ' ਨਾਂ ਦੇ ਪਾਰਟੀ ਪੇਪਰ ਦੇ ਸੰਪਾਦਕ ਬਣਾ ਦਿੱਤੇ ਗਏ। ਸਾਲ 1962-64 ਦੀ ਪਾਰਟੀ ਟੁੱਟਣ ਦੌਰਾਨ ਉਨ੍ਹਾਂ ਨੇ ਮਾਰਕਸੀ ਪਾਰਟੀ ਦਾ ਸਾਥ ਦਿੱਤਾ ਅਤੇ ਉਨ੍ਹਾਂ ਨੂੰ ਪਾਰਟੀ ਦੇ 'ਦੇਸ਼ ਹਿਤੈਸ਼ੀ' ਨਾਂ ਦੇ ਹਫਤਾਵਾਰੀ ਪੇਪਰ ਦੇ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ ਗਈ। ਉਨ੍ਹਾਂ ਦੀ ਲਿਖਤ ਵਿਚ ਬਹੁਤ ਜਾਨ ਸੀ ਅਤੇ ਉਨ੍ਹਾਂ ਦੇ ਵਿਚਾਰਾਂ ਨਾਲ ਸੰਮਤੀ ਨਾ ਰੱਖਣ ਵਾਲੇ ਲੋਕ ਵੀ ਉਨ੍ਹਾਂ ਦੀ ਰਾਏ ਦੀ ਕਦਰ ਕਰਦੇ ਸਨ।

ਕਾਮਰੇਡ ਸਰੋਜ ਦੱਤਾ ਦੀ ਸਮਝ ਅਨੁਸਾਰ ਭਾਰਤ ਨੂੰ 1947 'ਚ ਮਿਲੀ ਆਜ਼ਾਦੀ ਹਕੀਕੀ ਨਹੀਂ ਸੀ ਅਤੇ ਸ਼ਹੀਦ ਭਗਤ ਸਿੰਘ ਤੇ ਹੋਰ ਦੇਸ਼ ਭਗਤਾਂ ਦੇ ਸੁਤੰਤਰਤਾ ਦੇ ਸੁਪਨਿਆਂ ਨਾਲ ਇਸ ਦਾ ਦੂਰ ਦਾ ਵੀ ਸਬੰਧ ਨਹੀਂ ਸੀ। ਮਾਰਕਸੀ ਆਰਥਿਕ ਸਿਧਾਂਤ ਉਤੇ ਉਨ੍ਹਾਂ ਦੀ ਪੂਰੀ ਪਕੜ ਸੀ ਅਤੇ ਉਨ੍ਹਾਂ ਦੀ ਸਮਝ ਅਨੁਸਾਰ ਭਾਰਤੀ ਹਾਕਮ ਧਿਰਾਂ ਦਾ ਖਾਸਾ ਨਾ ਤਾਂ ਕੌਮੀ ਸਰਮਾਏਦਾਰੀ ਵਾਲਾ ਸੀ ਅਤੇ ਨਾ ਇਥੇ ਟਾਟੇ, ਬਿਰਲਿਆਂ ਜਾਂ ਦੇਸੀ ਜਗੀਰਦਾਰਾਂ ਦੀ ਹੀ ਸਰਦਾਰੀ ਸੀ। ਭਾਰਤ ਦੀ ਕਾਂਗਰਸ ਸਰਕਾਰ ਵਿਸ਼ਵ ਵਿਆਪੀ ਸਾਮਰਾਜੀ ਅਰਥਚਾਰੇ ਅੰਦਰ ਮਹਿਜ਼ ਦਲਾਲ ਸਰਮਾਏਦਾਰੀ ਦੇ ਹਿੱਤਾਂ ਦੀ ਤਰਜਮਾਨੀ ਹੀ ਕਰ ਰਹੀ ਸੀ। ਕਾਮਰੇਡ ਸਰੋਜ ਦੱਤਾ ਦੀ ਰਾਜਨੀਤਕ ਸਮਝ ਦਾ ਕੇਂਦਰੀ ਧੁਰਾ ਇਹ ਸੀ ਕਿ ਭਾਰਤ ਵਿਚ ਸਹੀ ਅਰਥਾਂ ਵਿਚ ਲੋਕ ਜਮਹੂਰੀ ਇਨਕਲਾਬ ਤੋਂ ਬਿਨਾਂ ਆਮ ਮਿਹਨਤਕਸ਼, ਗਰੀਬ ਲੋਕਾਈ ਦੀ ਮੁਕਤੀ ਕਤਈ ਤੌਰ 'ਤੇ ਸੰਭਵ ਨਹੀਂ ਸੀ।

1967 ਦੇ ਨਕਸਲੀ ਉਭਾਰ ਤੋਂ ਬਾਅਦ ਅਗਲੇ 2-3 ਸਾਲਾਂ ਦੇ ਅੰਦਰ-ਅੰਦਰ ਦੇਸ਼ ਭਰ ਵਿਚ ਸਭ ਥਾਵਾਂ 'ਤੇ ਅੰਦੋਲਨ ਕੁਚਲ ਦਿੱਤੇ ਜਾਣ ਅਤੇ ਬਹੁਤੇ ਨੇਤਾਵਾਂ ਵਲੋਂ ਕਾਮਰੇਡ ਚਾਰੂ ਦੀ ਲਾਈਨ ਅਤੇ ਅਗਵਾਈ ਦੀ ਸਮਰਥਾ ਵਿਚ ਬੇਭਰੋਸਗੀ ਪ੍ਰਗਟਾਉਣ ਦੇ ਬਾਵਜੂਦ ਕਾਮਰੇਡ ਸਰੋਜ ਦੱਤਾ ਮਰਦੇ ਦਮ ਤੱਕ ਆਪਣੇ ਅਕੀਦੇ 'ਤੇ ਦ੍ਰਿੜ੍ਹ ਰੂਪ ਵਿਚ ਡਟੇ ਰਹੇ।

ਪਿਛਲੀ ਕਿਸ਼ਤ ਵਿਚ ਅਸੀਂ ਵੇਖਿਆ ਹੈ ਕਿ ਜੂਨ 1971 ਦੇ ਅਖੀਰ ਵਿਚ ਮੁਖ ਮੰਤਰੀ ਅਜੈ ਮੁਖਰਜੀ ਦੇ ਹਥਿਆਰ ਸੁੱਟ ਕੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਗਵਰਨਰ ਨੂੰ ਸੰਭਾਲ ਦੇਣ ਦੇ ਮਹਿਜ਼ ਦੋ ਮਹੀਨਿਆਂ ਦੇ ਅੰਦਰ-ਅੰਦਰ ਪ੍ਰਸ਼ਾਸਨ ਵੱਲੋਂ ਦਿਨ ਦਿਹਾੜੇ 'ਕਾਲੇ ਬਿੱਲੇ' ਛੱਡ ਕੇ ਨਕਸਲੀ ਨੌਜਵਾਨਾਂ ਦਾ ਕਿਵੇਂ ਘਰਾਂ 'ਚੋਂ ਚੁੱਕ-ਚੁੱਕ ਕੇ ਸਫਾਇਆ ਕਰਵਾਇਆ ਗਿਆ। ਅਸਲ ਵਿਚ ਪ੍ਰਸ਼ਾਸਨ ਵੱਲੋਂ ਆਪਣੀ ਇਸ 'ਖੂਨੀ ਮੁਹਿੰਮ'



ਸਰੋਜ ਦੱਤਾ

ਦੀ ਸ਼ੁਰੂਆਤ 5 ਅਗਸਤ 1971 ਦੀ ਰਾਤ ਨੂੰ ਕਾਮਰੇਡ ਸਰੋਜ ਦੱਤਾ ਨੂੰ ਗ੍ਰਿਫਤਾਰ ਕਰ ਕੇ ਅਤੇ ਬੜੇ ਨਾਟਕੀ ਢੰਗ ਨਾਲ ਉਨ੍ਹਾਂ ਨੂੰ ਸ਼ਹੀਦ ਕਰ ਕੇ ਹੀ ਕੀਤੀ ਗਈ ਸੀ।

ਸਾਨੂੰ ਪਤਾ ਹੈ ਕਿ ਨਕਸਲੀ ਅੰਦੋਲਨ ਦੇ ਮੋਢੀ ਸੂਤਰਧਾਰਾਂ ਨੇ ਆਪਣੀ ਲੜਾਈ ਦਾ ਮੁਹਾਣ ਮੱਧਯੁਗੀ ਜਗੀਰਦਾਰਾਨਾ ਲੁੱਟ-ਖਸੁੱਟ ਦੀ ਗ੍ਰਿਫਤ ਵਿਚ ਫਸੇ ਚਲੇ ਆ ਰਹੇ ਦਿਹਾਤੀ ਖੇਤਰਾਂ 'ਤੇ ਕੇਂਦਰਿਤ ਰੱਖਣ ਦੀ ਯੁੱਧਨੀਤੀ ਉਲੀਕੀ ਸੀ। ਹਾਕਮ ਧਿਰਾਂ ਵੱਲੋਂ ਬੜੇ ਥੋੜ੍ਹੇ ਜਿਹੇ ਅਰਸੇ ਵਿਚ ਹੀ ਦਿਹਾਤੀ ਖੇਤਰਾਂ ਵਿਚ ਗੁਰੀਲਿਆਂ ਦੇ ਰੁਮਾਂਟਿਕ ਇਨਕਲਾਬੀ ਮਨਸੂਬਿਆਂ ਨੂੰ ਬੇਅਸਰ ਕਰ ਦਿੱਤੇ ਜਾਣ ਤੋਂ ਬਾਅਦ ਹੰਭ-ਹਾਰ ਕੇ ਸ਼ਹਿਰੀ ਖੇਤਰਾਂ ਵਿਚਲੇ ਸਕੂਲ ਕਾਲਜ ਛੱਡ ਕੇ ਪੇਂਡੂ ਖੇਤਰਾਂ ਵਿਚ ਸਦੀਆਂ ਤੋਂ ਲੁੱਟੇ-ਪੁੱਟੇ ਜਾ ਰਹੇ ਗਰੀਬ ਲੋਕਾਂ ਦੀ ਇਨਕਲਾਬ ਲਿਆਉਣ ਵਿਚ ਮਦਦ ਕਰਨ ਲਈ ਗਏ ਆਦਰਸ਼ਵਾਦੀ ਨਕਸਲੀ ਨੌਜਵਾਨਾਂ ਨੇ ਆਪਣੀਆਂ ਮੁਹਾਰਾਂ ਕਲਕੱਤਾ ਮਹਾਂ ਨਗਰ ਵੱਲ ਮੋੜ ਲਈਆਂ। ਇਹ ਪਤਾ ਹੀ ਨਾ ਲੱਗਾ ਕਿ ਕਿਸ ਮੋੜ 'ਤੇ, ਕਿਉ ਅਤੇ ਕਿਸ ਦੇ ਇਸ਼ਾਰੇ 'ਤੇ ਆਪਣੇ ਹਮਲਿਆਂ ਦੀ ਧਾਰ 'ਲੋਟੂ ਦਲਾਲ ਬੁਰਜੂਆ ਨਿਜ਼ਾਮ' ਦੀਆਂ ਧ੍ਰੋਹਰ ਸੰਸਥਾਵਾਂ ਅਤੇ ਸਭਿਆਚਾਰਕ ਚੇਤਨਾ ਵੱਲ ਸੇਧ ਦਿੱਤੀ। ਚੀਨ ਨੇ ਸਭਿਆਚਾਰਕ ਇਨਕਲਾਬ ਦੌਰਾਨ ਮਾਓ ਵਿਚਾਰਧਾਰਾ ਤੋਂ ਪ੍ਰੇਰਿਤ ਰੈੱਡ ਗਾਰਡ ਇਸ ਕਿਸਮ ਦੀਆਂ ਕਾਰਵਾਈਆਂ ਪਹਿਲਾਂ ਹੀ ਕਰ ਚੁੱਕੇ ਸਨ ਪਰ ਪੀਕਿੰਗ ਅਤੇ ਕਲਕੱਤੇ ਦੀ ਸਥਿਤੀ ਵਿਚ ਜ਼ਮੀਨ-ਅਸਮਾਨ ਦਾ ਅੰਤਰ ਸੀ। ਚੀਨ ਵਿਚ ਚੇਅਰਮੈਨ ਮਾਓ ਅਤੇ ਲਿਨ ਪਿਆਓ ਦੀ ਅਗਵਾਈ ਹੇਠ ਉਨ੍ਹਾਂ ਦੀ ਸ਼ਕਤੀਸ਼ਾਲੀ ਲਾਲ ਫੌਜ ਪੂਰੀ ਤਾਕਤ ਨਾਲ ਰੈੱਡ ਗਾਰਡਾਂ ਦੀ ਪਿੱਠ ਉਤੇ ਸੀ। ਦੂਜੇ ਪਾਸੇ ਕਲਕੱਤੇ ਵਿਚ ਨਕਸਲੀ ਨੌਜਵਾਨਾਂ ਦੀ ਪਿੱਠ ਬਿਲਕੁਲ ਨੰਗੀ ਸੀ ਅਤੇ ਨਵੀਂ ਦਿੱਲੀ ਵਿਚ ਸਿਧਾਰਥ ਸ਼ੰਕਰ ਰੇਅ ਬੜੇ ਗਹੁ ਨਾਲ ਇਸ ਵਰਤਾਰੇ ਨੂੰ ਵਾਚ ਰਿਹਾ ਸੀ।

ਕਾਮਰੇਡ ਸੁਸ਼ੀਤਲ ਰਾਏ ਚੌਧਰੀ ਅਤੇ ਸਰੋਜ ਦੱਤਾ ਸ਼ੁਰੂ-ਸ਼ੁਰੂ ਵਿਚ ਪੂਰਨ ਰੂਪ ਵਿਚ ਆਪਸੀ ਤਾਲਮੇਲ ਨਾਲ ਅੰਦੋਲਨ ਨੂੰ ਅਗਵਾਈ ਦਿੰਦੇ ਆ ਰਹੇ ਸਨ। ਪੇਂਡੂ ਖੇਤਰਾਂ 'ਚੋਂ ਵਾਪਸ ਪਰਤੇ ਨਕਸਲੀ ਨੌਜਵਾਨਾਂ ਨੇ ਕਲਕੱਤਾ ਮਹਾਂ ਨਗਰ ਅੰਦਰ ਆਪਣਾ ਇਨਕਲਾਬੀ ਦਬਦਬਾ ਵੀ ਕੇਰਾਂ ਕਾਇਮ ਲਿਆ, ਪਰ ਸਵਾਲ ਇਹ ਸੀ ਕਿ ਇਸ 'ਸਰਦਾਰੀ' ਨੂੰ ਕਾਇਮ ਕਿਵੇਂ ਅਤੇ ਕਿਤਨੀ ਕੁ ਦੇਰ ਲਈ ਰੱਖਿਆ ਜਾ ਸਕਣਾ ਸੀ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਾਮਰੇਡ ਚਾਰੂ ਦੀ ਆਮ ਰਾਜਨੀਤਿਕ ਸਮਝ, ਯੁੱਧਨੀਤੀ ਅਤੇ ਦਾਅ ਪੇਚਾਂ ਬਾਰੇ ਆਂਧਰਾ ਪ੍ਰਦੇਸ਼ ਵਿਚ ਕਾਮਰੇਡ ਨਾਗੀ ਰੈਡੀ ਅਤੇ ਉਸ ਦੇ ਸਾਥੀ ਤਾਂ ਗੰਭੀਰ ਸ਼ੰਕੇ ਸ਼ੁਰੂ ਤੋਂ ਹੀ ਪ੍ਰਗਟਾਉਂਦੇ ਆ ਰਹੇ ਸਨ, ਪਰ ਉਹ ਉਸ ਦੌਰ ਵਿਚ ਨਕਸਲੀ ਅੰਦੋਲਨ ਨੂੰ ਅਗਵਾਈ ਦੇ ਰਹੀ ਪਾਰਟੀ ਸੀ.ਪੀ.ਆਈ.(ਐਮ.ਐਲ.) ਵਿਚ ਸ਼ਾਮਲ ਨਹੀਂ ਸਨ। ਸਮੱਸਿਆ ਉਸ ਸਮੇਂ ਆਈ ਜਦੋਂ ਪੋਲਿਟ ਬਿਊਰੋ ਮੈਂਬਰ ਅਤੇ ਪਾਰਟੀ ਦੀ ਬਿਹਾਰ ਸੂਬਾ ਇਕਾਈ ਦੇ ਆਗੂ ਕਾਮਰੇਡ ਐਸ.ਐਨ. ਸਿੰਘ ਨੇ ਸਤੰਬਰ 1970 'ਚ ਸਿੱਧਾ ਹੀ ਕਾਮਰੇਡ ਚਾਰੂ ਨੂੰ ਤਾਨਾਸ਼ਾਹ ਗਰਦਾਨਦਿਆਂ ਉਸ ਦੀ ਲਾਈਨ ਨੂੰ ਖੱਬੇ ਪੱਖੀ ਕੁਰਾਹਾ ਕਰਾਰ ਦਿੱਤਾ। ਅਕਤੂਬਰ 1970 'ਚ ਪੋਲਿਟ ਬਿਊਰੋ ਦੀ ਮੀਟਿੰਗ ਵਿਚ ਰੌਲਾ-ਰੱਪਾ ਵੀ ਪਿਆ, ਪਰ ਗੱਲ ਕਿਸੇ ਕਿਨਾਰੇ ਨਾ ਲੱਗੀ ਅਤੇ ਪਾਰਟੀ ਦੀ ਲਾਈਨ ਦਾ ਨਵੇਂ ਸਿਰਿਉਂ ਵਿਆਪਕ ਜਾਇਜ਼ਾ ਲੈਣ ਲਈ ਫੌਰੀ ਤੌਰ 'ਤੇ ਕਮੇਟੀ ਦਾ ਪਲੈਨਮ ਬੁਲਾਉਣ 'ਤੇ ਜ਼ੋਰ ਦਿੱਤਾ ਗਿਆ। ਇਸੇ ਦੌਰਾਨ ਸਾਲ ਦੇ ਆਖਰੀ ਦਿਨਾਂ ਵਿਚ ਕਾਮਰੇਡ ਸੁਸ਼ੀਤਲ ਰਾਏ ਚੌਧਰੀ ਨੇ ਵੀ ਕਾਮਰੇਡ ਸਰੋਜ ਦੱਤਾ ਦਾ ਸਾਥ ਛੱਡ ਕੇ ਕਲਕੱਤੇ ਵਿਚ ਚੱਲ ਰਹੇ 'ਸਭਿਆਚਾਰਕ ਇਨਕਲਾਬ' ਅਤੇ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਲਾਈਨਾਂ 'ਤੇ ਗੰਭੀਰ ਕਿੰਤੂ ਉਠਾਉਂਦਿਆਂ ਆਪਣਾ ਸਮਾਨੰਤਰ ਦਸਤਾਵੇਜ਼ ਸਰਕੂਲੇਟ ਕਰ ਦਿੱਤਾ।

ਕਾਮਰੇਡ ਐਸ.ਐਨ. ਸਿੰਘ ਅਤੇ ਸੁਸ਼ੀਤਲ ਰਾਏ ਚੌਧਰੀ ਦੇ ਇਤਰਾਜ਼ਾਂ 'ਤੇ ਵਿਚਾਰ ਕਰਨ ਲਈ ਜਨਵਰੀ 1971 ਵਿਚ ਪਾਰਟੀ ਦੀ ਪੱਛਮੀ ਬੰਗਾਲ ਇਕਾਈ ਦੀ ਹੰਗਾਮੀ ਮੀਟਿੰਗ ਹੋਈ। ਇਸ ਮੋੜ 'ਤੇ ਕਹਾਣੀ ਦਾ ਸਾਰਾ ਦਾਰੋਮਦਾਰ ਕਾਮਰੇਡ ਸਰੋਜ ਦੱਤਾ ਉਪਰ ਸੀ, ਪਰ ਉਨ੍ਹਾਂ ਨੇ ਖੁਦ ਆਪਣੇ ਸਾਰੇ ਸ਼ੰਕਿਆਂ ਅਤੇ ਖਦਸ਼ਿਆਂ ਨੂੰ ਪਾਸੇ ਰੱਖਦਿਆਂ ਕਾਮਰੇਡ ਚਾਰੂ ਦਾ ਨਾ ਕੇਵਲ ਸਾਥ ਛੱਡਣ ਤੋਂ ਹੀ ਨਾਂਹ ਕਰ ਦਿੱਤੀ, ਬਲਕਿ ਉਨ੍ਹਾਂ ਦੇ ਹੱਕ ਵਿਚ ਦ੍ਰਿੜ੍ਹ ਸਟੈਂਡ ਲੈ ਲਿਆ।

ਆਪਣੀ ਲਾਈਨ ਦੀ ਪੁੱਗਤ ਨਾ ਹੁੰਦੀ ਵੇਖਦਿਆਂ ਕਾਮਰੇਡ ਸੁਸ਼ੀਤਲ ਰਾਏ ਚੌਧਰੀ ਨੇ ਪੱਛਮੀ ਬੰਗਾਲ ਇਕਾਈ ਦੇ ਸੈਕਟਰੀ ਦਾ ਅਹੁਦਾ ਤਿਆਗ ਦਿੱਤਾ ਅਤੇ ਬਹੁ-ਗਿਣਤੀ ਮੈਂਬਰਾਂ ਵੱਲੋਂ ਉਨ੍ਹਾਂ ਦੀ ਜਗ੍ਹਾ 'ਤੇ ਸਰਬਸੰਮਤੀ ਨਾਲ ਕਾਮਰੇਡ ਸਰੋਜ ਦੱਤਾ ਨੂੰ ਪਾਰਟੀ ਸਕੱਤਰ ਚੁਣ ਲਿਆ ਗਿਆ। ਸੁਸ਼ੀਤਲ ਰਾਏ ਚੌਧਰੀ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਕਾਮਰੇਡ ਚਾਰੂ ਨਾਲ 'ਸਭਿਆਚਾਰਕ ਇਨਕਲਾਬ' ਸਮੇਤ ਕਈ ਨੁਕਤਿਆਂ 'ਤੇ ਸਹਿਮਤ ਨਹੀਂ ਹਨ, ਪਰ ਉਹ ਪਾਰਟੀ ਛੱਡ ਕੇ ਬਾਹਰ ਨਹੀਂ ਜਾਣਗੇ। ਹੰਗਾਮੀ ਮੀਟਿੰਗ ਤੋਂ ਮਹਿਜ਼ ਦੋ ਮਹੀਨੇ ਬਾਅਦ ਰੂਪੋਸ਼ੀ ਦੀ ਹਾਲਤ ਵਿਚ ਹੀ ਕਾਮਰੇਡ ਸੁਸ਼ੀਤਲ ਰਾਏ ਚੌਧਰੀ ਦੀ ਕਲਕੱਤਾ ਦੇ ਇਕ ਨਰਸਿੰਗ ਹੋਮ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਬਾਅਦ ਵਿਚ 'ਲਿਬਰੇਸ਼ਨ' 'ਚ ਛਪੇ ਸੋਗ ਮਤੇ 'ਚ ਸੁਸ਼ੀਤਲ ਰੇਅ ਚੌਧਰੀ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਵੀ ਅਰਪਿਤ ਕੀਤੀਆਂ ਗਈਆਂ। ਕਾਮਰੇਡ ਸਰੋਜ ਦੱਤਾ ਨੇ ਵਿਸ਼ੇਸ਼ ਲੇਖ ਲਿਖੇ ਅਤੇ ਆਪਣੇ ਉਮਰ



ਸੁਸ਼ੀਤਲ ਰਾਏ ਚੌਧਰੀ

ਭਰ ਦੇ ਸਾਥੀ ਦੇ ਬੇਵਕਤ ਦੇਹਾਂਤ ਨੂੰ ਆਪਣੇ ਲਈ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ।

ਹੁਣ ਪੱਛਮੀ ਬੰਗਾਲ ਪ੍ਰਸ਼ਾਸਨ ਵਲੋਂ ਕਾਮਰੇਡ ਸਰੋਜ ਦੱਤਾ ਨੂੰ ਸਭ ਤੋਂ ਖਤਰਨਾਕ ਨਕਸਲੀ ਸਰਗਣਾ ਅਤੇ ਕਲਕੱਤਾ ਵਿਚ ਚੱਲ ਰਹੇ 'ਸਭਿਆਚਾਰਕ ਬੁੱਤ ਸ਼ਿਕਨੀ' ਦੇ ਵਰਤਾਰੇ ਦਾ ਅਸਲ ਸੂਤਰਧਾਰ ਮੰਨਿਆ ਜਾ ਰਿਹਾ ਸੀ। ਉਧਰ ਕਾਮਰੇਡ ਸਰੋਜ ਦੱਤਾ ਨੇ ਪਾਰਟੀ ਅਖਬਾਰ ਵਿਚ ਲਿਖੇ ਇਕ ਲੇਖ ਵਿਚ ਮੰਨਿਆ ਕਿ ਉਨ੍ਹਾਂ ਨੂੰ ਪਤਾ ਹੈ ਕਿ ਅੰਦੋਲਨ ਵਿਚ ਤਕੜੀਆਂ ਹਾਰਾਂ ਹੋਈਆਂ ਸਨ ਅਤੇ ਇਨਕਲਾਬੀ ਨੌਜਵਾਨਾਂ ਵੱਲੋਂ ਆਪਣੇ ਅਮਲ ਵਿਚ ਗੰਭੀਰ ਗਲਤੀਆਂ ਵੀ ਕੀਤੀਆਂ ਜਾ ਰਹੀਆਂ ਸਨ, ਪਰ ਉਨ੍ਹਾਂ ਦੀ ਦ੍ਰਿੜ ਰਾਏ ਇਹ ਸੀ ਕਿ ਜਦੋਂ ਤੱਕ ਬਿਹਤਰ ਤੇ ਵਧੇਰੇ ਕਾਰਗਰ ਲਾਈਨ ਸਾਹਮਣੇ ਨਹੀਂ ਆਉਂਦੀ, ਉਸ ਸਮੇਂ ਤੱਕ ਲੜਾਈ ਵਿਚੋਂ ਕੰਡ ਦਿਖਾ ਕੇ ਭੱਜ ਨਿਕਲਣਾ ਦਰੁਸਤ ਨਹੀਂ ਸੀ।

ਇਹੋ ਕਾਰਨ ਸੀ ਕਿ ਜੂਨ 1971 ਵਿਚ ਮੁੱਖ ਮੰਤਰੀ ਅਜੈ ਮੁਖਰਜੀ ਦੇ ਅਸਤੀਫੇ ਤੋਂ ਬਾਅਦ, ਗਵਰਨਰੀ ਰਾਜ ਸ਼ੁਰੂ ਹੁੰਦੇ ਸਾਰ ਹੀ ਪ੍ਰਸ਼ਾਸਨ ਨੇ ਆਪ ਦੀਆਂ ਸਭ ਸ਼ਕਤੀਆਂ ਹਰ ਹਾਲਤ ਵਿਚ ਕਾਮਰੇਡ ਸਰੋਜ ਦੱਤਾ ਨੂੰ ਫੜ ਕੇ ਮਾਰਨ 'ਤੇ ਕੇਂਦਰਿਤ ਕਰ ਦਿੱਤੀਆਂ। ਅਖੀਰ 5 ਅਗਸਤ ਨੂੰ ਤੜਕੇ ਛਾਪਾ ਮਾਰ ਕੇ ਪੁਲੀਸ ਨੇ ਦੱਖਣੀ ਕਲਕੱਤਾ ਸਥਿਤ ਕਿਸੇ ਪਨਾਹਗਾਹ ਤੋਂ ਇਸ ਮਹਾਨ ਇਨਕਲਾਬੀ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕਰ ਲਈ।

ਸਿਧਾਰਥ ਸ਼ੰਕਰ ਰੇਅ ਸਭ ਤੋਂ ਵੱਧ ਸੰਤੁਸ਼ਟ ਸੀ। ਕਲਕੱਤਾ ਪੁਲੀਸ ਖੁਸ਼ ਸੀ, ਪਰ ਕਾਮਰੇਡ ਦੱਤਾ ਦੀ ਗ੍ਰਿਫਤਾਰੀ ਪਿੱਛੋਂ, ਅਗਲੇ ਦੋ ਦਿਨਾਂ ਤੱਕ ਪ੍ਰਸ਼ਾਸਨ ਵਲੋਂ ਕੋਈ ਪ੍ਰਤੀਕਰਮ ਨਾ ਦਿੱਤਾ ਗਿਆ। ਤੀਜੇ ਦਿਨ ਕਲਕੱਤੇ ਦੇ ਇਕ ਰੋਜ਼ਾਨਾ ਅਖਬਾਰ ਵਲੋਂ ਖਬਰ ਛਾਪ ਦੇਣ 'ਤੇ ਪੁਲੀਸ ਨੇ ਸਰਕਾਰੀ ਤੌਰ 'ਤੇ ਗ੍ਰਿਫਤਾਰੀ ਦੀ ਖਬਰ ਦਾ ਖੰਡਨ ਤਾਂ ਨਾ ਕੀਤਾ, ਪਰ ਗੈਰ-ਸਰਕਾਰੀ ਤੌਰ 'ਤੇ ਭੰਬਲਭੂਸਾ ਪਾਈ ਰੱਖਣ ਲਈ ਆਪਣੇ 'ਮਿੱਤਰ' ਪੱਤਰਕਾਰਾਂ ਨੂੰ ਆਖ ਦਿੱਤਾ ਕਿ ਖਬਰ ਠੀਕ ਨਹੀਂ ਸੀ।

ਕਾਮਰੇਡ ਸਰੋਜ ਦੱਤਾ ਦੰਤ ਕਥਾਈ ਆਕਾਰ ਦੇ ਨਕਸਲੀ ਆਗੂ ਸਨ। ਕਲਕੱਤੇ ਦਾ ਬੱਚਾ-ਬੱਚਾ ਉਨ੍ਹਾਂ ਦੀ ਕਲਮ ਦੀ ਤਾਕਤ ਤੋਂ ਵਾਕਿਫ ਸੀ। ਹੋਇਆ ਇਹ ਕਿ ਤੀਜੇ ਦਿਨ ਅਖਬਾਰਾਂ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੇ ਮੁਕੰਮਲ ਵੇਰਵੇ ਪ੍ਰਕਾਸ਼ਤ ਕਰ ਦਿੱਤੇ। ਬਹੁਤ ਜ਼ਿਆਦਾ ਰੌਲਾ ਪੈਣ ਤੋਂ ਬਾਅਦ ਪੁਲੀਸ ਨੂੰ ਪ੍ਰੈੱਸ ਦੇ ਸਾਹਮਣੇ ਆਉਣਾ ਤਾਂ ਪਿਆ, ਪਰ ਪ੍ਰਸ਼ਾਸਨ ਦੇ ਬੁਲਾਰੇ ਨੇ ਗੱਪ ਮਾਰ ਦਿੱਤੀ ਕਿ 5 ਤਰੀਕ ਨੂੰ ਤੜਕੇ ਪੁਲਿਸ ਵੱਲੋਂ ਨਕਸਲੀ ਆਗੂ ਦੀ ਭਾਲ ਵਿਚ ਛਾਪਾ ਮਾਰਿਆ ਤਾਂ ਜ਼ਰੂਰ ਗਿਆ ਸੀ, ਪਰ ਅੱਗੇ ਕੋਈ ਅੱਧਖੜ੍ਹ ਉਮਰ ਦਾ ਭਲਾ ਜਿਹਾ ਆਦਮੀ ਸੀ ਜੋ ਆਪਣਾ ਨਾਂ ਬਿਰੇਨ ਚੌਧਰੀ ਦੱਸ ਰਿਹਾ ਸੀ। ਪੁਲੀਸ ਅਧਿਕਾਰੀ ਉਸ ਨੂੰ ਲਾਰਡ ਸਿਹਰਾ ਰੋਡ ਸਥਿਤ ਸਪੈਸ਼ਲ ਬਰਾਂਚ ਹੈੱਡ-ਕੁਆਰਟਰ ਵਿਚ ਵੀ ਲੈ ਗਏ ਸਨ। ਅਖੇ, ਉਥੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਆਦਮੀ ਉਹ ਕਾਮਰੇਡ ਸਰੋਜ ਦੱਤਾ ਨਹੀਂ ਸੀ, ਬਲਕਿ ਉਸ ਦਾ ਤਾਂ ਮਾਨਸਿਕ ਤਵਾਜ਼ਨ ਵੀ ਹਿੱਲਿਆ ਹੋਇਆ ਸੀ। ਅਧਿਕਾਰੀਆਂ ਨੇ ਉਸ ਨੂੰ ਆਖਿਆ ਕਿ ਉਹ ਉਸ ਨੂੰ ਗਲਤੀ ਨਾਲ ਫੜ ਲਿਆਏ ਹਨ ਅਤੇ ਫਿਰ ਖੁਦ ਉਸ ਦੇ ਕਹਿਣ 'ਤੇ ਹੀ ਉਹ ਉਸ ਨੂੰ ਹਾਵੜਾ ਸਟੇਸ਼ਨ ਦੇ ਨਿਕਟ ਕਿਸੇ ਘਰ ਦੇ ਬੂਹੇ ਅੱਗੇ ਛੱਡ ਆਏ ਸਨ। ਅਗਲੇ ਕਈ ਵਰ੍ਹਿਆਂ ਤੱਕ ਹੀ ਨਹੀਂ, ਬਲਕਿ ਅੱਜ ਤੱਕ ਬੰਗਾਲ ਪੁਲੀਸ ਸਰਕਾਰੀ ਤੌਰ 'ਤੇ ਇਹੋ ਕਹਿੰਦੀ ਰਹੀ ਹੈ ਕਿ ਉਨ੍ਹਾਂ ਨੇ ਕਾਮਰੇਡ ਦੱਤਾ ਨੂੰ ਕਦੀ ਫੜਿਆ ਹੀ ਨਹੀਂ; ਪਰ ਗੈਰ-ਸਰਕਾਰੀ ਤੌਰ 'ਤੇ ਇਸ ਦੇ ਨਮਾਇੰਦੇ ਇਹ ਵੀ ਮੰਨੀ ਜਾਂਦੇ ਹਨ ਕਿ 'ਸਰੋਜ ਦੱਤਾ ਨੂੰ ਉਨ੍ਹਾਂ ਕਾਬੂ ਕਰ ਤਾਂ ਲਿਆ ਸੀ, ਪਰ ਉਸ ਦੀ ਸ਼ਨਾਖਤ ਨਹੀਂ ਹੋ ਸਕੀ ਸੀ। ਸੋ, ਉਹ ਬਚ ਕੇ ਨਿਕਲ ਗਏ ਸਨ।'

ਇਹ ਕਹਿਣਾ ਕੋਈ ਅਤਿਕਥਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਕਾਮਰੇਡ ਸਰੋਜ ਦੱਤਾ ਨਕਸਲੀ ਸੰਘਰਸ਼ ਦੀ ਜਿੰਦ ਤੇ ਜਾਨ ਸਨ ਅਤੇ ਹਾਕਮ ਧਿਰ ਨੇ ਉਨ੍ਹਾਂ ਦੀ ਹੱਤਿਆ ਕਰ ਕੇ ਪਹਿਲੇ ਦੌਰ ਦੇ ਅੰਦੋਲਨ ਦੀਆਂ ਜੜ੍ਹਾਂ ਕੱਟ ਦਿੱਤੀਆਂ ਸਨ।

ਉਨ੍ਹਾਂ ਤੋਂ ਬਾਅਦ ਕਾਮਰੇਡ ਸਾਧਨ ਸਰਕਾਰ ਨੂੰ ਸਕੱਤਰ ਬਣਾ ਦਿੱਤਾ ਗਿਆ, ਪਰ 5-4 ਮਹੀਨਿਆਂ ਦੇ ਅੰਦਰ-ਅੰਦਰ ਪੁਲਿਸ ਵੱਲੋਂ ਉਨ੍ਹਾਂ ਨੂੰ ਵੀ ਕਾਬੂ ਕਰ ਲਿਆ ਗਿਆ।

ਕਾਮਰੇਡ ਦੱਤਾ ਅਤੇ ਸੁਸ਼ੀਤਲ ਰਾਏ ਚੌਧਰੀ ਦੀ ਵਿਚਾਰਧਾਰਾ ਅਤੇ ਜਜ਼ਬਾਤੀ ਨੇੜਤਾ ਦਾ ਜ਼ਿਕਰ ਅਸੀਂ ਕਰ ਹੀ ਚੁੱਕੇ ਹਾਂ। ਉਮਰ ਪੱਖੋਂ ਰਾਏ ਚੌਧਰੀ ਕਾਮਰੇਡ ਦੱਤਾ ਨਾਲੋਂ 3-4 ਸਾਲ ਛੋਟੇ ਸਨ। ਉਹ ਹੁਗਲੀ ਸ਼ਹਿਰ ਪੈਦਾ ਹੋਏ ਅਤੇ ਕਾਲਜ ਦੀ ਪੜ੍ਹਾਈ ਉਨ੍ਹਾਂ ਨੇ ਕਲਕੱਤਾ ਯੂਨੀਵਰਸਿਟੀ ਤੋਂ ਪੂਰੀ ਕੀਤੀ ਸੀ। ਉਹ ਚੜ੍ਹਦੀ ਜਵਾਨੀ ਵਿਚ ਹੀ ਮਾਰਕਸੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਗਏ ਸਨ। ਉਹ ਬਹੁਤ ਹੋਣਹਾਰ ਕਾਮਰੇਡ ਸਨ ਅਤੇ 1943 'ਚ ਹੀ ਉਹ ਭਾਰਤੀ ਕਮਿਊਨਿਸਟ ਦੀ ਹੁਗਲੀ ਜ਼ਿਲ੍ਹਾ ਇਕਾਈ ਦੇ ਸੈਕਟਰੀ ਵੀ ਬਣ ਗਏ ਸਨ। 1962-64 ਦੀ ਪਾਰਟੀ ਦੋਫਾੜ ਹੋਣ ਸਮੇਂ ਉਹ ਮਾਰਕਸੀ ਪਾਰਟੀ ਵਿਚ ਆ ਗਏ, ਪਰ ਅਗਲੇ ਵਰ੍ਹੇ ਹੀ ਉਨ੍ਹਾਂ ਨੇ ਪਾਰਟੀ ਨੀਤੀਆਂ ਵਿਚ 'ਖੋਟ' ਦੀਆਂ ਸੰਭਾਵਨਾਵਾਂ ਬਾਰੇ ਸੰਕੇਤੀਆ ਲੇਖ ਲੜੀ

*(ਬਾਕੀ ਸਫਾ 31 'ਤੇ)*

# ਆਫੀਆ ਸਦੀਕੀ ਦਾ ਜਹਾਦ

ਕਿਸ਼ਤ ਸਤ੍ਹਾਰਵੀਂ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਕਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਆਫੀਆ ਦੀ ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।

## ਤੁਸੀਂ ਪੜ੍ਹ ਚੁੱਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ। ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਆਪਣੇ ਭਰਾ ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ ਤੇ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ ਜਿਨ੍ਹਾਂ ਦਾ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਕਹਿਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਜਹਾਦ ਦੇ ਮਾਮਲੇ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਇਕ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ। ਫਿਰ ਵਾਪਸ ਪਾਕਿਸਤਾਨ ਪੁੱਜੀ ਆਫੀਆ ਦਾ ਸਿੱਧਾ ਸੰਪਰਕ ਅਲ-ਕਾਇਦਾ ਦੇ ਅਹਿਮ ਬੰਦਿਆਂ ਨਾਲ ਹੋ ਗਿਆ। ਇਹ ਬੰਦੇ ਅਮਰੀਕਾ ਵਿਚ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸਨ ਕਿ ਐਫ.ਬੀ.ਆਈ. ਨੇ ਸਾਰੀ ਸੂਹ ਕੱਢ ਲਈ। 9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਫੜਿਆ ਗਿਆ। ਹੋਰ ਗ੍ਰਿਫਤਾਰੀਆਂ ਵੀ ਹੋਈਆਂ, ਪਰ ਆਫੀਆ ਘਰੋਂ ਫਰਾਰ ਹੋ ਗਈ।...ਹੁਣ ਅੱਗੇ ਪੜ੍ਹੋ...*

ਉਜ਼ੇਰ ਪਰਾਚਾ ਦੇ ਕੇਸ ਦਾ ਉਨ੍ਹਾਂ ਦਿਨਾਂ 'ਚ ਅਖਬਾਰਾਂ 'ਚ ਖੂਬ ਰੌਲਾ ਪੈ ਰਿਹਾ ਸੀ। ਖਾਲਿਦ ਸ਼ੇਖ ਮੁਹੰਮਦ (ਕੇ.ਐਸ.ਐਮ.) ਤੋਂ ਲੈ ਕੇ ਹੁਣ ਤੱਕ ਫੜੇ ਗਏ ਬੰਦਿਆਂ 'ਚੋਂ ਸਭ ਤੋਂ ਪਹਿਲਾਂ ਮੁਕੱਦਮਾ ਉਜ਼ੇਰ ਪਰਾਚਾ 'ਤੇ ਚੱਲਿਆ। ਨਿਊ ਯਾਰਕ ਦੀ ਕੋਰਟ ਵਿਚ ਉਸ ਨੇ ਉਹੀ ਬਿਆਨ ਦਿੱਤਾ ਜੋ ਉਸ ਨੇ ਪਹਿਲਾਂ ਐਫ.ਬੀ.ਆਈ. ਕੋਲ ਦਿੱਤਾ ਸੀ। ਉਸ ਨੇ ਕਿਹਾ ਕਿ ਨਾ ਹੀ ਉਸ ਨੂੰ ਅਲ-ਕਾਇਦਾ ਬਾਰੇ ਕੋਈ ਪਤਾ ਸੀ ਅਤੇ ਨਾ ਹੀ ਉਨ੍ਹਾਂ ਦੇ ਕਿਸੇ ਪਲਾਟ ਬਾਰੇ। ਉਸ ਨੇ ਕੋਰਟ ਨੂੰ ਦੱਸਿਆ ਕਿ ਉਸ ਨੇ



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਸਿਰਫ ਮਜੀਦ ਖਾਨ ਦੀ ਐਪਲੀਕੇਸ਼ਨ, ਇੰਮੀਗਰੇਸ਼ਨ ਨੂੰ ਭੇਜੀ ਸੀ ਅਤੇ ਦੂਜਾ ਉਸ ਨੇ ਮਾਜੀਦ ਖਾਨ ਬਣ ਕੇ ਇੰਮੀਗਰੇਸ਼ਨ ਨੂੰ ਫੋਨ ਕੀਤਾ ਸੀ। ਉਹ ਸੋਚਦਾ ਸੀ ਕਿ ਉਸ ਦਾ ਇੰਨਾ ਹੀ ਜੁਰਮ ਹੈ ਕਿ ਉਸ ਨੇ ਇੰਮੀਗਰੇਸ਼ਨ ਨੂੰ ਝੂਠ ਬੋਲਿਆ, ਪਰ ਉਸ ਦਾ ਵਕੀਲ ਸਭ ਸਮਝਦਾ ਸੀ। ਵਕੀਲ ਨੇ ਗਵਾਹਾਂ ਵਗੈਰਾ ਨੂੰ ਅਦਾਲਤ 'ਚ ਪੇਸ਼ ਕਰਨ ਦੀ ਮੰਗ ਕੀਤੀ, ਪਰ ਸਰਕਾਰੀ ਵਕੀਲ ਇਹ ਕੁਝ ਨਹੀਂ ਹੋਣ ਦੇਣਾ ਚਾਹੁੰਦਾ ਸੀ; ਕਿਉਂਕਿ ਗਵਾਹ ਤਾਂ ਅਫਗਾਨਿਸਤਾਨ ਦੀਆਂ ਉਜਾੜਾਂ 'ਚ ਕਿਧਰੇ ਗੁਪਤ ਜੇਲ੍ਹਾਂ ਅੰਦਰ ਬੰਦ ਸਨ। ਗਵਾਹਾਂ ਤੋਂ ਉਸ ਦਾ ਮਤਲਬ ਸੀ, ਕੇ.ਐਸ.ਐਮ. ਉਸ ਦਾ ਭਾਣਜਾ ਅਲੀ ਜਾਂ ਮਜੀਦ ਖਾਨ। ਸਰਕਾਰ ਡਰਦੀ ਸੀ ਕਿ ਜੇ ਇਨ੍ਹਾਂ ਗਵਾਹਾਂ ਨੂੰ ਅਦਾਲਤ 'ਚ ਪੇਸ਼ ਕਰਨਾ ਪਿਆ ਤਾਂ ਬਹੁਤ ਸਾਰੇ ਭੇਤ ਬਾਹਰ ਆ ਜਾਣਗੇ। ਉਜ਼ੇਰ ਦਾ ਵਕੀਲ ਸਰਕਾਰ ਦਾ ਡਰ ਤਾੜ ਗਿਆ। ਉਸ ਨੇ ਸਰਕਾਰ ਨੂੰ ਕਿਹਾ ਕਿ ਜਾਂ ਤਾਂ ਗਵਾਹਾਂ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇ, ਜਾਂ ਫਿਰ 'ਪਲੀ ਬਾਰਗੇਨਿੰਗ' ਦੀ ਇਜਾਜ਼ਤ ਦਿੱਤੀ ਜਾਵੇ। ਸਰਕਾਰ ਨੇ ਵੀ 'ਪਲੀ ਬਾਰਗੇਨਿੰਗ' ਬਾਰੇ ਸੋਚ ਲਿਆ।

ਵਕੀਲ ਨੇ ਉਜ਼ੇਰ ਨੂੰ 'ਗਿਲਟੀ ਪਲੀ' ਕਰ ਦੇਣ ਲਈ ਸਮਝਾਇਆ ਤੇ ਦੱਸਿਆ ਕਿ ਇਸ ਤਰ੍ਹਾਂ ਸਰਕਾਰ ਨਾਲ ਡੀਲ ਹੋ ਜਾਵੇਗੀ ਤੇ ਉਹ ਸਜ਼ਾ ਘੱਟ ਕਰ ਦੇਵੇਗੀ, ਪਰ ਉਜ਼ੇਰ ਉਸ ਦੀ ਗੱਲ ਨਾ ਮੰਨਿਆ। ਉਸ ਦਾ ਸੋਚਣਾ ਸੀ ਕਿ ਸਿਰਫ ਕਿਸੇ ਹੋਰ ਦੇ ਨਾਂ 'ਤੇ ਇੰਮੀਗਰੇਸ਼ਨ ਨੂੰ ਫੋਨ ਕਰ ਦੇਣ ਦੀ ਕਿੰਨੀ ਕੁ ਸਜ਼ਾ ਹੋ ਸਕਦੀ ਹੈ। ਦੂਜੀ ਗੱਲ ਇਹ ਵੀ ਸੀ ਕਿ ਉਸ ਨੂੰ ਜੋ ਵਕੀਲ ਮਿਲਿਆ ਸੀ, ਉਹ ਸਰਕਾਰ ਵੱਲੋਂ ਦਿੱਤਾ ਗਿਆ ਸੀ। ਇਸ ਕਰ ਕੇ ਉਜ਼ੇਰ ਉਸ 'ਤੇ ਪੂਰਾ ਭਰੋਸਾ ਨਹੀਂ ਕਰ ਰਿਹਾ ਸੀ। ਉਹ ਛੋਟੀ ਉਮਰ ਦਾ ਅਣਭੋਲ ਜਿਹਾ ਮੁੰਡਾ ਸੀ ਅਤੇ ਨਾ ਹੀ ਉਹ ਇਸ ਕਿਸਮ ਦੇ ਕਾਨੂੰਨੀ ਪੇਚਾਂ 'ਚ ਕਦੇ ਪਿਆ ਸੀ। ਇਸ ਕਰ ਕੇ ਉਸ ਵੇਲੇ ਉਹ ਮੌਕੇ ਦੀ ਨਜ਼ਾਕਤ ਨਾ ਸਮਝ ਸਕਿਆ ਤੇ ਇਹ ਨਾ ਜਾਣ ਸਕਿਆ ਕਿ ਉਹ ਕਿੰਨੇ ਵੱਡੇ ਚੱਕਰਵਿਊ 'ਚ ਫਸਿਆ ਹੋਇਆ ਹੈ। ਉਸ ਨੇ 'ਗਿਲਟੀ ਪਲੀ' ਕਰਨ ਤੋਂ ਇਨਕਾਰ ਕਰ ਦਿੱਤਾ। ਕੇਸ ਚੱਲਿਆ ਤਾਂ ਜਿਊਰੀ ਨੇ ਉਸ ਨੂੰ ਦੋਸ਼ੀ ਸਾਬਤ ਕਰਦਿਆਂ ਉਮਰ ਕੈਦ ਸੁਣਾ ਦਿੱਤੀ।

ਇਹ ਕੇਸ ਬੰਦ ਡੱਬੇ ਵਾਂਗੂੰ ਬੰਦ ਹੀ ਰਹਿ ਗਿਆ ਤਾਂ ਮੁਹੰਮਦ ਮਾਯੂਸ ਹੋ ਗਿਆ। ਉਸ ਦੀ ਆਫੀਆ ਬਾਰੇ ਕੁਝ ਪਤਾ ਲੱਗਣ ਦੀ ਉਮੀਦ ਅਧੂਰੀ ਰਹਿ ਗਈ। ਉਸ ਨੂੰ ਵੀ ਆਫੀਆ ਦਾ ਬਹੁਤ ਫਿਕਰ ਸੀ। ਨਾਲ ਹੀ ਮਾਂ ਅਤੇ ਫੌਜ਼ੀਆ ਦਾ ਵੀ, ਪਰ ਉਸ ਦੇ ਘਰ ਦੇ ਹਾਲਾਤ ਇਜਾਜ਼ਤ ਨਹੀਂ ਦਿੰਦੇ ਸਨ ਕਿ ਉਹ ਨੌਕਰੀ ਛੱਡ ਕੇ ਇੱਧਰ ਉਧਰ ਭਟਕਦਾ ਫਿਰੇ। ਉਹ ਕਈ ਦਿਨ ਉਦਾਸ ਰਿਹਾ। ਫਿਰ ਉਸ ਨੇ ਆਪਣੀ ਘਰਵਾਲੀ ਨਾਲ ਗੱਲ ਤੋਰੀ। ਹੌਲੀ-ਹੌਲੀ ਉਸ ਨੇ ਘਰਵਾਲੀ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਹ ਬੱਸ ਇੱਕ ਵਾਰ ਆਫੀਆ ਦੀ ਭਾਲ ਲਈ ਜਾਵੇਗਾ। ਮੁੜ ਕੇ ਕਦੇ ਉਹ ਇਸ ਮਾਮਲੇ 'ਚ ਨਹੀਂ ਪਵੇਗਾ। ਨੌਕਰੀ ਤੋਂ ਛੁੱਟੀ ਲੈ ਕੇ ਉਹ ਪਾਕਿਸਤਾਨ ਜਾ ਪਹੁੰਚਿਆ। ਉਥੇ ਜਾ ਕੇ ਉਸ ਨੇ ਮਾਂ ਅਤੇ ਫੌਜ਼ੀਆ ਨਾਲ ਅੱਗੇ ਦੀ ਸਕੀਮ ਬਣਾਈ। ਫੈਸਲਾ ਹੋਇਆ ਕਿ ਉਹ ਆਪਣੇ ਮਾਮੇ ਫਾਰੂਕੀ ਦੀ ਮਦਦ ਲਵੇ। ਅਗਲੇ ਦਿਨ ਉਹ ਇਸਲਾਮਾਬਾਦ ਚਲਿਆ ਗਿਆ। ਫਾਰੂਕੀ ਵੀ ਇਸ ਮਾਮਲੇ 'ਚ ਪੈ ਕੇ ਹੁਣ ਤੱਕ ਬਹੁਤ ਮੁਸੀਬਤਾਂ ਝੱਲ ਚੁਕਾ ਸੀ, ਪਰ ਉਹ ਸੋਚਦਾ ਸੀ ਕਿ ਆਫੀਆ ਉਸ ਦੀ ਸਕੀ ਭਾਣਜੀ ਹੈ, ਜੇ ਉਹ ਮਦਦ ਨਾ ਕਰੇਗਾ ਤਾਂ ਹੋਰ ਕੌਣ ਕਰੇਗਾ। ਆਖਰ ਵਿਚਾਰ-ਚਰਚਾ ਤੋਂ ਬਾਅਦ ਉਸ ਨੇ ਮੁਹੰਮਦ ਨੂੰ ਕਿਹਾ, "ਇੱਥੇ ਜ਼ਹੀਰ ਖਾਂ ਨਾਮ ਦਾ ਬੰਦਾ ਐ, ਉਹ ਸ਼ਾਇਦ ਆਪਣੀ ਕੋਈ ਮਦਦ ਕਰ ਸਕੇ, ਪਰ...।" ਫਾਰੂਕੀ ਗੱਲ ਕਰਦਾ ਕਰਦਾ ਚੁੱਪ ਹੋ ਗਿਆ।

"ਪਰ ਕੀ ਅੰਕਲ?" ਮੁਹੰਮਦ ਨੇ ਉਸ ਦੀ ਚੁੱਪ ਤੋੜੀ।

"ਗੱਲ ਇਹ ਐ ਕਿ ਇੱਥੇ ਇੱਕ ਜਥੇਬੰਦੀ ਬਣੀ ਐ ਜਿਸ ਦਾ ਮੁੱਖ ਮਕਸਦ ਗੁੰਮ ਹੋ ਚੁੱਕੇ ਬੰਦਿਆਂ ਨੂੰ ਭਾਲਣਾ ਹੈ। ਜ਼ਹੀਰ ਖਾਂ ਉਸ ਜਥੇਬੰਦੀ ਦਾ ਮੁਖੀ ਐ, ਪਰ ਨਾਲ ਈ ਇਹ ਵੀ ਸੁਣਿਐਂ ਕਿ ਇਹ ਬੰਦਾ ਪਹਿਲਾਂ ਆਈ.ਐਸ.ਆਈ. ਦਾ ਅਫਸਰ ਰਹਿ ਚੁੱਕਾ ਐ।"

"ਫਿਰ ਕੀ ਐ ਅੰਕਲ; ਆਪਾਂ ਤਾਂ ਪਤਾ ਈ ਲਗਾਉਣਾ ਐਂ ਕਿ ਸ਼ਾਇਦ ਇਨ੍ਹਾਂ ਨੂੰ ਆਫੀਆ ਦੇ ਬਾਰੇ 'ਚ ਕੁਛ ਮਾਲੂਮੀਆਤ ਹੋਵੇ।"

"ਪੁੱਤਰਾ ਗੱਲ ਇਹ ਐ ਕਿ ਆਈ.ਐਸ.ਆਈ. ਦੇ ਲਫੜਿਆਂ ਤੋਂ ਹਰ ਕੋਈ ਡਰਦਾ ਐ। ਕੀ ਪਤਾ ਐ ਕਿ ਇਹ ਬੰਦਾ, ਜ਼ਹੀਰ ਖਾਂ ਵਿਖਾਵੇ ਦੇ ਤੌਰ 'ਤੇ ਈ ਗੁੰਮਸ਼ੁਦਾ ਬੰਦਿਆਂ ਦੀ ਭਾਲ 'ਚ ਲੱਗਿਆ ਹੋਵੇ ਤੇ ਅਸਲ ਖੇਲ੍ਹ ਇਸ ਦਾ ਕੋਈ ਹੋਰ ਹੋਵੇ।"

"ਅੰਕਲ ਹੋਰ ਕੋਈ ਰਾਹ ਵੀ ਤਾਂ ਨ੍ਹੀਂ ਐ। ਪਤਾ ਨ੍ਹੀਂ ਆਪਣੇ ਮੁਲਕ ਨੂੰ ਕੀ ਹੋ ਗਿਐ ਕਿ ਕਿਸੇ 'ਤੇ ਭਰੋਸਾ ਈ ਨ੍ਹੀਂ ਕੀਤਾ ਜਾ ਸਕਦਾ। ਕੋਈ ਪਤਾ ਨ੍ਹੀਂ ਕੌਣ ਕਿਸ ਦੇ ਲਈ ਕੰਮ ਕਰ ਰਿਹੈ। ਸਰਕਾਰ ਦੇ ਬੰਦੇ ਸਰਕਾਰ ਦੇ ਵਿਚ ਰਹਿੰਦੇ ਹੋਏ ਅਤਿਵਾਦੀਆਂ ਦੀ ਮਦਦ ਕਰ ਰਹੇ ਨੇ। ਉਧਰ ਅਤਿਵਾਦੀ ਗੌਰਮਿੰਟ ਦੀ ਮਦਦ ਕਰਨ ਲੱਗੇ ਹੋਏ ਨੇ। ਮੈਂ ਤਾਂ ਅਜਿਹੀਆਂ ਗੱਲਾਂ ਸੁਣ ਸੁਣ ਕੇ ਅੱਕ ਚੁੱਕਾਂ। ਜੇ ਮੇਰੀ ਆਪਣੀ ਭੈਣ ਦਾ ਮਸਲਾ ਨਾ ਹੋਵੇ ਤਾਂ ਮੈਂ ਇਸ ਮੁਲਕ 'ਚ ਇੱਕ ਪਲ ਵੀ ਨਾ ਰੁਕਾਂ।"

"ਠੀਕ ਐ ਫਿਰ ਤੂੰ ਜ਼ਹੀਰ ਖਾਂ ਨੂੰ ਮਿਲ ਕੇ ਵੇਖ ਲੈ। ਖਬਰੇ ਗੱਲ ਕਿਸੇ ਰਾਹ ਪੈ ਜਾਵੇ। ਉਂਜ ਉਸ ਤੋਂ ਸਾਵਧਾਨ ਰਹੀਂ। ਮੇਰਾ ਮਤਲਬ ਆਪਣੇ ਬਾਰੇ ਜ਼ਿਆਦਾ ਗੱਲ ਨਾ ਕਰੀਂ। ਬੱਸ ਗੱਲ ਆਫੀਆ ਤੱਕ ਈ ਸੀਮਤ ਰੱਖੀਂ।"

"ਠੀਕ ਐ ਅੰਕਲ ਤੁਸੀਂ ਮੈਨੂੰ ਉਸ ਦਾ ਪਤਾ-ਠਿਕਾਣਾ ਲਿਆ ਦਿਉ। ਫਿਰ ਮੈਂ ਵੇਖਦਾ ਆਂ ਕਿ ਅੱਗੇ ਕੀ ਕਰਾਂ।"

ਅਗਲੇ ਦਿਨ ਫਾਰੂਕੀ ਨੇ ਮੁਹੰਮਦ ਨੂੰ ਜ਼ਹੀਰ ਖਾਂ ਦਾ ਅਤਾ-ਪਤਾ ਲਿਆ ਦਿੱਤਾ। ਉਸ ਨੇ ਫੋਨ ਕਰ ਕੇ ਉਸ ਤੋਂ ਇਹ ਕਹਿੰਦਿਆਂ ਮੁਲਾਕਾਤ ਲਈ ਵਕਤ ਮੰਗਿਆ ਕਿ ਉਹ ਆਪਣੇ ਕਿਸੇ ਸਰਕਾਰ ਦੁਆਰਾ ਗੁੰਮ ਕਰ ਦਿੱਤੇ ਗਏ ਰਿਸ਼ਤੇਦਾਰ ਬਾਰੇ ਪਤਾ ਕਰਨਾ ਚਾਹੁੰਦਾ ਹੈ। ਉਸ ਨੂੰ ਸ਼ਾਮ ਦਾ ਵਕਤ ਮਿਲ ਗਿਆ। ਸ਼ਾਮ ਵੇਲੇ ਉਹ ਜ਼ਹੀਰ ਖਾਂ ਦੇ ਦੋ ਮੰਜ਼ਿਲਾ ਘਰ 'ਚ ਦਾਖਲ ਹੋਇਆ। ਇਹ ਰੋਜ਼ਿਆਂ ਦੇ ਦਿਨ ਸਨ। ਉਸ ਦੇ ਘਰ 'ਚ ਕਾਫੀ ਸਾਰੇ ਲੋਕ ਰੋਜ਼ਾ ਖੋਲ੍ਹਣ ਲਈ ਇਕੱਠੇ ਹੋਏ ਬੈਠੇ ਸਨ। ਰੋਜ਼ਾ ਖੋਲ੍ਹਣ ਤੋਂ ਪਿੱਛੋਂ ਜ਼ਹੀਰ ਖਾਂ ਨੇ ਮੁਹੰਮਦ ਨੂੰ ਆਪਣੇ ਕਮਰੇ 'ਚ ਬੁਲਾ ਲਿਆ। ਉਸ ਨੇ ਮੁਹੰਮਦ ਵੱਲ ਗਹੁ ਨਾਲ ਵੇਖਿਆ ਤੇ ਫਿਰ ਹੌਲੀ ਜਿਹੇ ਬੋਲਿਆ, "ਬੋਲੋ ਬਰਖੁਰਦਾਰ, ਤੁਸੀਂ ਕਿਸ ਗੱਲ ਦੇ ਸਿਲਸਲੇ ਵਿਚ ਮੈਨੂੰ ਮਿਲਣ ਆਏ ਓ?"

"ਜੀ ਮੈਂ ਫੋਨ 'ਤੇ ਵੀ ਦੱਸਿਆ ਸੀ ਕਿ ਮੇਰੀ ਭੈਣ ਗੁੰਮ ਐ। ਉਸ ਨੂੰ ਗੁੰਮ ਹੋਈ ਨੂੰ ਕਾਫੀ ਸਮਾਂ ਬੀਤ ਗਿਐ। ਉਸੇ ਬਾਰੇ ਥਾਂ ਥਾਂ ਪਤਾ ਕਰਦਾ ਘੁੰਮ ਰਿਹਾ ਆਂ।"

"ਕੀ ਨਾਂ ਐ ਤੇਰੀ ਭੈਣ ਦਾ?"

"ਜੀ ਉਸ ਦਾ ਨਾਂ ਆਫੀਆ ਸਦੀਕੀ ਐ।"

"ਹੈਂ! ਆਫੀਆ ਸਦੀਕੀ?" ਜ਼ਹੀਰ ਖਾਂ ਇਉਂ ਬੋਲਿਆ ਜਿਵੇਂ ਤੂੰਹੇਂ ਨੇ ਡੰਗ ਮਾਰਿਆ ਹੋਵੇ। ਫਿਰ ਉਹ ਹੌਲੀ ਹੌਲੀ ਸੰਭਲ ਗਿਆ। ਮੁਹੰਮਦ ਵੀ ਹੈਰਾਨ ਹੋਇਆ ਕਿ ਆਫੀਆ ਦਾ ਨਾਂ ਸੁਣ ਕੇ ਇਹ ਇਉਂ ਕਿਉਂ ਬੁੜਕ ਕੇ ਉਠਿਆ! ਕੰਧ ਵੱਲ ਵੇਖਦਾ ਜ਼ਹੀਰ ਖਾਂ ਬੋਲਿਆ, "ਮੈਂ ਤਾਂ ਇਹ ਨਾਂ ਈ ਪਹਿਲੀ ਵਾਰ ਸੁਣਿਆ ਐ। ਮੈਨੂੰ ਇਸ ਲੜਕੀ ਬਾਰੇ ਕੋਈ ਪਤਾ ਨ੍ਹੀਂ। ਕਿਸੇ ਹੋਰ ਬਾਰੇ ਗੱਲ ਕਰਨੀ ਐ ਤਾਂ ਦੱਸ?"

"ਮੇਰੀ ਭੈਣ ਤੋਂ ਬਿਨਾਂ ਮੈਨੂੰ ਹੋਰ ਕਿਸੇ ਨਾਲ ਕੋਈ ਸਰੋਕਾਰ ਨ੍ਹੀਂ।"

"ਆਹ ਸਾਰੀਆਂ ਔਰਤਾਂ ਨੂੰ ਵੇਖ ਰਿਹੈਂ?" ਜ਼ਹੀਰ ਖਾਂ ਨੇ ਸਾਹਮਣੇ ਇਸ਼ਾਰਾ ਕਰਦਿਆਂ ਗੱਲ ਹੋਰ ਹੀ ਪਾਸੇ ਮੋੜ ਲਈ।

"ਜੀ।" ਮੁਹੰਮਦ ਉਤਾਵਲਾ ਜਿਹਾ ਹੁੰਦਾ ਬੋਲਿਆ।

"ਇਨ੍ਹਾਂ ਸਭਨਾਂ ਨੇ ਕੋਈ ਨਾ ਕੋਈ ਖੋਇਆ ਐ। ਕਿਸੇ ਦਾ ਘਰਵਾਲਾ ਜਹਾਦ 'ਚ ਸ਼ਹੀਦ ਹੋ ਗਿਆ। ਕਿਸੇ ਦਾ ਪੁੱਤਰ ਅਫਗਾਨਿਸਤਾਨ ਦੀ ਜੰਗ ਦੀ ਬਲੀ ਚੜ੍ਹ ਗਿਆ। ਪਤਾ ਨ੍ਹੀਂ ਕਿੰਨਿਆਂ ਕੁ ਘਰਾਂ ਦੇ ਜੀਅ, ਆਈ.ਐਸ.ਆਈ. ਖਾ ਗਈ। ਇੱਥੇ ਹਰ ਕੋਈ ਆਪਣੇ ਗੁਆਚਿਆਂ ਨੂੰ ਭਾਲਦਾ ਫਿਰਦਾ ਐ।"

"ਜੀ ਉਹ ਸਭ ਤਾਂ ਠੀਕ ਐ, ਪਰ ਇਸ ਗੱਲ ਨਾਲ ਮੇਰਾ ਕੀ ਤੁਅੱਲਕ ਐ। ਮੈਨੂੰ ਤਾਂ ਪਤਾ ਲੱਗਿਆ ਸੀ ਕਿ ਤੁਹਾਡੀ ਜਥੇਬੰਦੀ ਆਈ.ਐਸ.ਆਈ. ਜਾਂ ਅਮਰੀਕਨ ਐਫ.ਬੀ.ਆਈ. ਦੁਆਰਾ ਚੁੱਕ ਕੇ ਗੁੰਮ ਕਰ ਦਿੱਤੇ ਗਏ ਲੋਕਾਂ ਦੀ ਭਾਲ ਕਰਨ 'ਚ ਮਦਦ ਕਰਦੀ ਐ। ਬੱਸ ਇਸੇ ਕਰ ਕੇ ਮੈਂ ਤੁਹਾਡੇ ਕੋਲ ਆਇਆ ਆਂ।"



*ਚਰਚਿਤ ਪੱਤਰਕਾਰ ਵਾਨ ਰਿਡਲੀ ਜਿਸ ਦੇ ਸ਼ੋਅ ਵਿਚ ਆਫੀਆ ਦੀ ਕਹਾਣੀ ਨਸ਼ਰ ਕੀਤੀ ਗਈ ਸੀ। ਵਾਨ ਨੂੰ ਤਾਲਿਬਾਨ ਨੇ ਅਗਵਾ ਕਰ ਲਿਆ ਸੀ ਅਤੇ ਪਿੱਛੋਂ ਉਸ ਨੇ ਇਸਲਾਮ ਧਾਰਨ ਕਰ ਲਿਆ।*

"ਤੂੰ ਇਉਂ ਕਰ, ਆਪਣਾ ਪਤਾ ਠਿਕਾਣਾ ਲਿਖਾ ਦੇ, ਤੇ ਕੱਲ੍ਹ ਨੂੰ ਇੱਥੇ ਈ ਮੈਨੂੰ ਮਿਲੀਂ। ਮੈਂ ਤੈਨੂੰ ਸਾਡੇ ਅੱਗੇ ਦੇ ਕਿਸੇ ਲੀਡਰ ਨਾਲ ਮਿਲਾਊਂਗਾ। ਉਹ ਸ਼ਾਇਦ ਤੇਰੀ ਭੈਣ ਨੂੰ ਲੱਭਣ 'ਚ ਕੋਈ ਮਦਦ ਕਰ ਸਕੇ।"

"ਜੀ ਠੀਕ ਐ, ਪਰ ਇੱਕ ਸੁਆਲ ਐ ਜੇ ਇਜਾਜ਼ਤ ਹੋਵੇ ਤਾਂ...?"

"ਹਾਂ ਬੋਲੋ।"

"ਇਹ ਗੁੰਮਸ਼ੁਦਾ ਲੋਕਾਂ ਦੀ ਭਾਲ ਤੁਸੀਂ ਕਾਨੂੰਨੀ ਢੰਗ ਨਾਲ ਕਰਦੇ ਓਂ? ਮੇਰਾ ਮਤਲਬ ਅਦਾਲਤ ਰਾਹੀਂ ਪਟੀਸ਼ਨ ਵਗੈਰਾ ਪਾ ਕੇ ਕਰਦੇ ਓਂ ਕਿ ਵੈਸੇ ਆਪਣੇ ਤੌਰ 'ਤੇ ਈ?"

"ਸਾਡਾ ਕੋਈ ਵੀ ਢੰਗ ਹੋਵੇ, ਤੈਨੂੰ ਤੇਰੇ ਕੰਮ ਤੱਕ ਮਤਲਬ ਹੋਣਾ ਚਾਹੀਦਾ ਐ। ਤੂੰ ਕੱਲ੍ਹ ਨੂੰ ਆ ਜਾਵੀਂ।" ਇੰਨਾ ਕਹਿੰਦਾ ਜ਼ਹੀਰ ਖਾਂ ਉਠ ਕੇ ਚਲਾ ਗਿਆ ਤੇ ਮੁਹੰਮਦ ਘਰ ਮੁੜ ਆਇਆ। ਫਾਰੂਕੀ ਵੀ ਉਸ ਨਾਲ ਕਰਾਚੀ ਹੀ ਆ ਗਿਆ ਸੀ, ਇਸ ਕਰ ਕੇ ਜਦੋਂ ਮੁਹੰਮਦ ਮੁੜਿਆ ਤਾਂ ਉਹ ਵੀ ਘਰ ਹੀ ਸੀ। ਉਸ ਨੇ ਘਰ ਆ ਕੇ ਜ਼ਹੀਰ ਖਾਂ ਨੂੰ ਹੋਈ ਗੱਲਬਾਤ ਦੱਸੀ ਤਾਂ ਫਾਰੂਕੀ ਬੋਲਿਆ, "ਮੈਂ ਤਾਂ ਤੈਨੂੰ ਪਹਿਲਾਂ ਹੀ ਉਥੇ ਭੇਜ ਕੇ ਰਾਜ਼ੀ ਨ੍ਹੀਂ ਸੀ। ਮੈਨੂੰ ਅੱਜ ਹੀ ਇੱਕ ਹੋਰ ਗੱਲ ਪਤਾ ਲੱਗੀ ਐ।"

"ਉਹ ਕੀ?"

"ਅਮਰੀਕੀ ਪੱਤਰਕਾਰ ਡੇਨੀਅਲ ਪਰਲ ਗੁੰਮ ਹੋ ਜਾਣ ਤੋਂ ਪਹਿਲਾਂ ਇਸੇ ਜ਼ਹੀਰ ਖਾਂ ਦੇ ਘਰ ਗਿਆ ਸੀ। ਉਸ ਪਿੱਛੋਂ ਉਸ ਦੀ ਲਾਸ਼ ਹੀ ਮਿਲੀ ਸੀ।"

"ਉਹ ਮਾਈ ਗਾਡ! ਇਹ ਸਭ ਕੀ ਹੋ ਰਿਹਾ ਐ। ਇਹ ਲੋਕਾਂ ਨੂੰ ਲੱਭਣ 'ਚ ਮਦਦ ਕਰ ਰਹੇ ਨੇ ਕਿ ਲੋਕਾਂ ਨੂੰ ਗੁੰਮ ਕਰਨ 'ਚ ਰੁੱਝੇ ਹੋਏ ਨੇ। ਤੁਸੀਂ ਦੱਸ ਰਹੇ ਸੀ ਕਿ ਇਹ ਬੰਦਾ ਆਈ.ਐਸ.ਆਈ. ਦਾ ਪਹਿਲਾਂ ਦਾ ਕੋਈ ਅਫਸਰ ਐ ਪਰ ਮੈਨੂੰ ਸ਼ੱਕ ਪੈਂਦਾ ਐ ਕਿ ਇਹ ਅਲ-ਕਾਇਦਾ ਨਾਲ ਵੀ ਜੁੜਿਆ ਹੋਇਆ ਐ।"

"ਬੱਸ ਚੁੱਪ ਈ ਭਲੀ ਐ।"

"ਅੰਕਲ ਆਫੀਆ ਨੂੰ ਪਾਕਿਸਤਾਨ ਦਾ ਬੱਚਾ ਬੱਚਾ ਜਾਣਦਾ ਐ ਤੇ ਉਹ ਕਹਿੰਦਾ ਕਿ ਉਸ ਨੇ ਤਾਂ ਇਹ ਨਾਂ ਕਦੇ ਸੁਣਿਆ ਈ ਨ੍ਹੀਂ।"

"ਪਤਾ ਨ੍ਹੀਂ ਸਰਕਾਰ ਕੀ ਖੇਡ, ਖੇਡ ਰਹੀ ਐ। ਕਿਸੇ ਦੀ ਕੁਝ ਸਮਝ 'ਚ ਨ੍ਹੀਂ ਆ ਰਿਹਾ। ਪਿੱਛੇ ਜਿਹੇ ਗੁੰਮ ਹੋਏ ਲੋਕਾਂ ਦੇ ਕਈ ਪਰਿਵਾਰਾਂ ਨੇ ਇਕੱਠੇ ਹੋ ਕੇ ਸੁਪਰੀਮ ਕੋਰਟ 'ਚ ਪਟੀਸ਼ਨ ਪਾਈ ਸੀ। ਚੀਫ ਜਸਟਿਸ ਇਫਤਿਖਾਰ ਚੌਧਰੀ ਨੇ ਇਹ ਪਟੀਸ਼ਨ ਮਨਜ਼ੂਰ ਕਰਦਿਆਂ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਸੀ। ਉਸ ਦੇ ਕਈ ਚੰਗੇ ਨਤੀਜੇ ਵੀ ਆਏ ਸਨ, ਕਿਉਂਕਿ ਜਸਟਿਸ ਚੌਧਰੀ ਨੇ ਸਫਾਈ ਦੇਣ ਲਈ ਹੁਕਮਰਾਨਾਂ ਨੂੰ ਅਦਾਲਤ 'ਚ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਜ਼ਿਆਦਾ ਦਬਾਅ ਪੈਣ ਕਰ ਕੇ ਆਈ.ਐਸ.ਆਈ. ਨੇ ਕਾਫੀ ਸਾਰੇ ਲੋਕ ਛੱਡ ਵੀ ਦਿੱਤੇ ਸਨ, ਪਰ ਸਭ ਨੂੰ ਡਰਾ ਧਮਕਾ ਕੇ ਛੱਡਿਆ ਗਿਆ ਸੀ ਕਿ ਜੇ ਬਾਹਰ ਜਾ ਕੇ ਕਿਸੇ ਨਾਲ ਕੋਈ ਗੱਲ ਕੀਤੀ ਤਾਂ ਦੁਬਾਰਾ ਫੜ ਲਏ ਜਾਵੋਗੇ। ਆਖਰ ਲੋਕਾਂ ਦੀ ਇਹ ਉਮੀਦ ਵੀ ਖਤਮ ਹੋ ਗਈ।"

"ਉਹ ਕਿਉਂ?"

"ਕਿਉਂਕਿ ਪਹਿਲਾਂ ਤਾਂ ਪਰੈਜ਼ੀਡੈਂਟ ਮੁਸ਼ੱਰਫ ਨੇ ਚੀਫ ਜਸਟਿਸ ਚੌਧਰੀ 'ਤੇ ਦਬਾਅ ਪਾਇਆ ਕਿ ਉਹ ਇਹ ਪਟੀਸ਼ਨ ਵਾਲਾ ਕੰਮ ਬੰਦ ਕਰ ਦੇਵੇ ਪਰ ਜਦੋਂ ਉਹ ਨਾ ਹਟਿਆ ਤਾਂ ਮੁਸ਼ੱਰਫ ਨੇ ਉਸ ਨੂੰ ਮੁਅੱਤਲ ਕਰ ਦਿੱਤਾ।"

"ਭਾਈ ਜਾਨ ਉਦੋਂ ਕੁਝ ਉਮੀਦ ਬੱਝੀ ਸੀ ਕਿ ਸ਼ਾਇਦ ਚੀਫ ਜਸਟਿਸ ਚੌਧਰੀ ਦੇ ਹੁਕਮ ਨਾਲ ਹੋ ਰਹੀਆਂ ਇਨਕੁਆਰੀਆਂ ਕਰ ਕੇ ਹੀ ਕਿਧਰੇ ਆਫੀਆ ਦਾ ਭੇਤ ਖੁੱਲ੍ਹ ਜਾਵੇ, ਪਰ ਉਦੋਂ ਨੂੰ ਇਸ ਦੁਸ਼ਟ ਮੁਸ਼ੱਰਫ ਦਾ ਬੇੜਾ ਬਹਿ ਗਿਆ।" ਚੁੱਪ ਬੈਠੀ ਇਸਮਤ ਵੀ ਗੱਲਬਾਤ 'ਚ ਹਿੱਸਾ ਲੈਣ ਲੱਗੀ।

"ਆਪਾ ਗੱਲ ਇਹ ਐ ਕਿ ਆਪਣੇ ਹੁਕਮਰਾਨ ਅਮਰੀਕਾ ਦੇ ਇਸ਼ਾਰਿਆਂ 'ਤੇ ਨੱਚਦੇ ਨੇ। ਜਿਵੇਂ ਉਹ ਕਹੇ, ਉਵੇਂ ਕਰਦੇ ਨੇ। ਅਮਰੀਕਾ

ਨੂੰ ਚਾਹੁੰਦਾ ਕਿ ਉਸ ਦੀਆਂ ਗੁਪਤ ਜੇਲ੍ਹਾਂ ਵਿਚ ਬੰਦ ਕੀਤੇ ਲੋਕਾਂ ਬਾਰੇ ਬਾਹਰ ਭੇਤ ਨਿਕਲੇ। ਇਸੇ ਕਰ ਕੇ ਉਸ ਨੇ ਮੁਸ਼ੱਰਫ ਨੂੰ ਕਹਿ ਕੇ ਚੀਫ ਜਸਟਿਸ ਚੌਧਰੀ ਨੂੰ ਈ ਪਾਸੇ ਕਰ ਦਿੱਤਾ।"

"ਅਮਰੀਕਾ ਤਾਂ ਆਪਣੇ ਹੋਰ ਵੀ ਭਰੋਸੇਬੰਦ ਚਮਚੇ ਨੂੰ ਅੱਗੇ ਲਿਆਉਣ ਲੱਗਿਆ ਸੀ ਪਰ ਉਸ ਨੂੰ ਅੱਲਾ ਨੇ ਆਪ ਈ ਸਜ਼ਾ ਦੇ ਦਿੱਤੀ।"

"ਤੁਸੀਂ ਕਿਸ ਦੀ ਗੱਲ ਕਰਦੇ ਓਂ?"

"ਬੇਨਜ਼ੀਰ ਦੀ, ਹੋਰ ਕਿਸ ਦੀ? ਭੁੱਟੋ ਦੀ ਲਾਡਲੀ ਆਈ ਸੀ ਇੱਥੇ ਸ਼ਾਂਤੀ ਸਥਾਪਤ ਕਰਨ। ਸਾਰਾ ਮੁਲਕ ਚੂੰਡ ਕੇ ਖਾ ਗਈ ਤੇ ਫਿਰ ਕਹਿੰਦੀ ਕਿ ਮੈਂ ਮੁਸ਼ੱਰਫ ਨਾਲ ਮਿਲ ਕੇ ਸਰਕਾਰ ਬਣਾਵਾਂਗੀ ਤੇ ਲੋਕਾਂ ਨੂੰ ਇਨਸਾਫ ਦੁਆਵਾਂਗੀ, ਪਰ ਇਹ ਨੀਂ ਪਤਾ ਕਿ ਇਨਸਾਫ ਤਾਂ ਤੇਰੀ ਉਡੀਕ ਕਰ ਰਿਹਾ ਐ। ਦੋ ਮਹੀਨੇ ਨੀਂ ਕੱਢੇ ਕਿ ਅਗਲਿਆਂ ਨੇ ਜਹੰਨਮ ਦਾ ਟਿਕਟ ਕੱਟ ਦਿੱਤਾ।"

"ਪਤਾ ਨੀਂ ਇਸ ਮੁਲਕ ਦਾ ਕੀ ਬਣੂੰਗਾ। ਪਹਿਲਾਂ ਹੀ ਚੀਫ ਜਸਟਿਸ ਚੌਧਰੀ ਦੇ ਮੁਅੱਤਲ ਹੋਣ ਵਾਲੇ ਮਸਲੇ ਕਰ ਕੇ ਥਾਂ ਥਾਂ ਧਰਨੇ ਮੁਜ਼ਾਹਰੇ ਹੋ ਰਹੇ ਨੇ। ਫਿਰ ਫੌਜ, ਲਾਲ ਮਸਜਿਦ 'ਚ ਜਾ ਵੜੀ। ਉਥੇ ਸੈਂਕੜੇ ਲੋਕ ਮਾਰੇ ਗਏ। ਉਸ ਪਿੱਛੋਂ ਬੇਨਜ਼ੀਰ ਭੁੱਟੋ ਵਾਲਾ ਹਾਦਸਾ ਹੋ ਗਿਆ।"

"ਤੁਸੀਂ ਰਾਜਨੀਤੀ ਦੀਆਂ ਗੱਲਾਂ ਛੱਡੋ। ਆਪਾਂ ਆਫੀਆ ਬਾਰੇ ਕੁਛ ਸੋਚੀਏ।"

"ਆਪਾ, ਅਸੀਂ ਉਸ ਦਿਨ ਦੇ ਇੱਕ ਪਲ ਲਈ ਵੀ ਚੈਨ ਨਾਲ ਨੀਂ ਬੈਠੇ ਜਦੋਂ ਦੀ ਆਫੀਆ ਗੁੰਮ ਹੋਈ ਹੈ, ਪਰ ਸ਼ਾਇਦ ਅੱਲਾ ਨੂੰ ਮਨਜ਼ੂਰ ਈ ਨੀਂ ਕਿ ਉਸ ਦਾ ਕੋਈ ਪਤਾ ਲੱਗੇ।" ਫਾਰੂਕੀ ਨੇ ਭੈਣ ਦਾ ਦਿਲ ਧਰਾਇਆ।

"ਸੁਣਿਐ ਕਿ ਅਮਰੀਕਾ ਨੇ ਅਫਗਾਨਿਸਤਾਨ 'ਚ ਬਹੁਤ ਹੀ ਭੈੜੀਆਂ ਜੇਲ੍ਹਾਂ ਬਣਾਈਆਂ ਹੋਈਆਂ ਨੇ ਜਿੱਥੇ ਹਰ ਰੋਜ਼ ਬੇਕਸੂਰਾਂ ਨੂੰ ਤਸੀਹੇ ਦਿੱਤੇ ਜਾਂਦੇ ਨੇ। ਪਤਾ ਨੀਂ ਮੇਰੀ ਧੀ ਕਿਨ੍ਹਾਂ ਭੋਰਿਆਂ 'ਚ ਮੌਤ ਦੀਆਂ ਘੜੀਆਂ ਗਿਣ ਰਹੀ ਹੋਊਗੀ।" ਇਸਮਤ ਰੋਣ ਲੱਗੀ।

"ਆਪਾ ਤੂੰ ਇਹ ਰੋਣਾ-ਧੋਣਾ ਬੰਦ ਕਰ। ਇਸ ਨਾਲ ਕੋਈ ਮਸਲਾ ਹੱਲ ਨੀਂ ਹੋਣ ਲੱਗਿਆ।"

"ਭਾਈ ਜਾਨ ਕਰੋ ਨਾ ਕੁਛ ਫੇਰ। ਇਸ ਤਰ੍ਹਾਂ ਗੱਲਾਂ ਕਰਦਿਆਂ ਤਾਂ ਸਾਲਾਂ ਦੇ ਸਾਲ ਬੀਤ ਗਏ ਨੇ।"

"ਆਪਾ ਤੂੰ ਈ ਦੱਸ ਕੀ ਕਰੀਏ? ਕੀ ਐ ਆਪਣੇ ਹੱਥ ਵੱਸ।" ਫਾਰੂਕੀ ਦਾ ਵੀ ਦਿਲ ਭਰ ਆਇਆ ਤੇ ਉਸ ਨੇ ਜੇਬ 'ਚੋਂ ਰੁਮਾਲ ਕੱਢਦਿਆਂ ਅੱਥਰੂ ਪੂੰਝੇ।

"ਭਾਈ ਜਾਨ ਤੁਸੀਂ ਵਾਨ ਰਿਡਲੀ ਦਾ ਸ਼ੋਅ ਵੇਖਦੇ ਹੁੰਦੇ ਓਂ?" ਇਸਮਤ ਨੇ ਗੱਲ ਬਦਲੀ।

"ਇਹ ਕੌਣ ਐ?"

"ਇਹ ਕੋਈ ਇੰਗਲੈਂਡ ਦੀ ਜ਼ਨਾਨੀ ਐ। ਕ੍ਰਿਸਚਨ ਤੋਂ ਮੁਸਲਮਾਨ ਬਣੀ ਐ। ਇਹ ਟੀ.ਵੀ. ਸ਼ੋਅ ਚਲਾਉਂਦੀ ਐ। ਇਸ ਦਾ ਮੁੱਖ ਮੁੱਦਾ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰ ਹੁੰਦਾ ਐ। ਖਾਸ ਕਰ ਕੇ ਦਹਿਸ਼ਤਵਾਦ ਦੀ ਆੜ 'ਚ ਆਮ ਮੁਸਲਮਾਨਾਂ 'ਤੇ ਹੋ ਰਹੇ ਜ਼ੁਲਮ।"

"ਅੱਛਾ!!"

"ਹਾਂ। ਪਿਛਲੇ ਹਫਤੇ ਦੇ ਪ੍ਰੋਗਰਾਮ ਦਾ ਮੁੱਖ ਮਕਸਦ ਸੀ, 'ਅਫਗਾਨਿਸਤਾਨ ਦੀਆਂ ਭਿਆਨਕ ਗੁਪਤ ਜੇਲ੍ਹਾਂ 'ਚ ਲੁਕੋ ਕੇ ਰੱਖੇ ਗਏ ਨਿਰਦੋਸ਼ ਲੋਕ,' ਜਿਨ੍ਹਾਂ ਖਿਲਾਫ ਕੇਸ ਕੋਈ ਨੀਂ ਬਣਦਾ। ਉਨ੍ਹਾਂ ਗਰੀਬਾਂ ਦੀ ਕਿਧਰੇ ਸੁਣਵਾਈ ਨੀਂ ਹੁੰਦੀ ਤੇ ਉਹ ਇਸੇ ਤਰ੍ਹਾਂ ਜ਼ੁਲਮ ਨਾ ਸਹਿੰਦੇ ਮੌਤ ਦੀ ਗੋਦ 'ਚ ਜਾ ਪੈਂਦੇ ਨੇ। ਉਨ੍ਹਾਂ ਦੀ ਗ੍ਰਿਫਤਾਰੀ ਕਿਧਰੇ ਵੀ ਨੀਂ ਵਿਖਾਈ ਗਈ ਹੁੰਦੀ, ਇਸ ਕਰ ਕੇ ਉਹ ਦੁਨੀਆਂ ਲਈ ਭੇਤ ਬਣ ਕੇ ਰਹਿ ਜਾਂਦੇ ਨੇ।"

"ਤੇਰਾ ਮਤਲਬ...।" ਫਾਰੂਕੀ ਗਹੁ ਨਾਲ ਇਸਮਤ ਵੱਲ ਝਾਕਿਆ।

"ਹਾਂ ਹਾਂ ਮੈਂ ਉਹੀ ਗੱਲ ਕਰ ਰਹੀ ਆਂ। ਪਿਛਲੇ ਹਫਤੇ ਉਸ ਨੇ ਆਫੀਆ ਦਾ ਮੁੱਦਾ ਉਠਾਇਆ ਸੀ। ਉਸ ਦੇ ਪ੍ਰੋਗਰਾਮ 'ਚ ਕੋਈ ਮੁਅੱਜ਼ਮ ਬੇਗ ਨਾਂ ਦਾ ਆਦਮੀ ਆਇਆ ਸੀ। ਉਹ ਦੱਸ ਰਿਹਾ ਸੀ ਕਿ ਉਸ ਨੂੰ ਵੀ ਸ਼ੱਕ ਦੇ ਆਧਾਰ 'ਤੇ ਫੜਿਆ ਗਿਆ ਸੀ। ਉਸ ਨੂੰ ਅਫਗਾਨਿਸਤਾਨ ਦੀ ਕਿਸੇ ਗੁਪਤ ਜੇਲ੍ਹ 'ਚ ਰੱਖਿਆ ਗਿਆ ਸੀ। ਉਸ 'ਤੇ ਬੜਾ ਤਸ਼ੱਦਦ ਹੋਇਆ, ਪਰ ਜਿਹੜੀ ਖਾਸ ਗੱਲ ਉਸ ਨੇ ਦੱਸੀ, ਉਹ ਇਹ ਸੀ ਕਿ ਉਸ ਨੂੰ ਹਰ ਰੋਜ਼ ਕਿਸੇ ਜ਼ਨਾਨੀ ਦੀਆਂ ਚੀਕਾਂ ਸੁਣਾਈ ਦਿੰਦੀਆਂ ਸਨ। ਜਿਵੇਂ ਕਿਸੇ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੋਵੇ ਤੇ ਉਹ ਇਸ ਨੂੰ ਨਾ ਸਹਾਰਦੀ ਹੋਈ ਚੀਕਦੀ ਕੁਰਲਾਉਂਦੀ ਹੋਵੇ। ਇਹ ਹਰ ਰੋਜ਼ ਦਾ ਵਰਤਾਰਾ ਸੀ। ਉਹ ਜਿੰਨਾ ਚਿਰ ਉਥੇ ਰਿਹਾ, ਇਹ ਚੀਕਾਂ ਸੁਣਦਾ ਰਿਹਾ।"

ਇਸਮਤ ਗੱਲ ਕਰਦੀ ਚੁੱਪ ਹੋਈ ਤੇ ਉਸ ਨੇ ਅੱਖਾਂ ਪੂੰਝੀਆਂ, ਪਰ ਕਿਸੇ ਨੇ ਬੋਲ ਕੇ ਉਸ ਦੀ ਗੱਲ 'ਚ ਵਿਘਨ ਪਾਉਣਾ ਠੀਕ ਨਾ ਸਮਝਿਆ। ਉਹ ਫਿਰ ਬੋਲਣ ਲੱਗੀ, "ਬੇਗ ਨੇ ਦੱਸਿਆ ਕਿ ਉਹ ਕਈ ਵਾਰੀ ਉਸ ਨੂੰ ਕੈਦ ਰੱਖਣ ਵਾਲਿਆਂ ਨੂੰ ਪੁੱਛਦਾ ਕਿ ਇਹ ਔਰਤ ਕੌਣ ਐ ਜੋ ਰੋ ਕੁਰਲਾ ਰਹੀ ਐ, ਪਰ ਉਹ ਹਮੇਸ਼ਾ ਇਹ ਕਹਿ ਕੇ ਟਾਲ ਦਿੰਦੇ ਕਿ ਇਹ ਤਾਂ ਟੇਪਾਂ 'ਚ ਭਰੀ ਹੋਈ ਆਵਾਜ਼ ਐ ਜੋ ਉਸ ਨੂੰ ਸਿਰਫ ਡਰਾਉਣ ਲਈ ਵਰਤੀ ਜਾਂਦੀ ਐ; ਪਰ ਅਸਲੀਅਤ ਹੋਰ ਸੀ...।" ਉਹ ਜ਼ਰਾ ਰੁਕੀ ਤੇ ਫਿਰ ਬੋਲਣ ਲੱਗੀ।

"ਉਸ ਨੂੰ ਕਿਸੇ ਦਿਨ ਇੱਕ ਲੋਕਲ ਅਫਗਾਨੀ ਪੁਲਿਸ ਵਾਲੇ ਨੇ ਦੱਸਿਆ ਕਿ ਇਹ ਕੋਈ ਟੇਪ ਵਗੈਰਾ ਨੀਂ ਐ। ਇਹ ਅਸਲੀ ਔਰਤ ਐ ਜੋ ਨਾਲ ਦੀ ਕੋਠੜੀ 'ਚ ਬੰਦ ਐ। ਇਸ ਔਰਤ ਦੇ ਪਹਿਨਣ ਵਾਲੇ ਕੱਪੜਿਆਂ 'ਤੇ ਕੈਦੀ ਨੰਬਰ 650 ਲਿਖਿਆ ਹੋਇਆ ਐ। ਉਸ ਦੀ ਹਰ ਰੋਜ਼ ਤਫਤੀਸ਼ ਹੁੰਦੀ ਐ ਤੇ ਉਦੋਂ ਈ ਉਹ ਰੋਂਦੀ ਕੁਰਲਾਉਂਦੀ ਐ। ਫਿਰ ਮੁਅੱਜ਼ਮ ਬੇਗ ਨੇ ਇੱਕ ਦਿਨ ਉਸ ਔਰਤ ਦਾ ਚਿਹਰਾ ਵੀ ਵੇਖ ਲਿਆ।"

"ਅੱਛਾ! ਕੀ ਉਹ ਉਸ ਨੂੰ ਪਛਾਣ ਸਕਿਆ?" ਫਾਰੂਕੀ ਨੇ ਉਤਸ਼ਾਹ ਨਾਲ ਪੁੱਛਿਆ।

"ਉਦੋਂ ਤਾਂ ਉਸ ਨੇ ਕੀ ਪਛਾਨਣਾ ਸੀ, ਪਰ



ਉਜ਼ੇਰ ਪਰਾਚਾ ਜਿਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਉਸੇ ਪ੍ਰੋਗਰਾਮ 'ਤੇ ਰਿਡਲੀ ਨੇ ਉਸ ਦੇ ਸਾਹਮਣੇ ਆਫੀਆ ਦੀ ਫੋਟੋ ਕਰ ਦਿੱਤੀ ਤੇ ਪੁੱਛਿਆ ਕਿ ਕੀ ਉਹ ਇਸ ਕੁੜੀ ਵਰਗੀ ਲੱਗਦੀ ਸੀ। ਇਸ 'ਤੇ ਉਹ ਝੱਟ ਬੋਲਿਆ, ਹਾਂ ਇਹ ਫੋਟੋ ਉਸੇ ਕੁੜੀ ਦੀ ਐ।"

ਇਸ ਪਿੱਛੋਂ ਉਥੇ ਕੋਈ ਨਾ ਬੋਲਿਆ। ਸਾਰੇ ਸੁੰਨ ਹੋ ਗਏ। ਇਸਮਤ ਨੇ ਲੰਬਾ ਹੌਕਾ ਭਰਿਆ ਤੇ ਆਪਣੀ ਗੱਲ ਅੱਗੇ ਤੋਰੀ।

"ਇੰਨਾ ਹੀ ਨੀਂ, ਫਿਰ ਰਿਡਲੀ ਨੇ ਉਨ੍ਹਾਂ ਪੰਜ ਤਾਲਿਬਾਨ ਨਾਲ ਹੋਈ ਇੰਟਰਵਿਊ ਵਿਖਾਈ ਜਿਹੜੇ ਬਗਰਾਮ ਸ਼ਹਿਰ ਦੀ ਉਸੇ ਜੇਲ੍ਹ 'ਚੋਂ ਭੱਜਣ ਵਿਚ ਕਾਮਯਾਬ ਹੋ ਗਏ ਸਨ। ਉਨ੍ਹਾਂ ਨੇ ਆਪਣੀ ਇੰਟਰਵਿਊ 'ਚ ਮੰਨਿਆ ਸੀ ਕਿ ਉਨ੍ਹਾਂ ਨੇ ਵੀ ਉਸ ਔਰਤ ਦੀਆਂ ਚੀਕਾਂ ਸੁਣੀਆਂ ਸਨ। ਪਿੱਛੋਂ ਉਸ ਨੂੰ ਵੇਖਿਆ ਵੀ ਸੀ। ਉਨ੍ਹਾਂ ਮੁਤਾਬਕ ਉਹ 650 ਨੰਬਰ ਕੈਦੀ, ਆਫੀਆ ਸਦੀਕੀ ਹੀ ਸੀ।

ਇਸਮਤ ਨੇ ਗੱਲ ਖਤਮ ਕੀਤੀ ਤਾਂ ਕਾਫੀ ਦੇਰ ਸਾਰੇ ਚੁੱਪ ਬੈਠੇ ਰਹੇ। ਫਿਰ ਫਾਰੂਕੀ ਬੋਲਿਆ, "ਆਪਾ ਤੂੰ ਹੀ ਦੱਸ ਫਿਰ ਆਫੀਆ ਨੂੰ ਹੁਣ ਕਿੱਥੇ ਭਾਲੀਏ?"

"ਗੱਲ ਤਾਂ ਭਾਈ ਜਾਨ ਮੈਂ ਵੀ ਸਮਝਦੀ ਆਂ, ਪਰ ਕਿਸੇ 'ਤੇ ਇਤਬਾਰ ਈ ਨੀਂ ਆਉਂਦਾ। ਕੀ ਪਤਾ ਐ ਕਿ ਕੌਣ ਸਹੀ ਐ। ਹੋ ਸਕਦੈ, ਵਾਨ ਰਿਡਲੀ ਝੂਠੀ ਹੋਵੇ ਤੇ ਆਪਣਾ ਸ਼ੋਅ ਵੇਚਣ ਦੀ ਮਾਰੀ ਇਹ ਸਭ ਕਰ ਰਹੀ ਹੋਵੇ।"

"ਆਪਾ, ਇਹ ਬੜਾ ਵੱਡਾ ਭੰਬਲਭੂਸਾ ਐ। ਪਤਾ ਨੀਂ ਕਿ ਅੱਗੇ ਕੀ ਹੋਣੈ।"

ਉਹ ਗੱਲਾਂ ਕਰ ਹੀ ਰਹੇ ਸਨ ਕਿ ਫੋਨ ਖੜਕਿਆ। ਇਸਮਤ ਨੇ ਅਗਾਂਹ ਹੋ ਕੇ ਫੋਨ ਚੁੱਕ ਲਿਆ। ਉਧਰੋਂ ਬਿਨਾਂ ਆਪਣਾ ਨਾਂ ਵਗੈਰਾ ਦੱਸਿਆਂ ਈ ਕੋਈ ਬੋਲਣ ਲੱਗਿਆ, "ਤੁਸੀਂ ਫਿਰ ਤੋਂ ਆਫੀਆ ਨੂੰ ਲੱਭਣ ਤੁਰ ਪਏ ਓਂ। ਤੁਹਾਨੂੰ ਚੈਨ ਦੀ ਜ਼ਿੰਦਗੀ ਜਿਉਣਾ ਚੰਗਾ ਨੀਂ ਲੱਗਦਾ?"

"ਨੀਂ ਜੀ ਅਜਿਹੀ ਤਾਂ ਕੋਈ ਗੱਲ ਨੀਂ, ਪਰ ਤੁਸੀਂ ਕੌਣ ਓਂ?"

"ਤੇਰਾ ਪੁੱਤਰ ਅਮਰੀਕਾ ਤੋਂ ਚੱਲ ਕੇ ਇੱਥੇ ਆਫੀਆ ਨੂੰ ਲੱਭਣ ਆਇਆ ਐ। ਚੰਗਾ ਇਹੀ ਐ ਕਿ ਇਹ ਵਾਪਸ ਚਲਿਆ ਜਾਵੇ। ਨੀਂ ਤਾਂ ਇਸ ਦੀ ਖੈਰ ਨੀਂ।"

"ਕਿੱਥੇ ਐ ਮੇਰੀ ਬੱਚੀ? ਉਸ ਬਾਰੇ ਕੁਛ ਦੱਸ ਸਕਦੇ ਓਂ?" ਇਸਮਤ ਤੜਫ ਕੇ ਬੋਲੀ।

"ਉਹ ਠੀਕ ਠਾਕ ਐ। ਉਸ ਨੂੰ ਕੋਈ ਖਤਰਾ ਨੀਂ ਪਰ ਜੇ ਤੁਸੀਂ ਉਸ ਨੂੰ ਭਾਲਣ ਵਾਲਾ ਸਿਲਸਿਲਾ ਬੰਦ ਨਾ ਕੀਤਾ ਤਾਂ ਜ਼ਰੂਰ ਉਸ ਦੀ ਜ਼ਿੰਦਗੀ ਨੂੰ ਖਤਰੇ 'ਚ ਪਾਓਗੇ। ਨਾਲ ਈ ਆਪਣੀਆਂ ਜ਼ਿੰਦਗੀਆਂ ਦੀ ਵੀ ਬਰਬਾਦੀ ਕਰਵਾਓਗੇ।" ਇੰਨਾ ਕਹਿ ਕੇ ਉਧਰੋਂ ਕਿਸੇ ਨੇ ਫੋਨ ਕੱਟ ਦਿੱਤਾ।

"ਕੌਣ ਸੀ?" ਫਾਰੂਕੀ ਉਠ ਕੇ ਇਸਮਤ ਦੇ ਕੋਲ ਆ ਗਿਆ।

"ਉਹੀ ਧਮਕੀਆਂ ਵਾਲਾ ਸਿਲਸਿਲਾ ਸ਼ੁਰੂ ਹੋ ਗਿਆ ਐ। ਕਹਿੰਦੇ ਕਿ ਜੇ ਆਫੀਆ ਦੀ ਭਲੀ ਚਾਹੁੰਦੇ ਓ ਤਾਂ ਆਪਣੇ ਪੁੱਤਰ ਨੂੰ ਕਹਿ ਦਿਉ ਕਿ ਵਾਪਸ ਅਮਰੀਕਾ ਮੁੜ ਜਾਵੇ।"

ਇਸ ਗੱਲ ਦੇ ਉਤਰ 'ਚ ਫਾਰੂਕੀ ਨੇ ਕਿਹਾ ਤਾਂ ਕੁਝ ਨਾ, ਪਰ ਉਸ ਨੂੰ ਜ਼ਹੀਰ ਖਾਂ ਯਾਦ ਆ ਗਿਆ। ਉਹ ਕੁਝ ਦੇਰ ਚੁੱਪ ਰਹਿੰਦਾ ਬੋਲਿਆ, "ਆਪਾ ਮੈਂ ਇੱਕ ਗੱਲ ਕਹਿਣੀ ਚਾਹੁੰਨਾਂ।"

"ਜੀ ਭਾਈ ਜਾਨ ਦੱਸੋ ਕੀ ਗੱਲ ਐ?"

"ਮੇਰਾ ਖਿਆਲ ਐ ਕਿ ਮੁਹੰਮਦ ਨੂੰ ਵਾਪਸ ਅਮਰੀਕਾ ਮੁੜ ਜਾਣਾ ਚਾਹੀਦੈ। ਕਿਤੇ ਇੱਕ ਕੰਮ ਠੀਕ ਕਰਦੇ ਕਰਦੇ ਕਿਸੇ ਨਵੇਂ ਲਫੜੇ 'ਚ ਨਾ ਫਸ ਜਾਈਏ।"

"ਭਾਈ ਜਾਨ ਤੁਹਾਡੀ ਗੱਲ ਮੈਨੂੰ ਬਿਲਕੁਲ ਠੀਕ ਜਾਪਦੀ ਐ। ਪਹਿਲਾਂ ਵੀ ਮੈਂ ਐਵੇਂ ਜਜ਼ਬਾਤੀ ਹੋਈ ਨੇ ਇਸ ਨੂੰ ਇੱਥੇ ਸੱਦ ਲਿਆ। ਹੁਣ ਮੈਂ ਸੋਚਦੀ ਆਂ ਕਿ ਜਿੰਨੀ ਜਲਦੀ ਹੋ ਸਕੇ ਇਸ ਨੂੰ ਵਾਪਸ ਮੁੜ ਜਾਣਾ ਚਾਹੀਦਾ ਐ।"

"ਜੇ ਇਹ ਗੱਲ ਐ ਤਾਂ ਮੈਂ ਕੱਲ੍ਹ ਨੂੰ ਹੀ ਇਸ ਦੀ ਟਿਕਟ ਦਾ ਪ੍ਰਬੰਧ ਕਰਵਾ ਦਿੰਨਾਂ।"

ਫਿਰ ਉਨ੍ਹਾਂ ਦੀ ਇਸ ਗੱਲ 'ਤੇ ਸਹਿਮਤੀ ਹੋ ਗਈ। ਅਗਲੇ ਦਿਨ ਫਾਰੂਕੀ ਨੇ ਟਿਕਟ ਦਾ ਪਤਾ ਕਰਵਾਇਆ। ਦੋ ਦਿਨ ਬਾਅਦ ਦੀ ਉਨ੍ਹਾਂ ਨੂੰ ਸੀਟ ਮਿਲ ਗਈ। ਅਗਲੇ ਦਿਨ ਉਹ ਹੋਰ ਕਈ ਵੱਡੇ ਬੰਦਿਆਂ ਨੂੰ ਮਿਲੇ ਤੇ ਆਫੀਆ ਬਾਰੇ ਪਤਾ-ਸਤਾ ਕੀਤਾ, ਪਰ ਉਸ ਦਾ ਕੋਈ ਪਤਾ ਨਾ ਲੱਗਿਆ। ਤੀਜੇ ਦਿਨ ਫਾਰੂਕੀ, ਮੁਹੰਮਦ ਨੂੰ ਕਰਾਚੀ ਦੇ ਏਅਰਪੋਰਟ ਤੋਂ ਅਮਰੀਕਾ ਦੀ ਫਲਾਈਟ 'ਚ ਚੜ੍ਹਾ ਆਇਆ। ਇਸ ਪਿੱਛੋਂ ਉਹ ਵਾਪਸ ਇਸਲਾਮਾਬਾਦ ਚਲਾ ਗਿਆ। ਅਗਲੇ ਕਈ ਦਿਨ ਉਹ ਬੜਾ ਅੱਪਸੈੱਟ ਰਿਹਾ। ਫਿਰ ਨਿੱਤ ਦੀ ਤਰ੍ਹਾਂ ਜ਼ਿੰਦਗੀ ਆਪਣੀ ਰੇੜ੍ਹੇ ਪੈ ਗਈ।

ਉਧਰ ਲੋਕਾਂ ਵਿਚ ਆਫੀਆ ਦਾ ਮਾਮਲਾ ਠੰਢਾ ਪੈਂਦਾ ਜਾ ਰਿਹਾ ਸੀ ਕਿਉਂਕਿ ਹੁਣ ਚੀਫ ਜਸਟਿਸ ਚੌਧਰੀ ਨੂੰ ਬਹਾਲ ਕਰਵਾਉਣ ਦੀ ਮੁਹਿੰਮ ਤੇਜ਼ ਹੋ ਗਈ ਸੀ। ਇਵੇਂ ਹੀ ਹੁੰਦਾ ਸੀ। ਜਦੋਂ ਕਦੇ ਆਫੀਆ ਦੀ ਗੱਲ ਮੀਡੀਏ 'ਚ ਆਉਣ ਲੱਗਦੀ ਤਾਂ ਲੋਕਾਂ ਦਾ ਰੋਹ ਜਾਗ ਉਠਦਾ ਤੇ ਉਹ ਸੜਕਾਂ 'ਤੇ ਨਿਕਲ ਆਉਂਦੇ, ਪਰ ਉਦੋਂ ਨੂੰ ਕੋਈ ਹੋਰ ਮੁੱਦਾ ਸਾਹਮਣੇ ਆ ਜਾਂਦਾ ਤਾਂ ਲੋਕ ਉਧਰ ਨੂੰ ਉਲਾਰ ਹੋ ਜਾਂਦੇ। ਵੈਸੇ ਵੀ ਬਹੁਤ ਘੱਟ ਪਾਕਿਸਤਾਨੀ ਲੋਕਾਂ ਨੂੰ ਪਤਾ ਸੀ ਕਿ ਆਈ.ਐਸ.ਆਈ. ਜਾਂ ਅਮਰੀਕਨ ਐਫ.ਬੀ.ਆਈ. ਆਫੀਆ ਦੇ ਮਗਰ ਇਸ ਤਰ੍ਹਾਂ ਕਿਉਂ ਹੱਥ ਧੋ ਕੇ ਪਈ ਹੋਈ ਹੈ; ਜਾਂ ਫਿਰ ਜੇ ਉਹ ਉਨ੍ਹਾਂ ਦੀ ਹਿਰਾਸਤ ਵਿਚ ਹੈ ਤਾਂ ਵੀ ਇਹ ਮਾਮਲਾ ਕੀ ਹੈ! ਆਮ ਲੋਕਾਂ ਨੂੰ ਇਸ ਗੱਲ ਦਾ ਵੀ ਪਤਾ ਨਹੀਂ ਸੀ ਕਿ ਉਹ ਕੇ.ਐਸ.ਐਮ. ਦੇ ਭਾਣਜੇ ਅਲੀ ਦੀ ਦੂਜੀ ਬੀਵੀ ਹੈ। ਇਸ ਬਲੋਚੀ ਪਰਿਵਾਰ ਦਾ ਪੂਰਾ ਕਿੱਸਾ ਵੀ ਲੋਕਾਂ ਨੂੰ ਮਾਲੂਮ ਨਹੀਂ ਸੀ। ਆਫੀਆ ਅਮਰੀਕਾ ਰਹਿ ਕੇ ਕੀ ਕਰਦੀ ਰਹੀ, ਜਾਂ ਇੱਥੇ ਆ ਕੇ ਕਿਸ ਕਿਸਮ ਦੀਆਂ ਕਾਰਵਾਈਆਂ 'ਚ ਹਿੱਸਾ ਲੈਂਦੀ ਰਹੀ, ਜਾਂ ਉਸ ਦਾ ਜਹਾਦ ਵੱਲ ਉਲਾਰ ਹੋਣਾ, ਅਜਿਹੀਆਂ ਕਿਸੇ ਵੀ ਗੱਲਾਂ ਦਾ ਲੋਕਾਂ ਨੂੰ ਪਤਾ ਨਹੀਂ ਸੀ। ਲੋਕ ਸਮਝ ਰਹੇ ਸਨ ਕਿ ਇਸ ਦੁਖਿਆਰੀ ਔਰਤ ਨੂੰ ਦੁਨੀਆਂ ਦੀ ਸੁਪਰ ਪਾਵਰ, ਅਮਰੀਕਾ ਤੰਗ ਕਰ ਰਿਹਾ ਹੈ। ਇਸੇ ਕਰ ਕੇ ਲੋਕਾਂ ਨੂੰ ਆਫੀਆ ਸਦੀਕੀ ਨਾਲ ਹਮਦਰਦੀ ਸੀ।

(ਚੱਲਦਾ)

# ਚਾਰੂ ਦੀ ਸੱਜੀ-ਖੱਬੀ ਬਾਂਹ ਸਰੋਜ ਦੱਤਾ ਤੇ ਸੁਸ਼ੀਤਲ ਰਾਏ ਚੌਧਰੀ

(ਸਫਾ 29 ਦੀ ਬਾਕੀ)

ਲਿਖਣੀ ਸ਼ੁਰੂ ਕਰ ਦਿੱਤੀ ਸੀ। ਨਕਸਲਬਾੜੀ ਵਿਚ ਕਿਸਾਨ ਵਿਦਰੋਹ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਨੇ ਇਸ ਦਾ ਸਵਾਗਤ ਕੀਤਾ। ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ। ਬਾਅਦ ਵਿਚ ਸੀ.ਪੀ.ਆਈ.(ਐਮ.ਐਲ.) ਬਣਨ 'ਤੇ ਉਹ 'ਲਿਬਰੇਸ਼ਨ' ਅਤੇ 'ਦੇਸ਼ ਭਰਤੀ' ਨਾਂ ਦੀਆਂ ਦੋਹਾਂ ਅਖਬਾਰਾਂ ਦੇ ਐਡੀਟਰ-ਇਨ-ਚੀਫ ਰਹੇ।

ਕਾਮਰੇਡ ਚਾਰੂ ਮੋਜ਼ਮਦਾਰ ਨਾਲ ਸੁਸ਼ੀਤਲ ਰੇਅ ਚੌਧਰੀ ਦੇ ਮਤਭੇਦ ਹੋ ਜਾਣ 'ਤੇ ਵੀ ਉਨ੍ਹਾਂ ਨੂੰ ਚਾਰੂ ਦੇ ਇਨਕਲਾਬੀ ਕਿਰਦਾਰ ਵਿਚ ਮੁਕੰਮਲ ਨਿਹਚਾ ਬਣੀ ਰਹੀ। ਖੁਦ ਚਾਰੂ ਰਾਏ ਚੌਧਰੀ ਨੂੰ ਅਤੇ ਸਰੋਜ ਦੱਤਾ ਨੂੰ ਆਪਣੀ ਸੱਜੀ ਅਤੇ ਖੱਬੀ ਬਾਂਹ ਮੰਨਦੇ ਸਨ, ਪਰ ਜ਼ਾਹਰ ਹੈ ਕਿ 1972 ਵਿਚ ਚਾਰੂ ਮਜ਼ੂਮਦਾਰ ਦੀ ਗ੍ਰਿਫਤਾਰੀ ਅਤੇ ਮੌਤ ਤੋਂ ਸਾਲ ਪਹਿਲਾਂ ਹੀ ਉਨ੍ਹਾਂ ਦਾ ਕਿਸ ਕਿਸਮ ਦਾ ਨੁਕਸਾਨ ਹੋ ਗਿਆ ਹੋਇਆ ਸੀ।

ਇਹ ਦੋਵੇਂ ਕਾਮਰੇਡ ਇਕ ਤਰ੍ਹਾਂ ਨਾਲ ਮਹਾਨ ਇਨਕਲਾਬੀ ਸੰਤ ਸਨ। ਉਨ੍ਹਾਂ ਦੀਆਂ ਲਿਖਤਾਂ ਵਿਚ ਹੁਣ ਤੱਕ ਦੀ ਮਾਨਵੀ ਸਭਿਅਤਾ ਦੌਰਾਨ ਹਾਕਮ ਧਿਰਾਂ ਹੱਥੋਂ ਆਮ ਇਨਸਾਨ ਦੀ ਹੋਈ ਅਮਾਨਵੀ ਬੇਪੱਤੀ ਵਿਰੁਧ ਜ਼ਬਰਦਸਤ ਆਕਰੋਸ਼ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਨ੍ਹਾਂ ਕਾਮਰੇਡਾਂ ਬਾਰੇ ਮੈਂ ਜਦੋਂ ਲਿਖ ਰਿਹਾ ਹਾਂ ਤਾਂ ਮਨ ਵਿਚ ਵਾਰ-ਵਾਰ ਯਾਂ ਪਾਲ ਸਾਰਤਰ ਦੀਆਂ ਲਿਖਤਾਂ ਦੇ ਹਵਾਲੇ ਉਭਰ ਰਹੇ ਸਨ। ਸਾਰਤਰ ਦਾ ਯਾਰ ਯਾਂ ਜੇਨੇ ਫਰਾਂਸੀਸੀ ਭਾਸ਼ਾ ਦੇ 20ਵੀਂ ਸਦੀ ਦੇ ਮਹਾਨ ਲੇਖਕ ਵਜੋਂ ਸਵੀਕਾਰੇ ਜਾਣ ਤੋਂ ਪਹਿਲਾਂ ਹਰਾਮੀ ਸੀ, ਚੋਰ ਸੀ, ਕਾਤਲ ਸੀ, ਜਨਾਹੀ ਸੀ ਅਤੇ ਹੋਰ ਪਤਾ ਨਹੀਂ ਅਜਿਹਾ ਹੀ ਅੰਟ-ਸ਼ੰਟ ਕੀ ਕੀ ਸੀ। ਜੇਲ੍ਹ ਵਿਚ ਨਜ਼ਰਬੰਦੀ ਦੌਰਾਨ ਉਸ ਨੇ ਬੜੇ ਕਸੂਤੇ ਜਿਹੇ ਵਿਸ਼ੇ ਨੂੰ ਲੈ ਕੇ ਜਦੋਂ 'ਅਵਰ ਲੇਡੀ ਆਫ ਫਲਾਵਰ' ਨਾਂ ਦੇ ਕਾਵਿਕ ਨਾਵਲ ਵਿਚ ਆਦਮੀ ਦੇ ਅਸਤਿਤਵੀ ਦਰਦ ਦੀ ਆਪਣੀ ਤਰ੍ਹਾਂ ਨਾਲ ਹੀ ਬਾਤ ਪਾਈ ਤਾਂ ਸ਼ੁਰੂ-ਸ਼ੁਰੂ ਵਿਚ ਉਹ ਕਿਸੇ ਦੇ ਗੇੜ ਵਿਚ ਨਾ ਆਈ। ਅਨੇਕਾਂ ਪਬਲਿਸ਼ਰਾਂ ਨੇ ਉਸ ਨੂੰ ਖੋਰਨ ਲਿਖਤ ਕਹਿ ਕੇ ਛਾਪਣ ਤੋਂ ਨਾਂਹ ਕਰ ਦਿੱਤੀ। ਅਜੀਬ ਇਤਫਾਕ ਸੀ ਕਿ ਉਹ ਲੰਮਾ ਗੀਤਨੁਮਾ ਨਾਵਲ ਸਾਰਤਰ ਦੇ ਹੱਥ ਆ ਗਿਆ। ਸਾਰਤਰ ਨਾਵਲ ਦੇ ਵਿਸ਼ੇ ਅਤੇ ਭਾਸ਼ਾ ਦੀ ਤਾਜ਼ਗੀ ਨੂੰ ਵੇਖਦਿਆਂ ਅਸ਼-ਅਸ਼ ਕਰ ਉਠਿਆ। ਉਸ ਨੇ ਉਸ ਨਾਵਲ ਦੀ 50 ਸਫਿਆਂ ਤੋਂ ਵੀ ਲੰਮੀ ਜੋ ਭੂਮਿਕਾ ਲਿਖੀ। ਉਹ ਵੀ ਆਪਣੀ ਕਿਸਮ ਦਾ ਗੀਤ ਸੀ।

ਯਾਂ ਪਾਲ ਸਾਰਤਰ ਨੇ ਇਥੇ ਹੀ ਬਸ ਨਹੀਂ ਸੀ ਕਰ ਦਿੱਤਾ। ਅਗਲੇ ਕੁਝ ਹੀ ਵਰ੍ਹਿਆਂ ਵਿਚ ਯਾਂ ਜੇਨੇ ਦੀਆਂ 'ਬਲੈਕਸ' 'ਮੇਡਜ਼' ਅਤੇ 'ਚੇਅਰਜ਼' ਨਾਂ ਦੇ ਡਰਾਮੇ ਅਤੇ 'ਥੀਫਜ਼ ਜਰਨਲ' ਨਾਂ ਹੇਠ ਯਾਦਾਂ ਦੀਆਂ ਉਪਰਥਲੀ ਹੀ ਕਈ ਪੁਸਤਕਾਂ ਛਪ ਗਈਆਂ ਤੇ ਫਿਰ ਸਾਰਤਰ ਨੇ ਯਾਂ ਜੇਨੇ ਦੀ ਕਲਾਤਮਿਕ ਘਾਲ ਕਮਾਈ ਜਾਂ ਬੁਰਜੂਆਂ ਨਿਜ਼ਾਮ ਦੇ ਅਮਾਨਵੀ ਸੁਭਾਅ ਵਿਰੁਧ ਉਸ ਦੇ ਆਕਰੋਸ਼ 'ਤੇ ਆਪਣੀ ਹੀ ਤਰ੍ਹਾਂ ਦੀ ਬਗਾਵਤ ਦਾ ਰੈਸ਼ਨੇਲ ਦੇਣ ਲਈ 'ਸੈਂਟ ਜੇਨੇ ਕਮੇਡੀਅਨ ਐਂਡ ਮਾਰਟਾਇਰ' ਸਿਰਲੇਖ ਹੇਠ ਜੋ ਲੇਖ ਲਿਖਿਆ ਸੀ, ਉਹ ਕਰੀਬ 1000 ਸਫਿਆਂ ਉਪਰ ਫੈਲਿਆ ਹੋਇਆ ਹੈ। ਯਾਂ ਪਾਲ ਸਾਰਤਰ ਇਨਸਾਨੀ ਹਸਤੀ ਦੀ ਸ਼ਾਨ ਅਤੇ ਸੁਤੰਤਰਤਾ ਦਾ 20ਵੀਂ ਸਦੀ ਦਾ ਸਭ ਤੋਂ ਮਹਾਨ ਦਾਰਸ਼ਨਿਕ ਸੀ। 1940 ਦੇ ਆਸ-ਪਾਸ ਨਾਜ਼ੀਆਂ ਦੇ ਫਰਾਂਸ ਉਪਰ ਕਬਜ਼ੇ ਦਾ ਵਿਰੋਧ ਕਰਨ ਦੇ ਦੋਸ਼ ਹੇਠ ਖੁਦ ਉਸ ਨੂੰ ਨਾਜ਼ੀ ਬੰਦੀ ਕੈਂਪਾਂ ਵਿਚ ਵੀ ਰਹਿਣਾ ਪਿਆ। ਇਨਸਾਨੀ ਹਸਤੀ ਦੇ ਸੁਭਾਅ ਬਾਰੇ ਉਸ ਦੌਰਾਨ 1943 ਵਿਚ 'ਬੀਇੰਗ ਐਂਡ ਨਥਿੰਗਨੈੱਸ' ਸਿਰਲੇਖ ਹੇਠ ਮੁੱਖ ਅਸਤਿਤਵਵਾਦੀ ਦਰਸ਼ਨ ਬਾਰੇ ਆਪਣੀ ਪਹਿਲੀ ਵਿਸ਼ਾਲ ਕਿਤਾਬ ਲਿਖੀ। ਇਸ ਪੁਸਤਕ ਅੰਦਰ ਤੇਜ਼ ਤੋਂ ਤੇਜ਼ ਬੁੱਧੀ ਵਾਲੇ ਮਨੁੱਖ ਨੂੰ ਵੀ ਚੱਕਰਾ ਦੇਣ ਵਾਲਾ ਬੇਓੜਕ ਸਰਕਲ ਸਿਰਜਣ ਦੇ ਬਾਵਜੂਦ ਸਾਰਤਰ ਦੀ ਸ਼ਾਨ ਇਸ ਇਤਿਹਾਸਕ ਸਵੀਕ੍ਰਿਤੀ ਵਿਚ ਨਿਹਤ ਸੀ। ਆਦਮੀ ਦੀ ਸੁਤੰਤਰਤਾ ਬਾਰੇ ਜੇ ਕਿਸੇ ਨੇ ਸੁਹਿਰਦਤਾ ਨਾਲ ਗੱਲ ਕਰਨੀ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਉਨ੍ਹਾਂ ਸਰੋਕਾਰਾਂ ਅਤੇ ਚੁਣੌਤੀਆਂ ਨਾਲ ਦੋ-ਚਾਰ ਹੋਣਾ ਪਵੇਗਾ ਜੋ ਕਾਰਲ ਮਾਰਕਸ ਨੇ 'ਪੂੰਜੀ' ਨਾਂ ਦੀ ਆਪਣੀ ਮਹਾਨ ਰਚਨਾ ਨਾਲ ਸਮੁੱਚੇ ਸਰਮਾਏਦਾਰੀ ਨਿਜ਼ਾਮ ਅੱਗੇ ਖੜ੍ਹੀਆਂ ਕਰ ਦਿੱਤੀਆਂ ਹੋਈਆਂ ਸਨ।

ਸਰੋਜ ਦੱਤਾ ਅਤੇ ਸੁਸ਼ੀਤਲ ਰਾਏ ਚੌਧਰੀ ਦੇ ਚਿੰਤਨ ਨਾਲ ਮੇਰੀ ਆਪਣੇ ਹਜ਼ਾਰ ਨਿੱਜੀ ਕਾਰਨਾਂ ਕਰ ਕੇ ਕੋਈ ਸੰਮਤੀ ਨਹੀਂ ਹੈ, ਪਰ ਉਨ੍ਹਾਂ ਦੀ ਸੁਹਿਰਦਤਾ ਬਾਰੇ ਤਾਂ ਕਿਸੇ ਨੂੰ ਵੀ ਕੋਈ ਸ਼ੰਕਾ ਨਹੀਂ ਹੋ ਸਕਦਾ। ਚੰਗਾ ਹੋਵੇ, ਸਾਡੀ ਆਪਣੀ ਧਰਤੀ 'ਤੇ ਵੀ ਕੋਈ ਸਾਰਤਰ ਵਰਗਾ ਚਿੰਤਕ ਆਵੇ ਜੋ ਕਾਮਰੇਡ ਦੱਤਾ ਅਤੇ ਕਾਮਰੇਡ ਸੁਸ਼ੀਤਲ ਰਾਏ ਚੌਧਰੀ ਦੀ ਹਸਤੀ ਦੀ ਸ਼ਾਨ ਅਤੇ ਉਨ੍ਹਾਂ ਦੇ ਸਰੋਕਾਰਾਂ ਦੀ ਵਾਜਬੀਅਤ ਦਾ ਉਸੇ ਤਰ੍ਹਾਂ ਦੇ ਪੈਸ਼ਨ ਨਾਲ ਤਰਕ ਸਿਰਜੇ ਜਿਸ ਕਿਸਮ ਦਾ ਤਰਕ ਸਾਰਤਰ ਨੇ ਯਾਂ ਜੇਨੇ ਦੀ ਬੁਰਜੂਆ ਨਿਜ਼ਾਮ ਵਿਰੁਧ ਆਪਣੀ ਹੀ ਕਿਸਮ ਦੀ ਵਿਦਰੋਹੀ ਜ਼ਮੀਰ ਦੀਆਂ ਤਹਿਆਂ ਵਿਚ ਰਮੇ ਹੋਏ ਇਨਸਾਨੀ ਸੁਹੱਪਣ ਨੂੰ ਉਜਾਗਰ ਕਰਨ ਲਈ ਉਸਾਰਿਆ ਹੈ।

(ਸਮਾਪਤ)

# ਸਿੱਖ, ਸਿੱਖ ਤੇ ਸਿੱਖ...

(ਸਫਾ 12 ਦੀ ਬਾਕੀ)

ਸਮਾਜ ਸੇਵੀ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ 'ਸਿਟੀਜ਼ਨ ਜਸਟਿਸ ਕਮੇਟੀ' ਅਤੇ 'ਹਿਊਮਨ ਰਾਈਟਸ ਵਾਚ' ਦੀਆਂ ਰਿਪੋਰਟਾਂ ਵੀ ਗੌਰ ਦੀ ਮੰਗ ਕਰਦੀਆਂ ਸਨ। ਉਕਤ ਪੁਲਿਸ ਅਫਸਰ ਦਾ ਕਹਿਣਾ ਸੀ ਕਿ ਜੇ ਇਨ੍ਹਾਂ ਜਥੇਬੰਦੀਆਂ ਦੀਆਂ ਰਿਪੋਰਟਾਂ ਨੂੰ ਅਦਾਲਤੀ ਪ੍ਰਕਿਰਿਆ ਦਾ ਹਿੱਸਾ ਬਣਾਇਆ ਜਾਂਦਾ ਤਾਂ ਚੰਗੇ ਨਤੀਜਿਆਂ ਤੇ ਫੈਸਲਿਆਂ ਦੀ ਆਸ ਕੀਤੀ ਜਾ ਸਕਦੀ ਸੀ। ਇਸ ਤੋਂ ਬਿਨਾਂ ਮੀਡੀਆ 'ਚ ਵੀ ਕੁਝ ਚੰਗੀਆਂ ਰਿਪੋਰਟਾਂ ਛਪੀਆਂ ਜਿਨ ਜਿਹੜੀਆਂ ਕੇਸ ਦਾ ਹਿੱਸਾ ਬਣਾਈਆਂ ਜਾ ਸਕਦੀਆਂ ਸਨ। ਇਨ੍ਹਾਂ ਵਿਚੋਂ ਸਭ ਤੋਂ ਅਹਿਮ, ਭਾਰਤ ਦੀ ਨਾਮਵਰ ਅਖਬਾਰ 'ਏਸ਼ੀਅਨ ਏਜ' ਦੀ ਮੁੱਖ ਰਿਪੋਰਟ ਸੀ-'ਦਿ ਮਦਰ ਆਫ ਆਲ ਕਵਰ ਅੱਪਸ'। ਇਸ ਤੋਂ ਬਿਨਾਂ 'ਟਾਈਮਜ਼' ਅਖਬਾਰ ਦੀ ਰਿਪੋਰਟ ਵੀ ਬਹੁਤ ਅਹਿਮੀਅਤ ਰੱਖਦੀ ਹੈ।

ਸਮਝਿਆ ਜਾਂਦਾ ਕਿ ਅਜਿਹੀਆਂ ਰਿਪੋਰਟਾਂ ਨੂੰ ਜਾਣ-ਬੁੱਝ ਕੇ ਕਿਸੇ ਸਾਜ਼ਿਸ਼ ਤਹਿਤ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਦੰਗਿਆਂ ਦੇ ਇਕ ਹੋਰ ਚਸ਼ਮਦੀਦ ਗਵਾਹ ਹੀ ਨਹੀਂ, ਅਨੇਕਾਂ ਸਿੱਖਾਂ ਨੂੰ ਬਚਾਉਣ ਵਾਲੇ ਫੌਜੀ ਅਫਸਰ ਕਰਨਲ ਸੰਧੂ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕੀਤਾ ਗਿਆ ਜਿਹੜਾ ਪਿੱਛੋਂ ਸਰਕਾਰੀ ਪੱਖਪਾਤ ਕਾਰਨ ਨੌਕਰੀ ਛੱਡ ਕੇ ਕੈਲੀਫੋਰਨੀਆ ਆ ਵੱਸਿਆ ਸੀ ਤੇ ਕੁਝ ਸਾਲ ਪਹਿਲਾਂ ਦਿਲ ਦਾ ਦੌਰਾ ਪੈਣ ਅਤੇ ਕੁਝ ਸਮਾਂ ਬੇਹੋਸ਼ੀ ਵਿਚ ਰਹਿਣ ਪਿੱਛੋਂ ਵਿਛੋੜਾ ਦੇ ਗਿਆ। ਇਉਂ ਇਤਿਹਾਸ ਦਾ ਇਕ ਪੰਨਾ ਸਦਾ ਲਈ ਮਿਟ ਗਿਆ। ਉਸ ਕੋਲ ਦੰਗਿਆਂ ਸਬੰਧੀ ਬਹੁਤ ਜਾਣਕਾਰੀ ਸੀ। ਦੰਗਿਆਂ ਵੇਲੇ ਉਹ ਦਿੱਲੀ ਤਾਇਨਾਤ ਸੀ। ਬਿਮਾਰੀ ਦੀ ਹਾਲਤ 'ਚ ਵੀ ਕੋਈ ਸਿੱਖ ਆਗੂ ਜਾਂ ਕਿਸੇ ਗੁਰਦੁਆਰੇ ਦੀ ਕਮੇਟੀ ਉਸ ਦਾ ਹਾਲ ਪੁੱਛਣ ਨਹੀਂ ਪੁੱਜੀ।

ਇਸ ਵਰਤਾਰੇ ਨਾਲ ਸਬੰਧਤ ਤੀਜੀ ਘਟਨਾ ਹਰਿਮੰਦਰ ਸਾਹਿਬ ਅੰਦਰ ਬਣੀ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਲੋਕਾਂ ਦੀ ਯਾਦਗਾਰ ਬਾਰੇ ਹੈ। ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਦਮਦਮੀ ਟਕਸਾਲ ਵੱਲੋਂ ਤਿਆਰ ਕੀਤੀ ਗਈ ਯਾਦਗਾਰ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਵਾਲੀ ਘੜੀ ਅਤੇ ਨਾਂਵਾਂ ਦੇ ਪੱਤਰੇ ਲਾਉਣ ਕਰ ਕੇ ਭਾਰਤੀ ਸਿਆਸਤ, ਖਾਸ ਕਰ ਕੇ ਪੰਜਾਬੀ ਸਿਆਸਤ 1980 ਦੇ ਦੌਰ ਵਰਗੇ ਉਬਾਲੇ ਮਾਰਨ ਲੱਗ ਪਈ ਹੈ। ਅਸਲ 'ਚ 1980 ਦੇ ਦੌਰ ਵਾਂਗ ਪੰਜਾਬ ਦੀਆਂ ਸਾਰੀਆਂ ਧਿਰਾਂ ਸੰਤ ਭਿੰਡਰਾਂਵਾਲੇ ਦੇ ਨਾਂ 'ਤੇ ਰਾਜਸੀ ਗੀਟੇ ਖੇਡਣਾ ਚਾਹੁੰਦੀਆਂ ਹਨ। ਅਕਾਲੀ ਯਾਦਗਾਰ ਨੂੰ ਸਾਧਾਰਨ ਗੁਰਦੁਆਰੇ ਦਾ ਰੂਪ ਦੇ ਕੇ ਸਖਤ ਰੌਂਅ ਵਾਲੇ ਸਿੱਖਾਂ ਨੂੰ ਵੀ ਨਾਲ ਜੋੜਨਾ ਚਾਹੁੰਦੇ ਹਨ ਤੇ ਹਿੰਦੂ ਵੋਟ ਤੇ ਭਾਜਪਾ ਨੂੰ ਖੁਸ਼ ਰੱਖਣਾ ਚਾਹੁੰਦੇ ਹਨ। ਇਸ ਲਈ ਉਹ ਪੰਜਾਬ ਦੇ ਕਾਲੇ ਦੌਰ ਦਾ ਸਾਰਾ ਦੋਸ਼ ਕਾਂਗਰਸ ਉਤੇ ਹੀ ਮੜ੍ਹ ਰਹੇ ਹਨ। ਦੂਜੇ ਪਾਸੇ ਕਾਂਗਰਸ, ਭਿੰਡਰਾਂਵਾਲੇ ਦੇ ਨਾਂ 'ਤੇ ਹਊਆ ਖੜ੍ਹਾ ਕਰ ਕੇ ਅਕਾਲੀਆਂ ਨਾਲੋਂ ਧਰਮ ਨਿਰਪੱਖ ਤੇ ਲਿਬਰਲ ਸਿੱਖਾਂ ਅਤੇ ਹਿੰਦੂਆਂ ਨੂੰ ਅਕਾਲੀਆਂ ਨਾਲੋਂ ਤੋੜਨਾ ਚਾਹੁੰਦੇ ਹਨ। ਕਾਲੇ ਦੌਰ ਦੌਰਾਨ ਖੁਫੀਆ ਤੰਤਰ ਦਾ ਹਿੱਸਾ ਰਹੇ ਇਕ ਸੇਵਾ ਮੁਕਤ ਉਚ ਅਧਿਕਾਰੀ ਦਾ ਮੰਨਣਾ ਹੈ ਕਿ ਹੁਣ ਪੰਜਾਬ ਦੇ ਲੋਕ 1980 ਵਾਲੇ ਨਹੀਂ, ਉਹ ਸੁਚੇਤ ਹਨ। ਨਵੀਂ ਪੀੜ੍ਹੀ ਹੈ। ਅਜਿਹੀ ਸਿਆਸਤ ਕਰਨ ਵਾਲੇ ਲੋਕਾਂ ਤੋਂ ਪੰਜਾਬੀ ਸੁਚੇਤ ਹੋਣ ਲੱਗ ਪਏ ਹਨ। ਸਭ ਤੋਂ ਵੱਡੀ ਗੱਲ ਕੌਮਾਂਤਰੀ ਸਿਆਸਤ ਬਦਲ ਚੁੱਕੀ ਹੈ। ਇਸ ਅਧਿਕਾਰੀ ਦੀ ਸੋਚ ਸੱਚੀ ਅਤੇ ਯਥਾਰਥ ਦੇ ਨੇੜੇ ਹੈ, ਪਰ ਇਸ ਨੂੰ ਹੋਰ ਬੂਰ ਪੈਣਾ ਅਜੇ ਬਾਕੀ ਹੈ।

# ਤਲਾਸ਼

ਕਹਾਣੀ

***ਸਾਡੇ ਸਮਾਜ ਵਿਚ ਧੀਆਂ ਦਾ ਕਾਰਜ ਕਰਨਾ ਮਾਪਿਆਂ ਉਤੇ ਇਕ ਵੱਡੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਮਾਪਿਆਂ ਦੀ ਰੀਝ ਆਪਣੀ ਧੀ ਲਈ ਚੰਗੇ ਤੋਂ ਚੰਗਾ ਵਰ ਲੱਭਣ ਦੀ ਹੁੰਦੀ ਹੈ। ਵਿਦੇਸ਼ਾਂ ਦੀ ਲਲਕ ਵੀ ਸਾਡੇ ਸਮਾਜ ਦਾ ਇਕ ਸੱਚ ਹੈ। ਧੀ ਦੇ ਬਹਾਨੇ ਬਾਕੀ ਟੱਬਰ ਵੀ ਇੰਗਲੈਂਡ, ਅਮਰੀਕਾ ਪਹੁੰਚ ਜਾਊ, ਇਹ ਲਾਲਚ ਸਾਡੇ ਕਿਤੇ ਧੁਰ ਅੰਦਰ ਵੱਸਿਆ ਹੁੰਦਾ ਹੈ। ਇਸੇ ਦਾ ਲਾਭ ਕਈ ਵਾਰ ਸਾਡੇ ਹੀ ਲਾਲਚੀ ਲੋਕ ਉਠਾ ਜਾਂਦੇ ਹਨ। ਇਹੋ ਕੁਝ ਵਾਪਰਦਾ ਹੈ ਇਸ ਕਹਾਣੀ ਵਿਚ। ਕਹਾਣੀਕਾਰ ਅਵਤਾਰ ਸਿੰਘ ਬਿਲਿੰਗ ਸ਼ਾਇਦ ਅਜਿਹੀਆਂ ਕੁਝ ਕਥਾਵਾਂ ਦਾ ਆਪ ਗਵਾਹ ਹੈ। -ਸੰਪਾਦਕ***

**ਅਵਤਾਰ ਸਿੰਘ ਬਿਲਿੰਗ**

ਮੇਰੇ ਚਾਚੇ ਨੂੰ ਜਿਵੇਂ ਅਚਾਨਕ ਹੀ ਓਪਰੀ ਕਸਰ ਹੋ ਜਾਣ ਵਾਗੂੰ ਵੱਡੀ ਕੁੜੀ ਜੀਤੋ ਦੇ ਵਿਆਹ ਦਾ ਫਿਕਰ ਚਿੰਬੜ ਗਿਆ। ਆਪਣਾ ਕਾਲਜਾ ਫੜੀ ਖੜ੍ਹੀ ਚਾਚੀ ਨੇ ਵੀ ਮੈਨੂੰ ਅਤੇ ਮੇਰੀ ਘਰਵਾਲੀ ਨੂੰ ਇਕ ਪਾਸੇ ਲਿਜਾ ਕੇ ਬੜੀ ਅਪਣੱਤ ਨਾਲ ਆਖਿਆ, "ਦੇਖ ਪੁੱਤ, ਤੁਸੀਂ ਪੜ੍ਹੇ ਲਿਖੇ, ਅਰ ਅਸੀਂ ਅਨਪੜ੍ਹ-ਨਪਥਰ। ਬਾਹਰ ਫਿਰੇ-ਤੁਰੇ ਬੰਦੇ ਨੂੰ ਸੌ ਜਾਣੂ-ਪਛਾਣੂ ਟੱਕਰਦੈ। ਐਕਣੇ ਸਬੱਬ ਬਣ ਜਾਂਦੈ।" ਤੇ ਫੇਰ ਚਾਚੇ ਤੋਂ ਰਿਹਾ ਨਾ ਗਿਆ, "ਇਹਨੇ ਤਾਂ ਭਾਈ ਇਹੀ ਘਿਣਾਂ ਜਿਹੀਆਂ ਜੋਤਾ-ਭਰ ਪਾਈ ਜਾਣੀ ਐਂ। ਸਵਾਲਾਂ ਦਾ ਸਵਾਲ ਇਹ ਐ, ਬਈ, ਆਪਣੀ ਜੀਤੋ ਨੇ ਐਸੇ ਸਾਲ ਬਾਰਾਂ ਕਰ ਲੀਆਂ ਨੇ। ਜੇ ਹੁਣੇ ਤੋਂ ਲੱਭਣ ਲੱਗਾਂਗੇ ਤਾਂ ਕਿਤੇ ਜਾ ਕੇ ਕੋਈ ਚੱਜ ਦਾ ਮੁੰਡਾ ਥਿਆਊ। ਤੁਸੀਂ ਵੀ ਨਿਗ੍ਹਾ ਰੱਖਿਓ।"

ਵਿਆਹ ਦੀ ਦੇਵੀ ਜਿਵੇਂ ਕੌਲੇ ਓਹਲੇ ਖੜ੍ਹੀ ਹੀ ਚਾਚੇ-ਚਾਚੀ ਦੀ ਇਹ ਗੁਫਤਗੂ ਸੁਣ ਰਹੀ ਹੋਵੇ। ਦਸ ਦਿਨ ਨਹੀਂ ਪਏ ਜਦੋਂ ਸਾਡੇ ਮਾਮਾ ਜੀ ਦੀ ਲੜਕੀ ਕਾਕੀ ਨੇ ਮਾਜਰੀ ਜੱਟਾਂ, ਆਪਣੇ ਸਹੁਰਿਆਂ ਤੋਂ ਆ ਕੇ ਮੁੰਡੇ ਦੀ ਦੱਸ ਪਾ ਦਿੱਤੀ, "ਵੀਰੇ? ਮੁੰਡਾ ਤਾਂ ਸਾਡੀ ਪੱਤੀ 'ਚ ਹੈਗਾ। ਸੋਹਣਾ ਸੁਨੱਖਾ, ਅਰ ਲੰਬਾ-ਲੰਞਾ ਜੁਆਨ। ਛੇ ਕੀਲੇ ਨਿਆਈਂ 'ਚ ਨੇ। ਜ਼ਮੀਨ-ਨਿਰੀ ਝੋਟੇ ਦਾ ਸਿਰ। ਅਸੀਂ ਵੀ ਕਈ ਸਾਲ ਜ਼ਬਤੀ 'ਤੇ ਵਾਹੀ ਐ।" ਸਿਫਤਾਂ ਕਰਦੀ ਕਾਕੀ-ਭੈਣ ਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ।

"ਧੀਏ! ਫੇਰ ਤਾਂ ਰੰਗੇ ਲੱਗ ਜੂ। ਤੁਸੀਂ ਭੈਣਾਂ-ਭੈਣਾਂ ਨੇ ਗੁਆਂਢਣਾਂ ਬਣ ਜਾਣੈਂ। ਨਾਲੇ, ਬਾਹਲੀ ਦੂਰ ਵੀ ਨਹੀਂ। ਆਹ ਪਈ ਐ, ਮਾਜਰੀ ਜੱਟਾਂ ਦੀ।" ਚਾਚੀ ਨੂੰ ਦੱਸ ਕੀ ਪਾਈ ਜਿਵੇਂ ਮੁਨਾਖੇ ਨੂੰ ਦੋ ਅੱਖਾਂ ਮਿਲ ਗਈਆਂ ਹੋਣ।

ਛੇ ਕਿੱਲਿਆਂ ਨੇ ਹੀ ਸਾਡੀਆਂ ਅੱਖਾਂ ਚੁੰਧਿਆ ਦਿੱਤੀਆਂ। ਅਸੀਂ ਇਹ ਪੁੱਛਣਾ ਹੀ ਭੁੱਲ ਗਏ ਕਿ ਮੁੰਡਾ ਕੀ ਕਰਦਾ ਹੈ। ਪਰ ਮੇਰੀ ਧਰਮ ਪਤਨੀ ਅਜਿਹੇ ਮਾਮਲਿਆਂ ਵਿਚ ਬੜੀ ਨਘੋਚਣ ਹੈ।

"ਭੈਣ ਜੀ? ਛੇ ਕਿਲਿਆਂ ਆਲਾ ਮੁੰਡਾ ਤਾਂ ਜੇ ਆਪਾਂ ਦੀਵਾ ਲੈ ਕੇ ਟੋਲ੍ਹਣ ਤੁਰ ਪੀਏ ਤਾਂ ਵੀ ਨਾ ਥਿਆਵੇ ਆਪਣੇ ਏਸ ਢਾਹੇ ਦੇ ਇਲਾਕੇ 'ਚ।" ਉਸ ਨੇ ਹੀ ਆਖਰ ਜਿਰਾਹ ਕਰਨ ਦਾ ਹੌਸਲਾ ਕੀਤਾ।

ਤੇ ਫੇਰ ਮੇਰੀ ਤਰਫ ਇਸ਼ਾਰਾ ਕਰਦੀ ਬੋਲੀ, "ਲੈ, ਇਨ੍ਹਾਂ ਦੇ ਹਿੱਸੇ ਵੀ ਮਸਾਂ ਇਕ ਕਿੱਲਾ ਆਉਂਦੈ। ਇਹ ਤਾਂ ਨੌਕਰੀ ਐ ਜਿਹੜੀ ਸਾਰੀਆਂ ਕਮੀਆਂ-ਪੇਸ਼ੀਆਂ ਨੂੰ ਢਕ ਲੈਂਦੀ ਐ।"

"ਨਾ ਭਾਬੀ! ਨੌਕਰੀ-ਨੁਕਰੀ ਕੋਈ ਨ੍ਹੀਂ-ਉਥੇ। ਐਵੇਂ ਮੈਂ ਟਰਪਲ ਮਾਰਾਂ। ਉਹ ਤਾਂ ਸਿੱਧੇ ਸਾਦੇ ਜੱਟ ਨੇ, ਭਾਈ। ਮੁੰਡਾ, ਦਸਵੀਂ ਜ਼ਰੂਰ ਪੜ੍ਹਿਆ ਹੋਇਐ। ਖੇਤੀ ਦਾ ਸਾਰਾ ਕੰਮ ਜਾਣਦੈ। ਮੈਂਸ ਵੀ ਰੱਖੀ ਹੋਈ ਤੀ, ਕਿਸੇ ਟੈਮ!" ਭੈਣ ਨੇ ਫੇਰ ਜਿਵੇਂ ਡੈਕ ਦੀ ਸੁੱਚ ਦੱਬ ਦਿੱਤੀ।

"ਨਾ ਭਲਾ? ਹੁਣ ਖੇਤੀ ਨ੍ਹੀਂ ਕਰਦੇ, ਉਹ ਬੀਬੀ?" ਘਰਵਾਲੀ ਦੀ ਚੋਭ ਤੋਂ ਸੁਰਤ ਸਿਰ ਹੁੰਦਿਆਂ ਹੀ ਮੈਂ ਸਵਾਲ ਕੀਤਾ।

"ਵੇ ਛੱਡ ਪਰੇ। ਤੈਂ ਵੀ ਕਰਤੀ ਉਹੀ ਗੱਲ, ਪੜ੍ਹਾਕੂਆਂ ਆਲੀ। ਖੇਤੀ-ਖੂਤੀ 'ਚ ਭਲਾ ਕੀ ਪਿਐ?" ਕਾਕੀ ਭੈਣ ਨੇ ਮੈਨੂੰ ਜਵਾਨਾਂ ਵਾਗੂੰ ਘੂਰਿਆ, "ਮਿੱਟੀ ਨਾਲ ਮਿੱਟੀ ਹੋਣ ਨੂੰ ਅਰ ਆੜ੍ਹਤੀਆਂ ਮੂਹਰੇ ਲੇਲ੍ਹੜੀਆਂ ਕੱਢਣ ਨੂੰ ਸਾਡੇ ਵਰਗੇ ਥੋੜ੍ਹੇ ਨੇ? ਉਨ੍ਹਾਂ ਦਾ ਬੁੜ੍ਹਾ ਤਾਂ ਬੀਰ ਅਗਾਊਂ ਠੇਕਾ ਲੈ ਕੇ ਬੰਕ 'ਚ ਸਿੱਟ ਜਾਂਦੈ। ਮੁੰਡੇ ਅਰ ਕੁੜੀ ਦੇ ਨਾਉਂ ਕਾਪੀ ਸਾਂਝੀ ਐ। ਪਹਿਲਾਂ ਤਾਂ ਪਿਓ ਕਈ ਸਾਲ ਆਇਆ ਹੀ ਨਹੀਂ। ਪੂਰਾ ਜੁਗਾੜ ਸੀ, ਖੇਤੀ ਦਾ, ਉਨ੍ਹਾਂ ਵੇਲਿਆਂ 'ਚ।" ਰੀਲ੍ਹ ਵਾਂਗ ਉਧੜਦੀ ਭੈਣ ਨੇ ਘਰ ਦੀ ਸਾਰੀ ਤਸਵੀਰ ਸਾਡੇ ਸਾਹਮਣੇ ਸਪਸ਼ਟ ਕਰ ਦਿੱਤੀ ਅਤੇ ਫੇਰ ਨਾਟਕੀ ਮੋੜ ਦਿੰਦਿਆਂ ਆਖਿਆ, "ਵੇ ਹੁਣ ਤਾਂ ਸਾਰਾ ਟੱਬਰ ਇੰਗਲੈਂਡ ਗਿਆ ਹੋਇਐ। ਇਕ ਏਸ ਮੁੰਡੇ ਨੂੰ ਛੱਡ ਕੇ। ਜਿੱਦਣ ਆਪਣੀ ਜੀਤੋ ਦੇ ਹੱਥ ਪੀਲੇ ਹੋ ਗਏ, ਸਮਝ ਲੋ ਇਹ ਵੀ ਅੰਗਰੇਜ਼ਣ ਬਣ ਗਈ?"

"ਜੇ ਮੁੰਡਾ ਏਧਰ ਵੀ ਰਹੇ ਤਾਂ ਵੀ ਛੇ ਏਕੜ ਸਿਆੜ ਕੋਈ ਮਾਇਨਾ ਰੱਖਦੇ ਨੇ। ਦੂਜਾ ਭਰਾ, ਇੰਗਲੈਂਡ ਤੋਂ ਆ ਕੇ ਤਾਂ ਹਿੱਸਾ ਵੰਡਾਉਣੋਂ ਰਿਹਾ?" ਮੈਥੋਂ ਅਚਾਨਕ ਸਲਾਹ ਦਿੱਤੀ ਗਈ।

"ਤੁਸੀਂ ਵੀ ਉਹੀ ਗੱਲ ਕਰ'ਤੀ, ਮੂਰਖਾਂ ਆਲੀ? ਐਧਰ ਰਹਿਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ, ਮਾਅਰਾਜ?" ਮੇਰੀ ਅਰਧੰਗਣੀ ਨੇ ਇਸ ਤਰ੍ਹਾਂ ਉਭੜ ਕੇ ਆਖਿਆ ਜਿਵੇਂ ਜੀਤੋ ਦੀ ਥਾਂ ਉਸ ਦੇ ਆਪਣੇ ਮਨ ਦੀ ਕਿਸੇ ਨੁੱਕਰ ਵਿਚ ਸੁੱਤੀ ਪਈ ਕੋਈ ਰੀਝ ਫੇਰ ਤੋਂ ਅੰਗੜਾਈ ਲੈ ਰਹੀ ਹੋਵੇ।

ਨੇੜੇ ਹੀ ਪੈਂਦੀ ਪਹਿਲੀ ਤਾਰੀਖ ਨੂੰ ਅਸੀਂ ਮਾਜਰੀ ਜੱਟਾਂ ਪਹੁੰਚ ਗਏ। ਆਪਣੀ ਚਾਚੀ ਦੇ ਭਰਾ ਨੂੰ ਮੈਂ ਇਕ ਦਿਨ ਪਹਿਲਾਂ ਹੀ ਜਾ ਕੇ ਸਕੂਟਰ ਉਤੇ ਬਿਠਾ ਲਿਆਇਆ ਸਾਂ। ਮੈਂ ਆਪ ਤਾਏ ਅਤੇ ਭਰਾ ਦੀ ਜਗ੍ਹਾ ਸਾਂ।

"ਦੇਖੋ, ਪ੍ਰੋਫੈਸਰ ਸਾਹਬ? ਜਿਥੇ ਜਿਥੇ ਦਾ ਅੰਨ ਜਲ ਹੁੰਦੈ ਆਦਮੀ ਨੂੰ ਹਰ ਹੀਲੇ ਚੁਗਣਾ ਪੈਂਦੈ।" ਕਿਲ੍ਹੇ ਵਰਗੇ ਮਕਾਨ ਵਿਚ ਬੈਠੇ ਵਲਾਇਤੀ ਪਿਤਾ ਨੇ ਗੱਲ ਛੇੜੀ।

ਉਸ ਦੇ ਸਿਓ ਵਰਗੇ ਰੰਗ ਦੀ ਝਾਲ ਝੱਲੀ ਨਹੀਂ ਸੀ ਜਾਂਦੀ।

ਚਾਚਾ, ਮੈਨੂੰ ਪਹਿਲਾਂ ਹੀ ਪੜ੍ਹਾ ਕੇ ਲੈ ਗਿਆ ਸੀ ਕਿ ਉਸ ਦਾ ਪੱਖ ਵੀ ਮੈਂ ਹੀ ਪੇਸ਼ ਕਰਨਾ ਸੀ। ਦੂਜੇ ਪਾਸਿਓਂ ਪੂਰੀ ਤੋਘ ਵੀ ਕੱਢਣੀ ਸੀ।

ਉਂਜ, ਅੰਦਰੋ ਅੰਦਰ ਮੈਂ ਠਰਿਆ ਪਿਆ ਸਾਂ। ਕੀ ਪਤਾ, ਕਿੰਨੀ ਕੁ 'ਫੂੰ-ਫਾਂ' ਵਾਲੇ ਬੰਦੇ ਹੋਣਗੇ?

ਪਰ ਮੇਰੇ ਅੰਦਾਜ਼ੇ ਦੇ ਉਲਟ ਇੰਗਲੈਂਡੀਆ ਹਰਬੰਸ ਸਿੰਘ ਤਾਂ ਸਾਫ-ਸਪਸ਼ਟ ਇਨਸਾਨ ਸੀ-ਪੈਸੇ ਨਾਲ ਨੱਕੋ ਨੱਕ ਭਰ ਕੇ ਵੀ ਛਲਕਣ ਦੀ ਗੁੰਜਾਇਸ਼ ਨਹੀਂ ਸੀ।

"ਤੁਸੀਂ ਤਾਂ ਕਾਫੀ ਅਰਸਾ ਬਾਹਰ ਕੱਢਿਆ, ਸਰਦਾਰ ਸਾਹਬ? ਥੋਨੂੰ ਆਪ ਨੂੰ ਮੁਲਕ ਕਿਹੜਾ ਚੰਗਾ ਲੱਗਿਐ?" ਜਾ ਕੇ ਬੈਠਦੀ ਸਾਰ ਹੀ ਮੱਥੇ ਉਤੇ ਆਇਆ ਪਸੀਨਾ ਪੂੰਝਦੇ ਹੋਏ ਓਪਰੀ ਜਿਹੀ ਚੁੱਪ ਤੋੜਨੀ ਵੀ ਮੇਰੇ ਹੀ ਹਿੱਸੇ ਆਈ ਸੀ।

"ਇਹੀ ਗੱਲ ਮੇਰੀ ਹੋਰ ਵੀ ਕਈਆਂ ਨਾਲ ਹੋਈ ਐ, ਪ੍ਰੋਫੈਸਰ ਸਾਹਬ? ਪਰ ਅਗਲੇ ਇਤਬਾਰ ਨ੍ਹੀਂ ਕਰਦੇ। ਕਹਿੰਦੇ, ਐਵੇਂ ਜੱਭਲੀਆਂ ਮਾਰਦੈ ਇੰਗਲੈਂਡੀਆ ਹਰਬੰਸ ਸਿਹੁੰ। ਸੌ ਦੀ ਇਕ ਸੁਣਾਵਾਂ, ਸਰਦਾਰ ਬਹਾਦਰ? ਸਾਡੀ ਐਹ ਜੰਮਣ-ਭੋਇੰ ਨਾਲ ਦੀ ਕੋਈ ਰੀਸ ਨਹੀਂ। ਸਾਰਾ ਜੱਗ ਘੁੰਮ ਦੇਖਿਐ। ਐਸਾ ਰੰਗਲਾ ਮੁਲਕ ਨਹੀਂ ਕੋਈ।" ਹਰਬੰਸ ਸਿੰਘ ਸ਼ਾਇਦ ਭਾਵੁਕ ਹੋ ਗਿਆ ਸੀ, "ਮਾਮਲਾ ਹੋਰ ਐ। ਸਾਡੇ ਲੋਕ ਨਿਕੰਮੇ ਅਰ ਲੀਡਰ ਬੇਈਮਾਨ। ਅਸੀਂ ਸਭ ਲਾਲਚੀ, ਨਿਖੱਟੂ, ਕੰਮਚੋਰ। ਮੰਨ ਲਿਆ, ਉਥੇ ਸਹੂਲਤਾਂ ਨੇ ਪਰ ਤੁਸੀਂ ਲੈ ਲਓ ਸਹੂਲਤਾਂ? ਥੋਡੇ ਖੇਤੀ ਫਾਰਮਾਂ ਨੂੰ ਵੀ ਸੜਕਾਂ ਨਿਕਲ ਸਕਦੀਐਂ। ਕਟਾਓ, ਤੀਜਾ ਹਿੱਸਾ ਆਮਦਨ ਟੈਕਸ। ਅਸੀਂ ਏਥੇ ਸਿਰਫ ਹੱਕਾਂ ਖਾਤਰ ਕਾਂਵਾਂ-ਰੌਲੀ ਪਾਉਣ ਜਾਣਦੇ ਆਂ। ਫਰਜ਼ਾਂ ਆਲਾ ਤਾਂ ਵਰਕਾ ਹੀ ਪਾੜ ਦਿਓ। ਉਥੇ ਗੱਲ ਜਮਾਂ ਹੀ ਉਲਟ ਐ।"

ਇਸ ਤੋਂ ਮਗਰੋਂ ਹੀ ਹਰਬੰਸ ਸਿੰਘ ਨੇ ਆਪਣੀ ਅੰਨ-ਜਲ ਵਾਲੀ ਗੱਲ ਛੇੜੀ ਸੀ।

ਪਿਛਲੇ ਅਠਾਰਾਂ ਸਾਲਾਂ ਤੋਂ ਉਹ ਵਲਾਇਤ ਦਾ ਦਾਣਾ-ਪਾਣੀ ਚੁਗਦਾ ਆਇਆ ਸੀ। ਪੜ੍ਹਾਈ ਪੱਖੋਂ ਨਿਰਾ ਅੰਗੂਠਾ ਛਾਪ। ਕਿੱਤੇ ਵਜੋਂ ਡਰਾਈਵਰ। ਪਹਿਲਾਂ ਜਰਮਨੀ ਵਿਚ ਧੱਕੇ ਖਾਧੇ, ਫੇਰ ਫਰਾਂਸ ਜਾ ਬੈਠਿਆ। ਕਿਸੇ ਏਜੰਟ ਨਾਲ ਮਿਲ ਕੇ ਚੋਰੀ ਇੰਗਲਿਸ਼ ਚੈਨਲ ਪਾਰ ਕੀਤਾ ਅਤੇ ਬਰਤਾਨੀਆ ਜਾ ਵੱਸਿਆ।

"ਠਾਰਾਂ ਸਾਲ ਕਹਿ ਦੇਣੇ ਸੁਖਾਲੇ ਨੇ। ਰਾਮ ਚੰਦਰ ਜੀ ਨੇ ਵੀ ਸਿਰਫ ਚੌਦਾਂ ਵਰ੍ਹਿਆਂ ਦਾ ਬਨਵਾਸ ਭੋਗਿਆ ਸੀ। ਏਧਰ ਤਾਂ, ਪ੍ਰੋਫੈਸਰ ਸਾਹਬ, ਸਭ ਨੇ ਮੰਨ ਲਿਆ ਸੀ, ਬਈ, ਇੰਗਲੈਂਡੀਆ ਤਾਂ ਓਧਰ ਦਾ ਹੀ ਹੋ ਕੇ ਰਹਿ ਗਿਐ। ਉਧਰੇ ਕਿਸੇ ਮੇਮ ਨਾਲ ਮੀਜ਼ੋ ਮਿਲਗੀ ਐ, ਉਹਦੀ। ਉਨੀਵੇਂ ਸਾਲ ਕਾਗਜ਼ ਪੱਤਰ ਪੂਰੇ ਹੋਇਆਂ ਤੋਂ ਜਦੋਂ ਮੈਂ ਪਿੰਡ ਮੁੜਿਆ ਤਾਂ ਆਹ ਬੀਹੀ ਦੇ ਮੋੜ 'ਤੇ ਆ ਕੇ ਆਪਣਾ ਦਰ ਭੁੱਲ ਕੇ ਗੁਆਂਢੀਆਂ ਦੇ ਘਰੇ ਜਾ ਵੜਿਆ। ਸਾਡੇ ਦਰਾਂ ਮੂਹਰੇ ਖੜ੍ਹੀ ਭਾਰੀ ਨਿੰਮ ਕਿਤੇ ਦੀਂਹਦੀ ਨਹੀਂ ਸੀ।"

ਇੰਗਲੈਂਡ-ਕਥਾ ਜਾਰੀ ਸੀ।

ਏਨੇ ਨੂੰ ਵਿਚਾਰ ਅਧੀਨ ਲੜਕਾ ਚਾਂਦੀ ਦੀ ਟਰੇਅ ਵਿਚ ਖਾਸਾ ਸਾਰਾ ਨਿਕਸੁੱਕ ਜਿਹਾ ਰੱਖ ਕੇ ਚਾਹ ਲੈ ਆਇਆ ਅਤੇ ਕੁਝ ਮਿੰਟ ਸਾਡੇ ਸਾਹਮਣੇ ਮੂਰਤ ਬਣਿਆ ਬੈਠਾ ਰਿਹਾ। ਮਨ ਵਿਚ ਆਈ, ਬੁਲਾ ਕੇ ਤਾਂ ਦੇਖ ਲਵਾਂ? ਕੀ ਸੱਚਮੁੱਚ ਮੈਟ੍ਰਿਕ ਪਾਸ ਵੀ ਹੈ?

ਪਰ ਘਰ ਦੇ ਠਾਠ-ਬਾਠ ਨੇ ਜਿਵੇਂ ਮੇਰਾ ਮੂੰਹ ਠਾਕ ਦਿੱਤਾ ਹੋਵੇ। ਆਪਣੇ ਆਪ ਤੋਂ ਬਾਗੀ ਹੋ ਕੇ ਸਿਰਫ ਮੈਂ ਮੁੰਡੇ ਦਾ ਨਾਂ ਹੀ ਪੁੱਛ ਸਕਿਆ। ਬੋਲਣ ਨੂੰ ਸਾਊ ਸੀ ਅਤੇ ਦੇਖਣ ਨੂੰ ਸੁਨੱਖਾ।

"ਓਧਰ ਕੰਮ-ਧੰਦਾ ਕੀ ਕਰਦੇ ਨੇ, ਆਪਣੇ ਪੰਜਾਬੀ?" ਮੁੰਡੇ ਵਲੋਂ ਧਿਆਨ ਹਟਾ ਕੇ ਮੈਂ ਫੇਰ ਹਰਬੰਸ ਸਿੰਘ ਨੂੰ ਮੁਖਾਤਬ ਸੀ।

"ਕਰਨਾ ਕੀ ਐ? ਆਹੀ ਗੋਹਾ-ਕੂੜਾ ਜਿਹੜਾ ਐਥੇ ਆਪਾਂ ਕਰਦੇ ਆਂ। ਹੁਣ ਜੇ ਤੁਸੀਂ ਕਹੋ, ਓਧਰ ਜਾਂਦਿਆਂ ਨੂੰ ਹੀ ਥੋਨੂੰ ਪ੍ਰੋਫੈਸਰੀ ਮਿਲ ਜਾਊ, ਇਹ ਤਾਂ ਤੁਸੀਂ ਭੁੱਲ ਹੀ ਜਾਓ। ਉਥੇ ਤਾਂ ਕਿਰਤ ਕਰਨੀ ਪੈਂਦੀ ਐ ਪ੍ਰੋਫੈਸਰ ਸਾਹਿਬ, ਡਟਵੀਂ ਲੇਬਰ। ਦੋ ਘੰਟੇ ਲਗਾਤਾਰ ਦੇਹ ਤੋੜਵਾਂ ਕੰਮ। ਫੇਰ ਪੰਦਰਾਂ ਮਿੰਟ ਰੈਸਟ। ਚਾਹ ਪੀ ਲੋ। ਚਾਹੇ ਟਾਇਲੈਟ ਜਾ ਆਓ ਜਾਂ ਆਰਾਮ ਫੁਰਮਾ ਲਓ। ਪਰ ਕੰਮ ਦੇ ਦੋ ਘੰਟੇ ਪੂਰੀ ਕੜਿੱਲ ਕੱਢ ਦਿੰਦੇ ਨੇ। ਮਸ਼ੀਨ ਦੇ ਨਾਲ ਈ ਆਦਮੀ ਵੀ ਪੂਰਾ ਚਰਕਚੁੰਡਾ ਬਣ ਜਾਂਦੈ। ਆਪਣੇ ਏਧਰ ਵਾਗੂੰ ਨਹੀਂ ਬਈ, ਕੰਮ ਕਰਦੇ ਹੀ ਬਿਸਮੀਂ ਜਾਓ। ਐਥੇ ਮੱਕੀ-ਮੂੰਗਫਲੀ ਗੁੱਡਦੇ ਦਿਹਾੜੀਏ ਦੇਖੀਦੇ ਸਨ। ਕਈ ਤਾਂ ਮੋਤੀ ਮਜਹਬੀ ਵਰਗੇ ਡੱਬਾ ਚੱਕ ਕੇ ਜੰਗਲ ਪਾਣੀ ਨੂੰ ਹੀ ਤੁਰੇ ਰਹਿੰਦੇ ਪਰ ਉਥੇ ਆਹ ਮਕਰ ਵਿਦਿਆ ਨਹੀਂ ਚਲਦੀ। ਮੈਨੂੰ ਵੀ ਕਈ ਪਾਪੜ ਵੇਲਣੇ ਪਏ ਸੀ, ਉਥੇ।

ਡਰੈਵਰੀ ਵੀ ਕੀਤੀ, ਲੋਹੇ ਦੀ ਢਲਾਈ ਵੀ ਪਾਉਂਦਾ ਰਿਹਾ ਅਰ ਅਖੀਰ 'ਚ ਬੇਕਰੀ 'ਚੋਂ ਰਿਟਾਇਰ ਹੋਇਆਂ। ਜੇ ਥੋਡੇ ਕੋਲ ਓਧਰੋਂ ਆ ਕੇ ਕੋਈ ਜਣਾ ਫਰੌਟੀਆਂ ਮਾਰੇ ਬਈ, ਮੈਂ ਤਾਂ ਓਧਰ ਡਿਪਟੀ ਲੱਗਿਆ ਹੋਇਐਂ ਤਾਂ ਉਹਨੂੰ ਮਾੜਾ ਜਿਹਾ ਮੇਰੇ ਮੂੰਹ 'ਤੇ ਲਿਆਇਓ। ਭਾਈ ਸਾਹਬ, ਉਥੇ ਹਮ੍ਹਾਂ ਤੁਮ੍ਹਾਂ ਸਭ ਭੱਠ ਝੋਕਦੇ ਨੇ। ਅੱਛਾ, ਜੇ ਤੁਸੀਂ ਕਹੋ; ਹਾਏ, ਹਾਏ। ਮੇਰੀ ਜਨਾਨੀ ਤਾਂ ਮੇਰੇ ਨਾਲ ਏ ਕੰਮ ਕਰੂ। ਹੋਰ ਕਿਸੇ ਮਰਦ ਦਾ ਤਾਂ ਮੈਂ ਪਰਛਾਵਾਂ ਵੀ ਨ੍ਹੀਂ ਪੈਣ ਦੇਣਾ ਇਹਦੇ 'ਤੇ। ਨਹੀਂ, ਭਾਈ ਸਾਹਬ! ਇਹ ਨ੍ਹੀਂ ਹੋ ਸਕਦਾ। ਜਿਥੇ ਲੇਬਰ ਮਿਲੇ, ਕਰਨੀ ਪੈਂਦੀ ਐ। ਵਿਹਲੇ ਰਹਿ ਕੇ ਪਲ ਨਹੀਂ ਪੂਰਾ ਹੁੰਦਾ।"

ਇੰਗਲੈਂਡੀਆ ਹਰਬੰਸ ਸਿੰਘ ਕਿਸੇ ਲੋਰ ਵਿਚ ਕਹਾਣੀ ਕਹੀ ਜਾ ਰਿਹਾ ਸੀ ਅਤੇ ਉਸ ਓਪਰੇ ਘਰ ਵਿਚ ਵੀ ਅਸੀਂ ਆਪਣਿਆਂ ਵਾਂਗ ਬੈਠੇ ਸਾਂ। "ਅੱਛਾ, ਸਰਦਾਰ ਸਾਹਬ? ਮੁੰਡੇ ਅਰ ਕੁੜੀ ਨੂੰ ਤਾਂ ਤੁਸੀਂ ਬਾਹਰ ਲੈ ਹੀ ਜਾਣੈਂ। ਥੋਡੀ ਕੋਈ ਹੋਰ ਮੰਗ ਵੀ ਹੋਊਗੀ?" ਜਕਦੇ ਜਿਹੇ ਮੈਂ ਪੁੱਛਿਆ।

"ਹਾਂ ਜੀ। ਬੜੀ ਭਾਰੀ ਮੰਗ ਹੈਗੀ, ਸਾਡੀ। ਮੁੰਡੇ ਦਾ ਵਿਆਹ ਕਰਨ ਲਈ ਹੀ ਤਾਂ ਬਾਹਰੋਂ ਆਇਆ ਹਾਂ? ਕੁੜੀ-ਮੁੰਡੇ ਨੂੰ ਓਧਰ ਲਿਜਾਣ 'ਚ ਆਪਾਂ ਚੁਟਕੀ ਨਹੀਂ ਵੱਜਣ ਦੇਣੀ। ਹਾਂ, ਕੁੜੀ ਅਸੀਂ ਜ਼ਰੂਰ ਪਸੰਦ ਦੀ ਲੈਣੀ ਐ, ਸੁੱਘੜ-ਸਿਆਣੀ, ਸ਼ਰੀਫ ਅਰ ਬਿਊਟੀਫੁੱਲ। ਬੱਸ, ਅੱਖ 'ਚ ਪਾਈ ਨਾ ਰੜਕੇ। ਇਹ ਨਾ ਹੋਵੇ ਬਈ ਓਧਰਲੀ ਸੁਸਾਇਟੀ 'ਚ ਜਾ ਕੇ ਸਾਨੂੰ ਠਿੱਠ ਕਰੇ। ਇਹੀ ਮੰਗ ਐ ਸਾਡੀ ਤਾਂ। ਬਾਕੀ ਲਟਰਮ-ਪਟਰਮ ਜਿਹਾ ਤਾਂ ਹਰੇਕ ਦੇ ਹੀ ਦਿੰਦੈ।"

ਅਖੀਰ ਪ੍ਰੋਗਰਾਮ ਉਲੀਕਿਆ ਗਿਆ ਕਿ ਇੰਗਲੈਂਡੀਆ ਹਰਬੰਸ ਸਿੰਘ ਆਪਣੀ ਘਰਵਾਲੀ ਅਤੇ ਸਾਹਿਬਜ਼ਾਦੇ ਸਮੇਤ ਦੇਖ ਦਿਖਾਈ ਖਾਤਰ ਸਿੱਧਾ ਸਾਡੇ ਪਿੰਡ ਹੀ ਆ ਜਾਵੇਗਾ। ਮੁੰਡੇ ਦੇ ਭਰਾ-ਭਰਜਾਈ ਨੇ ਬਰਤਾਨੀਆ ਤੋਂ ਕੁਝ ਦਿਨ ਪਛੜ ਕੇ ਆਉਣਾ ਸੀ। ਜੇ ਉਹ ਵੀ ਉਦੋਂ ਤਕ ਪਹੁੰਚ ਗਏ ਤਾਂ ਜੀ ਆਇਆਂ ਨੂੰ।

"ਅਸੀਂ ਇਕੋ ਦਿਨ 'ਚ ਸਾਰੇ ਥਾਈਂ ਗੇੜਾ ਮਾਰ ਆਉਣੈ। ਦਸਾਂ ਵੀਹਾਂ ਕੁੜੀਆਂ 'ਚੋਂ ਜਿਹੜੀ ਜਚ ਗਈ, ਉਸੇ ਦੇ ਗਲ 'ਚ ਜੈ ਮਾਲਾ ਪਾ ਦੇਣੀ ਐਂ।"

ਹਰਬੰਸ ਸਿੰਘ ਦਾ ਇਹ ਐਲਾਨ ਸੁਣ ਕੇ ਇਕ ਵਾਰੀ ਤਾਂ ਮੇਰੇ ਮਨ ਵਿਚ ਆਈ ਕਿ ਆਖ ਦੇਵਾਂ, "ਸਰਦਾਰ ਜੀ! ਪਹਿਲਾਂ ਤੁਸੀਂ ਹੋਰ ਸਾਰੇ ਪਾਸੇ ਹੀ ਨਿਗ੍ਹਾ ਮਾਰ ਲੋ। ਜੇ ਕੋਈ ਸਮਝ 'ਚ ਨਾ ਆਈ ਤਾਂ ਏਧਰ ਆ ਜਿਓ।" ਪਰ ਇਹ ਹੋਛੀ ਜਿਹੀ ਗੱਲ ਮੂੰਹੋਂ ਕੱਢ ਕੇ ਮੈਂ ਮਸੀਂ ਹੱਥ ਆਇਆ ਸੁਨਹਿਰਾ ਮੌਕਾ ਗੁਆਉਣਾ ਨਹੀਂ ਸੀ ਚਾਹੁੰਦਾ।

ਵਲਾਇਤ ਵਾਲਿਆਂ ਨੇ ਅੱਜ ਜੀਤੋ ਨੂੰ ਦੇਖਣ ਆਉਣਾ ਸੀ। ਖੂਬ ਤਿਆਰੀ ਸੀ ਸਾਡੀ। ਚਾਚੇ ਦਾ ਭਾਵੇਂ ਸੱਠਵਿਆਂ ਵਿਚ ਬਣਿਆ ਪੱਕਾ ਮਕਾਨ ਸੀ ਪਰ ਟੀ-ਆਇਰਨ ਨੇ ਬਨੇਰਾ ਚੁਫੇਰਿਓਂ ਚੁੱਕ ਦਿੱਤਾ ਸੀ। ਇਸ ਖਾਮੀ ਨੂੰ ਲੁਕਾਉਣ ਲਈ ਸਾਰਾ ਪ੍ਰੋਗਰਾਮ ਸਾਡੇ ਘਰ ਹੀ ਰੱਖਿਆ ਗਿਆ ਸੀ। ਕਾਜੂ, ਦਾਖਾਂ ਅਤੇ ਵਧੀਆ ਕਿਸਮ ਦੀ ਮਠਿਆਈ ਮੈਂ ਖੰਨੇ ਸ਼ਹਿਰ ਤੋਂ ਖਰੀਦ ਕੇ ਲਿਆਇਆ ਸਾਂ। ਘਰਵਾਲੀ ਨੇ ਸ਼ੋਅਕੇਸਾਂ ਵਿਚ ਫੁੰਦੇ ਜਿਹੇ ਲਟਕਾ ਕੇ ਡਰਾਇੰਗ ਰੂਮ ਦੀ ਵੀ ਚੰਗੀ ਟੌਅਰ ਕੱਢ ਦਿੱਤੀ ਸੀ।

"ਕੁੜੀ ਸਾਡੀ ਹੋਗੀ, ਪ੍ਰੋਫੈਸਰ ਸਾਹਬ?" ਹਰਬੰਸ ਸਿੰਘ ਨੇ ਉਠਣ ਲੱਗੇ ਨੇ ਬੜੇ ਹੌਸਲੇ ਅਤੇ ਤਪਾਕ ਨਾਲ ਆਖਿਆ।

"ਤਾਂ ਫੇਰ ਸ਼ਗਨ-ਸਗਾਰਤ ਕਰੇ ਜਾਓ ਮਾਸੜ ਜੀ?" ਕੋਲ ਖੜ੍ਹੀ ਮੇਰੀ ਜੀਵਨ ਸਾਥਣ ਨੂੰ ਨਵੀਂ ਬਣੀ ਰਿਸ਼ਤੇਦਾਰੀ ਦਾ ਜਿਵੇਂ ਝੱਲ ਜਿਹਾ ਚੜ੍ਹ ਗਿਆ ਹੋਵੇ।

"ਨਾ ਬੀਬਾ, ਬੇਵਿਚਾਰੀ ਗੱਲ ਆਪਾਂ ਥੋੜ੍ਹੋ ਕਰਨੀ ਐਂ? ਜ਼ੁਬਾਨ ਵੀ ਕੋਈ ਚੀਜ਼ ਹੁੰਦੀ ਐ। ਨਾਲੇ ਕੱਲ੍ਹ ਦਾ ਦਿਨ ਹੀ ਤਾਂ ਵਿਚਾਲੇ ਐ? ਮੁੰਡੇ ਦੇ ਭਰਾ-ਭਰਜਾਈ ਨੇ ਪਰਸੋਂ ਨੂੰ ਉਡ ਕੇ ਆ ਪਹੁੰਚਣੈਂ ਅਰ ਚੌਥੇ ਨੂੰ ਅਸੀਂ ਫੇਰ ਥੋਡੇ ਕੋਲ ਖੜ੍ਹੇ ਐਂ।"

ਜਾਣ ਤੋਂ ਪਹਿਲਾਂ ਉਹ ਸਾਡੇ ਚਾਚੇ ਦੇ ਘਰ ਵੀ ਚੱਕਰ ਲਾ ਆਏ ਸਨ। "ਜਦੋਂ ਹਾਂ ਹੀ ਹੋਗੀ ਫੇਰ ਆਪਾਂ ਨੂੰ ਵੀ ਕੀ ਇਤਰਾਜ਼ ਐ? ਅਗਲਿਆਂ ਦੇ ਅੰਗ ਸਾਕ ਨੇ। ਆਖਰ ਕੱਲ੍ਹ ਨੂੰ ਵੀ ਤਾਂ ਇਨ੍ਹਾਂ ਓਸ ਘਰ ਹੀ ਮਿਲਣਾ-ਵਰਤਣੈਂ।"

ਮੇਰੀ ਪਤਨੀ ਦੇ ਸੰਸਾ ਜ਼ਾਹਰ ਕਰਨ ਉਤੇ ਮੈਂ ਆਖ ਦਿੱਤਾ ਸੀ।

ਚੌਥੇ ਦੀ ਮਿੱਥੀ ਤਾਰੀਖ ਨੂੰ ਪਹਿਲਾਂ ਤਾਂ ਅਸੀਂ ਢਕੀ ਮੁੱਠੀ ਰੱਖਣੀ ਹੀ ਠੀਕ ਸਮਝੀ ਪਰ ਫੇਰ ਗੱਲ ਸੌ ਫੀਸਦੀ ਸਿਰੇ ਚੜ੍ਹ ਗਈ ਸਮਝ ਕੇ ਨੇੜੇ ਦੇ ਸਾਕ-ਸਬੰਧੀਆਂ ਦੇ ਮੂੰਹ ਵਿੰਗੇ ਹੋਣ ਤੋਂ ਬਚਣ ਲਈ ਅਸੀਂ ਉਨ੍ਹਾਂ ਨੂੰ ਵੀ ਸੱਦੇ ਘੱਲ ਦਿੱਤੇ।

ਉਦਣ ਸਿਰਫ ਚਾਹ ਦਾ ਹੀ ਪ੍ਰੋਗਰਾਮ ਸੀ। ਅੱਜ ਰੋਟੀ ਦਾ ਢਾਨਸ ਵੀ ਕੀਤਾ ਗਿਆ ਸੀ।

"ਹੁਣ ਰੋਟੀ ਦਾ ਫਿਕਰ ਤਾਂ ਜ਼ਨਾਨੀਆਂ ਨੂੰ ਹੀ ਹੁੰਦੈ ਜੀ। ਆਦਮੀਆਂ ਨੇ ਤਾਂ ਸਿਰਫ ਕੁਰਸੀ ਨਾਲ ਕੁਰਸੀ ਜੋੜ ਕੇ ਜੱਕੜਾਂ ਵੱਢਣੀਆਂ ਹੋਈਆਂ।" ਇੰਜ ਮੇਰੀ ਅਰਧੰਗਣੀ ਤਾਂ ਕਿੰਨਾ ਹੀ ਖੱਟਾ ਮਿੱਠਾ ਅਤੇ ਚਟਪਟਾ ਬਣਾਈ ਬੈਠੀ ਬੂੰਦੀ ਬਣਾਉਣ ਲਈ ਵੀ ਬਜ਼ਿੱਦ ਸੀ। ਰਾਜ ਮਾਂਹ ਭਿਉਂਤੇ ਪਏ ਸਨ। ਰਸੋਈ ਵਿਚ ਬਣਦੇ ਸੂਜ਼ੀ ਦੇ ਕੜਾਹ ਦੀ ਵਾਸ਼ਨਾ ਨੇ ਮੇਰੀ ਭੁੱਖ ਚਮਕਾ ਦਿੱਤੀ ਸੀ। ਸਾਡੇ ਸਕਿਆਂ ਵਿਚੋਂ ਮੇਰੀਆਂ ਭਰਜਾਈਆਂ ਵੀ ਸਜ-ਧਜ ਕੇ ਹਾਜ਼ਰ ਸਨ। ਕੰਜ-ਕੁਆਰੀ ਜੀਤੋ ਦੁਲਹਨ ਵਾਂਗ ਸਜੀ ਬੈਠੀ ਸੀ।

"ਕੀ ਪਤੈ ਕੁੜੇ? ਚੁੰਨੀ ਚੜ੍ਹਾ ਕੇ ਹੀ ਲੈ ਜਾਣ? ਇਨ੍ਹਾਂ ਵੱਡੇ ਲੋਕਾਂ ਦੀਆਂ ਵੱਡੀਆਂ ਗੱਲਾਂ।" ਅੰਗ ਅੰਗ ਵਿਚੋਂ ਖੇੜਾ ਡੋਲ੍ਹਦੀ, ਮੇਰੀ ਚਾਚੀ ਕਹਿ ਰਹੀ ਸੀ।

ਉਸ ਤੋਂ ਬਾਹਰ ਦੀ ਬਾਹਰ ਹੀ ਚਾਚਾ ਕਾਰ ਦੇਣੀ ਵੀ ਮੰਨ ਗਿਆ ਸੀ। ਬਲੱਡ ਪਰੈਸ਼ਰ ਦੀ ਮਰੀਜ਼ ਹੋਣ ਕਾਰਨ ਅਸੀਂ ਚਾਚੀ ਨੂੰ ਦੱਸਣ ਤੋਂ ਸੰਕੋਚ ਕੀਤਾ ਸੀ। ਸਾਰਾ ਜੁਗਾੜ ਚਾਚੇ ਨੇ ਆਪਣੀ ਜ਼ਮੀਨ ਬੈਅ ਕਰਕੇ ਬਣਾਉਣਾ ਸੀ। ਚਾਰ-ਪੰਜ ਸੈਟ ਸੋਨੇ ਦੇ ਵੀ ਪਾਉਣੇ ਹੀ ਬਣਦੇ ਸਨ।

"ਜਿੱਕਣ ਮਰਜ਼ੀ ਲੈ ਜਾਣ, ਮੇਰੀ ਧੀ ਨੂੰ। ਕੇਰਾਂ ਵਲਾਇਤ ਲੈ ਜਾਣ। ਘਰ ਦਾ ਸਾਰਾ ਦਲਿੱਦਰ ਦੂਰ ਹੋ ਜੂ, ਸ਼ਿੰਗਾਰਾ ਸਿਆਂ। ਤੇਰੇ ਚਾਚਾ-ਚਾਚੀ ਨੇ ਤਾਂ ਪਰਿਵਾਰ ਸਣੇ ਓਧਰ ਜਾਣਾ ਹੀ ਹੋਇਆ। ਕਦੇ ਆਪਾਂ ਨੂੰ ਵੀ ਜਹਾਜ਼ ਦੀ ਝਾਂਟੀ ਮਿਲੇ ਜਾਊ।"

ਖੁਸ਼ੀ ਨਾਲ ਲੋਟ ਪੋਟ ਹੋਈ, ਮੇਰੀ ਬੇਬੇ ਨੇ ਵੀ ਆਪਣੇ ਦਿਲ ਦੀ ਗੱਲ ਆਖੀ। ਉਸ ਨੂੰ ਜੀਤੀ ਤੋਂ ਛੋਟੀਆਂ ਦੋ ਕੁੜੀਆਂ ਅਤੇ ਲੜਕੇ ਪ੍ਰਿੰਸ ਦੇ ਭਵਿੱਖ ਸੌਰ ਜਾਣ ਦੀ ਵੀ ਉਮੀਦ ਸੀ।

"ਲੈ ਭੈਣੇ! ਉਹ ਤਾਂ ਆ ਵੀ ਗਏ?" ਬਾਹਰ ਫਿਰਨੀ ਤੋਂ ਕਿਸੇ ਕਾਰ ਦੀ ਗੂੰਜ ਸੁਣਾਈ ਦਿੰਦੀ ਤਾਂ ਕੜਾਹੀ ਵਿਚ ਖੁਰਚਣਾ ਖੜਕਾਉਂਦੀ ਮੇਰੀ ਸੁਪਤਨੀ ਰਸੋਈ ਤੋਂ ਬਾਹਰ ਆ ਜਾਂਦੀ।

ਉਡੀਕ ਉਡੀਕ ਅਸੀਂ ਸੁੱਕ ਗਏ ਸਾਂ।

ਅਖੀਰ ਆਪਣੀ ਨਵੀਂ ਉਸਰੀ ਕੋਠੀ ਦੀ ਮੰਮਟੀ ਉਪਰੋਂ ਟਿਕਟਿਕੀ ਲਾਈ ਪ੍ਰਾਹੁਣਿਆਂ ਦਾ ਰਾਹ ਤੱਕਦਾ, ਮੈਂ ਬੇਸਬਰਾ ਹੋ ਕੇ ਹੇਠਾਂ ਉਤਰਿਆ।

"ਸ਼ਿੰਗਾਰ ਪੁੱਤਰ? ਤੂੰ ਮੂਹਰੇ ਪੁਲ 'ਤੇ ਜਾ ਕੇ ਮਹਿਮਾਨਾਂ ਦਾ ਸੁਆਗਤ ਕਰੀਂ।"

ਚਾਚਾ ਵੀ ਗੁਰਗਾਬੀ ਲਿਸ਼ਕਾ ਕੇ ਆ ਪਹੁੰਚਿਆ। "ਏਸ ਭਾਅ ਆਪਾਂ ਨੂੰ ਇਹ ਸੌਦਾ ਮਹਿੰਗਾ ਨਹੀਂ। ਕੁੜੀ ਸੁਥਰੀ ਐ। ਉਨ੍ਹਾਂ ਦੇ ਮਨ ਪੁੜ ਜਾਣੀ ਐਂ। ਜ਼ਮੀਨ ਵੀ ਆਪਾਂ ਨੇ ਰੱਖ ਕੇ ਕੀ ਕਰਨੀ ਐਂ? ਜਦ ਏਧਰ ਰਹਿਣਾ ਹੀ ਨਹੀਂ?" ਚਾਚਾ, ਹੱਫਲਿਆ ਫਿਰਦਾ ਸੀ।

ਮੈਨੂੰ ਉਸ ਤੋਂ ਖਿੱਝ ਆਉਣ ਲੱਗੀ ਸੀ, "ਸੌਦੇ ਵਾਲਾ ਜ਼ਿਕਰ ਕਿਤੇ ਉਨ੍ਹਾਂ ਸਾਹਮਣੇ ਨਾ ਕਰ ਬੈਠੀਂ ਚਾਚਾ?"

"ਓਏ, ਨਹੀਂ ਕਰਦਾ। ਨਹੀਂ ਕਰਦਾ। ਮੈਂ ਏਨਾ ਬੇਵਿਚਾਰਾ ਨਹੀਂ। ਉਂ ਵਿਆਹ ਸੱਚੀਓਂ ਇਕ ਸੌਦਾ ਹੀ ਹੁੰਦੈ।"

ਮੈਥੋਂ ਹੋਰ ਬਰਦਾਸ਼ਤ ਨਾ ਹੋਇਆ। ਚਾਚੇ ਨੇ ਹੁਣ ਮੁੰਡੇ ਕੁੜੀ ਦੀ ਖਰੀਦੋ-ਫਰੋਖਤ, ਹਾੜਨ-ਤੋਲਣ ਵਰਗੀ ਮੁਹਾਰਨੀ ਅਰੰਭ ਦੇਣੀ ਸੀ। ਮੈਂ ਆਉਣ ਵਾਲਿਆਂ ਨੂੰ ਅੱਗਿਓਂ ਮਿਲਣ ਲਈ ਬੱਸ ਅੱਡੇ ਵੱਲ ਚੱਲ ਪਿਆ।

ਰਾਹ ਵਿਚ ਵੀ ਚਾਚੇ ਦੇ ਬੋਲ, ਜਿਨ੍ਹਾਂ ਨੂੰ ਉਹ ਸੰਸਾਰੀ ਕਾਰ ਵਿਹਾਰ ਆਖਦਾ, ਮੇਰੇ ਕੰਨਾਂ ਵਿਚ ਗੂੰਜਦੇ ਰਹੇ, "ਕਾਕਾ ਜੀ, ਬਿਆਹ 'ਚ ਬਗੈਰ ਪੁੱਛੇ, ਸਭ ਕੁਸ਼ ਹਾੜਿਆ-ਤੋਲਿਆ ਜਾਂਦੈ। ਦੇਣ-ਲੈਣ ਕਾਰਮਿਆਂ ਜਾਂਦੈ। ਬਰਾਤ ਦੀ ਰੋਟੀ, ਚੰਗੀ ਸੇਵਾ-ਸਭ ਕੁਸ਼ ਬਾਰੇ ਸ਼ਰਤਾਂ ਤੈਅ ਹੁੰਦੀਐਂ। ਕੁੜੀ ਮੁੰਡੇ ਦੀ ਨਿਰਖ ਪਰਖ ਹੁੰਦੀ ਐ।"

ਪਰ ਹੁਣ ਮੈਨੂੰ ਆਉਣ ਵਾਲਿਆਂ ਦੀ ਉਡੀਕ ਸੀ। ਬੱਸ ਸਟੈਂਡ ਵਿਚ ਮੈਂ ਇਕੱਲਾ ਬੈਠਾ ਸਾਂ। ਕਿੰਨੀ ਦੇਰ ਹੋ ਗਈ ਸੀ। ਕੋਈ ਹੋਰ ਸਵਾਰੀ ਨਹੀਂ ਸੀ ਆਈ। ਜਿਹੜੇ ਇਕ ਦੋ ਬੰਦੇ ਆਏ ਸਨ, ਉਹ ਅੱਡੇ ਦੇ ਬਾਹਰ ਹੀ ਪੁਲ ਉਤੇ ਖੜ੍ਹ ਗਏ ਸਨ।

ਬੱਸ ਸਟੈਂਡ ਵਿਚਲੇ ਸੀਮਿੰਟ ਦੇ ਬੈਂਚ ਉਤੇ ਬੈਠਾ ਬਿਠਾਇਆ ਹੀ ਜਿਵੇਂ ਮੈਂ ਇਕ ਵਾਰੀ ਫੇਰ ਆਪਣੇ ਘਰ ਪਹੁੰਚ ਗਿਆ ਸਾਂ। ਧੂੜ ਉਡਾਉਂਦੀ ਮਾਰੂਤੀ ਵੈਨ ਸਾਡੇ ਦਰਾਂ ਮੂਹਰੇ ਆ ਕੇ ਰੁਕੀ ਸੀ। ਸਮੁੰਦਰੋਂ ਪਾਰ ਦੇ ਸੋਹਣੇ ਸੱਜਣ ਬੋਚ-ਬੋਚ ਪੱਬ ਧਰਦੇ, ਗੱਡੀ ਵਿਚੋਂ ਉਤਰੇ। ਸਾਡੇ ਪਰਿਵਾਰ ਦੀ ਮਰਿਆਦਾ ਅਨੁਸਾਰ ਇਕ ਇਕ ਕਰਕੇ ਅਸੀਂ ਉਨ੍ਹਾਂ ਨੂੰ ਖੁਸ਼ਬੂਆਂ ਵੰਡਦੇ, ਹਾਰਾਂ ਨਾਲ ਲੱਦ ਦਿੱਤਾ। ਫੇਰ ਨਿੱਕੀਆਂ ਨਿੱਕੀਆਂ ਮਸ਼ਕਰੀਆਂ ਕਰਦੀ, ਵਿਚੋਲਣ ਬਣੀ ਕਾਕੀ-ਭੈਣ ਸਾਡੀ ਜੀਤੀ ਦੇ ਕੇਸਾਂ ਵਿਚ ਲਾਲ ਰੰਗ ਦਾ ਪਰਾਂਦਾ ਆਪੇ ਗੁੰਦਣ ਲੱਗੀ। ਤੇ ਫੇਰ ਸ਼ਗਨ ਪਾਉਂਦੀਆਂ ਅਜਨਬੀ ਔਰਤਾਂ ਦੇ ਵਿਚਕਾਰ ਸੁੰਗੜੀ ਬੈਠੀ ਜੀਤਾਂ ਦੇ ਪੱਲੇ ਦੀ ਗੁਲਾਬੀ ਚੁੰਨੀ ਵਿਚੋਂ ਖੰਮ੍ਹਣੀ ਬੰਨ੍ਹਿਆਂ ਗੁੱਟ, ਲੈਚੀਆਂ, ਬਾਦਾਮ, ਛੁਹਾਰੇ, ਮਿਸਰੀ ਸਾਰਾ ਨਿਕਸੁੱਕ ਜਿਹਾ ਬਾਹਰ ਝਾਕਦਾ ਦਿਖਾਈ ਦਿੱਤਾ ਅਤੇ ਫੇਰ ਮੋਤੀ ਚੂਰ ਦੇ ਇਕ ਲੱਡੂ ਨੂੰ ਜੀਤੋ ਦੀ ਸੋਨੇ ਨਾਲ ਲੱਦੀ ਅੰਗਰੇਜ਼ਣ ਸੱਸ ਨੇ ਚੁੱਕਿਆ। ਕੰਬਦੇ ਹੱਥਾਂ ਨਾਲ ਭੋਰ ਕੇ ਸ਼ਗਨ ਦੇਣ ਲਈ ਕੁੜੀ ਦੇ ਬੁੱਲ੍ਹਾਂ ਤਕ ਲੈ ਗਈ ਤਾਂ ਸਾਰੀਆਂ ਕੁੜੀਆਂ-ਚਿੜੀਆਂ ਖਿੜ ਖਿੜਾ ਕੇ ਹੱਸ ਪਈਆਂ।

"ਮਖਿਆ, ਕਦੋਂ ਦਾ ਉਡੀਕਦੈਂ, ਵੀਰ?" ਕਾਕੀ-ਭੈਣ ਦੀ ਆਵਾਜ਼ ਆਈ।

ਮੇਰਾ ਸੁਫਨਾ ਟੁੱਟਿਆ। ਮੈਂ ਆਪਣੇ ਮੱਥੇ ਉਤੇ ਆਇਆ ਪਸੀਨਾ ਪੂੰਝਿਆ।

ਕਾਕੀ-ਭੈਣ ਪਿੱਛੇ ਹੀ ਰੁਕ ਗਈ, ਟੈਂਪੂ ਵਿਚੋਂ ਉਤਰੀ ਸੀ। "ਵੇ ਵੀਰਾ! ਦੁਨੀਆਂ ਦਾ ਤਾਂ ਤੱਗ ਟੁੱਟ ਗਿਐ, ਹੁਣ। ਜੱਗੋਂ ਤੇਰਹਵੀਂ ਹੋਈ, ਤਾਂਹੀ ਤਾਂ ਸਾਡੇ ਨਾਲ? ਵੇ ਵਲਾਇਤੀਏ ਜਹਾਜ਼ੋਂ ਮਗਰੋਂ ਉਤਰੇ ਪਹਿਲਾਂ ਜਾਏ ਖਾਣੇ ਦੇ ਸਾਡੇ ਹੀ ਲੋਕਾਂ ਨੇ ਆਪਣੇ ਅੰਗਾਂ-ਸਾਕਾਂ 'ਚੋਂ ਕੁੜੀਆਂ ਢੋ-ਢੋ ਕੇ ਇੰਗਲੈਂਡੀਆਂ ਦੇ ਘਰੇ, ਜੈਤੋ ਆਲੀ ਮੰਡੀ ਲਾ ਕੇ ਰੱਖ'ਤੀ। ਪਰ ਮੁੰਡੇ ਦੇ ਭਰਾ-ਭਰਜਾਈ ਕੱਲ੍ਹ ਪਿੰਡ ਪਹੁੰਚੇ ਤਾਂ ਕਹਿੰਦੇ, 'ਅਸੀਂ ਤਾਂ ਉਧਰੋਂ ਹੀ ਨਾਲ ਆਏ ਇਕ ਲਿਹਾਜ਼ੀ ਨਾਲ ਜ਼ੁਬਾਨ ਕਰ ਆਏ ਹਾਂ। ਲੱਖਾਂ ਦੀ ਸਾਮੀ ਤੋਂ ਹੁਣ ਬੇਜ਼ੁਬਾਨ ਵੀ ਕਿਵੇਂ ਹੋਇਆ ਜਾ ਸਕਦੈ?'"

ਹੰਭੀ-ਹਾਰੀ, ਬੇਮਾਣੀ ਜਿਹੀ ਖੜ੍ਹੀ, ਕਾਕੀ ਭੈਣ ਤੋਂ ਭਲਾ, ਮੈਂ ਕੀ ਸਵਾਲ ਪੁੱਛਾਂ?

# ਮਾਂ ਦੀ ਲਾਡਲੀ ਪੂਜਾ ਚੋਪੜਾ

ਐਕਸ਼ਨ ਨਾਲ ਲਬਾਲਬ ਫਿਲਮ 'ਕਮਾਂਡੋ' ਜ਼ਰੀਏ ਸਾਬਕਾ ਮਿਸ ਇੰਡੀਆ ਪੂਜਾ ਚੋਪੜਾ ਦਰਸ਼ਕਾਂ ਦਾ ਧਿਆਨ ਖਿੱਚਣ ਵਿਚ ਸਫਲ ਰਹੀ ਹੈ। 2009 ਵਿਚ ਮਿਸ ਇੰਡੀਆ ਦਾ ਤਾਜ ਪਹਿਨਣ ਵਾਲੀ ਪੂਜਾ ਨੇ ਪਹਿਲਾਂ 'ਫੈਸ਼ਨ' ਅਤੇ 'ਹੀਰੋਇਨ' ਫਿਲਮਾਂ ਵਿਚ ਅਭਿਨੈ ਕੀਤਾ ਸੀ ਪਰ ਉਥੇ ਉਸ ਦੇ ਕੰਮ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਸੀ। ਹੁਣ 'ਕਮਾਂਡੋ' ਜ਼ਰੀਏ ਪੂਜਾ ਨੇ ਬਾਲੀਵੁੱਡ ਵਿਚ ਆਪਣੀ ਮੌਜੂਦਗੀ ਦਾ ਝੰਡਾ ਗੱਡ ਦਿੱਤਾ ਹੈ। ਅਸਲ ਵਿਚ ਪੂਜਾ ਨੇ ਪਹਿਲਾਂ ਫਿਲਮਾਂ ਵਿਚ ਆਉਣ ਬਾਰੇ ਕੋਈ ਯੋਜਨਾ ਨਹੀਂ ਸੀ ਬਣਾਈ। ਫਿਲਮਾਂ ਵਿਚ ਕੰਮ ਕਰਨ ਦੀ ਉਸ ਦੀ ਕੋਈ ਦਿਲੀ ਤਮੰਨਾ ਨਹੀਂ ਸੀ। ਉਸ ਨੇ ਤਾਂ ਮਿਸ ਇੰਡੀਆ ਦੀ ਇਨਾਮੀ ਰਾਸ਼ੀ ਨਾਲ ਆਪਣੀ ਮਾਂ ਲਈ ਕੈਫੇ ਖੋਲ੍ਹਣਾ ਸੀ। ਪੂਜਾ ਦੀ ਮਾਂ ਤਾਜ ਹੋਟਲ ਵਿਚ ਨੌਕਰੀ ਕਰਦੀ ਹੈ ਅਤੇ ਪੂਜਾ ਚਾਹੁੰਦੀ ਸੀ ਕਿ ਮਾਂ ਹੁਣ ਨੌਕਰੀ ਛੱਡ ਕੇ ਆਪਣਾ ਕੈਫੇ ਸ਼ੁਰੂ ਕਰੇ, ਪਰ ਪੂਜਾ ਦੀ ਮਾਂ ਦੀ ਇੱਛਾ ਸੀ ਕਿ ਹੁਣ ਜਦੋਂ ਬੇਟੀ ਮਿਸ ਇੰਡੀਆ ਬਣ ਗਈ ਹੈ ਤਾਂ ਇਸ ਤਰ੍ਹਾਂ ਉਸ ਨੂੰ ਫਿਲਮਾਂ ਵਿਚ ਆਪਣੀ ਕਿਸਮਤ ਅਜ਼ਮਾਉਣੀ ਚਾਹੀਦੀ ਹੈ। ਮਾਂ ਦਾ ਦਿਲ ਰੱਖਣ ਲਈ ਪੂਜਾ ਨੇ ਬਾਲੀਵੁੱਡ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਅਤੇ ਹੁਣ 'ਕਮਾਂਡੋ' ਦੀ ਸਫਲਤਾ ਨੇ ਪੂਜਾ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ। ਫਿਲਮਾਂ ਵਿਚ ਆਉਣ ਤੋਂ ਪਹਿਲਾਂ ਪੂਜਾ ਨੇ ਬਾਕਾਇਦਾ ਅਦਾਕਾਰੀ ਅਤੇ ਨੱਚਣ ਦੀ ਸਿੱਖਿਆ ਲਈ। ਪਹਿਲਾਂ ਉਸ ਦਾ ਅਦਾਕਾਰੀ ਨਾਲ ਜ਼ਿਆਦਾ ਲੈਣਾ-ਦੇਣਾ ਨਹੀਂ ਸੀ। ਜਦੋਂ ਉਹ ਸਕੂਲ ਵਿਚ ਪੜ੍ਹਦੀ ਸੀ, ਉਦੋਂ ਕੁਝ ਨਾਟਕਾਂ ਵਿਚ ਉਸ ਨੂੰ ਮੁੰਡਾ ਬਣਾ ਕੇ ਪੇਸ਼ ਕੀਤਾ ਗਿਆ ਸੀ। ਪੂਜਾ ਅਨੁਸਾਰ ਉਹ ਟੌਮ ਬੁਆਏ ਕਿਸਮ ਦੀ ਕੁੜੀ ਸੀ। ਇਸ ਲਈ ਮੁੰਡੇ ਦੀ ਭੂਮਿਕਾ ਲਈ ਉਸ ਨੂੰ ਹੀ ਸਹੀ ਮੰਨਿਆ ਜਾਂਦਾ ਸੀ। 'ਕਮਾਂਡੋ' ਵਿਚ ਕੰਮ ਕਰਨ ਦੇ ਤਜਰਬੇ ਨੂੰ ਪੂਜਾ ਆਪਣੇ ਲਈ ਯਾਦਗਾਰ ਅਨੁਭਵ ਦੱਸਦੀ ਹੈ। ਇਸ ਫਿਲਮ ਵਿਚ ਕੰਮ ਕਰਨ ਤੋਂ ਪਹਿਲਾਂ ਪੂਜਾ ਖਾਣ-ਪੀਣ 'ਤੇ ਵਿਸ਼ੇਸ਼ ਧਿਆਨ ਦਿਆ ਕਰਦੀ ਸੀ। ਉਹ ਨਾ ਤਾਂ ਮਿੱਠੀਆਂ ਚੀਜ਼ਾਂ ਖਾਂਦੀ ਸੀ, ਨਾ ਹੀ ਤਲੀਆਂ ਹੋਈਆਂ। ਜਦੋਂ ਉਹ 'ਕਮਾਂਡੋ' ਦੇ ਨਾਇਕ ਵਿਦਿਉਤ ਜਾਮਵਾਲ ਦੇ ਸੰਪਰਕ ਵਿਚ ਆਈ ਤਾਂ ਵਿਦਿਉਤ ਨੇ ਉਸ ਨੂੰ ਸਮਝਾਇਆ ਕਿ ਇਨਸਾਨ ਨੂੰ ਹਰ ਚੀਜ਼ ਖਾਣੀ ਚਾਹੀਦੀ ਹੈ। ਨਾਲੇ ਕਸਰਤ ਵੀ ਨਿਯਮਤ ਰੂਪ ਨਾਲ ਕਰਨੀ ਚਾਹੀਦੀ ਹੈ।



ਇਸ ਫਿਲਮ ਵਿਚ ਕੰਮ ਕਰਨ ਤੋਂ ਬਾਅਦ ਉਸ ਦੀ ਖਾਣ-ਪੀਣ ਦੀ ਆਦਤ ਵਿਚ ਫਰਕ ਆ ਗਿਆ ਹੈ। 'ਕਮਾਂਡੋ' ਦੀ ਸਫਲਤਾ ਨੇ ਉਸ ਨੂੰ ਹਿੱਟ ਸਟਾਰ ਬਣਾ ਦਿੱਤਾ ਹੈ ਤਾਂ ਇਸ ਤਰ੍ਹਾਂ ਹੁਣ ਉਸ ਦੀ ਜ਼ਿੰਦਗੀ ਦਾ ਸਟਾਈਲ ਵੀ ਬਦਲ ਰਿਹਾ ਹੈ।

# ਹੁਮਾ ਕੁਰੈਸ਼ੀ ਨੇ ਅਭਿਨੈ ਦੇ ਸਿਰ 'ਤੇ ਕਰਵਾਈਆਂ ਸਿਫਤਾਂ

ਹੁਮਾ ਕੁਰੈਸ਼ੀ ਨੇ ਅਨੁਰਾਗ ਕਸ਼ਯਪ ਦੀ ਫਿਲਮ 'ਗੈਂਗਸ ਆਫ ਵਾਸੇਪੁਰ' ਵਿਚ ਕਸਬੇ ਵਿਚ ਰਹਿਣ ਵਾਲੀ ਕੁੜੀ ਮੋਹਸਿਨਾ ਦਾ ਕਿਰਦਾਰ ਬੇਹੱਦ ਖ਼ੂਬਸੂਰਤੀ ਨਾਲ ਨਿਭਾਇਆ ਸੀ ਅਤੇ ਆਪਣੀ ਵੱਖਰੀ ਪਛਾਣ ਬਣਾ ਲਈ। ਉਸ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ ਅਨੁਰਾਗ ਨੇ ਉਸ ਨਾਲ ਆਪਣੀਆਂ ਆਉਣ ਵਾਲੀਆਂ ਤਿੰਨ ਫਿਲਮਾਂ ਨਾਲ ਵੀ ਜੋੜ ਲਿਆ ਹੈ। ਹੁਮਾ ਫਿਲਮਾਂ ਵਿਚ ਆਉਣ ਤੋਂ ਪਹਿਲਾਂ ਦਿੱਲੀ ਦੇ 'ਐਕਟਰ ਵਨ' ਨਾਮੀ ਥਿਏਟਰ ਗਰੁੱਪ ਨਾਲ ਹੋਈ ਸੀ ਜਿਥੇ ਉਸ ਨੇ ਆਮਿਰ ਰਜ਼ਾ ਹੁਸੈਨ, ਸੋਹੇਲਾ ਕਪੂਰ, ਰਾਹੁਲ ਪੁਲਕੇਸ਼ੀ ਅਤੇ ਐੱਨ.ਕੇ. ਸ਼ਰਮਾ ਵਰਗੇ ਨਿਰਦੇਸ਼ਕਾਂ ਨਾਲ ਕੰਮ ਕਰਦਿਆਂ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ। ਉਸ ਪਿੱਛੋਂ ਛੋਟੇ ਪਰਦੇ ਦੇ ਇਸ਼ਤਿਹਾਰਾਂ ਨਾਲ ਉਹ ਸਿੱਧੀ ਤਾਮਿਲ ਇੰਡਸਟਰੀ ਪਹੁੰਚ ਗਈ ਜਿਥੇ ਉਸ ਨੂੰ 'ਬਿੱਲਾ-2' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਸੇ ਦੌਰਾਨ ਉਸ ਨੇ ਇਕ ਸ਼ਾਰਟ ਫਿਲਮ 'ਸੁਜਾਤਾ' ਵੀ ਕੀਤੀ।

'ਸੁਜਾਤਾ' ਹੁਮਾ ਲਈ ਵਰਦਾਨ ਸਿੱਧ ਹੋਈ। ਇਸ ਫਿਲਮ ਨੂੰ ਪਿਛਲੇ ਸਾਲ ਲਾਸ ਏਂਜਲਸ (ਅਮਰੀਕਾ) ਵਿਚ ਹੋਏ ਇੰਡੀਅਨ ਫਿਲਮ ਫੈਸਟੀਵਲ ਦੀ ਸਪੈਸ਼ਲ ਮੈਨਸ਼ਨ ਕੈਟੇਗਰੀ 'ਚ ਸ਼ਾਮਲ ਕੀਤਾ ਗਿਆ। ਇਸ ਫਿਲਮ ਕਰ ਕੇ ਉਸ ਦੀ ਬਹੁਤ ਸਿਫਤ ਹੋਈ। ਉਸ ਦੀ ਨਵੀਂ ਫਿਲਮ 'ਏਕ ਥੀ ਡਾਇਨ' ਨੂੰ ਵੀ ਚੰਗਾ ਹੁੰਗਾਰਾ ਮਿਲਿਆ ਹੈ। ਇਸ ਫਿਲਮ ਵਿਚ ਹੁਮਾ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ ਮੰਨੇ-ਪ੍ਰਮੰਨੇ ਫਿਲਮ ਨਿਰਦੇਸ਼ਕ ਨਿਖਿਲ ਅਡਵਾਨੀ ਨੇ ਉਸ ਨੂੰ ਆਪਣੀ ਫਿਲਮ ਲਈ ਸਾਈਨ ਕਰ ਲਿਆ ਹੈ।

ਕਿਹਾ ਜਾ ਰਿਹਾ ਹੈ ਕਿ ਨਿਖਿਲ ਇਸ ਫਿਲਮ ਲਈ ਹੁਮਾ ਨਾਲ ਆਮਿਰ ਖਾਨ ਨੂੰ ਨਾਇਕ ਦੇ ਤੌਰ 'ਤੇ ਸਾਈਨ ਕਰਨ ਦਾ ਚਾਹਵਾਨ ਸੀ, ਪਰ ਆਮਿਰ ਨੇ ਫਿਲਹਾਲ ਆਪਣੇ ਰੁਝੇਵਿਆਂ ਕਾਰਨ ਇਨਕਾਰ ਕਰ ਦਿੱਤਾ ਹੈ। ਹੁਮਾ ਆਪਣੀਆਂ ਫਿਲਮਾਂ ਦੀ ਚੋਣ ਬੜੇ ਸਹਿਜ ਅਤੇ ਸਲੀਕੇ ਨਾਲ ਕਰ ਰਹੀ ਹੈ। ਇਸ ਸਹਿਜ ਅਤੇ ਸਲੀਕੇ ਦੇ ਨਾਲ ਉਸ ਦਾ ਸੁਹੱਪਣ ਜੁੜ ਕੇ ਸੋਨੇ ਉਤੇ ਸੁਹਾਗੇ ਵਾਲੀ ਗੱਲ ਬਣ ਰਹੀ ਹੈ। ਹੁਮਾ ਦਾ ਦਾਈਆਂ ਹੈ ਕਿ ਉਹ ਫਿਲਮੀ ਦੁਨੀਆਂ ਵਿਚ ਲੰਮੀ ਪਾਰੀ ਖੇਡੇ ਅਤੇ ਅਦਾਕਾਰੀ ਦੇ ਦਮ 'ਤੇ ਆਪਣੀ ਜਗ੍ਹਾ ਬਣਾਵੇ।



# ਪਾਰਲੀਮੈਂਟ ਦਾ ਸ਼ਿੰਗਾਰ ਬਣੇ ਫਿਲਮੀ ਸਿਤਾਰੇ



ਫਿਲਮੀ ਜਗਤ ਦੇ ਬਹੁਤ ਸਾਰੇ ਸਿਤਾਰੇ ਸੰਸਦ ਦੀਆਂ ਕੁਰਸੀਆਂ ਤੱਕ ਪੁੱਜਦੇ ਰਹੇ ਹਨ।ਇਨ੍ਹਾਂ ਵਿਚੋਂ ਇਕ ਚਰਚਿਤ ਨਾਂ ਸੁਨੀਲ ਦੱਤ ਹੈ। ਜੂਨ 1929 ਵਿਚ ਜਨਮੇ ਸੁਨੀਲ ਦੱਤ ਦਾ ਅਸਲ ਨਾਂ ਬਲਰਾਜ ਦੱਤ ਸੀ। ਬਾਲੀਵੁੱਡ ਦੇ ਚਰਚਿਤ ਅਦਾਕਾਰ, ਨਿਰਮਾਤਾ ਨਿਰਦੇਸ਼ਕ ਸੁਨੀਲ ਦੱਤ ਨੇ ਕੁਝ ਪੰਜਾਬੀ ਫ਼ਿਲਮਾਂ ਵਿਚ ਵੀ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ ਤੇ ਭਾਰਤ ਦੀ ਰਾਜਨੀਤੀ ਵਿਚ ਵੀ ਆਪਣਾ ਵੱਡਮੁੱਲਾ ਯੋਗਦਾਨ ਦਿੱਤਾ। 1968 ਵਿਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਪਦਮਸ੍ਰੀ ਨਾਲ ਸਨਮਾਨਤ ਕੀਤਾ ਗਿਆ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਵਿਚ ਹੀ ਸਾਲ 2004-2005 ਤੱਕ ਉਹ ਯੰਗ ਅਫੇਅਰਜ਼ ਤੇ ਸਪੋਰਟਸ ਦੇ ਕੈਬਨਿਟ ਮੰਤਰੀ ਵੀ ਰਹੇ। 1984 ਵਿਚ ਕਾਂਗਰਸ ਪਾਰਟੀ ਦੀ ਟਿਕਟ 'ਤੇ ਉਨ੍ਹਾਂ ਨੇ ਮੁੰਬਈ ਉੱਤਰ-ਪੱਛਮੀ ਲੋਕ ਸਭਾ ਤੋਂ ਸੀਟ ਜਿੱਤੀ, ਜਿਥੋਂ ਲਗਾਤਾਰ ਉਹ ਪੰਜ ਵਾਰ ਜਿੱਤਦੇ ਰਹੇ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਬੇਟੀ ਪ੍ਰਿਆ ਦੱਤ ਨੇ ਆਪਣੇ ਪਿਤਾ ਤੋਂ ਵਿਰਸੇ ਵਿਚ ਉਹ ਸੀਟ ਜਿੱਤ ਲਈ। ਸੁਨੀਲ ਦੱਤ ਦੀ ਖਾਸੀਅਤ ਇਹ ਸੀ ਕਿ ਉਹ ਲੋਕ ਸਭਾ ਦੀਆਂ ਸਾਰੀਆਂ ਬਹਿਸਾਂ ਵਿਚ ਹਿੱਸਾ ਲੈਂਦੇ ਸਨ ਤੇ ਭਾਸ਼ਨ ਦਿੰਦੇ ਸਨ ਤੇ ਲੋਕ ਸਭਾ ਦੇ ਬਾਕੀ ਮੈਂਬਰ ਬੜੇ ਧਿਆਨ ਨਾਲ ਉਨ੍ਹਾਂ ਦੇ ਭਾਸ਼ਣ ਸੁਣਦੇ ਸਨ।

ਫ਼ਿਲਮ ਜਗਤ ਵਿਚ ਕਈ ਅਵਾਰਡਾਂ ਨਾਲ ਨਿਵਾਜੇ ਜਾ ਚੁੱਕੇ ਅਮਿਤਾਭ ਨੂੰ ਰਾਜਨੀਤੀ ਵਿਚ ਵੀ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ। ਆਪਣੇ ਦੋਸਤ ਰਾਜੀਵ ਗਾਂਧੀ ਦੀ ਮਦਦ ਲਈ ਉਨ੍ਹਾਂ ਨੇ 1984 ਵਿਚ ਰਾਜਨੀਤੀ ਵਿਚ ਕਦਮ ਰੱਖਿਆ। ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਐਚ.ਐਨ. ਬਹੁਗੁਣਾ ਨੂੰ ਹਰਾ ਕੇ ਉਨ੍ਹਾਂ ਨੇ ਇਲਾਹਾਬਾਦ ਲੋਕ ਸਭਾ ਸੀਟ ਜਿੱਤੀ। ਅਮਿਤਾਭ ਨੇਮ ਨਾਲ ਲੋਕ ਸਭਾ ਆਉਂਦੇ, ਉਨ੍ਹਾਂ ਦਾ ਭਾਸ਼ਣ ਕਦੇ ਹਿੰਦੀ ਤੇ ਕਦੇ ਅੰਗਰੇਜ਼ੀ ਵਿਚ ਹੁੰਦਾ ਸੀ ਤੇ ਬਹੁਤ ਵਿਚਾਰ ਭਰਪੂਰ ਹੁੰਦਾ ਸੀ। ਵੈਜੰਤੀ ਮਾਲਾ ਨੇ ਵੀ ਸਿਆਸਤ ਵਿਚ ਕਿਸਮਤ ਅਜਮਾਈ। ਉਸ ਦਾ ਫ਼ਿਲਮੀ ਸਫਰ ਬੇਹੱਦ ਖ਼ੂਬਸੂਰਤ ਰਿਹਾ। ਅਦਾਕਾਰੀ ਦੇ ਨਾਲ-ਨਾਲ ਉਹ ਕੋਰੀਓਗ੍ਰਾਫਰ, ਗੋਲਫਰ ਤੇ ਭਰਤਨਾਟਯਮ ਦੀ ਨਿਪੁੰਨ ਨ੍ਰਿਤਕੀ ਵੀ ਹੈ। ਬਾਲੀਵੁੱਡ ਵਿਚ ਫ਼ਿਲਮ 'ਨਾਗਿਨ' ਨਾਲ ਚਰਚਿਤ ਹੋਈ ਵੈਜੰਤੀ ਮਾਲਾ ਨੇ ਇਤਿਹਾਸਕ ਫ਼ਿਲਮ 'ਆਮਰਪਾਲੀ' ਤੋਂ ਬਾਅਦ ਫ਼ਿਲਮਾਂ ਨੂੰ ਅਲਵਿਦਾ ਆਖ ਦਿੱਤੀ। ਰਾਜਨੀਤੀ ਵਿਚ ਉਨ੍ਹਾਂ ਨੇ 1984 ਵਿਚ ਕਦਮ ਰੱਖਿਆ। ਸੰਸਦ ਦੇ ਦੋਹਾਂ ਸਦਨਾਂ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਣ ਵਾਲੀ ਵੈਜੰਤੀ ਹਰ ਡਿਬੇਟ ਵਿਚ ਹਿੱਸਾ ਲੈਂਦੀ ਸੀ। ਉਨ੍ਹਾਂ ਨੇ ਹਮੇਸ਼ਾ ਅਮੀਰਾਂ 'ਤੇ ਸਖਤਾਈ ਨਾਲ ਟੈਕਸ ਲਾਉਣ 'ਤੇ ਜ਼ੋਰ ਦਿੱਤਾ। ਜਦੋਂ ਰੇਖਾ ਦੀ ਨਾਮਜ਼ਦਗੀ ਰਾਜ ਸਭਾ ਵਿਚ ਹੋਈ, ਉਦੋਂ ਅਖ਼ਬਾਰਾਂ ਵਿਚ ਇਹ ਟਿੱਪਣੀਆਂ ਹੋਈਆਂ ਕਿ ਇਨ੍ਹਾਂ ਫ਼ਿਲਮੀ ਸਿਤਾਰਿਆਂ ਦੀ ਸਹੀ ਥਾਂ ਸੰਸਦ ਵਿਚ ਨਹੀਂ ਹੈ। ਉਹ ਆਪਣੇ ਖੇਤਰ ਵਿਚ ਹੀ ਕੰਮ ਕਰਦੇ ਰਹਿਣ ਤੇ ਦੇਸ਼ ਦੀ ਜਨਤਾ ਦਾ ਮਨੋਰੰਜਨ ਕਰਦੇ ਰਹਿਣ ਪਰ ਰੇਖਾ ਇਨ੍ਹਾਂ ਸਾਰੀਆਂ ਦਲੀਲਾਂ ਨੂੰ ਝੂਠੀਆਂ ਸਿੱਧ ਕਰਦਿਆਂ ਰਾਜ ਸਭਾ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਦੇ ਰਹੀ ਹੈ।

ਸ਼ਬਾਨਾ ਆਜ਼ਮੀ ਨੇ ਆਪਣਾ ਫ਼ਿਲਮੀ ਸਫਰ 1974 ਵਿਚ ਸ਼ੁਰੂ ਕੀਤਾ। ਸੱਚ ਕਿਹਾ ਜਾਏ ਤਾਂ ਸਮਾਜ ਦੇ ਪਿਛੜੇ ਲੋਕਾਂ ਦੇ ਵਿਕਾਸ ਲਈ ਉਨ੍ਹਾਂ ਨੇ ਜੋ ਕੰਮ ਕੀਤਾ, ਸ਼ਾਇਦ ਉਸੇ ਕਾਰਨ ਉਨ੍ਹਾਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ ਸੀ। ਮੱਧ ਪ੍ਰਦੇਸ਼ ਦੇ ਜੱਬਲਪੁਰ ਵਿਚ ਅਪਰੈਲ 1948 ਨੂੰ ਪੈਦਾ ਹੋਈ ਜਯਾ ਬਚਨ ਬਾਲੀਵੁੱਡ ਦੇ ਮਸ਼ਹੂਰ ਬਚਨ ਪਰਿਵਾਰ ਦੇ ਮੁਖੀ ਅਮਿਤਾਭ ਬਚਨ ਦੀ ਪਤਨੀ ਤੇ ਮਸ਼ਹੂਰ ਅਦਾਕਾਰਾ ਵੀ ਹੈ। ਜ਼ਿਕਰਯੋਗ ਹੈ ਕਿ ਅਮਿਤਾਭ ਬਚਨ ਦੀ ਕੰਪਨੀ ਏ.ਬੀ.ਸੀ.ਐਲ. ਦੇ ਆਰਥਿਕ ਮੰਦੀ ਵਿਚੋਂ ਲੰਘਣ ਦੌਰਾਨ ਅਮਿਤਾਭ ਦੇ ਪੁਰਾਣੇ ਦੋਸਤ ਅਮਰ ਸਿੰਘ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ ਜਿਸ ਲਈ ਅਮਿਤਾਭ ਨੇ ਅਮਰ ਸਿੰਘ ਦੀ ਸਮਾਜਵਾਦੀ ਪਾਰਟੀ ਨੂੰ ਸਮਰਥਨ ਦੇਣਾ ਸ਼ੁਰੂ ਕਰ ਦਿੱਤਾ ਤੇ ਇਸੇ ਪਾਰਟੀ ਦੀ ਜਯਾ ਬਚਨ ਰਾਜ ਸਭਾ ਤੋਂ ਮੈਂਬਰ ਚੁਣੀ ਗਈ ਸੀ ਅਤੇ 2012 ਵਿਚ ਦੁਬਾਰਾ ਚੁਣੀ ਗਈ। 1952 ਵਿਚ ਉੱਤਰ ਪ੍ਰਦੇਸ਼ ਵਿਚ ਜਨਮੇ ਰਾਜ ਬੱਬਰ ਨੇ ਬਾਲੀਵੁੱਡ ਦੀਆਂ ਕਈ ਫ਼ਿਲਮਾਂ ਤੋਂ ਇਲਾਵਾ ਪੰਜਾਬੀ ਦੀਆਂ ਵੀ ਕਈ ਫ਼ਿਲਮਾਂ ਵਿਚ ਕੰਮ ਕੀਤਾ ਹੈ। ਫ਼ਿਲਮਾਂ ਤੋਂ ਬਾਅਦ ਰਾਜ ਬੱਬਰ ਨੇ ਵੀ ਰਾਜਨੀਤੀ ਵੱਲ ਰੁਖ਼ ਕੀਤਾ ਹੈ ਤੇ ਲੋਕ ਸਭਾ ਦੇ ਮੈਂਬਰ ਵਜੋਂ ਸਲਾਹੁਣਯੋਗ ਕੰਮ ਕਰ ਰਹੇ ਹਨ। 1948 ਵਿਚ ਤਾਮਿਲਨਾਡੂ ਵਿਚ ਪੈਦਾ ਹੋਈ ਹੇਮਾ ਮਾਲਿਨੀ ਦਾ ਫ਼ਿਲਮੀ ਸਫਰ ਬਹੁਤ ਹੀ ਖ਼ੂਬਸੂਰਤ ਰਿਹਾ ਹੈ ਤੇ ਰਾਜ ਸਭਾ ਮੈਂਬਰ ਵਜੋਂ ਉਨ੍ਹਾਂ ਨੇ ਸਲਾਹੁਣਯੋਗ ਭੂਮਿਕਾ ਨਿਭਾਈ ਹੈ।



ਸੁਨੀਲ ਦੱਤ



ਜਯਾ ਬੱਚਨ



ਜਯਾ ਪ੍ਰਦਾ


PUNJABI AMERICAN HERITAGE SOCIETY (PAHS) YUBA CITY PRESENTS...
19th Annual
Punjabi American
FESTIVAL ਮੇਲਾ
GLOBAL PUNJAB
PTC PUNJABI
RUPINDER HANDA
FEROZ KHAN
DILJIT DOSANJH
NEERU BAJWA
BABBU GURPAL
MAY 26th 2013
11AM to 8PM
Yuba Sutter FAIRGROUNDS
442 Franklin Ave • Yuba City, CA 95991
OVER 50 BOOTHS
Featuring: Arts & Crafts, Traditional Clothing, Children's Games, Punjabi Cuisine, Mehndi, Jewelry, Henna Tattoos and More!
TOP NORTH AMERICAN BHANGRA & GIDDHA TEAMS
Documentaries, Ethnic Dancers, comedy skits and much more...
Tickets: Pre: $15 | Door: $20
Available at local Punjabi Stores | Children under 5 Free
Information / Booths / Participation / Sponsorship: 530.844.0247
www.PUNJABIHERITAGE.ORG
PAHS can't guarantee performance of advertised artists in case of circumstances beyond our control.

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### WE CAN SELL HUD HOMES ANY WHERE IN CALIFORNIA

### ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

### Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

### JUST SOLD

1. 4421 Corto Monterey, Union City, CA 94587
2. 2804 Pelican Dr., Union City, CA 94587
3. 1555 Bolton Ln., Manteca, CA 95337
4. 3386 San Gabriel Ave., Clovis, CA 93619
5. 1336 Mokelumne Dr., Antioch, CA 94531
6. 647 Colusa Way, Livermore, CA 94551
7. 36378 Matiz Cmn, Fremont, CA 94536
8. 2477 Ascot Way, Union City, CA 94587
9. 4915 Calistoga Dr., Union City, CA 94587
10. 2118 Calle Vista Verde, Milpitas, CA95035
11. 8211 Mulberry Ct., Dublin, CA 94568
12. 4205 Lunar Way Union City, CA 94587
13. 2320 Picasso Way, Stockton, CA 95206
14. 8308 Medeiros Way, Sacramento CA 95829
15. 3167 San Bernardino Way Union City, CA 94587
16. 34782 Klondike Dr. Union City, CA 94587
17. 32467 Woodland Dr., Union City, CA 94587
18. 1969 Catalpa Way Hayward, CA 94545
19. 2952 Remington Way San Jose, CA 95148

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.